BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Regal Jewels
LEARN ABOUT GOLD & SILVER INVESTMENT
CALL: JAYESH
Store: 773-262-4377
Cell: 773-983-6877
WWW.RJBULLION.COM

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
Canton Realty
5820 N Canton Center Rd., Suite# 141, Canton, MI 48187
Call: 734-751-4455
rajshergill@yahoo.com

Raj S.Shergill
*Broker*

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 30, July 23, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ਬਾਦਲਾਂ ਦਾ ਸਿਆਸੀ ਸਿੰਘਾਸਣ ਡੋਲਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਖੁੱਲ੍ਹ ਕੇ ਬਗਾਵਤ ਉਠਣ ਲੱਗੀ ਹੈ। ਪਹਿਲੀ ਵਾਰ ਕਿਸੇ ਸੀਨੀਅਰ ਆਗੂ ਨੇ ਪਾਰਟੀ ਦੇ ਫੈਸਲੇ ਉਤੇ ਉਂਗਲ ਚੁੱਕੀ ਹੈ। ਰਾਸ਼ਟਰਪਤੀ ਦੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਵੋਟਾਂ ਦਾ ਬਾਈਕਾਟ ਕਰਕੇ ਸਾਫ ਸੰਕੇਤ ਦਿੱਤੇ ਹਨ ਕਿ ਪਾਰਟੀ ਸੰਵਿਧਾਨ ਦੇ ਉਲਟ ਫੈਸਲੇ ਬਰਦਾਸ਼ਤ ਨਹੀਂ। ਇਸ ਦੇ ਨਾਲ ਹੀ ਦਲ ਦੀ ਲੀਡਰਸ਼ਿਪ ਬਦਲਣ ਬਾਰੇ ਮੰਗ ਵੀ ਭਖਣ ਲੱਗ ਪਈ ਹੈ।

ਇਯਾਲੀ ਨੇ ਬਾਈਕਾਟ ਨਾਲ ਬਾਦਲਾਂ ਦੀ ਭਾਜਪਾ ਨਾਲ ਅੰਦਰੂਨੀ ਹਮਦਰਦੀ ਤੇ ਪਾਰਟੀ ਵਿਚ ਮਨਮਰਜ਼ੀ ਦੇ ਫੈਸਲੇ ਲੈਣ ਦਾ ਮੁੱਦੇ ਉਭਰਿਆ ਹੈ। ਇਯਾਲੀ ਲੁਧਿਆਣਾ ਜ਼ਿਲ੍ਹੇ ਦੇ ਦਾਖਾ ਵਿਧਾਨ ਸਭਾ ਹਲਕੇ ਤੋਂ ਚੁਣੇ ਗਏ ਵਿਧਾਇਕ ਦਾ ਕਹਿਣਾ ਹੈ ਕਿ ਕਾਂਗਰਸ ਪਾਰਟੀ ਦੇ ਦਰਬਾਰ ਸਾਹਿਬ ਉਤੇ ਹਮਲੇ ਅਤੇ ਦਿੱਲੀ ਸਮੇਤ ਕਈ ਸ਼ਹਿਰਾਂ ਵਿਚ ਸਿੱਖਾਂ ਦੇ ਕਤਲੇਆਮ ਕਰਕੇ ਉਹ ਕਾਂਗਰਸ ਦੇ ਉਮੀਦਵਾਰ ਨੂੰ ਵੋਟ ਨਹੀਂ ਪਾ ਸਕਦੇ। ਉਸ ਨੇ ਭਾਜਪਾ ਦੇ ਉਮੀਦਵਾਰ



ਨੂੰ ਵੀ ਵੋਟ ਪਾਉਣ ਤੋਂ ਇਨਕਾਰ ਕੀਤਾ ਕਿਉਂਕਿ ਉਸ ਦੇ ਅਨੁਸਾਰ, ਭਾਜਪਾ ਨੇ ਪੰਜਾਬ ਅਤੇ ਪੰਥ ਦੇ ਮੁੱਦੇ ਹੱਲ ਨਹੀਂ ਕਰਵਾਏ, ਭਾਵੇਂ ਅਕਾਲੀ ਦਲ ਬਹੁਤ ਦੇਰ ਤੱਕ ਭਾਜਪਾ ਦਾ ਸਮਰਥਨ ਕਰਦਾ ਰਿਹਾ ਹੈ।

ਸਿਆਸੀ ਹਲਕੇ ਮਨਪ੍ਰੀਤ ਇਯਾਲੀ ਦੇ ਇਸ ਫੈਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਬਗਾਵਤ ਦੇ ਮੁੱਢ ਵਜੋਂ ਦੇਖ ਰਹੇ ਹਨ। 2022 ਦੀਆਂ ਪੰਜਾਬ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀ ਹਾਰ ਮਗਰੋਂ ਪਾਰਟੀ ਨੇ ਇਸ ਦੀ ਸਮੀਖਿਆ ਲਈ ਝੂੰਦਾਂ ਕਮੇਟੀ ਬਣਾਈ ਸੀ। ਪਾਰਟੀ ਨੇ ਹਾਲਾਂਕਿ ਅਜੇ ਤੱਕ ਇਸ ਕਮੇਟੀ ਦੀ ਰਿਪੋਰਟ 'ਤੇ ਕੋਈ ਚਰਚਾ ਨਹੀਂ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਲਈ ਵਿਧਾਇਕ ਇਯਾਲੀ ਦਾ ਇਹ ਪੈਂਤੜਾ ਇਕ ਨਵੀਂ ਚੁਣੌਤੀ ਬਣ ਗਿਆ ਹੈ। ਮਨਪ੍ਰੀਤ ਸਿੰਘ ਇਯਾਲੀ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਸਿੱਧੇ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਐਨ.ਡੀ.ਏ. ਉਮੀਦਵਾਰ ਨੂੰ ਹਮਾਇਤ ਦੇਣ ਤੋਂ ਪਹਿਲਾਂ ਉਨ੍ਹਾਂ ਨਾਲ ਕੋਈ ਮਸ਼ਵਰਾ ਹੀ ਨਹੀਂ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਜੇ ਆਪਣਾ ਵਜੂਦ

*(ਬਾਕੀ ਸਫਾ 6 'ਤੇ)*



*ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ ਵਲੋਂ ਕਰਵਾਏ ਗਏ 15ਵੇਂ ਖੇਡ ਮੇਲੇ ਤੇ ਕਬੱਡੀ ਟੂਰਨਾਮੈਂਟ ਮੌਕੇ ਮੁੱਖ ਸਪਾਂਸਰ ਦਰਸ਼ਨ ਸਿੰਘ ਗਰੇਵਾਲ ਦੇ ਨਾਲ ਮੇਲੇ ਦੇ ਪ੍ਰਬੰਧਕ। -ਹੋਰ ਤਸਵੀਰਾਂ ਤੇ ਵੇਰਵਾ ਅਗਲੇ ਹਫਤੇ*

## ਸਿਮਰਨਜੀਤ ਸਿੰਘ ਮਾਨ ਨੇ ਵਿਵਾਦ ਸਹੇੜਿਆ

**ਅੰਮ੍ਰਿਤਸਰ:** ਸੰਗਰੂਰ ਤੋਂ ਨਵੇਂ ਚੁਣੇ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਆਖ ਕੇ ਨਵਾਂ ਵਿਵਾਦ ਖੜ੍ਹਾ ਕਰ ਲਿਆ ਹੈ। ਇਸ ਬਿਆਨ ਪਿੱਛੋਂ ਪੰਜਾਬ ਦੀਆਂ ਸਿਆਸੀ ਧਿਰਾਂ ਤੋਂ



ਇਲਾਵਾ ਸਮਾਜਿਕ ਜਥੇਬੰਦੀਆਂ ਨੇ ਵੀ ਉਨ੍ਹਾਂ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਦੇ ਸੰਕੇਤ ਦਿੱਤੇ ਹਨ।

ਉਧਰ, ਇਸ ਵਿਵਾਦ ਦੌਰਾਨ ਸਿਮਰਨਜੀਤ ਸਿੰਘ ਮਾਨ ਦੇ ਨਾਨਾ ਅਰੂੜ ਸਿੰਘ ਵੱਲੋਂ ਅਕਾਲ ਤਖਤ 'ਤੇ ਉਸ ਸਮੇਂ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕਰਨ ਉਤੇ ਵੀ ਸਵਾਲਾਂ ਦੀ ਝੜੀ ਲੱਗ ਗਈ ਹੈ ਹਾਲਾਂਕਿ ਮਾਨ ਨੇ ਹੁਣ ਵੀ

*(ਬਾਕੀ ਸਫਾ 6 'ਤੇ)*

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.

*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
• Brand new Hall, 600+ people gathering
• Fresh In-house catering (from Mela Indian Restaurant)
• 2-Built in Bars (Beer, Wine, Liquor)
• High Ceilings
• Big Dance Floor, Big Parking lot
• DJ with LED screens, cold sparklers, wall up lights, moving heads & dry ice fog machine
• Photo, Video, Dholi, MC
• TV screen + Projector screen
• Live Streaming, Decoration
• 360 Video Booth
• Much more stuff
5425 E Thompson Road, Indianapolis-46237
CALL to book us today : 317 604 9924

OPEN 7 DAYS A WEEK
Regal Jewels
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
22KT GOLD
Diamonds
JEWELRY
Wedding Jewelry
Store Hours
11 am to 8 pm
Call: 773-262-4377

ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ



ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ

## ਵਿਸ਼ੇਸ਼ ਸਮਾਗਮ

ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ

*(2341 W. Devon Ave., Chicago IL 60659)*

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

### ਪ੍ਰੋਗਰਾਮ ਦਾ ਵੇਰਵਾ

**22 ਜੁਲਾਈ, 2022 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ

**24 ਜੁਲਾਈ, 2022 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

ਕੀਰਤਨ: 9 ਤੋਂ ਦੁਪਹਿਰ 12 ਵਜੇ ਤਕ

*ਲੰਗਰ ਦੀ ਸੇਵਾ 12:30 ਵਜੇ*



*ਭਾਈ ਤੀਰਥ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਬਚਨ ਸਿੰਘ ਦਾ ਰਾਗੀ ਜਥਾ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰੇਗਾ*

### ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ

ਰਵਿੰਦਰ ਕਪੂਰ, ਪਰਮਜੀਤ ਕਪੂਰ, ਗੁਰਲੀਨ ਕਪੂਰ ਅਤੇ ਅਮਨ ਕਪੂਰ ਵਲੋਂ

### ਹੋਰ ਜਾਣਕਾਰੀ ਲਈ ਸੰਪਰਕ ਕਰੋ:

ਰਵਿੰਦਰ ਕਪੂਰ ਤੇ ਪਰਮਜੀਤ ਕਪੂਰ

ਫੋਨ: 847-387-2923

Haldiram's Hawkins SHUDH FOODS



**Prag International**

Wholesaler and Distributor Of: Haldiram, Hawkins, Prestige, Milton, Panasonic, Titu Folding Bed And Folding Mattress, Aman Kitchenware, Restaurant Equipment's , Pats And Pans For Home & Restaurants, Religious Items, Wedding Items, Blankets... And Many More...

# ਵਜ਼ੀਫਾ ਘੁਟਾਲਾ: ਮਾਨ ਸਰਕਾਰ ਨੇ ਰਸੂਖਵਾਨਾਂ ਨੂੰ ਹੱਥ ਪਾਉਣ ਦਾ ਮਨ ਬਣਾਇਆ

**ਚੰਡੀਗੜ੍ਹ:** ਪੰਜਾਬ 'ਚ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸੀ ਹਕੂਮਤਾਂ ਦੌਰਾਨ ਚਰਚਾ 'ਚ ਆਏ ਵਜ਼ੀਫਾ ਘੁਟਾਲੇ ਦੀ ਜਾਂਚ ਲਈ 'ਆਪ' ਸਰਕਾਰ ਹਰਕਤ ਵਿਚ ਆ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਘੁਟਾਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਰਹਿੰਦਿਆਂ ਸਾਧੂ ਸਿੰਘ ਧਰਮਸੋਤ 'ਤੇ ਵਜ਼ੀਫਾ ਘੁਟਾਲੇ ਵਿਚ ਸ਼ਮੂਲੀਅਤ ਦੇ ਤੱਥ ਇਕ ਆਈ.ਏ.ਐਸ. ਅਧਿਕਾਰੀ ਵੱਲੋਂ ਸਾਹਮਣੇ ਰੱਖੇ ਗਏ ਸਨ ਪਰ ਸਰਕਾਰ ਨੇ ਉਨ੍ਹਾਂ ਨੂੰ ਕਲੀਨ ਚਿਟ ਦੇ ਦਿੱਤੀ ਸੀ। ਹੁਣ ਸਰਕਾਰ ਦੇ ਇਸ ਫੈਸਲੇ ਨਾਲ ਨਿੱਜੀ ਖੇਤਰ ਦੀਆਂ ਕਈ ਵਿਦਿਅਕ ਸੰਸਥਾਵਾਂ ਵੀ ਘਿਰ ਸਕਦੀਆਂ ਹਨ। ਰੋਚਕ ਤੱਥ ਇਹ ਹੈ ਕਿ ਕਈ ਵਿਦਿਅਕ ਸੰਸਥਾਵਾਂ ਦੇ ਮਾਲਕ ਮੌਜੂਦਾ ਹਾਕਮਾਂ ਦੇ ਕਰੀਬੀ ਮੰਨੇ ਜਾਂਦੇ ਹਨ। ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਵਜ਼ੀਫ਼ਾ ਘੁਟਾਲੇ ਦੀ ਜਾਂਚ ਦੇ ਹੁਕਮ ਤਾਂ ਜਾਰੀ ਕਰ ਦਿੱਤੇ ਹਨ, ਪਰ ਰਸੂਖਦਾਰਾਂ ਦੇ ਨਿੱਜੀ ਅਦਾਰਿਆਂ ਨੂੰ ਹੱਥ ਪਾਉਣਾ ਕੋਈ ਸੌਖਾ ਨਹੀਂ ਹੋਵੇਗਾ। ਜੇਕਰ ਵਜ਼ੀਫ਼ਾ ਘੁਟਾਲੇ 'ਚ ਭਾਗੀਦਾਰ ਪ੍ਰਾਈਵੇਟ ਅਦਾਰਿਆਂ ਖ਼ਿਲਾਫ਼ ਕਾਰਵਾਈ ਦੀ ਗੱਲ ਤੁਰੀ ਤਾਂ 'ਆਪ' ਸਰਕਾਰ ਨੂੰ ਕਈ ਦਬਾਅ ਝੱਲਣੇ ਪੈ ਸਕਦੇ ਹਨ।

ਪਿੱਛੇ ਨਜ਼ਰ ਮਾਰੀਏ ਤਾਂ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2011-12 ਤੋਂ 2016-17 ਦੇ ਵਜ਼ੀਫ਼ਿਆਂ ਦੀ ਵੰਡ ਦਾ ਸਪੈਸ਼ਲ ਆਡਿਟ ਕਰਾਇਆ ਸੀ, ਜਿਸ ਮਗਰੋਂ ਪ੍ਰਾਈਵੇਟ ਅਦਾਰਿਆਂ 'ਚ ਹਫੜਾ ਦਫੜੀ ਮੱਚ ਗਈ ਸੀ। ਰੌਲਾ ਪੈਣ ਮਗਰੋਂ ਸਰਕਾਰ ਨੂੰ ਝੁਕਣਾ ਪਿਆ ਅਤੇ ਆਡਿਟ ਰੀਵਿਊ ਕੀਤਾ ਗਿਆ, ਜਿਸ ਵਿਚ ਪ੍ਰਾਈਵੇਟ ਅਦਾਰਿਆਂ ਵੱਲ ਬਕਾਇਆ ਕੱਢੀ ਰਾਸ਼ੀ 'ਤੇ ਕਾਫ਼ੀ ਕੱਟ ਲਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ ਨੇ 31 ਮਈ 2018 ਦੀ ਮੀਟਿੰਗ ਵਿਚ ਪੰਜਾਹ ਲੱਖ ਤੋਂ ਜ਼ਿਆਦਾ ਬਕਾਇਆ ਰਾਸ਼ੀ ਵਾਲੇ ਪ੍ਰਾਈਵੇਟ ਅਦਾਰਿਆਂ ਖ਼ਿਲਾਫ਼ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਸੀ। ਇਸ ਫ਼ੈਸਲੇ ਨੇ ਸ਼ੱਕੀ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਦੀ ਨੀਂਦ ਉਡਾ ਦਿੱਤੀ ਸੀ। ਉਸ ਵੇਲੇ ਅਜਿਹੇ 70 ਅਦਾਰਿਆਂ ਦੀ ਸ਼ਨਾਖ਼ਤ ਹੋਈ ਸੀ, ਜਿਨ੍ਹਾਂ ਵੱਲ ਪ੍ਰਤੀ ਅਦਾਰਾ 50 ਲੱਖ ਤੋਂ ਜ਼ਿਆਦਾ ਦੀ ਰਾਸ਼ੀ



ਕੱਢੀ ਗਈ ਸੀ। ਜਦੋਂ ਚੰਨੀ ਹਕੂਮਤ ਆਈ ਤਾਂ ਪਹਿਲੀ ਜਨਵਰੀ 2022 ਨੂੰ ਕੈਬਨਿਟ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪ੍ਰਾਈਵੇਟ ਅਦਾਰਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਹੁਣ ਕੋਈ ਉਚਿੱਤਤਾ ਨਹੀਂ ਹੈ। ਇਸ ਫੈਸਲੇ ਲਈ ਭਲਾਈ ਵਿਭਾਗ ਪੰਜਾਬ ਵੱਲੋਂ ਕੈਬਨਿਟ ਵਿਚ ਕੋਈ ਏਜੰਡਾ ਵੀ ਨਹੀਂ ਭੇਜਿਆ ਗਿਆ ਸੀ। ਹੁਣ 'ਆਪ' ਸਰਕਾਰ ਨੇ ਨਵੀਂ ਜਾਂਚ ਵਿਚ ਪ੍ਰਾਈਵੇਟ ਅਦਾਰਿਆਂ ਨੂੰ ਮਿਲੇ ਵਜ਼ੀਫ਼ਾ ਫ਼ੰਡਾਂ ਵਿਚ ਬੇਨੇਮੀਆਂ ਦੀ ਗੱਲ ਛੇੜੀ ਹੈ। ਕਰੀਬ ਦਰਜਨ ਅਦਾਰਿਆਂ ਦੇ ਪ੍ਰਬੰਧਕਾਂ ਦੀ ਤਾਂ ਸਿਆਸੀ ਪਹੁੰਚ ਵੀ ਹੈ, ਜਿਨ੍ਹਾਂ ਖ਼ਿਲਾਫ਼ ਮੌਜੂਦਾ ਸਰਕਾਰ ਕਾਰਵਾਈ ਕਰਨ ਵਿਚ ਕਿੰਨੀ ਕੁ ਹਿੰਮਤ ਦਿਖਾਏਗੀ, ਇਸ 'ਤੇ ਪੰਜਾਬ ਦੀ ਨਜ਼ਰ ਹੋਵੇਗੀ। ਗੌਰਤਲਬ ਹੈ ਕਿ ਜਿਲ੍ਹਾ ਜਲੰਧਰ ਦੀ ਇਕ ਪ੍ਰਾਈਵੇਟ ਯੂਨੀਵਰਸਿਟੀ ਵੀ ਇਸ ਵਿਚ ਸ਼ਾਮਲ ਹੈ ਤੇ ਇਸ ਯੂਨੀਵਰਸਿਟੀ ਖਿਲਾਫ ਕਾਰਵਾਈ ਕਰਨਾ 'ਆਪ' ਸਰਕਾਰ ਲਈ ਸੌਖਾ ਨਹੀਂ ਹੋਵੇਗਾ। ਇਸੇ ਤਰ੍ਹਾਂ ਜਿਲ੍ਹਾ ਮੁਹਾਲੀ ਦੀ ਇਕ ਪ੍ਰਾਈਵੇਟ 'ਵਰਸਿਟੀ ਦੇ ਪ੍ਰਬੰਧਕਾਂ ਦੇ ਤਾਰ ਕੇਂਦਰ ਸਰਕਾਰ ਨਾਲ ਜੁੜੇ ਹੋਏ ਹਨ। ਬੇਸ਼ੱਕ ਹੋਰ ਵੀ ਅਦਾਰੇ ਇਸ ਕੜੀ ਵਿਚ ਸ਼ਾਮਲ ਹਨ, ਪਰ ਇਨ੍ਹਾਂ ਦੋਵੇਂ 'ਵਰਸਿਟੀਆਂ ਨੂੰ ਹੱਥ ਪਾਉਣਾ ਸੌਖਾ ਨਹੀਂ ਹੋਵੇਗਾ।

ਕੈਪਟਨ ਸਰਕਾਰ ਵੇਲੇ ਇਨ੍ਹਾਂ ਦੋਵੇਂ 'ਵਰਸਿਟੀਆਂ ਨੂੰ ਵੀ ਆਡਿਟ ਰੀਵਿਊ ਵਿਚ ਕਰੋੜਾਂ ਰੁਪਏ ਦੀ ਛੋਟ ਮਿਲ ਗਈ ਸੀ। ਮੁਹਾਲੀ ਜਿਲ੍ਹੇ ਵਾਲੀ 'ਵਰਸਿਟੀ ਦੀ ਰਾਸ਼ੀ 23.43 ਕਰੋੜ ਤੋਂ ਘੱਟ ਕੇ 3.08 ਕਰੋੜ ਰੁਪਏ ਹੀ ਰਹਿ ਗਈ ਸੀ ਜਦਕਿ ਜਲੰਧਰ ਜਿਲ੍ਹੇ ਵਾਲੀ 'ਵਰਸਿਟੀ ਦੀ ਰਕਮ ਆਡਿਟ ਰੀਵਿਊ ਵਿਚ 7.23 ਕਰੋੜ ਤੋਂ ਘੱਟ ਕੇ 3.42 ਕਰੋੜ ਰੁਪਏ ਹੋਈ ਸੀ। ਇਸ ਤੋਂ ਪਹਿਲਾਂ ਤਤਕਾਲੀ ਮੰਤਰੀ ਡਾ. ਰਾਜ ਕੁਮਾਰ ਵੇਰਕਾ ਵੀ ਵਜ਼ੀਫ਼ਾ ਘਪਲੇ ਵਿਚ ਸ਼ਾਮਲ ਲੋਕਾਂ 'ਤੇ ਪੁਲਿਸ ਕੇਸ ਦਰਜ ਕਰਵਾਉਣ ਦੀ ਗੱਲ ਕਰਦੇ ਰਹੇ ਹਨ, ਪਰ ਹਕੀਕਤ ਵਿਚ ਅਜਿਹਾ ਕੁਝ ਵੀ ਨਹੀਂ ਹੋਇਆ।

## ਵਿਜੀਲੈਂਸ ਨੇ ਵਿਰੋਧੀ ਪਾਰਟੀਆਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਓਰੋ ਵੱਲੋਂ ਅੱਧੀ ਦਰਜਨ ਤੋਂ ਵੱਧ ਵਿਭਾਗਾਂ ਦੀ ਜਾਂਚ ਕਰਨ 'ਤੇ ਕਾਂਗਰਸ ਤੇ ਅਕਾਲੀ ਆਗੂਆਂ ਦੀ ਨੀਂਦ ਉਡ ਗਈ ਹੈ। ਇਨ੍ਹਾਂ ਵਿਚ ਕਾਂਗਰਸ ਦੇ ਦਰਜਨ ਦੇ ਕਰੀਬ ਆਗੂ ਹਨ ਜਿਨ੍ਹਾਂ ਵਿਚ ਪੰਜ ਸਾਬਕਾ ਮੰਤਰੀ ਵੀ ਸ਼ਾਮਲ ਹਨ। ਇਨ੍ਹਾਂ 'ਤੇ ਕਾਰਵਾਈ ਦੀ ਤਲਵਾਰ ਲਟਕਣ ਲੱਗੀ ਹੈ। ਵਿਜੀਲੈਂਸ ਵੱਲੋਂ ਜਾਂਚ ਵਿਚ ਤੇਜ਼ੀ ਲਿਆਉਣ ਲਈ ਏ.ਆਈ.ਜੀ., ਐਸ.ਐਸ.ਪੀ. ਤੇ ਡੀ.ਐਸ.ਪੀ. ਪੱਧਰ ਦੇ ਅਫਸਰਾਂ ਦੀਆਂ ਤਾਜ਼ਾ ਤਾਇਨਾਤੀਆਂ ਵੀ ਵੱਡੇ ਪੱਧਰ 'ਤੇ ਕੀਤੀਆਂ ਗਈਆਂ ਹਨ। ਵਿਜੀਲੈਂਸ ਵੱਲੋਂ ਹੁਣ ਤੱਕ ਕਾਂਗਰਸ ਦੇ ਇਕ ਸਾਬਕਾ ਮੰਤਰੀਆਂ ਸਣੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਦਕਿ ਇਕ ਮੰਤਰੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਰੈਡਲਾਈਨ ਦਾ ਪ੍ਰਭਾਵ ਅੱਜ ਵੀ ਮਹਿਸੂਸ ਕੀਤਾ ਜਾ ਸਕਦੈ: ਮਾਰੀਆ ਪਪਾਸ

ਕੁੱਕ ਕਾਉਂਟੀ ਦੇ ਖਜ਼ਾਨਚੀ ਦਫਤਰ ਦੁਆਰਾ ਕੀਤੇ ਗਏ ਇਕ ਅਧਿਐਨ ਵਿਚ ਪਾਇਆ ਗਿਆ ਹੈ ਕਿ ਸਰਕਾਰ ਦੁਆਰਾ ਮਨਜ਼ੂਰ, 80 ਸਾਲ ਪੁਰਾਣੀਆਂ ਨਸਲਵਾਦੀ ਰਿਹਾਇਸ਼ੀ ਨੀਤੀਆਂ ਅੱਜ ਵੀ ਕਾਊਂਟੀ ਦੇ ਘੱਟ ਆਮਦਨ ਵਾਲੇ, ਜ਼ਿਆਦਾਤਰ ਘੱਟ ਗਿਣਤੀ ਭਾਈਚਾਰਿਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਕੁੱਕ ਕਾਉਂਟੀ ਦੀ ਖਜ਼ਾਨਚੀ ਮਾਰੀਆ ਪਪਾਸ ਨੇ ਕਿਹਾ ਕਿ ਸ਼ਿਕਾਗੋ ਅਤੇ ਇਸਦੇ ਉਪਨਗਰਾਂ ਵਿਚ ਕੁਰਕ ਜਾਇਦਾਦਾਂ ਦਾ ਵੱਡਾ ਹਿੱਸਾ ਸੰਯੁਕਤ ਰਾਜ ਅਮਰੀਕਾ ਦੁਆਰਾ 1940 ਵਿਚ ਰੈਡਲਾਈਨ ਕੀਤੇ ਖੇਤਰਾਂ ਵਿਚ ਆਉਂਦਾ ਹੈ, ਜਾਂ ਉਨ੍ਹਾਂ ਖੇਤਰਾਂ ਵਿਚ ਜਿੱਥੇ ਕਾਲੇ ਲੋਕ ਸ਼ਹਿਰੀ ਨੁਕਸਾਨ ਤੋਂ ਬਚਣ ਲਈ ਚਲੇ ਗਏ।

ਰੈਡਲਾਈਨਿੰਗ ਅਸਲ ਵਿਚ ਘੱਟਗਿਣਤੀ ਖੇਤਰਾਂ ਵਿਚ ਮਕਾਨ ਖਰੀਦਦਾਰਾਂ ਨੂੰ ਵਿੱਤੀ ਜੋਖਮ ਤਹਿਤ ਕਰਜ਼ੇ ਤੋਂ ਇਨਕਾਰ ਕਰਨ ਦੀ ਪ੍ਰਥਾ ਹੈ।

ਪਪਾਸ ਨੇ ਕਿਹਾ, "ਰੈਡਲਾਈਨਿੰਗ ਹੁਣ ਗੈਰ-ਕਾਨੂੰਨੀ ਹੋ ਸਕਦੀ ਹੈ, ਪਰ ਹਾਊਸਿੰਗ ਵਿਤਕਰਾ ਅਜੇ ਵੀ ਮੌਜੂਦ ਹੈ।' ਛੱਡੀਆਂ ਜਾਇਦਾਦਾਂ ਅਤੇ ਵਧਾਏ ਗਏ ਕਾਰੋਬਾਰਾਂ ਦੀ ਸਮੱਸਿਆ ਇੱਕ ਛਾਲੇ ਵਾਂਗ ਹੈ, ਜੋ 80 ਸਾਲਾਂ 'ਚ ਪੱਕ ਚੁੱਕਿਆ ਹੈ ਤੇ ਹੁਣ ਇਸ ਤੋਂ ਨਿਜ਼ਾਤ ਪਾਉਣ ਦੀ ਲੋੜ ਹੈ। ਇਹ ਅਧਿਐਨ ਇਸ ਲਈ ਸੂਈ ਦਾ ਕੰਮ ਕਰਦਾ ਹੈ।"

ਖਜ਼ਾਨਚੀ ਦੀਆਂ ਸਿਫ਼ਾਰਸ਼ਾਂ ਵਿਚ ਛੱਡੀਆਂ ਸੰਪਤੀਆਂ ਦਾ ਜਨਤਕ ਡੇਟਾਬੇਸ ਬਣਾਉਣਾ; ਸਕੈਵੇਂਜਰ ਸੇਲ ਨੂੰ ਇਕ ਅਜਿਹੇ ਪ੍ਰੋਗਰਾਮ ਨਾਲ ਬਦਲਣਾ, ਜੋ ਡਿਵੈਲਪਰਾਂ ਅਤੇ ਸਥਾਨਕ ਸਰਕਾਰਾਂ ਨੂੰ ਵਿੱਤੀ ਬੋਝਾਂ ਤੋਂ ਮੁਕਤ ਜਾਇਦਾਦ ਪ੍ਰਾਪਤ ਕਰਨ ਦੀ ਆਗਿਆ ਦੇਣ ਅਤੇ ਉਨ੍ਹਾਂ ਨੂੰ ਹੋਰ ਤੇਜ਼ੀ ਨਾਲ ਪੁਨਰਵਾਸ ਕਰਨ; ਕਾਊਂਟੀ ਦੁਆਰਾ ਲਾਗੂ ਕੀਤੀ ਵਿਆਜ ਦਰ ਨੂੰ ਘਟਾਉਣ ਲਈ ਕਾਨੂੰਨ ਨੂੰ ਅੱਗੇ ਵਧਾਉਣਾ, ਜਾਇਦਾਦ ਟੈਕਸ ਦਾ ਭੁਗਤਾਨ 18% ਪ੍ਰਤੀ ਸਾਲ ਤੋਂ ਘਟਾ ਕੇ 9% ਪ੍ਰਤੀ ਸਾਲ ਕਰਨਾ, ਘਰਾਂ ਦੇ ਮਾਲਕ ਜੋ ਆਪਣੇ ਘਰਾਂ ਨੂੰ ਬਚਾਉਣ ਲਈ ਆਪਣੇ ਟੈਕਸਾਂ ਦੀ ਅਦਾਇਗੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ 'ਤੇ ਬੋਝ ਨੂੰ ਘਟਾਉਣਾ ਸ਼ਾਮਲ ਹਨ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email:
Homeomedicine@yahoo.com

**7021 Village Park Way, Dublin, CA 94568**



# Matrimonials

## ਲੜਕੇ ਦੀ ਲੋੜ ਹੈ

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com 27-30

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com 26-29

## ਲੜਕੀ ਦੀ ਲੋੜ ਹੈ

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 29-32

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861 23-26

ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਚਾਹਵਾਨ ਸੰਪਰਕ ਕਰਨ: 319-670-8892 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India.
Contact us at: 417-846-3741
ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ। apr16- may16

# ਮੋਦੀ ਸਰਕਾਰ ਵੱਲੋਂ ਲੱਖਾਂ ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦਾ ਦਾਅਵਾ

**ਨਵੀਂ ਦਿੱਲੀ:** ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਬੀਤੇ 8 ਸਾਲਾਂ ਵਿਚ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ, ਵਿਗਿਆਨੀਆਂ ਤੇ ਕਿਸਾਨ ਭਾਈਚਾਰੇ ਦੁਆਰਾ ਕੀਤੇ ਗਏ ਸਰਬਪੱਖੀ ਯਤਨਾਂ ਨਾਲ ਲੱਖਾਂ ਕਿਸਾਨਾਂ ਦੀ ਆਮਦਨ ਦੁੱਗਣੀ ਹੋਈ ਹੈ। ਇਸ ਮੌਕੇ ਤੋਮਰ ਨੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਵੱਲੋਂ ਤਿਆਰ ਕੀਤਾ ਇਕ ਈ-ਕਿਤਾਬਚਾ ਵੀ ਜਾਰੀ ਕੀਤਾ, ਜਿਸ ਵਿਚ 75 ਹਜ਼ਾਰ ਅਜਿਹੇ ਕਿਸਾਨਾਂ ਦੀਆਂ ਸਫਲਤਾ ਦੀਆਂ ਕਹਾਣੀਆਂ ਦਰਜ ਹਨ। ਜਿਨ੍ਹਾਂ ਦੀ ਆਮਦਨ ਬੀਤੇ ਅੱਠ ਸਾਲਾਂ ਵਿਚ ਦੁੱਗਣੀ ਜਾਂ ਦੁੱਗਣੀ ਤੋਂ ਵੱਧ ਹੋਈ ਹੈ। ਆਈ.ਸੀ.ਏ.ਆਰ. ਨੇ ਕਿਹਾ ਕਿ ਇਨ੍ਹਾਂ ਕਿਸਾਨਾਂ ਵਿਚੋਂ ਜ਼ਿਆਦਾਤਰ ਰਾਜਾਂ ਵਿਚ ਬਾਗਬਾਨੀ ਤੇ ਖੇਤ ਦੀਆਂ ਫਸਲਾਂ ਜ਼ਰੀਏ ਆਮਦਨ ਵਿਚ ਕੁੱਲ ਵਾਧਾ 125.44 ਫੀਸਦੀ ਤੋਂ 271.69 ਫੀਸਦੀ ਤੱਕ ਰਿਹਾ।



ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਦੋ ਰੋਜ਼ਾ ਕਾਨਫਰੰਸ ਦੇ ਉਦਘਾਟਨੀ ਇਜਲਾਸ ਨੂੰ ਸੰਬੋਧਨ ਕਰਦਿਆਂ ਖੇਤੀ ਸੁਧਾਰਾਂ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ 'ਡਿਜੀਟਲ' ਖੇਤੀ ਨੂੰ ਹੁਲਾਰਾ ਦੇ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਮੰਡੀ ਵਿਚ ਨਾ ਜਾਣਾ ਪਵੇ ਅਤੇ ਕਿਸਾਨਾਂ ਦੀ ਵਿਚੋਲਿਆਂ 'ਤੇ ਟੇਕ ਘਟਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਖੇਤੀ ਸੈਕਟਰ 'ਚ ਸੁਧਾਰਾਂ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਵਪਾਰ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਖੇਤੀ ਉਤਪਾਦਾਂ ਲਈ ਆਨਲਾਈਨ ਟਰੇਡਿੰਗ ਪਲੇਟਫਾਰਮ ਖੜ੍ਹਾ ਕੀਤਾ ਜਾ ਰਿਹਾ ਹੈ ਜਿਸ ਲਈ ਈ-ਨਾਮ (ਨੈਸ਼ਨਲ ਐਗਰੀਕਲਚਰ ਮਾਰਕੀਟ) ਵਿਚ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਕ ਹਜ਼ਾਰ ਖੇਤੀ ਮੰਡੀਆਂ ਨੂੰ ਈ-ਨਾਮ ਪ੍ਰੋਜੈਕਟ ਨਾਲ ਜੋੜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤੀ ਉਤਪਾਦ ਨੂੰ ਟਰੈਕ ਕਰਨ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਜੇ ਫਸਲਾਂ ਦਾ ਡੇਟਾ ਬੇਸ ਸਰਕਾਰ ਕੋਲ ਹੋਵੇਗਾ ਤਾਂ ਕੁਦਰਤੀ ਆਫਤਾਂ ਨਾਲ ਹੋਣ ਵਾਲੇ ਫਸਲੀ ਨੁਕਸਾਨ ਦਾ ਸਰਕਾਰ ਫੌਰੀ ਮੁਆਵਜ਼ਾ ਮੁਹੱਈਆ ਕਰਵਾ ਸਕਦੀ ਹੈ। ਉਨ੍ਹਾਂ ਛੋਟੀ ਕਿਸਾਨੀ ਦੇ ਜੀਵਨ ਪੱਧਰ 'ਚ ਬਦਲਾਅ ਲਈ ਕੇਂਦਰ ਤੇ ਸੂਬਾ ਸਰਕਾਰਾਂ ਦੇ ਆਪਸੀ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਕੇਂਦਰੀ ਮੰਤਰੀ ਨੇ ਕਿਹਾ ਕਿ ਖਾਦਾਂ ਵਿਚ ਵੀ ਦੇਸ਼ ਨੂੰ ਆਤਮ-ਨਿਰਭਰ ਹੋਣਾ ਪਵੇਗਾ ਤਾਂ ਜੋ ਮੁਲਕ ਨੂੰ ਖਾਦਾਂ ਦੀ ਦਰਾਮਦ 'ਤੇ ਟੇਕ ਨਾ ਰੱਖਣੀ ਪਏ। ਉਨ੍ਹਾਂ ਨੈਨੋ ਖਾਦ ਦੀ ਵਕਾਲਤ ਕਰਦਿਆਂ ਸੂਬਾ ਸਰਕਾਰਾਂ ਤੋਂ ਸਹਿਯੋਗ ਦੀ ਮੰਗ ਕੀਤੀ। ਤੋਮਰ ਨੇ ਖੇਤੀ ਮੰਤਰੀਆਂ ਨੂੰ ਕਿਹਾ ਕਿ ਉਹ ਖੇਤੀ ਵਿਕਾਸ ਲਈ ਵਧੀਆ ਕੰਮ ਕਰਨ। ਉਨ੍ਹਾਂ ਡਿਜੀਟਲ ਖੇਤੀ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ, ਰਾਸ਼ਟਰੀ ਖੇਤੀ ਮੰਡੀ, ਕਿਸਾਨ ਉਤਪਾਦਕ ਸੰਗਠਨ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਆਦਿ ਮੁੱਦਿਆਂ 'ਤੇ ਚਰਚਾ ਕੀਤੀ।

# ਰਿਪੁਦਮਨ ਮਲਿਕ ਦੇ ਕਤਲ ਦੀ ਜਾਂਚ 'ਚ ਜੁਟੀ ਕੈਨੇਡਾ ਪੁਲਿਸ

**ਵੈਨਕੂਵਰ:** ਕੈਨੇਡਾ ਪੁਲਿਸ ਨੇ ਉਘੇ ਸਿੱਖ ਆਗੂ ਤੇ 1985 ਦੇ ਏਅਰ ਇੰਡੀਆ ਬੰਬ ਕਾਂਡ ਨੂੰ ਲੈ ਕੇ ਸੁਰਖੀਆਂ 'ਚ ਰਹੇ ਰਿਪੁਦਮਨ ਸਿੰਘ ਮਲਿਕ (75) ਦੀ ਹੱਤਿਆ ਦੀ ਜਾਂਚ ਵਿੱਢ ਦਿੱਤੀ ਹੈ। ਪੁਲਿਸ ਵੱਲੋਂ ਮਲਿਕ ਦੇ ਕਤਲ ਪਿਛਲੇ ਅਸਲ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ।

ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਾਤਲ ਭਾੜੇ ਦੇ ਸਨ ਜਾਂ ਫਿਰ ਕਿਸੇ ਪੁਰਾਣੀ ਰੰਜਿਸ਼ ਦਾ ਬਦਲਾ ਲੈਣ ਲਈ ਇਹ ਕਤਲ ਕੀਤਾ ਗਿਆ ਹੈ। ਮਲਿਕ ਦੀ ਅਣਪਛਾਤੇ ਨਕਾਬਪੋਸ਼ਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮਲਿਕ ਉਦੋਂ ਸਰੀ (ਬ੍ਰਿਟਿਸ਼ ਕੋਲੰਬੀਆ) ਵਿਚਲੇ ਆਪਣੇ ਕੱਪੜਾ ਸਟੋਰ ਮੂਹਰੇ ਕਾਰ 'ਚੋਂ ਉਤਰ ਰਹੇ ਸਨ। ਉਨ੍ਹਾਂ ਦੀ ਥਾਏਂ ਮੌਤ ਹੋ ਗਈ।

ਮਲਿਕ ਤੇ ਸਹਿ-ਮੁਲਜ਼ਮ ਅਜਾਇਬ ਸਿੰਘ ਬਾਗੜੀ ਨੂੰ ਏਅਰ ਇੰਡੀਆ ਬੰਬ ਕਾਂਡ ਮਾਮਲੇ ਵਿਚ 2005 ਵਿਚ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਰਿਪੁਦਮਨ ਸਿੰਘ ਮਲਿਕ ਦਾ ਨਾਮ ਭਾਰਤ ਸਰਕਾਰ ਦੀ ਕਾਲੀ ਸੂਚੀ ਵਿਚ ਵੀ ਸੀ, ਜੋ ਸਾਲ 2019 ਵਿਚ ਹੀ ਹਟਾਇਆ ਗਿਆ ਸੀ। ਸਾਲ 2015 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ



ਫੇਰੀ ਮੌਕੇ ਮਲਿਕ ਉਨ੍ਹਾਂ ਨੂੰ ਜੀ ਆਇਆਂ ਨੂੰ ਕਹਿਣ ਵਾਲਿਆਂ ਵਿਚ ਮੋਹਰੀ ਸੀ। ਸਰੀ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਮਿੱਥ ਕੇ ਕੀਤੀ ਹੱਤਿਆ ਦਾ ਮਾਮਲਾ ਲੱਗਦਾ ਹੈ। ਪੁਲਿਸ ਅਨੁਸਾਰ ਰਿਪੁਦਮਨ ਸਿੰਘ ਮਲਿਕ ਸਵੇਰੇ ਸਵਾ ਨੌਂ ਵਜੇ ਦੇ ਕਰੀਬ 128 ਸਟਰੀਟ, 82 ਐਵੇਨਿਊ ਸਥਿਤ ਆਪਣੇ ਕੱਪੜੇ ਦੇ ਸਟੋਰ ਮੂਹਰੇ ਕਾਰ 'ਚੋਂ ਉਤਰ ਰਿਹਾ ਸੀ, ਜਦੋਂ ਅਣਪਛਾਤੇ ਨਕਾਬਪੋਸ਼ਾਂ ਨੇ ਉਸ 'ਤੇ ਗੋਲੀਆਂ ਚਲਾਈਆਂ।

ਹਮਲਾਵਰ ਮਗਰੋਂ ਉਥੇ ਖੜੀ ਕਾਰ ਵਿਚ ਫਰਾਰ ਹੋ ਗਏ। ਹਮਲੇ ਵਾਲੀ ਥਾਂ ਤੋਂ ਥੋੜ੍ਹੀ ਦੂਰ ਇਕ ਕਾਰ ਸੜਦੀ ਵੇਖੀ ਗਈ, ਜਿਸ ਬਾਰੇ ਪੁਲਿਸ ਨੂੰ ਸ਼ੱਕ ਹੈ ਕਿ ਹਮਲਾਵਰ ਇਸੇ ਕਾਰ 'ਚ ਭੱਜੇ ਸਨ ਤੇ ਸਬੂਤ ਮਿਟਾਉਣ ਦੇ ਇਰਾਦੇ ਨਾਲ ਇਸ ਨੂੰ ਸਾੜ ਦਿੱਤਾ ਗਿਆ। ਪੁਲਿਸ ਦਾ ਮੰਨਣਾ ਹੈ ਕਿ ਮਲਿਕ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ, ਪਰ ਅਜੇ ਇਹ ਸਪਸ਼ਟ ਨਹੀਂ ਕਿ ਮਾਰਨ ਵਾਲੇ ਕੌਣ ਸਨ ਤੇ ਇਸ ਦੀ ਵਜ੍ਹਾ ਕੀ ਸੀ। ਪੁਲਿਸ ਦਾ ਮੰਨਣਾ ਹੈ ਕਿ ਵਾਰਦਾਤ ਦੇ ਚਸ਼ਮਦੀਦ ਤਾਂ ਬਹੁਤ ਲੋਕ ਹਨ, ਪਰ ਅਪੀਲਾਂ ਦੇ ਬਾਵਜੂਦ ਕੋਈ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹੈ। ਪੁਲਿਸ ਖੇਤਰ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਘੋਖ ਰਹੀ ਹੈ। ਪੁਲਿਸ ਮਲਿਕ ਦੇ ਕਤਲ ਤੋਂ ਕੁਝ ਦੇਰ ਬਾਅਦ ਬਰਨਬੀ ਵਿਚ ਹੋਏ ਇਕ ਹੋਰ ਕਤਲ ਨੂੰ ਇਸੇ ਘਟਨਾ ਨਾਲ ਜੋੜ ਕੇ ਵੇਖ ਰਹੀ ਹੈ। ਉਨ੍ਹਾਂ ਉਤੇ 25 ਜੂਨ 1985 ਨੂੰ ਏਅਰ ਇੰਡੀਆ ਦੇ ਕਨਿਸ਼ਕ ਹਵਾਈ ਜਹਾਜ਼ ਬੰਬ ਧਮਾਕੇ ਦੀ ਸਾਜ਼ਿਸ਼ ਦੇ ਦੋਸ਼ ਲੱਗੇ, ਪਰ ਅਦਾਲਤ ਵਿਚ ਸਬੂਤਾਂ ਦੀ ਘਾਟ ਅਤੇ ਗਵਾਹਾਂ ਦੇ ਮੁਕਰਨ ਕਰਕੇ ਉਹ ਪੰਜ ਸਾਲ ਨਜ਼ਰਬੰਦ ਰਹਿਣ ਮਗਰੋਂ ਦੋਸ਼ਾਂ ਤੋਂ ਬਰੀ ਹੋ ਗਏ ਸਨ। ਉਨ੍ਹਾਂ ਉਪਰ ਅਕਾਲ ਤਖਤ ਦੇ ਹੁਕਮਾਂ ਦੀ ਅਵੱਗਿਆ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਦੇ ਦੋਸ਼ ਵੀ ਲੱਗੇ।

# ਅਫਗਾਨ ਸਿੱਖਾਂ ਦਾ 21 ਮੈਂਬਰੀ ਜਥਾ ਭਾਰਤ ਪੁੱਜਾ

**ਨਵੀਂ ਦਿੱਲੀ:** ਅਫ਼ਗਾਨਿਸਤਾਨ ਤੋਂ 21 ਸਿੱਖਾਂ ਦਾ ਜਥਾ ਵਿਸ਼ੇਸ਼ ਉਡਾਣ ਰਾਹੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਾ। ਇਸ ਜਥੇ ਨੂੰ ਲਿਆਉਣ ਦੇ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਸਨ। ਦਹਿਸ਼ਤਗਰਦਾਂ ਵੱਲੋਂ ਜਦੋਂ ਗੁਰਦੁਆਰੇ 'ਤੇ ਹਮਲਾ ਕੀਤਾ ਗਿਆ ਸੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੁਰੱਖਿਅਤ ਲਿਆਉਣ ਵਾਲਾ ਰਾਜਿੰਦਰ ਸਿੰਘ ਵੀ ਇਸ ਜਥੇ ਵਿਚ ਸ਼ਾਮਲ ਹੈ। ਉਸ ਨੇ ਬਾਅਦ ਵਿਚ ਪਵਿੱਤਰ ਬੀੜ ਦਾ ਪ੍ਰਕਾਸ਼ ਆਪਣੇ ਘਰ 'ਚ ਕੀਤਾ ਸੀ।

ਇਸ ਜਥੇ ਨੂੰ ਲੈਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਦਿੱਲੀ ਇਕਾਈ ਦੇ ਪ੍ਰਧਾਨ ਸੁਖਵਿੰਦਰ ਸਿੰਘ ਬੱਬਰ ਹਵਾਈ ਅੱਡੇ ਪੁੱਜੇ ਹੋਏ ਸਨ। ਸਵੇਰੇ 10.30 ਵਜੇ ਕਾਬੁਲ ਤੋਂ ਉਡਾਣ ਭਰਨ ਵਾਲਾ ਇਹ ਜਹਾਜ਼ 11.50 ਦਿੱਲੀ (ਭਾਰਤ) ਦੇ ਹਵਾਈ ਅੱਡੇ 'ਤੇ ਉਤਰਿਆ। ਯਾਤਰੀਆਂ ਦੀ ਪਹਿਲਾਂ ਕੋਵਿਡ-19 ਦੀ ਜਾਂਚ ਕੀਤੀ ਗਈ ਤੇ ਪੋਲੀਓ ਦੇ ਟੀਕੇ




ਵੀ ਲਾਏ ਗਏ। ਇਸ ਤਰ੍ਹਾਂ ਬਾਅਦ ਦੁਪਹਿਰ ਕਰੀਬ 2.30 ਵਜੇ ਇਹ ਜਥਾ ਹਵਾਈ ਅੱਡੇ ਤੋਂ ਬਾਹਰ ਨਿਕਲਿਆ। ਸ੍ਰੀ ਬੱਬਰ ਨੇ ਦੱਸਿਆ ਕਿ ਹੁਣ ਇਹ ਲੋਕ ਦਿੱਲੀ ਦੇ ਮਹਾਬੀਰ ਨਗਰ 'ਚ ਆਪਣੇ ਰਿਸ਼ਤੇਦਾਰਾਂ ਕੋਲ ਰਹਿਣਗੇ।

# ਭਾਰਤੀ ਮਹਿਲਾ ਰੀਨਾ ਛਿੱਬਰ ਦਾ ਪਾਕਿਸਤਾਨ ਵਿਚ ਜੱਦੀ ਘਰ ਵੇਖਣ ਦਾ ਸੁਪਨਾ ਹੋਇਆ ਪੂਰਾ

**ਲਾਹੌਰ:** ਨੱਬੇ ਸਾਲਾ ਭਾਰਤੀ ਔਰਤ ਰੀਨਾ ਛਿੱਬਰ ਵਰਮਾ ਦਾ ਰਾਵਲਪਿੰਡੀ ਸਥਿਤ ਆਪਣੇ ਜੱਦੀ ਘਰ ਨੂੰ ਦੇਖਣ ਦਾ ਸੁਪਨਾ ਪਾਕਿਸਤਾਨ ਵੱਲੋਂ ਦਿੱਤੇ ਵੀਜ਼ੇ ਨਾਲ ਸਾਕਾਰ ਹੋ ਗਿਆ ਹੈ। ਆਪਣੇ ਜੱਦੀ ਘਰ ਦਾ ਦੀਦਾਰ ਕਰਨ ਲਈ ਉਹ 75 ਸਾਲਾਂ ਬਾਅਦ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਈ।

ਉਹ ਦੇਸ਼ ਦੀ ਵੰਡ ਮੌਕੇ ਪਰਿਵਾਰ ਨਾਲ ਪਾਕਿਸਤਾਨ ਛੱਡ ਭਾਰਤ ਆ ਗਈ ਸੀ। ਨਮ ਅੱਖਾਂ ਨਾਲ ਪਾਕਿਸਤਾਨ ਵਿਚ ਦਾਖਲ ਹੋਈ ਵਰਮਾ ਤੁਰਤ ਰਾਵਲਪਿੰਡੀ ਲਈ ਰਵਾਨਾ ਹੋ ਗਈ ਜਿੱਥੇ ਉਹ ਆਪਣੇ ਜੱਦੀ ਘਰ ਪ੍ਰੇਮ ਨਿਵਾਸ ਜਾਵੇਗੀ। ਇਸ ਮੌਕੇ ਉਹ ਆਪਣੇ ਸਕੂਲ ਤੇ ਬਚਪਨ ਦੇ



ਦੋਸਤਾਂ ਨਾਲ ਵੀ ਮੁਲਾਕਾਤ ਕਰੇਗੀ। ਸੋਸ਼ਲ ਮੀਡੀਆ ਉਤੇ ਅਪਲੋਡ ਕੀਤੀ ਇਕ ਵੀਡੀਓ ਵਿਚ ਵਰਮਾ ਨੇ ਦੱਸਿਆ ਕਿ ਉਹ ਪੂਣੇ ਤੋਂ ਹੈ ਤੇ ਜਦ ਵੰਡ ਹੋਈ ਤਾਂ ਉਹ ਰਾਵਲਪਿੰਡੀ ਦੇ ਦੇਵੀ ਕਾਲਜ ਰੋਡ ਉਤੇ ਰਹਿੰਦੇ ਸਨ। ਉਸ ਨੇ ਦੱਸਿਆ ਕਿ ਉਹ ਮਾਡਰਨ ਸਕੂਲ ਵਿਚ ਪੜ੍ਹਦੇ ਸਨ, ਚਾਰ ਭੈਣ-ਭਰਾ ਵੀ ਉਸੇ ਸਕੂਲ ਗਏ। ਰੀਨਾ ਦੇ ਭੈਣ ਤੇ ਭਰਾ ਮਾਡਰਨ ਸਕੂਲ ਨੇੜੇ ਗੌਰਡਨ ਕਾਲਜ ਵਿਚ ਵੀ ਪੜ੍ਹਦੇ ਰਹੇ। ਭਾਰਤੀ ਮਹਿਲਾ ਨੇ ਵੀਡੀਓ ਵਿਚ ਨਾਲ ਹੀ ਦੱਸਿਆ ਕਿ ਉਸ ਵੇਲੇ ਉਨ੍ਹਾਂ ਦੇ ਮੁਸਲਿਮ ਦੋਸਤ ਘਰ ਆਉਂਦੇ-ਜਾਂਦੇ ਰਹਿੰਦੇ ਸਨ ਤੇ ਉਨ੍ਹਾਂ ਦੇ ਪਿਤਾ ਬਹੁਤ ਖੁੱਲ੍ਹੇ ਵਿਚਾਰਾਂ ਦੇ ਸਨ। ਰੀਨਾ ਨੇ ਕਿਹਾ ਕਿ ਵੰਡ ਤੋਂ ਪਹਿਲਾਂ ਹਿੰਦੂ-ਮੁਸਲਮਾਨ ਵਾਲਾ ਕੋਈ ਮੁੱਦਾ ਨਹੀਂ ਸੀ। ਉਨ੍ਹਾਂ ਕਿਹਾ ਕਿ ਭਾਰਤ ਦੀ ਵੰਡ ਨਹੀਂ ਹੋਣੀ ਚਾਹੀਦੀ ਸੀ ਪਰ ਹੁਣ ਜੇ ਹੋ ਹੀ ਗਈ ਹੈ ਤਾਂ ਘੱਟੋ-ਘੱਟ ਦੋਵਾਂ ਮੁਲਕਾਂ ਨੂੰ ਵੀਜ਼ਾ ਸੁਖਾਲਾ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਪਾਕਿਸਤਾਨ ਹਾਈ ਕਮਿਸ਼ਨ ਨੇ ਸਦਭਾਵਨਾ ਪ੍ਰਗਟ ਕਰਦਿਆਂ ਰੀਨਾ ਨੂੰ ਤਿੰਨ ਮਹੀਨਿਆਂ ਦਾ ਵੀਜ਼ਾ ਦਿੱਤਾ ਹੈ। ਉਹ ਜਦ 1947 ਵਿਚ ਵੰਡ ਵੇਲੇ ਭਾਰਤ ਆਈ ਸੀ ਤਾਂ ਉਹ ਸਿਰਫ 15 ਸਾਲਾਂ ਦੀ ਸੀ। ਵਰਮਾ ਨੇ ਦੱਸਿਆ ਕਿ ਉਨ੍ਹਾਂ 1965 ਵਿਚ ਪਾਕਿਸਤਾਨੀ ਵੀਜ਼ੇ ਲਈ ਅਰਜ਼ੀ ਦਿੱਤੀ ਸੀ ਪਰ ਉਦੋਂ ਜੰਗ ਲੱਗੀ ਹੋਣ ਕਾਰਨ ਵੀਜ਼ਾ ਨਹੀਂ ਮਿਲ ਸਕਿਆ। ਉਨ੍ਹਾਂ ਪਿਛਲੇ ਸਾਲ ਸੋਸ਼ਲ ਮੀਡੀਆ 'ਤੇ ਆਪਣੇ ਜੱਦੀ ਘਰ ਨੂੰ ਦੇਖਣ ਦੀ ਇੱਛਾ ਜ਼ਾਹਿਰ ਕੀਤਾ ਸੀ। ਪਾਕਿਸਤਾਨ ਦੇ ਇਕ ਨਾਗਰਿਕ ਸੱਜਾਦ ਹੈਦਰ ਨੇ ਰੀਨਾ ਨਾਲ ਸੋਸ਼ਲ ਮੀਡੀਆ 'ਤੇ ਸੰਪਰਕ ਕੀਤਾ ਤੇ ਰਾਵਲਪਿੰਡੀ ਸਥਿਤ ਉਨ੍ਹਾਂ ਦੇ ਘਰ ਦੀਆਂ ਫੋਟੋਆਂ ਭੇਜੀਆਂ। ਉਨ੍ਹਾਂ ਨੇ ਮੁੜ ਵੀਜ਼ਾ ਲਈ ਅਰਜ਼ੀ ਦਿੱਤੀ ਸੀ ਪਰ ਨਹੀਂ ਮਿਲਿਆ। ਰੀਨਾ ਨੇ ਹਾਲ ਹੀ ਵਿਚ ਪਾਕਿਸਤਾਨ ਦੀ ਵਿਦੇਸ਼ ਰਾਜ ਮੰਤਰੀ ਹਿਨਾ ਰੱਬਾਨੀ ਖਾਰ ਨਾਲ ਸੋਸ਼ਲ ਮੀਡੀਆ 'ਤੇ ਰਾਬਤਾ ਕੀਤਾ ਸੀ ਜਿਨ੍ਹਾਂ ਦੇ ਦਖਲ ਨਾਲ ਉਨ੍ਹਾਂ ਨੂੰ ਵੀਜ਼ਾ ਮਿਲਿਆ ਹੈ।

# ਦਰਿਆਵਾਂ ਤੇ ਡਰੇਨਾਂ ਦੀ ਸਫਾਈ ਲਈ ਸੂਬਾ ਪੱਧਰੀ ਮੁਹਿੰਮ ਵਿੱਢੇਗੀ ਮਾਨ ਸਰਕਾਰ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਪੰਜਾਬ ਭਰ ਦੇ ਦਰਿਆਵਾਂ ਅਤੇ ਡਰੇਨਾਂ ਦੀ ਸਫਾਈ ਲਈ ਸੂਬਾ ਪੱਧਰੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਪਵਿੱਤਰ ਕਾਲੀ ਵੇਈਂ ਵਾਂਗ ਦਰਿਆਵਾਂ ਦਾ ਪਾਣੀ ਵੀ ਪੀਣਯੋਗ ਬਣਾਇਆ ਜਾਵੇਗਾ। ਉਹ ਸੁਲਤਾਨਪੁਰ ਲੋਧੀ ਵਿਚ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਦੀ 22ਵੀਂ ਵਰ੍ਹੇਗੰਢ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਭਗਵੰਤ ਮਾਨ ਨੇ ਕਿਹਾ ਕਿ ਰਾਜ ਸਭਾ ਮੈਂਬਰ ਅਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਗਤ ਦੇ ਸਹਿਯੋਗ ਨਾਲ ਬਾਬਾ ਨਾਨਕ ਦੀ ਪਲੀਤ ਹੋ ਚੁੱਕੀ ਕਾਲੀ ਵੇਈਂ ਨਦੀ ਨੂੰ ਏਨਾ ਸਾਫ ਕਰ ਦਿੱਤਾ ਹੈ ਕਿ ਹੁਣ ਇਸ ਦਾ ਪਾਣੀ ਸਿੱਧੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਪੰਜਾਬ ਸਰਕਾਰ ਜਲਦੀ ਹੀ ਸੂਬੇ ਦੇ ਕੁਦਰਤੀ ਸਰੋਤਾਂ, ਦਰਿਆਵਾਂ ਅਤੇ ਡਰੇਨਾਂ ਦੀ ਸਾਫ-ਸਫਾਈ ਲਈ ਵਿਆਪਕ ਪੱਧਰ 'ਤੇ ਮੁਹਿੰਮ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਭਾਵੇਂ ਕਿ ਇਸ ਮਹਾਨ ਕਾਰਜ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਪਰ ਫਿਰ ਵੀ ਇਸ ਮੁਹਿੰਮ ਨੂੰ ਜਨਤਕ ਲਹਿਰ ਬਣਾਉਣ ਲਈ ਲੋਕਾਂ ਦਾ ਸਹਿਯੋਗ ਲਾਜ਼ਮੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਰੁੱਖਾਂ ਹੇਠ ਰਕਬਾ ਵਧਾਉਣ ਲਈ ਸ਼ਹੀਦ ਭਗਤ ਸਿੰਘ ਹਰਿਆਲੀ ਲਹਿਰ ਸ਼ੁਰੂ ਕੀਤੀ ਗਈ ਹੈ। ਲੋਕ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਪਾਲਣ ਵੱਲ ਧਿਆਨ ਕੇਂਦਰਿਤ ਕਰਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਧਰਤੀ ਹੇਠਲੇ ਪਾਣੀ ਦੀ ਵਿਵੇਕਸ਼ੀਲ ਵਰਤੋਂ ਯਕੀਨੀ ਬਣਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ 'ਤੇ ਦਬਾਅ ਘਟਾ ਕੇ ਤੇਜ਼ੀ ਨਾਲ ਡਿੰਗਦੇ ਜਾ ਰਹੇ ਪਾਣੀ ਦੇ ਪੱਧਰ ਨੂੰ ਬਚਾਇਆ ਜਾ ਸਕੇ। ਉਨ੍ਹਾਂ ਸੂਬੇ ਦੇ ਵਾਤਾਵਰਨ ਨੂੰ ਤਬਾਹ ਕਰਨ ਲਈ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੰਤਰੀਆਂ ਕੋਲ ਵੱਧ ਤੋਂ ਵੱਧ ਬੂਟੇ ਲਾਉਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਨੇ



ਕਮਿਸ਼ਨ ਲੈਣ ਖਾਤਰ ਰੁੱਖ ਵੱਢਣ ਦੀ ਆਗਿਆ ਦੇ ਦਿੱਤੀ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਿਛਲੇ 22 ਵਰ੍ਹਿਆਂ ਵਿਚ ਵੇਈਂ ਦੀ ਸਫਾਈ ਦੌਰਾਨ ਆਈਆਂ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰੀ ਸਿਸਟਮ ਦੀਆਂ ਖਾਮੀਆਂ ਅਤੇ ਲਾਪਰਵਾਹੀਆਂ ਨੇ ਪੰਜਾਬ ਦੇ ਦਰਿਆ ਪਲੀਤ ਕੀਤੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਜਦੋਂ ਤੱਕ ਅਫ਼ਸਰਸ਼ਾਹੀ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ ਉਦੋਂ ਤੱਕ ਬੁੱਢਾ ਦਰਿਆ ਸਮੇਤ ਪੰਜਾਬ ਦਾ ਕੋਈ ਦਰਿਆ ਸਾਫ ਨਹੀਂ ਹੋ ਸਕਦਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਵੇਈਂ ਕੰਢੇ ਇਕ ਬੂਟਾ ਵੀ ਲਗਾਇਆ। ਉਨ੍ਹਾਂ ਵੇਈਂ ਦਾ ਪਾਣੀ ਪੀਤਾ ਅਤੇ ਕਿਹਾ ਕਿ ਉਹ ਭਾਗਾਂ ਵਾਲੇ ਹਨ ਕਿ ਉਨ੍ਹਾਂ ਨੂੰ ਇਹ ਮੌਕਾ ਮਿਲਿਆ।

## ਪਾਣੀ ਲਈ ਚਿੰਤਨ ਕਰਨਗੀਆਂ ਕਿਸਾਨ ਜਥੇਬੰਦੀਆਂ

**ਜਲੰਧਰ:** ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਧਰਤੀ ਹੇਠਲੇ ਡੂੰਘੇ ਹੁੰਦੇ ਜਾ ਰਹੇ ਪਾਣੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਗੰਭੀਰ ਮੁੱਦੇ 'ਤੇ ਚਿੰਤਨ ਕਰਨ ਲਈ 5 ਅਗਸਤ ਨੂੰ ਮੁਹਾਲੀ ਦੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਵਿਖੇ ਵੱਡਾ ਇਕੱਠ ਸੱਦਿਆ ਹੈ। ਬੀ.ਕੇ.ਯੂ. (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਆਗੂ ਪ੍ਰੇਮ ਸਿੰਘ ਭੰਗੂ ਐਡਵੋਕੇਟ, ਬੀ.ਕੇ.ਯੂ. ਮਾਨਸਾ ਦੇ ਆਗੂ ਬੋਘ ਸਿੰਘ ਮਾਨਸਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਕੰਵਲਜੀਤ ਸਿੰਘ ਪੰਨੂੰ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ 5 ਅਗਸਤ ਨੂੰ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੁਹਾਲੀ ਵਿਖੇ ਵੱਡਾ ਇਕੱਠ ਕੀਤਾ ਜਾਵੇਗਾ ਅਤੇ ਉਥੋਂ ਪੰਜਾਬ ਸਰਕਾਰ ਨੂੰ ਨੋਟਿਸ ਦੇ ਕੇ ਮੰਗ ਕੀਤੀ ਜਾਵੇਗੀ ਕਿ ਉਹ ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਵੇ ਅਤੇ ਡੈਮ ਸੁਰੱਖਿਆ ਐਕਟ ਦਾ ਵਿਰੋਧ ਕਰੇ।

# ਤਕਨੀਕੀ ਘੁੰਮਣਘੇਰੀ 'ਚ ਫਸੀਆਂ 26 ਹਜ਼ਾਰ ਸਰਕਾਰੀ ਨੌਕਰੀਆਂ

**ਚੰਡੀਗੜ੍ਹ:** ਸਰਕਾਰੀ ਨੌਕਰੀ ਦੀ ਉਡੀਕ ਕਰ ਰਹੇ ਨੌਜਵਾਨਾਂ ਨੂੰ ਅਜੇ ਹੋਰ ਇੰਤਜ਼ਾਰ ਕਰਨਾ ਪਵੇਗਾ। ਪੰਜਾਬ ਸਰਕਾਰ ਵੱਲੋਂ 26 ਹਜ਼ਾਰ ਨੌਕਰੀਆਂ ਦੇਣ ਦੇ ਮਾਮਲੇ 'ਚ ਨਵਾਂ ਪੇਚ ਫਸ ਗਿਆ ਹੈ। ਨੌਕਰਸ਼ਾਹੀ ਦੀ ਢਿੱਲ-ਮੱਠ ਕਰਕੇ 15 ਹਜ਼ਾਰ ਨਵੀਆਂ ਅਸਾਮੀਆਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਨਹੀਂ ਹੋ ਸਕੀ ਹੈ। ਹੁਣ ਤੱਕ 10,825 ਅਸਾਮੀਆਂ ਦੀ ਭਰਤੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਅਹੁਦੇ ਦੀ ਸਹੁੰ ਚੁੱਕਣ ਮਗਰੋਂ ਪਹਿਲੀ ਕੈਬਨਿਟ ਮੀਟਿੰਗ ਵਿਚ 26 ਹਜ਼ਾਰ ਨਵੀਆਂ ਨੌਕਰੀਆਂ ਦੇਣ ਦਾ ਐਲਾਨ ਕੀਤਾ ਸੀ। ਮਈ ਦੇ ਪਹਿਲੇ ਹਫਤੇ ਕੈਬਨਿਟ ਮੀਟਿੰਗ ਵਿਚ 26,454 ਨੌਕਰੀਆਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਨੂੰ ਹਰੀ ਝੰਡੀ ਦਿੱਤੀ ਗਈ ਸੀ। 'ਆਪ' ਸਰਕਾਰ ਪਹਿਲੇ ਵਰ੍ਹੇ ਹੀ ਇੰਨੀਆਂ ਅਸਾਮੀਆਂ ਕੱਢਣ ਦਾ ਸਿਆਸੀ ਲਾਹਾ ਵੀ ਲੈ ਰਹੀ ਸੀ ਪਰ ਜ਼ਮੀਨੀ ਹਕੀਕਤ 'ਤੇ ਨਜ਼ਰ ਮਾਰੀਏ ਤਾਂ ਹਾਲੇ ਕਈ ਅੜਚਣਾਂ ਨੇ ਨਵੀਆਂ ਨੌਕਰੀਆਂ ਦੇ ਰਾਹ ਰੋਕੇ ਹੋਏ ਹਨ।



ਇਨ੍ਹਾਂ ਵਿਭਾਗੀ ਤੇ ਤਕਨੀਕੀ ਅੜਿੱਕਿਆਂ ਨੂੰ ਵੇਲੇ ਸਿਰ ਨਾ ਦੂਰ ਕੀਤਾ ਗਿਆ ਤਾਂ ਸਰਕਾਰ ਲਈ ਪਹਿਲੇ ਵਰ੍ਹੇ 'ਚ ਕੀਤੇ ਵਾਅਦੇ ਮੁਤਾਬਿਕ ਨੌਕਰੀਆਂ ਦੇਣ ਦਾ ਟੀਚਾ ਪੂਰਾ ਕਰਨ 'ਚ ਮੁਸ਼ਕਲ ਆ ਸਕਦੀ ਹੈ। ਪੰਜਾਬ ਸਰਕਾਰ ਦੇ ਦੋ ਦਰਜਨ ਵਿਭਾਗਾਂ ਵਿਚ 26,454 ਨੌਕਰੀਆਂ ਦੇਣ ਦਾ ਟੀਚਾ ਰੱਖਿਆ ਗਿਆ ਹੈ ਜਿਨ੍ਹਾਂ 'ਚੋਂ 15,011 ਅਸਾਮੀਆਂ 'ਤੇ ਭਰਤੀ ਪ੍ਰਕਿਰਿਆ ਦਾ ਕੰਮ ਰੁਕਿਆ ਪਿਆ ਹੈ। ਅੱਧੀ ਦਰਜਨ ਸਰਕਾਰੀ ਵਿਭਾਗਾਂ ਵੱਲੋਂ ਹਾਲੇ ਤੱਕ ਨਿਯਮ ਹੀ ਨਹੀਂ ਬਣਾਏ ਗਏ ਹਨ ਜਿਸ ਕਰਕੇ ਇਨ੍ਹਾਂ ਅਸਾਮੀਆਂ ਦੇ ਇਸ਼ਤਿਹਾਰ ਪ੍ਰਕਾਸ਼ਿਤ ਨਹੀਂ ਹੋ ਸਕੇ ਹਨ।

### ਕੱਚੇ ਕਾਮਿਆਂ ਦੀ ਸਰਕਾਰ ਵੱਲ ਝਾਕ

**ਚੰਡੀਗੜ੍ਹ:** ਕੈਬਨਿਟ ਸਬ-ਕਮੇਟੀ ਵੀ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਸਬੰਧੀ ਘੁੰਮਣਘੇਰੀ ਵਿਚ ਫਸ ਗਈ ਹੈ। ਕੱਚੇ ਕਾਮਿਆਂ ਨੂੰ ਪੱਕਾ ਕਰਨ ਸਬੰਧੀ ਹੁਣ ਤੱਕ ਸਿਰਫ ਸਿਆਸੀ ਨਜ਼ਰੀਏ 'ਤੋਂ ਫੈਸਲੇ ਲਏ ਗਏ, ਜਿਸ ਕਰਕੇ ਹਾਲੇ ਵੀ ਕਈ ਬਿੱਲ ਰਾਜਪਾਲ ਪੰਜਾਬ ਕੋਲ ਰੁਕੇ ਪਏ ਹਨ। ਜ਼ਿਕਰਯੋਗ ਹੈ ਕਿ ਗੱਠਜੋੜ ਸਰਕਾਰ ਵੱਲੋਂ 2016 ਅਤੇ ਕਾਂਗਰਸ ਸਰਕਾਰ ਨੇ 2022 ਵਿਚ ਜੋ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਲਈ ਬਿੱਲ ਪਾਸ ਕੀਤੇ ਸਨ, ਉਹ ਹਾਲੇ ਵੀ ਗਵਰਨਰ ਵੱਲੋਂ ਵਾਪਸ ਨਹੀਂ ਆਏ ਹਨ। ਕਮੇਟੀ ਦੀ ਮੀਟਿੰਗ ਵਿਚ ਇਕ ਨੁਕਤਾ ਇਹ ਉੱਠਿਆ ਕਿ ਜਿੰਨੇ ਯੋਗ ਕਾਮੇ ਹਨ, ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ ਤਾਂ ਜੋ ਅਦਾਲਤਾਂ ਵਿਚ ਕਿਸੇ ਚੁਣੌਤੀ ਦਾ ਸਾਹਮਣਾ ਨਾ ਕਰਨਾ ਪਵੇ। ਦੂਜਾ ਵਿਚਾਰ ਇਹ ਸੀ ਕਿ ਵੱਧ ਤੋਂ ਵੱਧ ਕਾਮੇ ਰੈਗੂਲਰ ਕੀਤੇ ਜਾਣ।

ਸਭ ਤੋਂ ਪਹਿਲੇ ਨੰਬਰ 'ਤੇ ਸਕੂਲ ਸਿੱਖਿਆ ਵਿਭਾਗ ਹੈ ਜਿਸ 'ਚ 5994 ਨੌਕਰੀਆਂ ਦਾ ਕੰਮ ਸਿਰਫ ਨਿਯਮ ਨਾ ਬਣਾਏ ਜਾਣ ਕਰਕੇ ਰੁਕਿਆ ਪਿਆ ਹੈ। ਸਿਹਤ ਵਿਭਾਗ ਵਿਚ ਵੀ 2187 ਅਸਾਮੀਆਂ 'ਤੇ ਭਰਤੀ ਦਾ ਕੰਮ ਰੁਕ ਗਿਆ ਹੈ। ਇਸੇ ਤਰ੍ਹਾਂ ਖੇਤੀ ਮਹਿਕਮੇ 'ਚ 80, ਮੈਡੀਕਲ ਸਿੱਖਿਆ ਵਿਚ 45, ਜਲ ਸਰੋਤ ਵਿਭਾਗ ਵਿਚ 42 ਤੇ ਪਲੈਨਿੰਗ ਵਿਭਾਗ ਵਿਚ 16 ਅਸਾਮੀਆਂ ਦਾ ਕੰਮ ਰੂਲਜ਼ ਨਾ ਬਣਨ ਕਰਕੇ ਅੱਗੇ ਨਹੀਂ ਵੱਧ ਸਕਿਆ। ਪੁਲਿਸ ਵਿਭਾਗ ਵਿਚ 2819 ਸਬ-ਇੰਸਪੈਕਟਰਾਂ ਅਤੇ ਸਿਪਾਹੀਆਂ ਦੀ ਭਰਤੀ ਦਾ ਇਸ਼ਤਿਹਾਰ 31 ਅਗਸਤ ਮਗਰੋਂ ਦਿੱਤਾ ਜਾਣਾ ਹੈ। ਵਿੱਤ ਵਿਭਾਗ ਵੀ 446 ਅਸਾਮੀਆਂ ਦੀ ਭਰਤੀ ਪ੍ਰਕਿਰਿਆ ਅੱਗੇ ਨਹੀਂ ਵੱਧ ਸਕੀ ਜਦਕਿ ਉਚੇਰੀ ਸਿੱਖਿਆ ਵਿਭਾਗ ਵਿਚ ਵੀ 74 ਅਸਾਮੀਆਂ ਨਿਯਮ ਨਾ ਬਣਨ ਕਰਕੇ ਪ੍ਰਕਾਸ਼ਿਤ ਨਹੀਂ ਹੋ ਸਕੀਆਂ ਹਨ। ਤਕਨੀਕੀ ਸਿੱਖਿਆ ਵਿਭਾਗ ਵਿਚ ਵੀ 844 ਅਸਾਮੀਆਂ ਦਾ ਕੰਮ ਰੁਕਿਆ ਪਿਆ ਹੈ।

# ਜੇਲ੍ਹ 'ਚ ਇਕੱਠੇ ਰਹਿਣਗੇ ਨਵਜੋਤ ਸਿੱਧੂ ਅਤੇ ਦਲੇਰ ਮਹਿੰਦੀ



### ਡਾਕਟਰੀ ਸਲਾਹ 'ਤੇ ਸਿੱਧੂ ਨੂੰ ਮਿਲਿਆ ਤਖਤਪੋਸ਼

**ਪਟਿਆਲਾ:** ਸੜਕੀ ਝਗੜੇ ਦੇ ਇਕ ਕੇਸ 'ਚ ਹੋਈ ਇਕ ਸਾਲ ਦੀ ਕੈਦ ਤਹਿਤ ਪਟਿਆਲਾ ਜੇਲ੍ਹ 'ਚ ਬੰਦ ਕਾਂਗਰਸੀ ਆਗੂ ਨਵਜੋਤ ਸਿੱਧੂ ਪਹਿਲਾਂ ਹੀ ਫੈਟੀ ਲਿਵਰ ਦੀ ਸਮੱਸਿਆ ਨਾਲ ਜੂਝ ਰਹੇ ਸਨ ਤੇ ਹੁਣ ਉਨ੍ਹਾਂ ਦੇ ਗੋਡਿਆਂ ਵਿਚ ਵੀ ਦਰਦ ਰਹਿਣ ਲੱਗ ਪਿਆ ਹੈ। ਉੱਠਣ ਲਈ ਉਨ੍ਹਾਂ ਨੂੰ ਸਹਾਰਾ ਲੈਣਾ ਪੈ ਰਿਹਾ ਹੈ, ਇਥੋਂ ਤੱਕ ਕਿ ਪਖਾਨੇ ਵਾਲੀ ਸੀਟ ਤੋਂ ਵੀ ਉਨ੍ਹਾਂ ਨੂੰ ਦੋ ਸਾਥੀ ਕੈਦੀ ਸਹਾਰਾ ਦੇ ਕੇ ਉਠਾਉਂਦੇ ਹਨ। ਮੈਡੀਕਲ ਜਾਂਚ ਲਈ ਜੇਲ੍ਹ ਪੁੱਜੀ ਡਾਕਟਰਾਂ ਦੀ ਟੀਮ ਨੇ ਗੋਡੇ 'ਚ ਤਕਲੀਫ ਦਾ ਮੁੱਖ ਕਾਰਨ ਫਰਸ਼ 'ਤੇ ਪੈਣਾ ਦੱਸਿਆ ਹੈ। ਸੂਤਰਾਂ ਮੁਤਾਬਕ ਜਾਂਚ ਮਗਰੋਂ ਡਾਕਟਰਾਂ ਦੀ ਟੀਮ ਨੇ ਇਸ ਤਕਲੀਫ ਤੋਂ ਰਾਹਤ ਲਈ ਸਿੱਧੂ ਨੂੰ ਬੈੱਡ 'ਤੇ ਪਾਉਣ ਅਤੇ ਉਚੀ ਟੁਆਇਲਟ ਸੀਟ ਬਣਵਾਉਣ ਦਾ ਸੁਝਾਅ ਦਿੱਤਾ ਹੈ।

**ਪਟਿਆਲਾ:** ਅਦਾਲਤ ਵੱਲੋਂ ਕਬੂਤਰਬਾਜ਼ੀ ਮਾਮਲੇ ਵਿਚ ਸਜ਼ਾ ਬਰਕਰਾਰ ਰੱਖਣ ਤੋਂ ਬਾਅਦ ਪੰਜਾਬੀ ਗਾਇਕ ਦਲੇਰ ਮਹਿੰਦੀ ਨੂੰ ਪਹਿਲਾਂ ਤੋਂ ਹੀ ਇਥੇ ਬੰਦ ਕਾਂਗਰਸੀ ਆਗੂ ਨਵਜੋਤ ਸਿੱਧੂ (ਸ਼ੈਰੀ) ਵਾਲੀ ਬੈਰਕ 'ਚ ਭੇਜ ਦਿੱਤਾ ਹੈ। ਰੋਡਰੇਜ ਦੇ ਇਕ ਮਾਮਲੇ 'ਚ ਇਕ ਸਾਲ ਦੀ ਕੈਦ ਕੱਟ ਰਹੇ ਸਿੱਧੂ 10 ਨੰਬਰ ਬੈਰਕ 'ਚ ਬੰਦ ਹਨ, ਜਿਸ ਨੂੰ ਲਾਇਬ੍ਰੇਰੀ ਹਾਤਾ ਵੀ ਕਿਹਾ ਜਾਂਦਾ ਹੈ। ਉਸ ਨਾਲ ਚਾਰ ਹੋਰ ਕੈਦੀ ਵੀ ਬੰਦ ਹਨ।

ਜੇਲ੍ਹ ਅਧਿਕਾਰੀਆਂ ਦੇ ਦਾਅਵੇ ਮੁਤਾਬਕ ਇਸ ਬੈਰਕ 'ਚ ਏਸੀ ਤੇ ਮੰਜੇ ਦੀ ਸਹੂਲਤ ਨਹੀਂ ਹੈ ਜਿਸ ਕਰ ਕੇ ਦਲੇਰ ਮਹਿੰਦੀ ਨੂੰ ਫਰਸ਼ 'ਤੇ ਬਿਸਤਰਾ ਵਿਛਾ ਕੇ ਰਾਤਾਂ ਕੱਟਣੀਆਂ ਪੈਣਗੀਆਂ। ਉਂਜ ਕਾਨੂੰਨੀ ਮਾਹਰਾਂ ਮੁਤਾਬਕ ਸਿੱਧੂ ਬਹੁਤਾ ਸਮਾਂ ਪੌਪ ਗਾਇਕ ਦਾ ਸੰਗ ਨਹੀਂ ਮਾਣ ਸਕਣਗੇ ਕਿਉਂਕਿ ਦਲੇਰ ਮਹਿੰਦੀ ਨੂੰ ਕੁਝ ਸਮੇਂ ਮਗਰੋਂ ਜ਼ਮਾਨਤ ਮਿਲ ਸਕਦੀ ਹੈ। ਜਦਕਿ ਸਿੱਧੂ ਲਈ ਹੁਣ ਜ਼ਮਾਨਤ ਦਾ ਕੋਈ ਬਦਲ ਨਾ ਰਹਿਣ ਕਾਰਨ ਸਾਲ ਦੀ ਸਜ਼ਾ ਮੁਕੰਮਲ ਕਰਨ ਮਗਰੋਂ ਹੀ ਰਿਹਾਈ ਹੋ ਸਕੇਗੀ। ਉਧਰ ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ ਵੀ ਇਸੇ ਹੀ ਜੇਲ੍ਹ 'ਚ ਹਨ ਜਿਸ ਨੂੰ ਜੌਤਾ ਚੱਕੀਆਂ ਵਜੋਂ ਮਸ਼ਹੂਰ ਵੱਖਰੇ ਸੈੱਲ 'ਚ ਬੰਦ ਕੀਤਾ ਹੋਇਆ ਹੈ ਤੇ ਇਹ ਸੈਲ ਸਿੱਧੂ ਵਾਲੀ ਬੈਰਕ ਨਾਲੋਂ ਛੋਟਾ ਹੈ ਜਿਸ ਸਬੰਧੀ ਸੰਸਦ ਮੈਂਬਰ ਹਰਸਿਮਰਤ ਬਾਦਲ ਵੀ ਇਤਰਾਜ਼ ਜਤਾ ਚੁੱਕੇ ਹਨ ਕਿ ਬਿਕਰਮ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਮਜੀਠੀਆ ਨਸ਼ਾ ਤਸਕਰੀ ਸਬੰਧੀ ਇਕ ਕੇਸ 'ਚ ਬੰਦ ਹਨ, ਜੋ ਕਾਂਗਰਸ ਸਰਕਾਰ ਨੇ ਦਰਜ ਕੀਤਾ ਸੀ।

ਦੱਸ ਦਈਏ ਕਿ ਕਬੂਤਰਬਾਜ਼ੀ ਦੇ ਕਰੀਬ ਦੋ ਦਹਾਕੇ ਪਹਿਲਾਂ ਇਥੇ ਦਰਜ ਕੀਤੇ ਗਏ ਇਕ ਕੇਸ ਵਿਚ ਦਲੇਰ ਮਹਿੰਦੀ ਨੂੰ ਉਪਰਲੀ ਅਦਾਲਤ ਨੇ ਰਾਹਤ ਨਹੀਂ ਦਿੱਤੀ ਜਿਸ ਕਾਰਨ ਉਸ ਨੂੰ ਦੋ ਸਾਲ ਦੀ ਜੇਲ੍ਹ ਦੀ ਸਜ਼ਾ ਭੁਗਤਣੀ ਪਵੇਗੀ। ਉਸ ਨੂੰ 2018 'ਚ ਜੁਡੀਸ਼ਲ ਮੈਜਿਸਟਰੇਟ ਨੇ ਦੋ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਸੀ। ਇਸ ਫੈਸਲੇ ਖ਼ਿਲਾਫ ਦਲੇਰ ਮਹਿੰਦੀ ਨੇ ਉਪਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਦਲੇਰ ਮਹਿੰਦੀ ਖ਼ਿਲਾਫ ਥਾਣਾ ਸਦਰ ਪਟਿਆਲਾ ਵਿਚ 19 ਸਤੰਬਰ 2003 ਨੂੰ ਕੇਸ ਦਰਜ ਹੋਇਆ ਸੀ ਜਿਸ ਦੌਰਾਨ ਬਲਬੇੜਾ ਵਾਸੀ ਬਖ਼ਸ਼ੀਸ਼ ਸਿੰਘ ਨੇ ਮਹਿੰਦੀ ਭਰਾਵਾਂ ਤੇ ਹੋਰਨਾਂ 'ਤੇ ਦੋਸ਼ ਲਾਏ ਗਏ ਸਨ ਕਿ ਉਸ ਤੋਂ 13 ਲੱਖ ਰੁਪਏ ਲੈਣ ਦੇ ਬਾਵਜੂਦ ਵਾਅਦੇ ਮੁਤਾਬਕ ਕੈਨੇਡਾ ਨਹੀਂ ਭੇਜਿਆ ਗਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਕੇਸ ਟਰਾਇਲ ਦੌਰਾਨ ਕਈ ਸ਼ਿਕਾਇਤਾਂ ਸਿਰੇ ਨਹੀਂ ਲੱਗ ਸਕੀਆਂ। ਉਸ ਵੇਲੇ ਬਖ਼ਸ਼ੀਸ਼ ਸਿੰਘ ਸਣੇ 31 ਸ਼ਿਕਾਇਤਾਂ ਦੌਰਾਨ 1.94 ਕਰੋੜ ਲੈ ਕੇ ਵੀ ਸਬੰਧਤ ਵਿਅਕਤੀਆਂ ਨੂੰ ਵਿਦੇਸ਼ ਨਾ ਭੇਜੇ ਜਾਣ ਦੇ ਦੋਸ਼ ਲਾਏ ਗਏ ਸਨ। ਸ਼ਮਸ਼ੇਰ ਮਹਿੰਦੀ ਨੂੰ ਤਾਂ ਕਈ ਮਹੀਨੇ ਜੇਲ੍ਹ 'ਚ ਹੀ ਬਿਤਾਉਣੇ ਪਏ ਸਨ ਪਰ ਦਲੇਰ ਮਹਿੰਦੀ ਜੇਲ੍ਹ ਜਾਣ ਤੋਂ ਬਚ ਗਿਆ ਸੀ ਕਿਉਂਕਿ ਰਿਮਾਂਡ ਖ਼ਤਮ ਹੋਣ ਮਗਰੋਂ ਦਲੇਰ ਮਹਿੰਦੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

## ਭਾਰਤ ਵਿਚ ਫੇਸਬੁੱਕ ਤੇ ਵ੍ਹਟਸਐਪ 'ਤੇ ਮਨੁੱਖੀ ਅਧਿਕਾਰਾਂ ਨੂੰ ਖ਼ਤਰਾ

**ਨਵੀਂ ਦਿੱਲੀ:** ਭਾਰਤ ਵਿਚ ਫੇਸਬੁੱਕ ਤੇ ਵ੍ਹਟਸਐਪ ਵਰਗੇ ਮੰਚਾਂ 'ਤੇ ਤੀਜੀ ਧਿਰ ਦੀ ਦਖ਼ਲਅੰਦਾਜ਼ੀ ਕਾਰਨ ਵਿਅਕਤੀਗਤ ਤੇ ਸੂਚਨਾ ਦੀ ਆਜ਼ਾਦੀ 'ਤੇ ਪਾਬੰਦੀ ਅਤੇ ਨਫਰਤ ਫੈਲਾਉਣ ਵਰਗੀਆਂ ਕਾਰਵਾਈਆਂ ਕਾਰਨ ਮਨੁੱਖੀ ਅਧਿਕਾਰਾਂ ਨੂੰ ਖ਼ਤਰਾ ਹੈ। ਸੋਸ਼ਲ ਮੀਡੀਆ ਕੰਪਨੀ ਮੈਟਾ ਨੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਆਪਣੀ ਪਹਿਲੀ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਹੈ। ਇਹ ਰਿਪੋਰਟ ਭਾਰਤ ਅਤੇ ਹੋਰ ਦੇਸ਼ਾਂ ਵਿਚ ਫੇਸਬੁੱਕ ਅਤੇ ਵ੍ਹਟਸਐਪ ਵਰਗੇ ਪਲੇਟਫਾਰਮਾਂ ਨਾਲ ਸਬੰਧਤ ਸੰਭਾਵੀ ਮਨੁੱਖੀ ਅਧਿਕਾਰ ਜੋਖ਼ਮਾਂ 'ਤੇ ਮੈਟਾ ਵੱਲੋਂ 2019 ਵਿਚ ਸ਼ੁਰੂ ਕੀਤੇ ਗਏ ਆਜ਼ਾਦ ਮਨੁੱਖੀ ਅਧਿਕਾਰ ਪ੍ਰਭਾਵ ਮੁਲਾਂਕਣ (ਐਚ.ਆਰ.ਆਈ.ਏ.) 'ਤੇ ਆਧਾਰਿਤ ਹੈ। ਰਿਪੋਰਟ ਮੁਤਾਬਕ, ਐਚ.ਆਰ.ਆਈ.ਏ. ਨੇ ਮੈਟਾ ਦੇ ਫੇਸਬੁੱਕ ਅਤੇ ਵ੍ਹਟਸਐਪ ਵਰਗੇ ਪਲੇਟਫਾਰਮਾਂ 'ਤੇ ਤੀਜੀ ਧਿਰ ਦੀ ਦਖ਼ਲਅੰਦਾਜ਼ੀ ਕਾਰਨ ਮਨੁੱਖੀ ਅਧਿਕਾਰਾਂ ਲਈ ਪੈਦਾ ਹੋਣ ਵਾਲੇ ਜੋਖ਼ਮਾਂ ਦਾ ਅਧਿਐਨ ਕੀਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਅਕਤੀਗਤ ਅਤੇ ਸੂਚਨਾ ਦੀ ਆਜ਼ਾਦੀ 'ਤੇ ਪਾਬੰਦੀ ਤੋਂ ਇਲਾਵਾ ਦੁਸ਼ਮਣੀ, ਘਿਰਣਾ, ਭੇਦਭਾਵ ਅਤੇ ਹਿੰਸਾ ਨੂੰ ਉਕਸਾਉਣ ਵਾਲੀਆਂ ਕਾਰਵਾਈਆਂ ਨਾਲ ਵਿਅਕਤੀ ਦੀ ਨਿੱਜਤਾ ਅਤੇ ਸੁਰੱਖਿਆ ਦੇ ਅਧਿਕਾਰ ਵਰਗੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ।

## ਪੰਜਾਬ ਵਿਚ ਆਫਤ ਨਜਿੱਠਣ ਫੰਡ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ 'ਚ ਕਿਸੇ ਵੀ ਅਣਕਿਆਸੀ ਕੁਦਰਤੀ ਆਫਤ ਮੌਕੇ ਰਾਹਤ ਕਾਰਜਾਂ ਦੇ ਪੁਖ਼ਤਾ ਪ੍ਰਬੰਧ ਕਰਨ ਲਈ 'ਰਾਜ ਆਫਤ ਨਜਿੱਠਣ ਫੰਡ' (ਐਸ.ਡੀ.ਐਮ.ਐਫ.) ਕਾਇਮ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਮੁੱਖ ਮੰਤਰੀ ਨੇ ਕਿਹਾ ਕਿ ਐਸ.ਡੀ.ਐਮ.ਐਫ. ਦਾ ਗਠਨ ਆਫਤ ਪ੍ਰਬੰਧਨ ਐਕਟ-2005 ਦੀ ਧਾਰਾ 48-1 (ਸੀ) ਤਹਿਤ ਕੀਤਾ ਗਿਆ ਹੈ। ਇਸ ਫੰਡ ਦੇ ਬਣਨ ਨਾਲ ਸੂਬੇ ਵਿਚ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਕਦਮ ਸੂਬੇ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ 'ਚ ਮਦਦ ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਫੰਡਾਂ ਦਾ ਗਠਨ 15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 2021 ਤੋਂ 2026 ਤੱਕ ਐਸ.ਡੀ.ਐਮ.ਐਫ. ਵਿਚ ਸੂਬੇ ਦਾ ਹਿੱਸਾ 25 ਫੀਸਦੀ ਹੋਵੇਗਾ, ਜਦੋਂ ਕਿ ਕੇਂਦਰੀ ਹਿੱਸਾ 75 ਫੀਸਦੀ ਹੋਵੇਗਾ। ਸਾਲ 2021 ਤੋਂ 2026 ਤੱਕ ਐਸ.ਡੀ.ਐਮ.ਐਫ. ਵਿਚ 729.60 ਕਰੋੜ ਰੁਪਏ ਦੀ ਕੁੱਲ ਰਾਸ਼ੀ ਦੀ ਵਿਵਸਥਾ ਹੋਵੇਗੀ ਅਤੇ ਇਹ ਰਾਸ਼ੀ ਕਿਸੇ ਵੀ ਤਰ੍ਹਾਂ ਦੀ ਕੁਦਰਤੀ ਆਫਤ ਲਈ ਸੂਬੇ ਦੀਆਂ ਤਿਆਰੀਆਂ ਨੂੰ ਹੋਰ ਪੁਖ਼ਤਾ ਕਰਨ ਵਿਚ ਸਹਾਈ ਸਿੱਧ ਹੋਵੇਗੀ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸਥਿਤੀ ਦੀ ਗੰਭੀਰਤਾ ਨੂੰ ਸੁਹਿਰਦਤਾ ਨਾਲ ਸਮਝ ਰਹੀ ਹੈ ਤੇ ਅਣਕਿਆਸੀ ਕੁਦਰਤੀ ਆਫਤ ਨਾਲ ਨਜਿੱਠਣ ਲਈ ਠੋਸ ਤਿਆਰੀ ਦੀ ਲੋੜ ਹੈ।

# ਮੈਡੀਕਲ ਕਾਲਜਾਂ ਵਿਚ ਪੀ.ਜੀ.ਆਈ. ਦੂਜੇ ਨੰਬਰ 'ਤੇ

**ਨਵੀਂ ਦਿੱਲੀ:** ਦੇਸ਼ ਦੀਆਂ ਸਰਬੋਤਮ ਸੰਸਥਾਵਾਂ ਦੀ ਸ਼੍ਰੇਣੀ ਵਿਚ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਮਦਰਾਸ ਨੇ ਲਗਾਤਾਰ ਚੌਥੀ ਵਾਰ ਪਹਿਲਾ ਸਥਾਨ ਹਾਸਲ ਕੀਤਾ ਹੈ ਜਦਕਿ ਯੂਨੀਵਰਸਿਟੀ ਅਤੇ ਖੋਜ ਇੰਸਟੀਚਿਊਟ ਸ਼੍ਰੇਣੀ ਵਿਚ ਇੰਡੀਅਨ ਇੰਸਟੀਚਿਊਟ ਆਫ ਸਾਇੰਸ (ਆਈ.ਆਈ.ਐਸ.ਈ.) ਬੰਗਲੂਰੂ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਹ ਜਾਣਕਾਰੀ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਐਲਾਨੀ ਗਈ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐਨ.ਆਈ.ਆਰ.ਐਫ.) ਦਰਜਾਬੰਦੀ ਰਾਹੀਂ ਮਿਲੀ ਹੈ। ਸਰਬੋਤਮ ਇੰਸਟੀਚਿਊਟਸ ਦੀ ਸ਼੍ਰੇਣੀ ਵਿਚ ਆਈ.ਆਈ.ਟੀ. ਮਦਰਾਸ, ਬੰਬੇ, ਦਿੱਲੀ, ਕਾਨਪੁਰ ਅਤੇ ਖੜਗਪੁਰ ਸਮੇਤ ਸੱਤ ਆਈ.ਆਈ.ਟੀਜ਼. ਸ਼ਾਮਲ ਹਨ। ਯੂਨੀਵਰਸਿਟੀ ਸ਼੍ਰੇਣੀ ਵਿਚ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਏ.ਆਈ.ਆਈ.ਐਮ.ਐਸ.) ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੇ ਕ੍ਰਮਵਾਰ ਨੌਵਾਂ ਅਤੇ ਦਸਵਾਂ ਸਥਾਨ ਹਾਸਲ ਕੀਤਾ ਹੈ। ਇਸ ਸ਼੍ਰੇਣੀ ਵਿਚ ਆਈ.ਆਈ.ਐਸ. ਬੰਗਲੂਰੂ ਨੇ ਪਹਿਲਾ, ਜੇ.ਐਨ.ਯੂ. ਨੇ ਦੂਜਾ ਤੇ




ਜਾਮੀਆ ਮਿਲੀਆ ਇਸਲਾਮੀਆ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਪਿਛਲੀ ਵਾਰ ਤੀਜੇ ਸਥਾਨ 'ਤੇ ਆਈ ਬੀ.ਐਚ.ਯੂ. ਇਸ ਵਾਰ ਖਿਸਕ ਕੇ ਛੇਵੇਂ ਸਥਾਨ 'ਤੇ ਆ ਗਈ ਹੈ।

ਇੰਜੀਨੀਅਰਿੰਗ ਇੰਸਟੀਚਿਊਸ਼ਨਜ਼ ਵਿਚ ਮਦਰਾਸ, ਦਿੱਲੀ, ਬੰਬੇ, ਕਾਨਪੁਰ, ਖੜਗਪੁਰ, ਰੁੜਕੀ, ਗੁਹਾਟੀ ਅਤੇ ਹੈਦਰਾਬਾਦ ਦੇ ਅੱਠ ਆਈ.ਆਈ.ਟੀਜ਼. ਨੇ ਸਿਖਰਲੇ 10 ਸੰਸਥਾਨਾਂ 'ਚ ਜਗ੍ਹਾ ਬਣਾਈ ਹੈ। ਫਾਰਮੇਸੀ ਸ਼੍ਰੇਣੀ ਵਿਚ ਦਿੱਲੀ ਦੀ ਜਾਮੀਆ ਹਮਦਰਦ ਨੇ ਪਹਿਲਾ, ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਹੈਦਰਾਬਾਦ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੂਜੇ ਤੋਂ ਖਿਸਕ ਕੇ ਤੀਜੇ ਸਥਾਨ 'ਤੇ ਪਹੁੰਚ ਗਈ ਹੈ। ਮੈਡੀਕਲ ਕਾਲਜਾਂ ਦੀ ਸ਼੍ਰੇਣੀ 'ਚ ਏ.ਆਈ.ਆਈ.ਐਮ. ਦਿੱਲੀ, ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਤੇ ਕ੍ਰਿਸਚੀਅਨ ਮੈਡੀਕਲ ਕਾਲਜ ਵੈਲੋਰ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਹਾਸਲ ਕੀਤੇ ਹਨ। ਕਾਲਜਾਂ ਦੀ ਸ਼੍ਰੇਣੀ ਵਿਚ ਮਿਰਾਂਡਾ ਹਾਊਸ ਨੇ ਪਹਿਲਾ, ਹਿੰਦੂ ਕਾਲਜ ਨੇ ਦੂਜਾ ਅਤੇ ਪ੍ਰੈਜੀਡੈਂਸੀ ਕਾਲਜ ਚੇਨਈ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਪਿਛਲੇ ਸਾਲ ਸਿਖਰਲੇ ਦਸ ਸਥਾਨਾਂ ਵਿਚ ਸ਼ਾਮਲ ਸੇਂਟ ਸਟੀਫਨਜ਼ ਅਤੇ ਐਸ.ਆਰ.ਸੀ.ਸੀ. ਨੂੰ ਦਰਜਾਬੰਦੀ 'ਚ ਜਗ੍ਹਾ ਨਹੀਂ ਮਿਲੀ। ਬੀ-ਸਕੂਲਜ਼ ਦੀ ਸ਼੍ਰੇਣੀ 'ਚ ਆਈ.ਆਈ.ਐਮ. ਅਹਿਮਦਾਬਾਦ ਨੇ ਪਹਿਲਾ, ਬੰਗਲੂਰੂ ਨੇ ਦੂਜਾ ਅਤੇ ਕਲਕੱਤਾ ਨੇ ਤੀਜਾ ਸਥਾਨ ਹਾਸਲ ਕੀਤਾ।

## ਰਾਮਾਂ ਮੰਡੀ ਵਿਚ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ



**ਰਾਮਾਂ ਮੰਡੀ:** ਸ਼ਰਾਰਤੀ ਅਨਸਰਾਂ ਨੇ ਇਥੇ ਨਗਰ ਕੌਂਸਲ ਤੇ ਮਾਰਕਿਟ ਕਮੇਟੀ ਦਫਤਰਾਂ ਵਿਚਾਲੇ ਬਣੇ ਪਾਰਕ ਵਿਚ ਲੱਗੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ ਕਰ ਦਿੱਤੀ। ਘਟਨਾ ਵਾਲੀ ਥਾਂ ਤੋਂ ਬੁੱਤ ਦਾ ਸਿਰ ਵਾਲਾ ਹਿੱਸਾ ਲਾਪਤਾ ਹੈ। ਘਟਨਾ ਬਾਰੇ ਪਤਾ ਲੱਗਦਿਆਂ ਹੀ ਮੰਡੀ ਵਾਸੀਆਂ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਥਾਣਾ ਮੁਖੀ ਹਰਜੋਤ ਸਿੰਘ ਮਾਨ ਪੁਲਿਸ ਟੀਮ ਨਾਲ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ। ਮੰਡੀ ਵਾਸੀਆਂ ਨੇ ਸਰਕਾਰ ਤੋਂ ਮੁਲਜ਼ਮਾਂ ਖ਼ਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਥਾਣਾ ਮੁਖੀ ਨੇ ਕਿਹਾ ਕਿ ਬੁੱਤ ਦੀ ਭੰਨ-ਤੋੜ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਜਲਦੀ ਕਾਬੂ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੰਯੁਕਤ ਕਿਸਾਨ ਮੋਰਚਾ ਵੱਲੋਂ ਐਮ.ਐਸ.ਪੀ. ਬਾਰੇ ਸਰਕਾਰੀ ਕਮੇਟੀ ਰੱਦ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨੇ ਆਪਣੀ ਮੀਟਿੰਗ ਵਿਚ ਘੱਟੋ-ਘੱਟ ਸਮਰਥਨ ਮੁੱਲ ਉਤੇ ਸਰਕਾਰ ਦੀ ਕਮੇਟੀ ਨੂੰ ਰੱਦ ਕਰ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਆਪਣੀ ਕਮੇਟੀ ਵਿਚ ਉਨ੍ਹਾਂ ਅਖੌਤੀ ਕਿਸਾਨ ਆਗੂਆਂ ਨੂੰ ਸ਼ਾਮਲ ਕੀਤਾ, ਜਿਨ੍ਹਾਂ ਨੇ ਤਿੰਨ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਸੀ। ਕੇਂਦਰ ਦੀ ਕਮੇਟੀ 'ਫਰਜ਼ੀ' ਜਾਪਦੀ ਹੈ ਕਿਉਂਕਿ ਇਸ ਨੇ ਕਿਸਾਨਾਂ ਦੇ ਕਾਨੂੰਨੀ ਹੱਕਾਂ ਨੂੰ ਯਕੀਨੀ ਬਣਾਉਣ ਦੀ ਗੱਲ ਨਹੀਂ ਕੀਤੀ। ਉਨ੍ਹਾਂ ਨੂੰ ਇਸ ਕਮੇਟੀ ਵਿਚ ਕੋਈ ਭਰੋਸਾ ਨਹੀਂ ਹੈ ਕਿਉਂਕਿ ਇਸ ਦੀਆਂ ਸ਼ਰਤਾਂ ਅਤੇ ਸੰਦਰਭ ਸਪਸ਼ਟ ਨਹੀਂ ਹਨ। ਕਮੇਟੀ ਵਿਚ ਪੰਜਾਬ ਦੀ ਕੋਈ ਪ੍ਰਤੀਨਿਧਤਾ ਨਹੀਂ ਹੈ। ਕੇਂਦਰ ਵੱਲੋਂ ਬਣਾਈ ਗਈ ਇਹ ਕਮੇਟੀ ਕਿਸਾਨਾਂ ਦੇ ਕਾਨੂੰਨੀ ਹੱਕਾਂ ਨੂੰ ਯਕੀਨੀ ਬਣਾਉਣ ਦੀ ਗੱਲ ਨਹੀਂ ਕਰਦੀ। ਇਹ ਕਮੇਟੀ ਫਰਜ਼ੀ ਜਾਪਦੀ ਹੈ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ ਉਨ੍ਹਾਂ ਸ਼ੁਰੂ ਤੋਂ ਹੀ ਇਸ ਕਮੇਟੀ ਬਾਰੇ ਆਪਣੇ ਸ਼ੰਕਿਆਂ ਨੂੰ ਜਨਤਕ ਕੀਤਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੇ ਅਧਿਕਾਰਤ ਨੋਟੀਫਿਕੇਸ਼ਨ ਤੋਂ ਸਪਸ਼ਟ ਹੈ ਕਿ ਸਾਰੇ ਸ਼ੰਕੇ ਸੱਚ ਹੋ ਗਏ ਹਨ। ਉਨ੍ਹਾਂ ਕਿਹਾ ਕਮੇਟੀ ਦੇ ਚੇਅਰਮੈਨ ਸਾਬਕਾ ਖੇਤੀਬਾੜੀ ਸਕੱਤਰ ਸੰਜੇ ਅਗਰਵਾਲ ਹਨ, ਜਿਨ੍ਹਾਂ ਨੇ ਤਿੰਨੋਂ ਕਿਸਾਨ ਵਿਰੋਧੀ ਕਾਨੂੰਨ ਬਣਾਏ ਤੇ ਅੰਤ ਤੱਕ ਇਨ੍ਹਾਂ ਦੀ ਵਕਾਲਤ ਕੀਤੀ। ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਵੀ ਹਨ ਜਿਨ੍ਹਾਂ ਨੇ ਇਨ੍ਹਾਂ ਤਿੰਨਾਂ ਕਾਨੂੰਨਾਂ ਦਾ ਖਰੜਾ ਤਿਆਰ ਕੀਤਾ ਸੀ। ਮੋਰਚੇ ਦੇ 3 ਨੁਮਾਇੰਦਿਆਂ ਲਈ ਕਮੇਟੀ ਵਿੱਚ ਥਾਂ ਛੱਡੀ ਗਈ ਹੈ, ਪਰ ਹੋਰ ਥਾਵਾਂ 'ਤੇ ਕਿਸਾਨ ਆਗੂਆਂ ਦੇ ਨਾਂ 'ਤੇ ਸਰਕਾਰ ਨੇ ਆਪਣੇ ਪੰਜ ਵਫ਼ਾਦਾਰ ਲੋਕਾਂ ਨੂੰ ਰੱਖਿਆ ਹੈ ਜੋ ਤਿੰਨੋਂ ਕਿਸਾਨ ਵਿਰੋਧੀ ਕਾਨੂੰਨਾਂ ਦੀ ਖੁੱਲ੍ਹ ਕੇ ਵਕਾਲਤ ਕਰਦੇ ਸਨ।

## ਕਤਲੇਆਮ 84: ਪੈਰੋਲ ਤੋਂ ਫਰਾਰ ਹੋਇਆ ਦੋਸ਼ੀ 6 ਸਾਲ ਬਾਅਦ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਕਿਹਾ ਹੈ ਕਿ 1984 ਦੇ ਦੰਗਿਆਂ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ 74 ਸਾਲਾ ਦੋਸ਼ੀ ਨੂੰ ਪੈਰੋਲ ਦੌਰਾਨ ਫਰਾਰ ਹੋਣ ਤੋਂ ਛੇ ਸਾਲ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀ ਲਾਲ ਬਹਾਦਰ ਦਿੱਲੀ ਦੇ ਸਾਗਰਪੁਰ ਦਾ ਰਹਿਣ ਵਾਲਾ ਹੈ। ਦਵਾਰਕਾ ਦੇ ਡਿਪਟੀ ਕਮਿਸ਼ਨਰ ਪੁਲਿਸ ਐਮ. ਹਰਸ਼ ਵਰਧਨ ਨੇ ਕਿਹਾ ਕਿ ਉਸ ਨੂੰ 18 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ। ਬਹਾਦੁਰ ਨੂੰ 2016 ਵਿਚ ਦੋ ਹਫਤਿਆਂ ਦੀ ਪੈਰੋਲ ਮਿਲੀ ਸੀ ਪਰ ਆਤਮ ਸਮਰਪਣ ਨਹੀਂ ਕੀਤਾ। ਇਸ ਤੋਂ ਬਾਅਦ ਉਹ ਬਿਹਾਰ ਦੇ ਬੋਧ ਗਯਾ ਵਿਚ ਰਹਿਣ ਲੱਗਿਆ।

# ਅੰਮ੍ਰਿਤਸਰ ਤੋਂ ਵੈਨਕੂਵਰ ਦਾ ਹਵਾਈ ਸਫਰ ਹੋਇਆ ਸੌਖਾ

**ਅੰਮ੍ਰਿਤਸਰ:** ਹਵਾਈ ਕੰਪਨੀ ਸਿੰਗਾਪੁਰ ਏਅਰਲਾਈਨਜ਼ ਨੇ ਆਪਣੀ ਭਾਈਵਾਲ ਘੱਟ ਕਿਰਾਏ ਵਾਲੀ ਸਸਤੀ ਏਅਰਲਾਈਨਜ਼ ਫਲਾਈ ਸਕੂਟ ਨਾਲ ਮਿਲ ਕੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਸਿੰਗਾਪੁਰ ਰਾਹੀਂ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਹਵਾਈ ਅੱਡੇ ਨਾਲ ਜੋੜ ਦਿੱਤਾ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੰਗਾਪੁਰ ਏਅਰਲਾਈਨ ਤੇ ਇਸ ਦੀ ਭਾਈਵਾਲ ਸਕੂਟ ਹੁਣ ਅੰਮ੍ਰਿਤਸਰ ਨੂੰ ਕੈਨੇਡਾ ਦੇ ਵੈਨਕੂਵਰ ਸਣੇ ਅਮਰੀਕਾ ਦੇ ਸਾਂ ਫਰਾਂਸਿਸਕੋ, ਸਿਆਟਲ ਅਤੇ ਲਾਸ ਏਂਜਲਸ ਸ਼ਹਿਰਾਂ ਨਾਲ ਵੀ ਜੋੜਦੀ ਹੈ। ਇਸ ਨਾਲ ਅੰਮ੍ਰਿਤਸਰ ਤੋਂ ਕੌਮਾਂਤਰੀ ਹਵਾਈ ਸਫਰ ਨੂੰ ਹੋਰ ਹੁਲਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਫਲਾਈ ਅੰਮ੍ਰਿਤਸਰ ਦੀ ਟੀਮ ਨੇ ਸਕੂਟ ਏਅਰਲਾਈਨ ਦੇ ਅਧਿਕਾਰੀਆਂ ਨਾਲ ਇਕ ਮੀਟਿੰਗ ਕਰ ਕੇ ਅੰਮ੍ਰਿਤਸਰ ਲਈ ਹਫਤੇ ਵਿਚ ਉਡਾਣਾਂ ਦੀ ਗਿਣਤੀ 10 ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਸਕੂਟ ਦੀ ਉਡਾਣ 7.40 ਵਜੇ ਰਵਾਨਾ ਹੁੰਦੀ ਹੈ ਤੇ ਸਥਾਨਕ ਸਮੇਂ ਅਨੁਸਾਰ ਸਵੇਰੇ 4.05 ਪੁੱਜਦੀ ਹੈ।

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦੋ ਲੱਖ ਤੋਂ ਵੱਧ ਦਾਖਲੇ ਘਟੇ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ 'ਚ ਇਸ ਸਾਲ ਦੋ ਲੱਖ ਤੋਂ ਵੱਧ ਦਾਖਲੇ ਘਟੇ ਹਨ। ਉਂਜ 2016-17 ਤੋਂ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦੇ ਦਾਖਲੇ ਵਧਣੇ ਸ਼ੁਰੂ ਹੋਏ ਸਨ ਪਰ ਲੰਘੇ ਦੋ ਵਰ੍ਹਿਆਂ ਤੋਂ ਸਰਕਾਰੀ ਸਕੂਲਾਂ 'ਚ ਦਾਖਲਾ ਦਰ ਤੇਜ਼ੀ ਨਾਲ ਵਧੀ ਸੀ। ਹੁਣ ਨਵੀਂ ਸਰਕਾਰ ਦੇ ਪਹਿਲੇ ਵਰ੍ਹੇ ਹੀ ਸਰਕਾਰੀ ਸਕੂਲਾਂ 'ਚ 2.04 ਲੱਖ ਦਾਖਲੇ ਘਟ ਗਏ ਹਨ।

ਨਵੇਂ ਵਿੱਦਿਅਕ ਸੈਸ਼ਨ ਦੇ ਦਾਖਲੇ ਪਹਿਲੀ ਅਪਰੈਲ ਤੋਂ ਸ਼ੁਰੂ ਹੋਏ ਸਨ ਅਤੇ ਹੁਣ ਦਾਖਲਾ ਪ੍ਰਕਿਰਿਆ ਬੰਦ ਹੋ ਚੁੱਕੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਇਸ ਵਾਰ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਕਲਾਸ ਤੱਕ ਕੁੱਲ 28.36 ਲੱਖ ਦਾਖਲੇ ਹੋਏ ਹਨ ਜਦਕਿ 2021-22 ਵਿਚ ਇਨ੍ਹਾਂ ਦਾਖਲਿਆਂ ਦੀ ਗਿਣਤੀ 30.40 ਲੱਖ ਸੀ। ਦਾਖਲਿਆਂ ਵਿਚ ਕਰੀਬ ਪੌਣੇ ਸੱਤ ਫੀਸਦੀ ਦੀ ਕਟੌਤੀ ਹੋਈ ਹੈ। ਲੰਘੇ ਵਰ੍ਹੇ ਸਰਕਾਰੀ ਸਕੂਲਾਂ ਵਿਚ ਦਾਖਲਿਆਂ 'ਚ ਕਰੀਬ 10.53 ਫੀਸਦੀ ਦਾ ਵਾਧਾ ਹੋਇਆ ਸੀ। ਉਸ ਤੋਂ ਪਹਿਲਾਂ ਇਹ ਵਾਧਾ ਕਰੀਬ 14 ਫੀਸਦੀ ਸੀ। ਅੰਕੜਿਆਂ ਅਨੁਸਾਰ ਛੇਵੀਂ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਦਾਖਲਿਆਂ ਵਿਚ ਪਿਛਲੇ ਵਰ੍ਹੇ ਮੁਕਾਬਲੇ 1.22 ਲੱਖ ਬੱਚੇ ਘਟੇ ਹਨ। ਐਤਕੀਂ ਇਨ੍ਹਾਂ ਕਲਾਸਾਂ ਵਿਚ 14.51 ਲੱਖ ਬੱਚੇ ਦਾਖਲ ਹੋਏ ਹਨ ਜਦਕਿ ਪਿਛਲੇ ਵਰ੍ਹੇ ਇਹੋ ਗਿਣਤੀ 15.73 ਲੱਖ ਸੀ।

# ਸਿਮਰਨਜੀਤ ਸਿੰਘ ਮਾਨ ਨੇ ਵਿਵਾਦ ਸਹੇੜਿਆ

*(ਪਹਿਲੇ ਸਫੇ ਦੀ ਬਾਕੀ)*

ਆਪਣੇ ਨਾਨਾ ਵੱਲੋਂ ਜਨਰਲ ਡਾਇਰ ਨੂੰ ਸਨਮਾਨਿਤ ਕਰਨ ਨੂੰ ਸਹੀ ਠਹਿਰਾਉਂਦੇ ਹੋਏ ਤਰਕ ਦਿੱਤਾ ਹੈ ਕਿ ਉਨ੍ਹਾਂ ਦੇ ਨਾਨਾ ਨੇ ਜਨਰਲ ਡਾਇਰ ਨੂੰ ਸਨਮਾਨਿਤ ਉਸ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਕੀਤਾ ਕਿਉਂਕਿ ਬ੍ਰਿਟਿਸ਼ ਸਰਕਾਰ ਅੰਮ੍ਰਿਤਸਰ 'ਚ ਬੰਬਾਰੀ ਕਰਵਾਉਣਾ ਚਾਹੁੰਦੀ ਸੀ।

ਸ. ਮਾਨ ਨੇ ਭਗਤ ਸਿੰਘ ਨੂੰ ਅਤਿਵਾਦੀ ਆਖਣ ਵਾਲੇ ਆਪਣੇ ਬਿਆਨ ਉਤੇ ਕਾਇਮ ਰਹਿੰਦੇ ਹੋਏ ਤਰਕ ਦੇ ਦਿੱਤਾ ਹੈ ਕਿ ਅਸੈਂਬਲੀ ਵਿਚ ਬੰਬ ਸੁੱਟਣ ਅਤੇ ਲਾਹੌਰ ਵਿਚ ਅੰਮ੍ਰਿਤਧਾਰੀ ਸਿੱਖ ਕਾਂਸਟੇਬਲ ਨੂੰ ਮਾਰਨ ਵਾਲੇ ਨੂੰ ਤੁਸੀਂ ਕੀ ਆਖੋਗੇ? ਜਦੋਂ ਇਸ ਪ੍ਰਸੰਗ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਦੇ ਕੁਝ ਹਮਾਇਤੀਆਂ ਵੱਲੋਂ ਬਚਾਅ ਦੀ ਕੋਸ਼ਿਸ਼ ਕਰਦੇ ਹੋਏ ਆਖਿਆ ਜਾ ਰਿਹਾ ਹੈ ਕਿ ਭਗਤ ਸਿੰਘ ਸਿੱਖਾਂ ਦੇ ਸ਼ਹੀਦ ਨਹੀਂ ਹਨ।

ਯਾਦ ਰਹੇ ਕਿ ਸ. ਮਾਨ ਨੇ ਇਸ ਵਾਰ ਸੰਗਰੂਰ ਸੰਸਦੀ ਸੀਟ ਤੋਂ ਇਤਿਹਾਸਕ ਜਿੱਤ ਦਰਜ ਕੀਤੀ ਹੈ। ਸਿਆਸੀ ਮਾਹਰ ਇਹ ਗੱਲ ਖੁੱਲ੍ਹ ਕੇ ਆਖ ਰਹੇ ਹਨ ਕਿ ਇਸ ਵਾਰ ਮਾਨ ਦੀ ਜਿੱਤ ਸਿਰਫ ਪੰਥਕ ਨਹੀਂ ਸੀ। ਇਸ ਵਾਰ ਨੌਜਵਾਨ ਪੀੜ੍ਹੀ ਨੇ ਉਨ੍ਹਾਂ ਦਾ ਖੁੱਲ੍ਹ ਕੇ ਸਾਥ ਦਿੱਤਾ। ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ ਰੋਹ ਵੀ ਉਨ੍ਹਾਂ ਦੇ ਹੱਕ ਵਿਚ ਭੁਗਤਿਆ। ਜਿੱਤ ਤੋਂ ਬਾਅਦ ਸ. ਮਾਨ ਦੇ ਇਸ ਬਿਆਨ ਤੋਂ ਨੌਜਵਾਨਾਂ ਦਾ ਵੱਡਾ ਹਿੱਸਾ ਨਾਰਾਜ਼ ਹੈ ਅਤੇ ਹੈਰਾਨ ਵੀ ਹੈ। ਉਨ੍ਹਾਂ ਇਸ ਤੋਂ ਪਹਿਲਾਂ ਵੀ ਭਗਤ ਸਿੰਘ ਬਾਰੇ ਅਜਿਹਾ ਬਿਆਨ ਦਿੱਤਾ ਸੀ ਪਰ ਉਸ ਸਮੇਂ ਇਸ ਗੱਲ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਸੀ। ਹੁਣ ਉਹ (ਮਾਨ) ਸੰਸਦੀ ਚੋਣ ਜਿੱਤੇ ਹਨ ਤੇ ਪੰਥਕ ਸਿਆਸਤ ਵਿਚ ਨਵੇਂ ਮੋੜ ਦੇ ਸੰਕੇਤ ਮਿਲੇ ਹਨ; ਇਸ ਲਈ ਹੁਣ ਤੱਕ ਪੰਥਕ ਵੋਟ ਆਸਰੇ ਆਪਣੀ ਸਿਆਸਤ ਚਮਕਾ ਰਹੀਆਂ ਸਿਆਸੀ ਧਿਰਾਂ ਨੇ ਇਸ ਬਿਆਨ ਨੂੰ ਇਕ ਮੌਕੇ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ। ਖਾਲਿਸਤਾਨ ਪੱਖੀ ਮਾਨ ਦੀ ਜਿੱਤ ਤੋਂ ਔਖੀਆਂ ਪੰਜਾਬ ਦੀਆਂ ਰਵਾਇਤੀ ਧਿਰਾਂ ਵੀ ਇਸ ਮੁੱਦੇ ਨੂੰ ਠੰਢਾ ਹੋਣ ਦੇਣ ਦੇ ਮੂਡ ਵਿਚ ਨਹੀਂ ਹਨ।

'ਆਪ' ਨੇ ਉਨ੍ਹਾਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਤੋਂ ਬਾਅਦ ਹੁਣ ਜਲ੍ਹਿਆਂਵਾਲਾ ਬਾਗ ਵਿਚ ਆਪਣੀਆਂ ਜਾਨਾਂ ਗਵਾਉਣ ਵਾਲੇ ਸੈਂਕੜੇ ਸ਼ਹੀਦਾਂ ਦਾ ਅਪਮਾਨ ਕੀਤਾ ਹੈ। 'ਆਪ' ਦੇ ਮੁੱਖ ਤਰਜਮਾਨ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਲਈ ਮੁਆਫੀ ਮੰਗਣ ਦੀ ਬਜਾਇ ਆਪਣੇ ਨਾਨਾ ਅਰੂੜ ਸਿੰਘ ਨੂੰ ਸਾਫ-ਸੁਥਰਾ ਦੱਸ ਕੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦਾ ਅਪਮਾਨ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮਾਨ ਵੱਲੋਂ ਜਾਣ-ਬੁੱਝ ਕੇ ਆਪਣੇ ਭੜਕਾਊ ਬਿਆਨਾਂ ਨਾਲ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਯੁਵਾ ਮੋਰਚਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਵਾਲੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਖਿਲਾਫ ਕੇਸ ਦਰਜ ਕੀਤਾ ਜਾਵੇ।

## ਸਾਬਕਾ ਵਿਧਾਇਕ ਬੈਂਸ ਨੂੰ ਨਿਆਇਕ ਹਿਰਾਸਤ 'ਚ ਭੇਜਿਆ

**ਲੁਧਿਆਣਾ:** ਜਬਰ ਜਨਾਹ ਮਾਮਲੇ ਵਿਚ ਆਤਮ ਸਮਰਪਣ ਕਰਨ ਵਾਲੇ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਪੁਲਿਸ ਕਮਿਸ਼ਨਰੇਟ ਨੇ ਸਖਤ ਸੁਰੱਖਿਆ ਹੇਠ ਅਦਾਲਤ 'ਚ ਪੇਸ਼ ਕੀਤਾ, ਜਿਥੇ ਇਕ ਵਾਰ ਫਿਰ ਪੁਲਿਸ ਵੱਲੋਂ ਬੈਂਸ ਦਾ ਰਿਮਾਂਡ ਮੰਗਿਆ ਗਿਆ। ਬਚਾਅ ਪੱਖ ਵੱਲੋਂ ਇਸ ਦਾ ਵਿਰੋਧ ਕਰਨ 'ਤੇ ਅਦਾਲਤ ਨੇ ਸਿਮਰਜੀਤ ਬੈਂਸ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਹੈ। ਹਾਲਾਂਕਿ, ਇਸ ਮਾਮਲੇ 'ਚ ਪੁਲਿਸ ਨੇ ਸਿਮਰਜੀਤ ਸਿੰਘ ਬੈਂਸ ਦੀ ਆਵਾਜ਼ ਦੇ ਸੈਂਪਲ ਦੀ ਗੱਲ ਕੀਤੀ ਸੀ, ਪਰ ਸੂਤਰ ਦੱਸਦੇ ਹਨ ਕਿ ਬੈਂਸ ਨੇ ਸੈਂਪਲ ਦੇਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਹੈ। ਸੁਣਵਾਈ ਦੌਰਾਨ ਸਿਮਰਜੀਤ ਬੈਂਸ ਨੇ ਕਿਹਾ ਕਿ ਛੇਤੀ ਹੀ ਉਹ ਸਾਰਾ ਸੱਚ ਬਾਹਰ ਲਿਆਉਣਗੇ ਤੇ ਉਨ੍ਹਾਂ 'ਤੇ ਦੋਸ਼ ਲਾਉਣ ਵਾਲੇ ਵੀ ਖੁਦ ਉਨ੍ਹਾਂ ਨੂੰ ਸੱਚਾ ਦੱਸਣਗੇ।

## ਨੂਪੁਰ ਸ਼ਰਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਾਜਪਾ ਦੀ ਮੁਅੱਤਲ ਕੀਤੀ ਤਰਜਮਾਨ ਨੂਪੁਰ ਸ਼ਰਮਾ ਨੂੰ ਪੈਗੰਬਰ ਮੁਹੰਮਦ ਬਾਰੇ ਟਿੱਪਣੀ ਕਾਰਨ ਕਈ ਰਾਜਾਂ ਵਿਚ ਉਸ ਖਿਲਾਫ ਦਰਜ ਕੇਸਾਂ ਸਬੰਧੀ ਗ੍ਰਿਫਤਾਰੀ ਤੋਂ ਰੋਕ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੇਬੀ ਪਾਰਦੀਵਾਲਾ ਦੇ ਬੈਂਚ ਨੇ ਸ਼ਰਮਾ ਨੂੰ ਰਾਹਤ ਲਈ ਹਰੇਕ ਅਦਾਲਤ ਤੱਕ ਪਹੁੰਚ ਕਰਨ ਲਈ ਕਿਹਾ ਸੀ। ਬੈਂਚ ਨੇ ਉਸ ਦੀ ਪਟੀਸ਼ਨ ਉਤੇ ਕੇਂਦਰ ਅਤੇ ਦਿੱਲੀ, ਪੱਛਮੀ ਬੰਗਾਲ ਅਤੇ ਮਹਾਰਾਸ਼ਟਰ ਸਮੇਤ ਕਈ ਰਾਜਾਂ ਨੂੰ ਨੋਟਿਸ ਜਾਰੀ ਕਰਕੇ 10 ਅਗਸਤ ਤੱਕ ਜਵਾਬ ਮੰਗਿਆ ਹੈ।

## ਬਾਦਲਾਂ ਦਾ ਸਿਆਸੀ ਸਿੰਘਾਸਣ ਡੋਲਿਆ

*(ਪਹਿਲੇ ਸਫੇ ਦੀ ਬਾਕੀ)*

ਕਾਇਮ ਰੱਖਣਾ ਹੈ ਤਾਂ ਲੋਕਾਂ ਅਤੇ ਸਿੱਖ ਕੌਮ ਦੇ ਜਜ਼ਬਾਤ ਨੂੰ ਸਮਝਦੇ ਹੋਏ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨਾ ਚਾਹੀਦਾ ਹੈ।

ਖੇਤੀ ਕਾਨੂੰਨਾਂ ਖਿਲਾਫ ਉਠੇ ਰੋਹ ਪਿੱਛੋਂ ਭਾਵੇਂ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਹੈ ਪਰ ਬਾਦਲਾਂ ਦੀ ਭਗਵਾ ਧਿਰ ਨਾਲ ਨੇੜਤਾ ਹਮੇਸ਼ਾ ਚਰਚਾ ਵਿਚ ਰਹੀ ਹੈ। ਚੰਡੀਗੜ੍ਹ, ਪਾਣੀਆਂ ਦੀ ਵੰਡ, ਪੰਜਾਬ ਯੂਨੀਵਰਸਿਟੀ ਦਾ ਮਾਮਲਾ, ਬੀ.ਬੀ.ਐਮ.ਬੀ. ਦੀ ਮੈਂਬਰੀ ਦੇ ਮੁੱਦਿਆਂ ਉਤੇ ਕੇਂਦਰ ਸਰਕਾਰ ਨੂੰ ਘੇਰਨ ਦੀ ਥਾਂ ਬਾਦਲ ਪਰਿਵਾਰ ਵੱਲੋਂ ਸੂਬਾ ਸਰਕਾਰ ਖਿਲਾਫ ਹੀ ਬਿਆਨ ਦਾਗੇ ਜਾਂਦੇ ਰਹੇ ਹਨ। ਅਕਾਲੀ ਦਲ ਦੇ ਸਿਆਸੀ ਨਿਘਾਰ ਦਾ ਮੁੱਦਾ ਜਦੋਂ ਵੀ ਉਠਿਆ ਹੈ ਤਾਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਉਪਰ ਸਿੱਧੀ ਉਂਗਲ ਉਠੀ ਹੈ। ਲੋਕ ਸਭਾ, ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਰ ਹਾਰ ਪਿੱਛੋਂ ਸੰਗਰੂਰ ਜ਼ਿਮਨੀ ਚੋਣ ਵਿਚ ਅਕਾਲੀ ਦਲ ਦੇ ਉਮੀਦਵਾਰ ਦੇ ਭਾਜਪਾ ਨਾਲੋਂ ਵੀ ਪਿੱਛੇ ਰਹਿਣ ਮਗਰੋਂ ਇਸ ਮੁੱਦੇ ਨੂੰ ਹੋਰ ਹਵਾ ਮਿਲੀ ਹੈ ਪਰ ਪਾਰਟੀ ਦੇ ਅੰਦਰੂਨੀ ਸੂਤਰ ਦੱਸਦੇ ਹਨ ਕਿ ਸੁਖਬੀਰ ਕਿਸੇ ਵੀ ਕੀਮਤ ਉਤੇ ਪ੍ਰਧਾਨਗੀ ਛੱਡਣ ਲਈ ਤਿਆਰ ਨਹੀਂ। ਇਥੋਂ ਤੱਕ ਕਿ ਸਮੀਖਿਆ ਲਈ ਪਾਰਟੀ ਵੱਲੋਂ ਬਣਾਈ ਗਈ 13 ਮੈਂਬਰੀ ਕਮੇਟੀ ਨੇ ਵੀ ਸੁਖਬੀਰ ਦੀ ਬਾਦਲ ਦੀ ਅਗਵਾਈ ਉਤੇ ਉਂਗਲ ਚੁੱਕਦੇ ਹੋਏ ਪ੍ਰਧਾਨ ਬਦਲਣ ਦੀ ਸਿਫਾਰਸ਼ ਕੀਤੀ ਸੀ ਪਰ ਬਾਦਲਾਂ ਨੇ ਆਪਣੇ ਨੇੜਲੇ ਆਗੂਆਂ ਰਾਹੀਂ ਇਸ ਨੂੰ ਲੀਡਰਸ਼ਿਪ ਤਬਦੀਲੀ ਵੱਲ ਮੋੜ ਦਿੱਤਾ। ਇਯਾਲੀ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ 'ਚ ਬਣਾਈ 13 ਮੈਂਬਰੀ ਕਮੇਟੀ ਦੀ ਵੀ ਮੈਂਬਰ ਸੀ। ਕਮੇਟੀ ਦਾ ਕਹਿਣਾ ਹੈ ਕਿ ਪਾਰਟੀ ਨੇ ਵੱਡੀਆਂ ਗਲਤੀਆਂ ਕੀਤੀਆਂ ਹਨ ਜਿਨ੍ਹਾਂ ਦੀ ਭੁੱਲ ਬਖਸ਼ਾਉਣੀ ਜ਼ਰੂਰੀ ਹੈ। ਇਯਾਲੀ ਦਾ ਇਹ ਸੱਦਾ ਪਾਰਟੀ ਲਈ ਫੈਸਲਾਕੁਨ ਮੋੜ ਸਾਬਤ ਹੋ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦੇ ਸ਼ੁਕਰਾਨੇ ਵਜੋਂ ਸਹਿਜ ਪਾਠ ਦੇ ਭੋਗ ਪਾਏ

**ਸਿਨਸਿਨੈਟੀ:** ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਸੰਗਰੂਰ ਜ਼ਿਮਨੀ ਚੋਣ ਹਲਕੇ ਤੋਂ 23 ਸਾਲਾਂ ਬਾਅਦ ਪਾਰਲੀਮੈਂਟ ਦੀ ਚੋਣ ਜਿੱਤਣ ਦੇ ਸ਼ੁਕਰਾਨੇ ਵਜੋਂ ਅਤੇ ਉਨ੍ਹਾਂ ਦੀ ਸਿਹਤਯਾਬੀ ਅਤੇ ਤੰਦਰੁਸਤੀ ਲਈ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਕੀਤੀ ਗਈ।

ਸੰਗਰੂਰ ਜ਼ਿਮਨੀ ਚੋਣ ਵਿਚ ਜਿੱਤ ਹਾਸਲ ਕਰਨ 'ਤੇ ਸਿਮਰਨਜੀਤ ਸਿੰਘ ਮਾਨ ਨੂੰ ਵਧਾਈ ਦਿੰਦਿਆਂ ਸੰਗਤ ਦੇ ਮੈਂਬਰਾਂ ਨੇ ਮਾਨ ਵਲੋਂ ਭਾਰਤ ਦੀ ਸੰਸਦ ਵਿਚ ਸਿੱਖ ਮਸਲੇ ਉਠਾਉਣ ਦੀ ਆਸ ਪ੍ਰਗਟ ਕੀਤੀ ਹੈ। ਵਿਦੇਸ਼ ਵਿਚ ਵਸੀਆਂ ਸਿੱਖ ਸੰਗਤਾਂ ਨੂੰ ਆਸ ਹੈ ਕਿ ਮੁੜ ਸੰਸਦ ਮੈਂਬਰ ਚੁਣੇ ਜਾਣ 'ਤੇ ਪੰਜਾਬ ਅਤੇ ਖ਼ਾਸਕਰ ਸਿੱਖ ਕੌਮ ਨਾਲ ਸਬੰਧਤ ਮਸਲੇ ਜਿਨ੍ਹਾਂ ਪ੍ਰਤੀ ਦੇਸ਼ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਲੰਮੇ ਅਰਸੇ ਤੋਂ ਬੇਰੁਖੀ ਬਣੀ ਹੋਈ ਹੈ, ਉਨ੍ਹਾਂ ਦੇ ਹੱਲ ਲਈ ਸਿਮਰਨਜੀਤ ਸਿੰਘ ਮਾਨ ਵਲੋਂ ਆਵਾਜ਼ ਚੁੱਕੀ ਜਾਏਗੀ, ਜੋ ਕਿ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਦੀ ਸਾਂਝੀ ਜ਼ਿੰਮੇਵਾਰੀ ਵੀ ਹੈ। ਮੌਜੂਦਾ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਅਤਿ ਅਹਿਮ ਹੈ, ਕਿਉਂਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਸਰਕਾਰੀ ਐਲਾਨ ਦੇ ਬਾਵਜੂਦ ਜਾਣਬੁੱਝ ਕੇ ਰਿਹਾਅ ਨਹੀਂ ਕੀਤਾ ਜਾ ਰਿਹਾ।





ਸਹਿਜ ਪਾਠ ਦੇ ਭੋਗ ਉਪਰੰਤ, ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਮੁੱਖ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ, ਭਾਈ ਨਿਰਮਲ ਸਿੰਘ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਨੇ ਪਾਠ ਅਤੇ ਲੰਗਰ ਦੀ ਸੇਵਾ ਕਰਨ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ।

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
*For Airport Drop-Off and Pickup Indy to Chicago Please Contact AVI at: 847-226-2323*
*We provide the service all over AMERICA.*
*Located in INDIANAPOLIS (IN)*

# ਭੁਪਿੰਦਰ ਭਾਗੋਮਾਜਰਾ ਦੀ ਕਾਵਿ-ਪੁਸਤਕ 'ਨਾ ਵੇ ਸ਼ਾਸਕਾ' ਲੋਕ ਅਰਪਣ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਇਕੱਤਰਤਾ ਬੀਤੀ 10 ਜੁਲਾਈ ਨੂੰ ਬਾਅਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਸੁਰਿੰਦਰ ਗੀਤ, ਜਰਨੈਲ ਸਿੰਘ ਤੱਗੜ ਤੇ ਭੁਪਿੰਦਰ ਭਾਗੋਮਾਜਰਾ ਦੀ ਪ੍ਰਧਾਨਗੀ ਹੇਠ ਹੋਈ।

ਇਸ ਮਾਸਿਕ ਇਕੱਤਰਤਾ ਵਿਚ ਭਾਰਤ ਤੋਂ ਆਏ ਮਹਿਮਾਨ ਲਿਖਾਰੀ ਭੁਪਿੰਦਰ ਭਾਗੋਮਾਜਰਾ ਦੀ ਕਾਵਿ-ਪੁਸਤਕ 'ਨਾ ਵੇ ਸ਼ਾਸਕਾ' ਲੋਕ ਅਰਪਣ ਕੀਤੀ ਗਈ। ਜਗਦੇਵ ਸਿੱਧੂ ਨੇ ਇਸ ਪੁਸਤਕ ਸੰਬੰਧੀ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਭੁਪਿੰਦਰ ਮਾਜਰਾ ਲੋਕਾਂ ਦਾ ਕਵੀ ਹੈ ਅਤੇ ਲੋਕਾਂ ਦੀ ਗੱਲ ਕਰਦਾ ਹੈ। ਉਹ ਆਪਣੀ ਤਿੱਖੀ ਸੂਝ ਬੂਝ ਰਾਹੀਂ ਲੋਕਾਂ ਨੂੰ ਖਾਸ ਕਰਕੇ ਪੰਜਾਬ ਦੇ ਲੋਕਾਂ ਦੇ ਪੇਸ਼ ਆਉਂਦੀਆਂ ਮੁਸ਼ਕਿਲਾਂ 'ਤੇ ਉਂਗਲ ਧਰਦਾ ਹੈ। ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਗੀਤਾਂ ਰਾਹੀਂ ਵੰਗਾਰਦਾ ਹੈ। ਉਸਦੀ ਕਲਮ ਲੋਕਾਂ ਦੀ ਆਵਾਜ਼ ਬਣ ਕੇ ਉਭਰਦੀ ਹੈ। ਉਸ ਦੇ ਗੀਤਾਂ ਤੋਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਸ ਦੇ ਅੰਦਰ ਇਕ ਅੱਗ ਹੈ, ਜੋ ਹਰ ਤਰ੍ਹਾਂ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਬੁਰਾਈਆਂ ਨੂੰ ਆਪਣੇ ਸੇਕ ਵਿਚ ਸਾੜਨਾ ਚਾਹੁੰਦੀ ਹੈ। ਉਸਦੇ ਗੀਤਾਂ ਦੇ ਬੋਲ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਹ ਜੇ ਇਸ ਤਰ੍ਹਾਂ ਹੀ ਸੋਚਦਾ ਵਿਚਾਰਦਾ ਰਿਹਾ ਤਾਂ ਕੁਝ ਹੋਰ ਮਿਹਨਤ ਕਰ ਕੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਗੀਤਾਂ ਦੀ ਸਿਰਜਣਾ ਕਰ ਸਕਦਾ ਹੈ। ਪੰਜਾਬੀ ਸਾਹਿਤ ਸਭਾ ਦੇ ਸਾਰੇ ਮੈਂਬਰਾਂ ਨੇ ਗੀਤਕਾਰ ਭਾਗੋਮਾਜਰਾ ਨੂੰ ਵਧਾਈ ਦਿੱਤੀ। ਉਸਦੀ ਕਲਮ ਤੋਂ ਪੰਜਾਬੀ ਸਾਹਿਤ ਜਗਤ ਨੂੰ ਵਧੇਰੇ ਆਸਾਂ ਹਨ।

ਭੁਪਿੰਦਰ ਸਿੰਘ ਭਾਗੋਮਾਜਰਾ ਨੇ ਏਸੇ ਕਿਤਾਬ 'ਚੋਂ ਕੁਝ ਗੀਤ ਬੜੀ ਉੱਚੀ ਆਵਾਜ਼ ਅਤੇ ਆਪਣੇ ਵੱਖਰੇ ਅੰਦਾਜ਼ ਵਿਚ ਸੁਣਾਏ। ਸੁਰਿੰਦਰ ਗੀਤ ਨੇ ਭੁਪਿੰਦਰ ਭਾਗੋਮਾਜਰਾ ਦਾ ਸਭਾ ਵਲੋਂ ਸਨਮਾਨ ਕਰਦਿਆਂ ਆਪਣੀਆਂ ਕੁਝ ਕਿਤਾਬਾਂ ਭੇਟ ਕੀਤੀਆਂ। ਇਸ ਕਿਤਾਬ ਬਾਰੇ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਇਲਾਵਾ ਰਚਨਾਵਾਂ ਦੇ ਦੌਰ ਵਿਚ ਜਗਜੀਤ ਸਿੰਘ ਰੈਂਹਸੀ ਨੇ ਉਰਦੂ ਪੰਜਾਬੀ ਦੇ ਚੋਣਵੇਂ ਸ਼ਿਅਰ, ਸਰਬਜੀਤ ਕੌਰ ਉੱਪਲ ਨੇ ਡਾ. ਦਵਿੰਦਰ ਸੈਫ਼ੀ ਦੀ ਲਿਖੀ ਕਵਿਤਾ, ਜਰਨੈਲ ਸਿੰਘ ਤੱਗੜ ਤੇ ਸ਼ਿਵ ਕੁਮਾਰ ਸ਼ਰਮਾ ਨੇ ਕਵਿਤਾਵਾਂ ਰਾਹੀਂ ਹਾਜ਼ਰੀ ਲਗਵਾਈ। ਸੁਖਮਿੰਦਰ ਸਿੰਘ ਤੂਰ ਨੇ ਗੁਰਮੁਖ ਸਿੰਘ ਦੀ ਕਵੀਸ਼ਰੀ ਦਮਦਾਰ ਅੰਦਾਜ਼ ਵਿਚ ਪੇਸ਼ ਕੀਤੀ। ਮਨਮੋਹਨ ਸਿੰਘ ਬਾਠ ਨੇ ਸ਼ਿਵ ਕੁਮਾਰ ਬਟਾਲਵੀ ਦੀ ਪ੍ਰਸਿੱਧ ਰਚਨਾ 'ਯਾਰੜਿਆ ਰੱਬ ਕਰਕੇ ਤੈਨੂੰ' ਹਮੇਸ਼ਾ ਦੀ ਤਰ੍ਹਾਂ ਸ਼ਬਦ ਸੁਰਾਂ ਦੇ ਬੇਹਤਰੀਨ ਸੰਜੋਗ ਵਿਚ ਸੁਣਾਈ। ਜੋਗਾ ਸਿੰਘ ਸਿਹੋਤਾ ਨੇ ਸਵਰਗੀ ਅਮਰੀਕ ਸਿੰਘ ਚੀਮਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪਣੀ ਲਿਖੀ ਰਚਨਾ ਬਹੁਤ ਹੀ ਸੁਰੀਲੇ ਅੰਦਾਜ਼ ਵਿਚ ਸੁਣਾਈ।

ਮਨਜੀਤ ਬਰਾੜ ਨੇ ਆਪਣੇ ਪਿਤਾ ਬਾਰੇ ਲਿਖੀ ਮੌਲਿਕ ਰਚਨਾ ਉੱਚੀ ਆਵਾਜ਼ ਵਿਚ ਗਾ ਕੇ ਵਾਹਵਾ ਖੱਟੀ। ਜਸਵੀਰ ਸਿੰਘ ਸਿਹੋਤਾ ਨੇ ਆਪਣਾ ਲਿਖਿਆ ਗੀਤ ਵੱਖਰੇ ਅੰਦਾਜ਼ ਵਿਚ ਸੁਣਾ ਕੇ ਸਭ ਦਾ ਮਨੋਰੰਜਨ ਕੀਤਾ। ਵਿਚਾਰ ਵਟਾਂਦਰੇ ਵਿਚ ਦਿਲਾਵਰ ਸਿੰਘ ਸਮਰਾ, ਸੁਰਿੰਦਰ ਸਿੰਘ ਢਿੱਲੋਂ ਅਤੇ ਗੁਰਦਿਆਲ ਸਿੰਘ ਖਹਿਰਾ ਨੇ ਹਿੱਸਾ ਲਿਆ। ਸੁਰਿੰਦਰ ਸਿੰਘ ਢਿੱਲੋਂ ਅਤੇ ਜਗਦੇਵ ਸਿੱਧੂ ਵਲੋਂ ਪਹਿਲੀ ਜੁਲਾਈ 'ਕੈਨੇਡਾ ਡੇਅ' ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਅਵਤਾਰ ਕੌਰ ਤੱਗੜ, ਮਨਜੀਤ ਕੌਰ ਖਹਿਰਾ, ਗੁਰਦੀਪ ਸਿੰਘ, ਹਰਬੰਸ ਸਿੰਘ, ਸੁਖਬੀਰ ਸਿੰਘ ਬੁੱਟਰ ਅਤੇ ਰਾਜਪ੍ਰੀਤ ਸਿੰਘ ਬੁੱਟਰ ਵੀ ਹਾਜ਼ਰ ਰਹੇ। ਅੰਤ ਵਿਚ ਸੁਰਿੰਦਰ ਗੀਤ ਨੇ ਸਭਾ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਇਕ ਗ਼ਜ਼ਲ ਸੁਣਾਈ। ਮੰਚ ਸੰਚਾਲਨ ਗੁਰਦਿਆਲ ਸਿੰਘ ਖਹਿਰਾ ਨੇ ਸੁਚੱਜੇ ਢੰਗ ਨਾਲ ਕੀਤਾ। ਅਗਸਤ ਮਹੀਨੇ ਦੀ ਮੀਟਿੰਗ 14 ਅਗਸਤ ਦਿਨ ਐਤਵਾਰ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਵਾਸਤੇ ਸੁਰਿੰਦਰ ਗੀਤ (403) 605-3734 ਜਾਂ ਗੁਰਦਿਆਲ ਸਿੰਘ ਖਹਿਰਾ (403) 968-2880 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



KULJEET (KJ) SINGH
Managing Broker Realtor
GAYA Realty
Interested in:
■Buying ■Selling
■Investing ■Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

*Kuljeet Singh*
Over 20 Years of Experience
*Contact Information:*
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.

SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*

*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available

ਗੋਲਡਨ ਕੀਅ ਲੈਂਡਿੰਗ
GoldenKey LENDING
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE
The feeling of attachment, togetherness
We understand what a home means
*Manny Singh Nagra*
*Principal Broker*
*Star Alliance Brokerage, INC*
*Contact Us at*
317-620-4100
317-750-1900

REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com

# ਫਤਹਿ ਕੈਲੀਫੋਰਨੀਆ 'ਤੇ 'ਫਤਹਿ' ਪਾ ਕੇ ਮੈਟਰੋ ਨਿਊ ਯਾਰਕ ਨੇ ਮਾਰੀ ਬਾਜ਼ੀ

**ਸ਼ਿਕਾਗੋ:** ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਇੱਥੋਂ ਦੇ ਐਲਕ ਗਰੁਵ ਵਿਲੇਜ ਫਾਰੈਸਟ ਪ੍ਰਿਜ਼ਰਵ ਵਿਚ ਕਰਵਾਏ ਗਏ ਕਬੱਡੀ ਕੱਪ ਵਿਚ ਕੁਲ ਚਾਰ ਟੀਮਾਂ ਭਿੜੀਆਂ, ਜਿਨ੍ਹਾਂ ਵਿਚ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਅਤੇ ਸੰਤ ਬਾਬਾ ਜਵਾਲਾ ਜੀ ਹਰਖੋਵਾਲ ਸਪੋਰਟਸ ਕਲੱਬ ਦੀ ਟੀਮ ਤੋਂ ਇਲਾਵਾ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਤੇ ਫਤਿਹ ਸਪੋਰਟਸ ਕਲੱਬ ਦੀਆਂ ਟੀਮਾਂ ਸ਼ਾਮਲ ਸਨ। ਅਸਮਾਨ ਪੂਰੀ ਤਰ੍ਹਾਂ ਨਿੱਖਰਿਆ ਹੋਇਆ ਸੀ ਅਤੇ ਨਿਖਰੇ ਅਸਮਾਨ ਵਾਂਗ ਹੀ ਮੇਲਾ ਵੇਖਣ ਆ ਰਹੇ ਦਰਸ਼ਕਾਂ ਦੇ ਚਿਹਰੇ ਵੀ ਦਮਕ ਰਹੇ ਸਨ। ਸ਼ਿਕਾਗੋਲੈਂਡ ਤੋਂ ਇਲਾਵਾ ਮਿਡਵੈਸਟ ਦੀਆਂ ਸਟੇਟਾਂ-ਇੰਡੀਆਨਾ, ਵਿਸਕਾਨਸਿਨ, ਮਿਸ਼ੀਗਨ, ਓਹਾਇਓ, ਆਇਓਵਾ, ਡੈਲਸ, ਸਿਨਸਨੈਟੀ ਆਦਿ ਤੋਂ ਲੋਕ ਮੇਲਾ ਵੇਖਣ ਪਹੁੰਚੇ ਹੋਏ ਸਨ। ਮੇਲੇ ਦਾ ਅਰੰਭ ਗੁਰਦੁਆਰਾ ਪੈਲਾਟਾਈਨ ਦੇ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਪ੍ਰਭੂ ਚਰਨਾਂ ਵਿਚ ਅਰਦਾਸ ਨਾਲ ਹੋਇਆ। ਉਪਰੰਤ ਰਸਮੀ ਤੌਰ 'ਤੇ ਗੁਬਾਰੇ ਛੱਡ ਕੇ ਮੈਚ ਸ਼ੁਰੂ ਕੀਤੇ ਗਏ। ਕਬੱਡੀ ਮੈਚ ਬਹੁਤ ਫਸਵੇਂ ਸਨ ਤੇ ਕਈ ਮੈਚਾਂ ਦਾ ਫੈਸਲਾ 2-4 ਅੰਕ ਦੇ ਫਰਕ ਨਾਲ ਹੋਇਆ। ਫਾਈਨਲ ਮੈਚ ਵਿਚ ਨਿਊ ਯਾਰਕ ਮੈਟਰੋ ਦੀ ਟੀਮ ਦੀ ਤਰਫੋਂ ਖੇਡਦੇ ਰਾਜੂ ਕੋਟਲਾ ਨੇ ਕਈ ਅੰਕ ਬੜੀ ਚੁਸਤੀ ਨਾਲ ਸਿਰਫ ਹਲਕੇ ਟੱਚ ਨਾਲ ਲਏ ਅਤੇ ਉਹ ਵਿਰੋਧੀ ਖਿਡਾਰੀ ਨੂੰ ਅੱਖ ਦੇ ਫੋਰ ਨਾਲ ਹੱਥ ਲਾ ਕੇ ਆਪਣੇ ਪਾਲੇ 'ਚ ਪਹੁੰਚ ਜਾਂਦਾ।

ਪਹਿਲਾ ਮੈਚ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਤੇ ਸੰਤ ਬਾਬਾ ਜਵਾਲਾ ਜੀ ਹਰਖੋਵਾਲ ਸਪੋਰਟਸ ਕਲੱਬ ਵਿਚਾਲੇ ਹੋਇਆ। ਪਾਲੀ ਤੇ ਸਿੰਦਰ ਨੇ ਆਪਣੀਆਂ ਟੀਮਾਂ ਲਈ ਵਾਹਵਾ ਜ਼ੋਰ ਅਜ਼ਮਾਈ ਕੀਤੀ। ਡਿੰਪੀ ਤੇ ਜੀਤਾ ਤੇ ਬੰਟੀ ਦੇ ਵੀ ਆਪੋ ਵਿਚ ਚੰਗੇ ਪੰਜੇ ਫਸੇ। ਖਿਡਾਰੀ ਦਲਜੀਤ ਦੱਲੀ ਨੇ ਹਰਖੋਵਾਲ ਟੀਮ ਲਈ ਕਈ ਅੰਕ ਹਾਸਲ ਕੀਤੇ। ਸੰਦੀਪ ਨੇ ਵਧੀਆ ਰੇਡਾਂ ਪਾ ਕੇ ਬੱਲੇ-ਬੱਲੇ ਕਰਵਾਈ ਤੇ ਬਾਬਾ ਸੰਗ ਟੀਮ ਦੇ ਭੋਲਾ ਦੀ ਝਕਾਨੀ ਵਾਹਵਾ ਚੱਲੀ ਤੇ ਕਈ ਵਾਰ ਸੁਰਲੀ ਵਾਂਗ ਅੰਕ ਲੈ ਕੇ ਆਪਣੇ ਪਾਲੇ ਵਿਚ ਜਾ ਵੜਿਆ। ਅਮਨ ਨੇ ਵਧੀਆ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਅੰਤ ਸੰਤ ਬਾਬਾ ਜਵਾਲਾ ਜੀ ਹਰਖੋਵਾਲ ਸਪੋਰਟਸ ਕਲੱਬ ਦੀ ਟੀਮ ਨੇ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਨੂੰ 34 ਦੇ ਮੁਕਾਬਲੇ ਸਾਢੇ 22 ਅੰਕਾਂ ਨਾਲ ਹਰਾਇਆ। ਦੂਜੇ ਮੈਚ ਵਿਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਤੇ ਫਤਿਹ ਸਪੋਰਟਸ ਕਲੱਬ ਦੀਆਂ ਟੀਮਾਂ ਦੇ ਸਿੰਗ ਫਸੇ ਅਤੇ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੀ ਟੀਮ ਨੇ ਫਤਿਹ ਸਪੋਰਟਸ ਕਲੱਬ ਦੀ ਟੀਮ ਨੂੰ 37-33 ਦੇ ਅੰਤਰ ਨਾਲ ਮਾਤ ਦਿੱਤੀ। ਹਰਜੋਤ ਭੰਡਾਲ, ਰਾਜੂ ਕੋਟਲਾ ਤੇ ਸੰਦੀਪ ਨੇ ਵਧੀਆ ਰੇਡ ਪਾ ਕੇ ਅਤੇ ਪਾਲੇ ਨੇ ਵਧੀਆ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਬਚਿੱਤਰ ਤੇ ਪਾਲੇ ਦੀ ਜ਼ੋਰ ਅਜ਼ਮਾਈ ਵਿਚ ਬਚਿੱਤਰ ਦਾ ਪੱਲੜਾ ਭਾਰੂ ਰਿਹਾ। ਮੈਕਸੀਕਨ ਖਿਡਾਰੀ ਹੇਰੋ ਦੀ ਅਣਥੱਕ ਮਿਹਨਤ ਵੀ ਮੈਚ ਜਿਤਾ ਨਾ ਸਕੀ। ਤੀਜੇ ਮੈਚ ਵਿਚ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਦਾ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਨਾਲ ਪੰਜਾ ਫਸਿਆ। ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੀ ਟੀਮ 36 ਦੇ ਮੁਕਾਬਲੇ 28 ਨੰਬਰਾਂ ਨਾਲ ਜੇਤੂ ਰਹੀ। ਇਸ ਮੈਚ ਵਿਚ ਹੈਪੀ, ਖੁਸ਼ੀ, ਭੰਡਾਲ ਨੇ ਵਧੀਆ ਖੇਡ ਦਿਖਾਈ। ਚੌਥਾ ਮੈਚ ਸੰਤ ਬਾਬਾ ਜਵਾਲਾ ਜੀ ਹਰਖੋਵਾਲ ਸਪੋਰਟਸ ਕਲੱਬ ਤੇ ਫਤਿਹ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਾਲੇ ਹੋਇਆ ਜਿਸ ਵਿਚ ਫਤਿਹ ਸਪੋਰਟਸ ਕਲੱਬ ਨੇ 32 ਦੇ ਮੁਕਾਬਲੇ 30 ਅੰਕ ਲੈ ਕੇ ਸੰਤ ਬਾਬਾ ਜਵਾਲਾ ਜੀ ਹਰਖੋਵਾਲ ਸਪੋਰਟਸ ਕਲੱਬ ਨੂੰ ਚਿੱਤ ਕੀਤਾ। ਫਾਈਨਲ ਮੈਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਤੇ ਫਤਿਹ ਸਪੋਰਟਸ ਕਲੱਬ ਵਿਚਾਲੇ ਹੋਇਆ। ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੀ ਟੀਮ ਨੇ ਸ਼ੁਰੂ ਵਿਚ ਹੀ ਤਿੰਨ ਜੱਫੇ ਇਕੱਠੇ ਲਾ ਕੇ ਦਬਦਬਾ ਕਾਇਮ ਕਰ ਲਿਆ। ਹਾਲਾਂਕਿ ਮੈਚ ਕਾਫੀ ਫਸਵਾਂ ਸੀ। ਪਾਲਾ ਜਲਾਲਪੁਰੀਆ ਨੇ ਚੰਗੇ ਜੱਫੇ ਮਾਰ ਕੇ ਚੰਗੇ ਸਟਾਪਰ ਦਾ ਸਿੱਕਾ ਜਮਾਇਆ। ਰਾਜੂ ਕੋਟਲਾ ਨੇ ਵਧੀਆ ਰੇਡਾਂ ਪਾ ਕੇ ਬੱਲੇ-ਬੱਲੇ ਕਰਵਾਈ। ਰੇਡਰਾਂ ਸੁਲਤਾਨ, ਹਰਜੋਤ ਭੰਡਾਲ ਤੇ ਦੂਲਾ ਨੇ ਵੀ ਵਧੀਆ ਰੇਡਾਂ ਪਾਈਆਂ। ਪਾਲੇ ਨੇ ਹੈਰੋ ਨੂੰ ਕਈ ਰੋਪਣੀ ਜਿੰਦੇ ਲਾ ਕੇ ਉਸ ਦੀ ਬਾਂ ਬੁਲਾ ਦਿੱਤੀ। ਪਾਲੇ ਤੇ ਹੈਰੋ ਵਿਚਾਲੇ ਭੇੜ ਵਿਚ ਕਈ ਪੁੱਠੀਆਂ-ਸਿੱਧੀਆਂ ਕੈਂਚੀਆਂ ਲੱਗੀਆਂ। ਪਾਲੇ ਨੇ ਹੈਰੋ ਨੂੰ ਪੁੱਠੀ ਕੈਂਚੀ ਲਾ ਕੇ ਪੂਰੀ ਤਰ੍ਹਾਂ ਬੇਵਸ ਕਰ ਦਿੱਤਾ ਤਾਂ ਮੈਦਾਨ ਤਾੜੀਆਂ ਨਾਲ ਗੂੰਜ ਉਠਿਆ। ਪੁਆਇੰਟ ਪਾਲੇ ਨੇ ਹਾਸਲ ਕੀਤਾ। ਇਸ ਤਰ੍ਹਾਂ ਪਾਲੇ ਤੇ ਹੈਰੋ ਵਿਚਾਲੇ ਕਈ 'ਸਾਨ੍ਹਾਂ ਦੇ ਭੇੜ' ਹੋਏ। ਦੋ ਖਿਡਾਰੀਆਂ ਵਿਚਾਲੇ ਵਾਹਵਾ ਦੇਰ ਚੱਲੀ ਕਸ਼ਮਕਸ਼ ਵਿਚ ਪਾਲੇ ਨੇ ਹੈਰੋ ਨੂੰ ਕਾਬੂ ਕਰ ਕੇ ਸ਼ਾਨਦਾਰ ਅੰਕ ਹਾਸਲ ਕੀਤੇ। ਕੁਮੈਂਟੇਟਰ ਵੀ ਕਹਿਣ ਨੂੰ ਮਜਬੂਰ ਹੋ ਗਿਆ "ਦਿਨੇ ਤਾਰੇ ਦਿਖਾਵੇ ਜੱਫਾ ਜਲਾਲਪੁਰੀਏ ਦਾ" ਜਾਂ 'ਅੱਖ ਬਣ ਕੇ ਤੀਰ ਟਿਕਾਣੇ ਲਾ ਦਿਆ"। ਇਸ ਮੈਚ ਵਿਚ ਸੰਦੀਪ ਤੇ ਖੁਸ਼ੀ ਕਈ ਵਾਰੀ ਆਹਮੋ-ਸਾਹਮਣੇ ਹੋਏ ਤੇ ਵਾਰੋ ਵਾਰੀ ਇਕ ਦੂਜੇ 'ਤੇ ਹਾਵੀ ਹੁੰਦੇ ਰਹੇ। ਉਂਜ ਇਸ ਮੈਚ ਵਿਚ ਕਮਲ ਤੇ ਲੱਕੀ ਅਤੇ ਖੁਸ਼ੀ ਤੇ ਨਿੰਦੀ ਦੇ ਕਈ ਵਾਰ ਦਸਤਪੰਜੇ ਫਸੇ। ਕਦੇ ਕਮਲ ਬਾਜ਼ੀ ਮਾਰ ਜਾਂਦਾ ਤੇ ਕਦੇ ਨਿੰਦੀ ਹਾਵੀ ਹੋ ਜਾਂਦਾ। ਯਾਦ ਤੇ ਹੁਸ਼ਿਆਰੇ ਦੇ ਚੰਗੇ ਸਿੰਗ ਫਸੇ।







ਖਿਡਾਰੀ ਇਕ ਦੂਜੇ ਦਾ ਗੁੱਟ ਫੜ ਕੇ, ਕੈਂਚੀਆਂ ਮਾਰ ਕੇ, ਲੱਕ ਤੋਂ ਫੜ ਕੇ, ਡਬਲ ਟੱਚ, ਸਰਕਲ ਤੋਂ ਖਿਡਾਰੀ ਨੂੰ ਬਾਹਰ ਸੁੱਟ ਕੇ, ਹੱਦੇ ਵਿਚ ਸੈਮੀ ਸਰਕਲ ਚੇਨ ਬਣਾ ਕੇ, ਕਦੀ ਸੱਜੇ, ਕਦੀ ਖੱਬੇ, ਝੁਕ ਕੇ ਝਕਾਨੀ ਮਾਰਦੇ ਪੂਰਾ ਤਾਣ ਲਾ ਕੇ ਖੇਡ ਰਹੇ ਸਨ। ਵੈਸੇ ਇਸ ਮੈਚ ਵਿਚ ਦੋ ਖਿਡਾਰੀਆਂ ਵਲੋਂ ਧਾਵੀ ਨੂੰ ਇਕੱਠੇ ਜੱਫੇ ਲਾ ਕੇ ਪੁਆਇੰਟ ਗਵਾਉਣ ਦਾ ਸਿਲਸਿਲਾ ਵੀ ਕਾਫੀ ਜ਼ਿਆਦਾ ਸੀ। ਜਾਫੀਆਂ ਤੇ ਧਾਵੀਆਂ ਵਲੋਂ ਇਕ ਦੂਜੇ ਨੂੰ ਸਰਕਲ ਤੋਂ ਵਿਚਾਲੇ ਟੱਕਰ ਬਹੁਤ ਸਖਤ ਰਹੀ। ਬਾਹਰ ਧੱਕ ਕੇ ਅੰਕ ਬਟੋਰਨ ਦਾ ਵੀ ਕਾਫੀ ਰੁਝਾਨ ਰਿਹਾ। ਕਬੱਡੀ ਦੇ ਪ੍ਰਸ਼ੰਸਕਾਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਡਾਲਰਾਂ ਦਾ ਚੰਗਾ ਮੀਂਹ ਵਰ੍ਹਾਇਆ। ਕਈ ਕਬੱਡੀ ਪ੍ਰਸ਼ੰਸਕਾਂ ਨੇ ਹੱਥਾਂ ਵਿਚ ਡਾਲਰਾਂ ਦੀ ਥੱਦੀ ਫੜੀ ਹੋਈ ਸੀ। ਚੰਗਾ ਜੱਫਾ ਜਾਂ ਧਾਵਾ ਲਾਉਣ ਵਾਲੇ ਖਿਡਾਰੀਆਂ ਤੋਂ ਡਾਲਰ ਵਾਰੀ ਜਾ ਰਹੇ ਸਨ। ਦਿਲਚਸਪ ਗੱਲ ਇਹ ਸੀ ਕਈ ਜੱਫਿਆਂ 'ਤੇ ਦਰਸ਼ਕਾਂ ਨੇ 500, ਹਜ਼ਾਰ ਡਾਲਰ ਤੇ 2000 ਡਾਲਰ ਦੇ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ। ਖਿਡਾਰੀਆਂ ਨੂੰ ਇਹ ਵੀ ਅਨਾਊਂਸਮੈਂਟ ਕਰਨੀ ਪਈ 'ਬਈ ਪੈਸੇ ਬਹੁਤ ਇਕੱਠੇ ਹੋ ਗਏ ਇਧਰ ਆ ਕੇ ਜਾਓ।' ਮੇਲੇ ਦੀ ਖਾਸ ਗੱਲ ਇਹ ਰਹੀ ਕਿ ਖੇਡ ਮੁਕਾਬਲਿਆਂ ਦੁਆਲੇ ਦਰਸ਼ਕਾਂ ਦੀ ਭੀੜ ਚੋਖੀ ਸੀ। ਕਬੱਡੀ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਖਿਡਾਰੀਆਂ ਦੇ ਜੱਫਿਆਂ ਧਾਵਿਆਂ 'ਤੇ ਗੱਡੀਆਂ ਰਹੀਆਂ। ਰੈਫਰੀ ਦੀ ਜ਼ਿੰਮੇਵਾਰੀ, ਦਵਿੰਦਰ ਸਿੰਘ, ਮਦਨ ਕੋਚ, ਪੰਮੀ, ਪਡਿੰਤ ਨੇ ਨਿਭਾਈ। ਰਾਜੂ ਕੋਟਲਾ ਬੈਸਟ ਰੇਡਰ ਤੇ ਪਾਲਾ ਜਲਾਲਪੁਰੀਆ ਬੈਸਟ ਜਾਫੀ ਚੁਣੇ ਗਏ।

ਕਬੱਡੀ ਮੈਚਾਂ ਦੀ ਕੁਮੈਂਟਰੀ ਮੱਖਣ ਅਲੀ ਨੇ ਆਪਣੇ ਨਿਵੇਕਲੇ ਸਟਾਈਲ ਵਿਚ ਕਰ ਕੇ ਮੈਚਾਂ ਦਾ ਮਜ਼ਾ ਵਧਾਈ ਰੱਖਿਆ। ਕਾਲਾ ਰੜੀਨ ਅਤੇ ਮੱਖਣ ਅਲੀ ਦੀ ਕਬੱਡੀ ਕੁਮੈਂਟਰੀ ਦੇ ਨਾਲ ਨਾਲ ਵਰਤੀ ਗਈ ਲੋਕ ਸ਼ਾਇਰੀ ਅਤੇ ਲੱਛੇਦਾਰ ਭਾਸ਼ਾ ਦਰਸ਼ਕਾਂ ਦੇ ਚੇਤਿਆਂ ਵਿਚ ਚਿਰਾਂ ਤਕ ਵਸੀ ਰਹੇਗੀ। ਇੱਥੇ ਕੁਝ ਝਲਕੀਆਂ ਪੇਸ਼ ਕਰ ਰਹੇ ਹਾਂ।

ਕੁਮੈਂਟੇਟਰ ਮੱਖਣ ਅਲੀ ਨੇ ਸ਼ੇਅਰੋ ਸ਼ਾਇਰੀ ਨਾਲ ਪਰੋਏ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੁਮੈਂਟਰੀ ਕਰ ਕੇ ਮੈਚਾਂ ਦੇ ਸਵਾਦ ਨੂੰ ਕਈ ਗੁਣਾ ਵਧਾਈ ਰੱਖਿਆ। ਉਸ ਦੇ ਕੁਝ ਟੋਟਕੇ ਸਨ, 'ਸਿੰਗ ਫਸ ਗਏ ਕੁੰਡੀਆਂ ਦੇ, ਬਹਿ ਜਾਈਂ ਗੋਡੀ ਲਾ ਕੇ; ਕੋਈ ਸਿੱਧੀ ਕੈਂਚੀ, ਕੋਈ ਪੁੱਠੀ, ਕੋਈ ਬਗਲ ਭਰ ਕੇ ਕੈਂਚੀ ਲਾਉਂਦਾ ਏ, ਕੋਈ ਭੱਜ ਕੇ ਗਿੱਟਾ ਫੜਦਾ ਏ, ਕੋਈ ਲੱਕ 'ਤੇ ਜੱਫੇ ਲਾਉਂਦਾ ਏ; ਖੇਡਣ ਜ਼ੋਰਾਂ ਨਾਲ ਪੁੱਤ ਸਰਦਾਰਾਂ ਦੇ; ਰੇਡ ਖਰੀ ਕਬੱਡੀ ਵਿਚ ਤਾਂ ਪੈਂਦੀ, ਹੋਵੇ ਫੁਰਤੀ ਜੇ ਪਿੰਡੇ ਵਿਚ ਬਾਜ਼ ਵਰਗੀ; ਕਬੱਡੀ ਨਾਲ ਪੰਜਾਬੀਆਂ ਨੂੰ ਇਸ਼ਕ ਡਾਢਾ, ਜਿਵੇਂ ਮੱਕੀ ਦੀ ਰੋਟੀ ਨਾਲ ਮੱਖਣ ਤੇ ਸਾਗ ਦਾ ਏ। "ਮੇਲਣ ਬਣ ਕੇ ਵੇਖ ਮੇਲਾ ਸ਼ਿਕਾਗੋ ਦਾ"'।

ਕਬੱਡੀ ਦਾ ਪਹਿਲਾ ਇਨਾਮ ਸਵਰਗੀ ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ ਹਰਜਿੰਦਰ ਸਿੰਘ ਜਿੰਦੀ, ਅਰਵਿੰਦਰ ਸਿੰਘ ਬੂਟਾ, ਭੁਪਿੰਦਰ ਸਿੰਘ ਟਿੱਕਾ ਵਲੋਂ ਸਪਾਂਸਰ ਕੀਤਾ ਗਿਆ। ਕਬੱਡੀ ਦਾ ਦੂਜਾ ਇਨਾਮ ਸਵਰਗੀ ਮੇਜਰ ਸਿੰਘ ਮੌਜੀ ਅਤੇ ਸੰਤੋਖ ਸਿੰਘ ਖਹਿਰਾ ਦੀ ਯਾਦ ਵਿਚ ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ, ਜਸਕਰਨ ਸਿੰਘ ਧਾਲੀਵਾਲ ਵਲੋਂ ਦਿੱਤਾ ਗਿਆ। ਤੀਜਾ ਇਨਾਮ ਤੂਰ ਅਤੇ ਭਾਰਦਵਾਜ ਪਰਿਵਾਰ ਵਲੋਂ ਤੇ ਚੌਥੀ ਟੀਮ ਦੇ ਸਪਾਂਸਰ ਧਾਮੀ ਟਰਾਂਸਪੋਰਟ ਦੇ ਸਨੀ ਧਾਮੀ ਤੇ ਬੱਬੂ ਧਾਮੀ ਸਨ। ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ ਵਲੋਂ ਤੇ ਬੈਸਟ ਰੇਡਰ ਦਾ ਇਨਾਮ ਸਵਰਗੀ ਫੁੰਮਣ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ ਦਿੱਤਾ ਗਿਆ।

ਇਸ ਤੋਂ ਇਲਾਵਾ ਵਾਲੀਬਾਲ ਦੇ ਮੈਚਾਂ ਲਈ ਵੀ ਟੀਮਾਂ ਆਪਸ ਵਿਚ ਭਿੜੀਆਂ। ਪਹਿਲੇ ਮੈਚ ਵਿਚ ਮਿਲਵਾਕੀ ਨੇ ਸ਼ਿਕਾਗੋ ਨੂੰ 25 ਦੇ ਮੁਕਾਬਲੇ 13 ਅੰਕ ਨਾਲ ਹਰਾਇਆ। ਗੋਪੀ ਵਾਲੀਵਾਲ ਕਲੱਬ ਨੇ ਸੌਨ੍ਹੂੰ ਕਲੱਬ ਨੂੰ 25-15 ਨਾਲ ਹਰਾਇਆ। ਫਾਈਨਲ ਮੁਕਾਬਲੇ ਵਿਚ ਵਾਰਿਸ ਕਲੱਬ ਤੇ ਟੋਨੀ ਸੰਘੇੜਾ ਕਲੱਬ ਜੇਤੂ ਰਹੇ। ਦੋਵਾਂ ਟੀਮਾਂ ਨੂੰ ਇਨਾਮ ਢੀਂਡਸਾ ਪਰਿਵਾਰ ਨੇ ਆਪਣੇ ਪਿਤਾ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ ਵਿਚ ਦਿੱਤੇ। "ਮੇਹਰਦੀਨਾਂ ਜੇ ਰੱਬ ਦੀ ਮੇਹਰ ਹੋ ਜਾਏ ਤਾਂ ਫਿਰ ਬਲਵਾਨ ਬਣਦੇ ਨੇ" ਜੈ ਦੀਪ ਭੰਡਾਲ ਕੈਨੇਡਾ ਤੇ ਪਰਮ ਅਮਰੀਕਾ ਦੇ ਵਿਚਾਲੇ ਕੁਸ਼ਤੀ ਵੀ ਦਰਸ਼ਕਾਂ ਨੂੰ ਦੇਖਣ ਨੂੰ ਮਿਲੀ। ਇਸ ਮੌਕੇ ਬੱਚਿਆਂ ਦੇ ਓਪਨ ਮੁਕਾਬਲੇ

(ਬਾਕੀ ਸਫਾ 11 'ਤੇ)

## ਝਲਕੀਆਂ

*1. ਮੈਕਸੀਕੋ ਦੇ ਖਿਡਾਰੀ ਹੈਰੋ ਨੇ ਪਿਛਲੇ ਕੁਝ ਸਾਲਾਂ ਦੌਰਾਨ ਤਕੜੀਆਂ ਰੇਡਾਂ ਪਾ ਕੇ ਜਾਫੀਆਂ ਵਿਚ ਇਕ ਖਾਸ ਧਾਂਕ ਜਮਾਈ ਹੋਈ ਸੀ। ਇਸ ਮੈਚ ਵਿਚ ਉਸ ਦੀ ਉਹ ਚਮਕ ਦਿਖਾਈ ਨਾ ਦਿੱਤੀ। ਉਹ ਆਪਣੀ ਟੀਮ ਲਈ 1-2 ਪੁਆਇੰਟ ਹੀ ਲੈ ਸਕਿਆ। ਪਿਛਲੇ ਕਈ ਸਾਲਾਂ ਤੋਂ ਸ਼ਿਕਾਗੋ ਦੇ ਮੇਲਿਆਂ ਵਿਚ ਹਿੱਸਾ ਲੈਂਦਾ ਰਿਹਾ ਹੇਰੋ, ਪਹਿਲਾਂ ਜਦੋਂ ਵੀ ਪੁਆਇੰਟ ਹਾਸਿਲ ਕਰਦਾ ਤਾਂ ਪੁੱਠੀ ਛਾਲ ਮਾਰ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਾ। ਦਰਸ਼ਕ ਵੀ ਤਾੜੀਆਂ ਮਾਰ ਉਸ ਦੀ ਹੌਸਲਾ ਅਫਜ਼ਾਈ ਕਰਦੇ, ਪਰ ਇਸ ਵਾਰ ਪਾਸਾ ਪਲਟ ਗਿਆ। ਹੁਣ ਜਦੋਂ ਮੈਕਸੀਕੋ ਦਾ ਹੇਰੋ ਉਰਫ ਸੁਲਖਣ ਦਾ ਪਾਲੇ ਜਲਾਲਪੁਰੀਆ ਨਾਲ ਦਸਤ ਪੰਜਾ ਫਸਦਾ ਤਾਂ ਦਰਸ਼ਕ ਪਾਲੇ ਵਾਲੇ ਹੋ ਕੇ "ਚੁਕ ਲਓ ਇਹਨੂੰ", 'ਫੜ ਲਵੋ' ਤੇ ਜਦੋਂ ਪਾਲਾ ਉਸਨੂੰ ਜੱਫਾ ਲਾ ਕੇ ਪੁਆਇੰਟ ਹਾਸਲ ਕਰਦਾ ਤਾਂ ਦਰਸ਼ਕ ਖੁਸ਼ੀ ਨਾਲ ਕਲਕਾਰੀਆਂ ਮਾਰਦੇ। ਕਈ ਵਾਰੀ ਤਾਂ ਇਕੱਠੇ ਹੋ ਕੇ ਭੰਗੜਾ ਵੀ ਪਾ ਲੈਂਦੇ। ਰੌਲਾ ਸੁਣ ਕੇ ਗੋਰੇ ਪੁਲਿਸ ਵਾਲੇ ਵੀ ਅਲਰਟ ਹੋ ਜਾਂਦੇ ਕਿ ਕੀ ਵਾਪਰ ਗਿਆ? ਪਰ ਇਕ ਗੱਲ ਮੰਨਣੀ ਪਏਗੀ ਦੋਹਾਂ ਦੇ ਭੇੜ ਚੰਗੇ ਫਸੇ ਤੇ ਕਬੱਡੀ ਦਾ ਸੁਆਦ ਦੂਣਾ ਕਰ ਦਿੱਤਾ।*

*2. ਮੇਲਾ ਹਰ ਪੱਖੋਂ ਸਫਲ ਰਿਹਾ। ਹਾਜ਼ਰੀ ਭਰਵੀਂ, ਵਧੀਆ ਖਾਣਾ, ਟਰਾਫੀਆਂ, ਮਾਨ ਸਨਮਾਨ, ਲਾਈਵ ਕਬੱਡੀ ਪ੍ਰਸਾਰਣ, ਢੁਕਵੀਂ ਮਨੋਰੰਜਕ ਕੁਮੈਂਟਰੀ, ਚੰਗੇ ਪ੍ਰਬੰਧਕ, ਚੰਗੇ ਗਾਇਕ, ਗੀਤ ਸੰਗੀਤ ਸਭ ਦੇਖ ਮੇਲੀ ਇਕ ਦੂਜੇ ਨੂੰ ਕਹਿੰਦੇ "ਹੋਰ ਦੱਸ ਕੀ ਭਾਲਦੇ"।*

*3. 2 ਬੱਚੇ ਤੇ 4 ਕਾਰਾਂ ਦੀਆਂ ਚਾਬੀਆਂ ਗੁਆਚ ਗਈਆਂ, ਕਾਰ ਟੋਹ ਹੋਣ ਦਾ ਡਰ, ਪੂਰੀ ਤਰ੍ਹਾਂ ਭਰੇ ਪਾਰਕਿੰਗ ਲਾਟ ਸਪੀਕਰ ਤੋਂ ਇਹ ਅਨਾਊਂਸ ਕੀਤਾ ਜਾ ਰਿਹਾ ਸੀ ਕਿ ਆਪਣੀਆਂ ਗੱਡੀਆਂ ਸਹੀ ਜਗ੍ਹਾ 'ਤੇ ਪਾਰਕ ਕਰੋ ਨਹੀਂ ਤਾਂ ਟੋਹ ਹੋ ਸਕਦੀਆਂ ਹਨ। ਇਹ ਸਬੂਤ ਸੀ ਕਿ ਮੇਲਾ ਸਿਖਰਾਂ 'ਤੇ ਹੈ।*

*4. ਦੂਰ ਕਾਰ ਪਾਰਕ ਕਰ ਕੇ ਆ ਰਹੇ ਮੇਲੀਆਂ ਨੂੰ ਮੇਲੇ ਵਾਲੇ ਸਪਾਟ 'ਤੇ ਲੈ ਕੇ ਆਉਣ ਦੀ ਸੇਵਾ ਲੱਕੀ ਸਹੋਤਾ ਦੇ ਬੇਟੇ ਵਿਕਰਮ ਸਹੋਤਾ ਨੇ ਖੁਦ ਨਿਭਾਈ।*

*5. ਵੱਖਰੇ ਚੁੱਲ੍ਹੇ ਵਾਲਿਆਂ ਨੇ ਇਸ ਵਾਰ ਵੀ ਆਪਣਾ ਚੁੱਲ੍ਹਾ ਲਾਇਆ ਤੇ ਆਪਣੀ ਮਨ-ਪਸੰਦ ਦਾ ਖਾਣਾ ਵੀ ਬਣਾਇਆ।*

*6. ਬੰਬੀਹਾ ਬੋਲੇ ਗੀਤ ਦੀ ਕਈ ਵਾਰ ਫਰਮਾਇਸ਼ ਕੀਤੀ ਗਈ ਹਰ ਵਾਰ ਜਦੋਂ ਵੀ ਅੰਮ੍ਰਿਤ ਮਾਨ ਨੇ ਗੀਤ ਗਾਇਆ ਦਰਸ਼ਕਾਂ ਦਾ ਜੋਸ਼ ਪਹਿਲਾਂ ਨਾਲੋਂ ਕਈ ਗੁਣਾ ਵਧਦਾ ਗਿਆ। ਦਰਸ਼ਕ ਅੰਮ੍ਰਿਤ ਮਾਨ ਨਾਲ ਸਟੇਜ 'ਤੇ ਸੈਲਫੀ ਖਿਚਵਾਉਣ ਆਉਂਦੇ ਰਹੇ ਤੇ ਗਾਇਕ ਨੇ ਖਿੜੇ ਮੱਥੇ ਸਭ ਨਾਲ ਫੋਟੋਜ਼ ਲਵਾਈਆਂ।*

*7. ਵਾਲੀਵਾਲ ਦੇ ਆਫੀਸ਼ੀਅਲ ਮੈਚ ਤੋਂ ਇਲਾਵਾ ਕੁਝ ਦੋਸਤ ਆਪਣਾ ਜਾਲ ਨੈਟ ਲਾ ਕੇ ਵਾਲੀਵਾਲ ਦਾ ਮੈਚ ਖੇਡ ਰਹੇ ਸਨ।*

*8. ਕਲੱਬ ਦੇ ਹਰ ਮੈਂਬਰ ਦੀ ਟੀ-ਸ਼ਰਟ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੀ ਹੋਈ ਸੀ ਇਸ ਤੋਂ ਇਲਾਵਾ ਪਲੇਕਾਂ ਤੇ ਇਨਾਮਾਂ ਦੇ ਸਾਰੇ ਵੱਡ ਅਕਾਰੀ ਕੱਪਾਂ 'ਤੇ ਵੀ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੀ ਹੋਈ ਸੀ।*

*9. ਐਸ. ਵਾਈ. ਐਲ. ਦਾ ਬੈਨਰ ਸਵੇਰ ਤੋਂ ਸਟੇਜ ਤੋਂ ਸੱਜੇ ਪਾਸੇ ਝੁਲਦਾ ਰਿਹਾ।*

*10. ਮਾਣ-ਸਨਮਾਨ ਲਈ ਟਰਾਫੀਆਂ ਦੇ ਦਰਜਨ ਭਰ ਤੋਂ ਉਪਰ ਬਕਸੇ ਭਰੇ ਹੋਏ ਸਨ, ਟਰਾਫੀਆਂ ਨੂੰ ਵੱਡ ਅਕਾਰੀ ਕੱਪਾਂ ਨਾਲ ਬੜੇ ਸਲੀਕੇ ਨਾਲ ਟੇਬਲ 'ਤੇ ਸਜਾਇਆ ਹੋਇਆ ਸੀ। ਪ੍ਰਬੰਧਕਾਂ ਨੇ ਸਾਰੇ ਸਹਿਯੋਗ ਦੇਣ ਵਾਲਿਆਂ ਦਾ ਪਲੇਕਾਂ ਦੇ ਕੇ ਸਨਮਾਨ ਕੀਤਾ। ਇਹ ਵੀ ਸੁਣਨ ਵਿਚ ਆਇਆ ਕਿ ਟੀ-ਸ਼ਰਟਾਂ ਤੇ ਟਰਾਫੀਆਂ ਇੰਡੀਆ ਵਿਚੋਂ ਬਣ ਕੇ ਆਈਆਂ ਹਨ।*

*11. ਸਵਰਗੀ ਸੰਦੀਪ ਸਿੰਘ ਧਾਲੀਵਾਲ ਦੇ ਜੀਜਾ ਦੀਪਕ ਸਿੰਘ ਰਾਏ ਵੀ ਮੇਲੇ ਵਿਚ ਹਾਜ਼ਰ ਹੋਏ, ਜਿਨ੍ਹਾਂ ਦਾ ਕਲੱਬ ਦੇ ਪ੍ਰਬੰਧਕਾਂ ਨੇ ਪਲੇਕ ਦੇ ਕੇ ਉਚੇਚਾ ਸਨਮਾਨ ਕੀਤਾ।*

*12. ਫਤਿਹ ਕਲੱਬ ਨੇ ਆਪਣੀ ਜਿੱਤ ਦੀਪ ਸਿੱਧੂ, ਸੰਦੀਪ ਨੰਗਲ ਅੰਬੀਆਂ ਤੇ ਸਿੱਧੂ ਮੂਸੇਵਾਲਾ ਨੂੰ ਸਮਰਪਿਤ ਕੀਤੀ।*

*13. ਰਾਮ ਬਤੇਰੀ (ਐਮ. ਪੀ. ਡੀ., ਐਨ ਆਈ ਐਸ ਪਟਿਆਲਾ) ਜਿਹੜੀ 2014 ਦੇ ਮਹਿਲਾ ਵਰਲਡ ਕਬੱਡੀ ਕੱਪ ਵਿਚ ਇੰਡੀਆ ਦੀ ਕਪਤਾਨ ਸੀ, ਵੀ ਇਸ ਮੌਕੇ ਹਾਜ਼ਰ ਸੀ। ਪ੍ਰਬੰਧਕਾਂ ਨੇ ਉਸਦਾ ਵੀ ਪਲੇਕ ਨਾਲ ਮਾਣ-ਸਨਮਾਨ ਕੀਤਾ।*

*14. ਮੇਲੇ ਦੀ ਇਕ ਦਿਲਚਸਪ ਗੱਲ ਇਹ ਸੀ ਕਿ ਸੈਰ ਕਰਨ ਆਏ ਅਮਰੀਕਨ, ਮੈਕਸੀਕਨ ਤੇ ਪੋਲਿਸ਼ ਮੂਲ ਦੇ ਕੁਝ ਸਾਈਕਲ ਸਵਾਰ ਕਬੱਡੀ ਬੜੀ ਰੀਝ ਨਾਲ ਦੇਖ ਰਹੇ ਸਨ।*

# ਸ਼ਿਕਾਗੋ ਦੇ ਉਘੇ ਬਿਜ਼ਨਸਮੈਨ ਸਵਰਨਜੀਤ ਸਿੰਘ ਢਿਲੋਂ ਦਾ ਦੇਹਾਂਤ

ਸ਼ਿਕਾਗੋ ਦੀ ਜਾਣੀ-ਪਛਾਣੀ ਸ਼ਖ਼ਸੀਅਤ, ਉਘੇ ਬਿਜਨਸਮੈਨ ਅਤੇ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਸਵਰਨਜੀਤ ਸਿੰਘ ਢਿਲੋਂ ਦਾ ਲੰਘੀ 14 ਜੁਲਾਈ ਨੂੰ ਦੇਹਾਂਤ ਹੋ ਗਿਆ। ਵੀਰਵਾਰ ਦੀ ਰਾਤ ਨੂੰ ਰਾਤ ਕਰੀਬ 9.35 'ਤੇ ਉਨ੍ਹਾਂ ਆਖਰੀ ਸਾਹ ਲਿਆ। ਉਹ 85 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਗੁਰਦਿਆਂ ਦੇ ਰੋਗ ਤੋਂ ਪੀੜਤ ਸਨ। ਉਹ ਆਪਣੇ ਪਿਛੇ ਪਤਨੀ ਜਸਬੀਰ ਕੌਰ ਢਿਲੋਂ, ਪੁੱਤਰ- ਦਰਸ਼ਨਪ੍ਰੀਤ (ਕਿੱਟੂ) ਢਿਲੋਂ ਅਤੇ ਜਸਜੀਤ (ਬਿੱਟੂ) ਢਿਲੋਂ, ਨੂੰਹਾਂ ਕਿਰਨ ਢਿਲੋਂ ਅਤੇ ਬਵਨੀਤ ਢਿਲੋਂ ਅਤੇ ਪੋਤੇ-ਪੋਤਰੀਆਂ- ਮੀਆ ਢਿਲੋਂ, ਡੈਰਨ ਅਨੋਖ ਸਿੰਘ, ਮਾਇਰਾ, ਜੈ, ਜੀਆ ਅਤੇ ਦੇਵ ਛਡ ਗਏ ਹਨ। 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਸਾਰੇ ਮੈਂਬਰਾਂ ਨੇ ਆਪਣੇ ਇਕ ਸਾਥੀ ਦੇ ਵਿਛੜ ਜਾਣ 'ਤੇ ਦੁਖ ਦਾ ਇਜ਼ਹਾਰ ਕੀਤਾ ਹੈ।

ਸ. ਸਵਰਨਜੀਤ ਸਿੰਘ ਢਿਲੋਂ ਦਾ ਸਸਕਾਰ 23 ਜੁਲਾਈ, ਸ਼ਨਿਚਰਵਾਰ ਨੂੰ Countryside Funeral Home 950 S. Bartlett Road , Bartlett , IL ਵਿਚ ਸ਼ਾਮ ਨੂੰ 3 ਤੋਂ 5 ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਤੇ ਕੀਰਤਨ, Wheaton Gurdwara Sahib 2131 Creekside Drive, Wheaton, IL. ਵਿਖੇ ਸ਼ਾਮ 6 ਤੋਂ 8 ਵਜੇ ਦਰਮਿਆਨ ਹੋਵੇਗਾ।

ਸ. ਸਵਰਨਜੀਤ ਸਿੰਘ ਢਿਲੋਂ ਦਾ ਜਨਮ ਗੁਜਰਾਂਵਾਲਾ (ਪਾਕਿਸਤਾਨ) ਵਿਚ ਸੰਨ 1936 ਵਿਚ ਪਿਤਾ ਅਨੋਖ ਸਿੰਘ ਢਿਲੋਂ ਅਤੇ ਮਾਤਾ ਪ੍ਰੀਤਮ ਕੌਰ ਦੀ ਕੁਖੋਂ ਹੋਇਆ। ਬਟਵਾਰੇ ਤੋਂ ਬਾਅਦ ਉਹ ਬਠਿੰਡਾ ਜ਼ਿਲੇ ਦੇ ਹਰਿਆਣੇ ਦੀ ਹੱਦ ਨਾਲ ਲੱਗਦੇ ਪੰਜਾਬ ਦੇ ਅਖੀਰਲੇ ਪਿੰਡ ਆਹਲੂਪੁਰ ਵੱਸ ਗਏ।

1962 ਵਿਚ ਉਹ ਸਟੂਡੈਂਟ ਵੀਜ਼ੇ 'ਤੇ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਅਮਰੀਕਾ ਦੀ ਸਟੇਟ ਵਾਸ਼ਿੰਗਟਨ ਪਹੁੰਚ ਗਏ। ਦੋ ਸਾਲ ਉਥੇ ਰਹਿਣ ਤੋਂ ਬਾਅਦ ਸ਼ਿਕਾਗੋ ਆ ਗਏ ਤੇ ਇਥੇ ਰਹਿ ਕੇ ਬੀ ਐਸ ਸੀ ਇੰਜੀਨੀਅਰਿੰਗ ਤੇ ਐਮ ਐਸ ਸੀ ਇੰਜੀਨੀਅਰਿੰਗ ਕੀਤੀ।

1968 ਵਿਚ ਗਰੀਨ ਕਾਰਡ ਮਿਲਦਿਆਂ ਹੀ ਦੋ ਹਫਤੇ ਲਈ ਇੰਡੀਆ ਚਲੇ ਗਏ ਤੇ ਜਸਬੀਰ ਕੌਰ ਨਾਲ ਵਿਆਹ ਕਰਾ ਕੇ ਵਾਪਸ ਅਮਰੀਕਾ ਆ ਗਏ।



1978 ਵਿਚ ਆਪਣਾ ਘਰ ਬਣਾ ਕੇ ਉਦੋਂ ਤੋਂ ਇਥੇ ਹੀ ਰਹਿ ਰਹੇ ਸਨ।

ਸ. ਸਵਰਨਜੀਤ ਸਿੰਘ ਢਿਲੋਂ ਨੇ ਕੁਝ ਸਮਾਂ ਸ਼ਿਕਾਗੋ ਵਿਚ ਇੰਜੀਨੀਅਰ ਦੀ ਜੌਬ ਕੀਤੀ ਅਤੇ ਬਾਅਦ ਵਿਚ ਗੈਸ ਸਟੇਸ਼ਨ ਦੇ ਕਾਰੋਬਾਰ ਵਿਚ ਪੈ ਗਏ ਅਤੇ ਆਪਣੇ ਸਾਰੇ ਗੈਸ ਸਟੇਸ਼ਨ ਆਪਣੇ ਹੱਥੀਂ ਤਿਆਰ ਕੀਤੇ। ਉਹ ਪੰਜ ਭਰਾ ਤੇ ਤਿੰਨ ਭੈਣਾਂ ਸਨ। ਤਿੰਨ ਭਰਾ ਅਮੈਰਿਕਾ ਵਿਚ ਹੀ ਰਹਿੰਦੇ ਹਨ, ਜਦਕਿ ਇਕ ਭਰਾ ਇੰਡੀਆ ਵਿਚ ਸੀ, ਜਿਨ੍ਹਾਂ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ। ਭੈਣਾਂ ਅਜਕਲ੍ਹ ਇੰਡੀਆ ਹੀ ਰਹਿੰਦੀਆਂ ਹਨ।

ਉਨ੍ਹਾਂ ਆਪਣੇ ਸਾਰੇ ਭੈਣ-ਭਰਾਵਾਂ ਨੂੰ ਅਮਰੀਕਾ ਬੁਲਾਇਆ ਅਤੇ ਸੈਟ ਕਰਨ ਵਿਚ ਮਦਦ ਵੀ ਕੀਤੀ।

ਢਿਲੋਂ ਸਾਹਿਬ ਨੇ ਜਿੰਦਗੀ ਆਪਣੀਆਂ ਸ਼ਰਤਾਂ ਨਾਲ ਜੀਵੀ। ਲੋੜਵੰਦਾਂ ਦੀ ਹਮੇਸ਼ਾਂ ਮਦਦ ਕੀਤੀ। ਉਹ ਹਮੇਸ਼ਾਂ ਕਹਿੰਦੇ ਹੁੰਦੇ ਸਨ, ਮੈਂ ਆਪਣੇ ਪਿਤਾ ਜੀ ਦੀ ਕਹੀ ਇਹ ਗੱਲ "ਇਹ ਹੱਥ ਹਮੇਸ਼ਾਂ ਦੇਣ ਲਈ ਉਠਣੇ ਚਾਹੀਦੇ ਹਨ, ਲੈਣ ਲਈ ਨਹੀਂ" ਪੱਲੇ ਬੰਨ੍ਹੀ ਹੋਈ ਹੈ। ਮੈਨੂੰ ਯਾਦ ਹੈ ਜਦੋਂ 'ਪੰਜਾਬ ਟਾਈਮਜ਼' ਸ਼ੁਰੂ ਕੀਤਾ, ਭਾਜੀ ਬਲਕਾਰ ਢਿਲੋਂ ਅਮੋਲਕ (ਮੇਰੇ ਪਤੀ) ਨੂੰ ਢਿਲੋਂ ਸਾਹਿਬ ਕੋਲ ਲੈ ਗਏ ਤੇ ਕਹਿਣ ਲਗੇ, ਢਿਲੋਂ ਸਾਹਿਬ ਮਦਦ ਕਰੋ, ਪ੍ਰਿੰਟਰ ਲੈਣੈ। ਪੁਛਿਆ, ਕਿੰਨੇ ਦਾ ਆਉਣਾ ਹੈ? ਦੋ ਹਜਾਰ ਡਾਲਰ ਦਾ। ਠੀਕ ਹੈ, ਹਜਾਰ ਮੈਂ ਦੇ ਦੇਣੈ, ਹਜਾਰ ਕਿਸੇ ਹੋਰ ਤੋਂ ਲੈ ਲਈਂ। ਦੋ ਹਜਾਰ ਦਾ ਚੈਕ ਫੜਾਉਂਦਿਆਂ ਕਹਿੰਦੇ, 'ਆਹ ਫੜ ਹੋਰ ਕਿਸ ਕੋਲ ਜਾਏਂਗਾ।' ਉਸ ਦਿਨ ਤੋਂ ਲੈ ਕੇ ਅਜ ਤਕ ਉਹ 'ਪੰਜਾਬ ਟਾਈਮਜ਼' ਦੇ ਵਡੇ ਮਦਾਹ ਸਨ।

ਕਹਿਣੀ ਤੇ ਕਰਨੀ ਦੇ ਪੱਕੇ ਢਿਲੋਂ ਸਾਹਿਬ ਨੇ ਆਪਣੇ ਬੱਚਿਆਂ ਪ੍ਰਤੀ ਵੀ ਡਸਿਪਲਨ ਦੇ ਪੱਕੇ ਨਿਯਮ ਲਾਗੂ ਕੀਤੇ ਹੋਏ ਸਨ। ਰਾਤ 9 ਵਜੇ ਤਕ ਹਰ ਹਾਲਤ ਵਿਚ ਘਰ ਪਹੁੰਚਣਾ ਚਾਹੀਦਾ ਹੈ, ਬੱਚਿਆਂ ਲਈ ਇਹ ਹੁਕਮ ਫੁਰਮਾਨ ਦੀ ਤਰ੍ਹਾਂ ਸੀ। ਕਹਿੰਦੇ ਇਕ ਵਾਰੀ ਛੋਟੇ ਮੁੰਡੇ ਬਿੱਟੂ ਦੀ ਕਾਰ ਰਸਤੇ ਵਿਚ ਖਰਾਬ ਹੋ ਗਈ, ਤਾਂ ਉਹ ਸਨੋਅ ਪੈਂਦੀ ਵਿਚ ਵੀ ਦੌੜ ਕੇ 9 ਵਜੇ ਤਕ ਘਰ ਪਹੁੰਚਿਆ। ਕਿਸੇ ਗੱਲੋਂ ਨਾਰਾਜ ਹੋ ਕੇ ਜਦੋਂ ਵੱਡੇ ਪੁੱਤਰ ਕਿੱਟੂ ਨੇ 911 ਕਾਲ ਕਰ ਦਿਤੀ ਤਾਂ ਪੁਲਿਸ ਵਾਲਿਆਂ ਨਾਲ ਵੀ ਸਿੱਧੇ ਹੋ ਗਏ। ਕਹਿੰਦੇ ਜਾਂ ਤਾਂ ਮੈਨੂੰ ਆਪਣੇ ਘਰ ਵਿਚ ਡਸਿਪਲਨ ਰਖਣ ਦਿਓ, ਨਹੀਂ ਤਾਂ ਇਸ ਨੂੰ (ਕਿੱਟੂ ਵਲ ਹੱਥ ਕਰਕੇ) ਵੀ ਨਾਲ ਲੈ ਜਾਓ। ਪੁਲਿਸ ਵਾਲੇ ਮੂੰਹ ਲਪੇਟ ਕੇ ਚਲੇ ਗਏ।

ਪਰਿਵਾਰ ਵਿਚੋਂ ਵੱਡਾ ਹੋਣ ਕਰਕੇ ਸਾਰੇ ਬੱਚੇ ਉਨ੍ਹਾਂ ਨੂੰ ਤਾਇਆ ਜੀ ਕਹਿ ਕੇ ਬੁਲਾਉਂਦੇ ਤਾਂ ਉਹ 'ਜਗਤ ਤਾਇਆ' ਬਣ ਗਏ। 'ਤਾਇਆ' ਉਨ੍ਹਾਂ ਦਾ ਤਖੱਲਸ ਬਣ ਗਿਆ। ਸ਼ਿਕਾਗੋ ਵਿਚ ਹਰ ਛੋਟਾ-ਵੱਡਾ 'ਤਾਏ ਨੇ ਇੰਜ ਕਿਹਾ, ਤਾਏ ਨੇ ਆਹ ਕੀਤਾ' ਕਰਕੇ ਗੱਲ ਕਰਦੇ। ਗੁਰਮੁਖ ਭੁੱਲਰ, ਜਿਸਨੂੰ ਢਿਲੋਂ ਸਾਹਿਬ ਦੇ ਨੇੜੇ ਰਹਿਣ ਦਾ ਸਭ ਤੋਂ ਵੱਧ ਸੁਭਾਗ ਪ੍ਰਾਪਤ ਹੋਇਆ ਹੈ, ਨੇ ਢਿਲੋਂ ਸਾਹਿਬ ਦੀ ਸ਼ਖ਼ਸੀਅਤ ਦੇ ਕੁਝ ਦਿਲਚਸਪ ਪਹਿਲੂ ਸਾਂਝੇ ਕੀਤੇ ਹਨ। ਕਹਿੰਦਾ, 'ਇਕ ਵਾਰ ਮੈਂ ਅਤੇ ਤਾਇਆ ਜੀ ਦੋਨੋਂ ਹਮਰ ਲੈਣ ਵਾਸਤੇ ਗਏ। ਤਾਇਆ ਜੀ ਨੂੰ ਨੀਲਾ ਰੰਗ ਬਹੁਤ ਪਸੰਦ ਸੀ। ਉਨ੍ਹਾਂ ਨੀਲੇ ਰੰਗ ਦਾ ਹਮਰ ਪਸੰਦ ਕਰ ਲਿਆ। ਜਦੋਂ ਸੇਲਜ਼ਮੈਨ ਨੂੰ ਚੈਕ ਲਿਖ ਕੇ ਦਿੱਤਾ ਤਾਂ ਉਹ ਨਖਰੇ ਜਿਹੇ ਕਰਨ ਲੱਗ ਪਿਆ ਕਿ ਅਸੀਂ ਚੈਕ ਨਹੀਂ ਲੈਂਦੇ। ਬੱਸ ਫੇਰ ਕੀ ਸੀ, ਤਾਇਆ ਜੀ ਆਪਣੇ ਰੰਗ ਵਿਚ ਆ ਗਏ ਤੇ ਕਹਿਣ ਲੱਗੇ, ਆਪਣੇ ਬੌਸ ਨੂੰ ਬੁਲਾ, ਆਹ ਬੈਂਕ ਮੈਨੇਜਰ ਦਾ ਨੰਬਰ ਹੈ ਅਤੇ ਕਾਲ ਕਰਕੇ ਪੁੱਛ ਕਿ ਮੇਰੇ ਅਕਾਊਂਟ ਵਿੱਚ ਪੈਸੈ ਹੈ ਜਾਂ ਨਹੀਂ। ਬਸ ਫਿਰ ਕੀ ਸੀ ਪੰਜ ਕੁ ਮਿੰਟਾਂ ਬਾਅਦ ਦੋਨੋਂ ਅੱਗੇ ਪਿੱਛੇ ਭੱਜੇ ਫਿਰਨ ਤੇ ਮਾਫੀਆਂ ਮੰਗਣੋਂ ਨਾ ਹਟਣ।'

ਸੁਣਿਐ, ਕਿਸੇ ਗੱਲੋਂ ਤਾਇਆ ਜੀ ਦੀ ਮੁੰਡਿਆਂ ਨਾਲ ਤੂੰ-ਤੂੰ ਮੈਂ-ਮੈਂ ਹੋਣ 'ਤੇ ਚੰਗਾ ਕੁਟਾਪਾ ਚਾੜ੍ਹ ਦਿਤਾ। ਉਸ ਤੋਂ ਬਾਅਦ ਸਾਰੇ ਸ਼ਿਕਾਗੋ ਵਾਸੀਆਂ ਵਿਚ ਢਿੱਲੋਂ ਸਾਹਿਬ ਨੂੰ ਹਿਟਲਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

'ਗੁੱਸੇ ਵਿੱਚ ਤੈਥੋਂ ਗੱਲ ਨੀ ਕਹਾਉਣੀ ਤੇ ਪਿਆਰ ਨਾਲ ਜਾਨ ਕੱਢ ਲੈ' ਇਹ ਸਤਰਾਂ 'ਤਾਇਆ ਜੀ' 'ਤੇ ਬਹੁਤ ਢੁੱਕਦੀਆਂ ਸਨ। ਜੋ ਵੀ ਮੂੰਹੋਂ ਵਿਚੋਂ ਨਿਕਲ ਗਿਆ, ਪੂਰਾ ਕੀਤਾ, ਚਾਹੇ ਉਸ ਵਿਚ ਉਨ੍ਹਾਂ ਦਾ ਹਜ਼ਾਰਾਂ ਦਾ ਨੁਕਸਾਨ ਹੋਇਆ। ਇਕ ਵਾਰ ਫਿਰ ਪੰਗਾ ਲੈ ਲਿਆ ਨਰਸ ਨਾਲ, ਉਨ੍ਹਾਂ ਦੀ ਹਾਰਟ ਦੀ ਸਰਜਰੀ ਹੋਈ ਸੀ। ਹਸਪਤਾਲ ਵਿਚ ਕਿਸੇ ਗੱਲੋਂ ਨਰਸ ਨਾਲ ਪੰਗਾ ਪੈ ਗਿਆ। ਬਸ ਫਿਰ ਕੀ ਸੀ ਪਤਾ ਲੱਗਿਆ, ਜਨਾਬ ਹੁਰਾਂ ਨੇ ਨਰਸ ਦੇ ਥੱਪੜ ਧਰ ਦਿੱਤਾ, ਭਾਵੇਂ ਕਿ ਬਾਅਦ ਵਿਚ ਸਾਰੇ ਟੱਬਰ ਨੂੰ ਉਸਦੀ ਝਾਲ ਵੀ ਝੱਲਣੀ ਪਈ।

ਕੋਈ ਗੱਲ ਕਹਿਣੀ-ਕਰਨੀ ਹੁੰਦੀ, ਸਾਰਾ ਟੱਬਰ ਉਨ੍ਹਾਂ ਤੋਂ ਡਰਦਾ, ਕਿਸੇ ਦੀ ਹਿੰਮਤ ਨਾ ਪੈਂਦੀ ਕਿ ਉਨ੍ਹਾਂ ਦੀ ਗੱਲ ਟੋਕ ਸਕੇ, ਗੁਰਮੁਖ ਭੁੱਲਰ ਹੀ ਸੀ, ਜੋ ਉਨ੍ਹਾਂ ਨਾਲ ਮਜਾਕ ਤੇ ਪਿਆਰ ਵਿਚ ਜਵਾਬ-ਤਲਬੀ ਕਰਦਾ। ਇਕ ਗੱਲ ਜੋ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਨੇ ਬਹੁਤ ਵਾਰੀ ਸੁਣੀ, ਪਰ ਜਵਾਬ ਦੇਣ ਦੀ ਕੋਈ ਹਿੰਮਤ ਨਾ ਕਰਦਾ। 'ਆਪਾਂ ਤਾਂ ਖੁਲ੍ਹੀ ਕਿਤਾਬ ਹਾਂ' ਗੁਰਮੁਖ ਭੁੱਲਰ ਨੇ ਜ਼ੇਰਾ ਕਰਕੇ ਕਹਿ ਹੀ ਦਿੱਤਾ, 'ਕਿਤਾਬ ਤਾਂ ਖੁਲ੍ਹੀ ਹੈ, ਪਰ ਜਿਲਦ ਬੜੀ ਹਾਰਡ ਐ'

ਢਿੱਲੋਂ ਸਾਹਿਬ ਦੀ ਜ਼ਿੰਦਗੀ ਦੇ ਸੈਂਕੜੇ-ਹਜ਼ਾਰਾਂ ਕਿੱਸੇ ਹਨ। ਪਰਿਵਾਰ ਨਾਲ ਦੁਖ ਸਾਂਝਾ ਕਰਨ ਆਇਆ ਹਰ ਸਖਸ਼ ਉਨ੍ਹਾਂ ਦੀ ਰੋਅਬਦਾਰ ਸ਼ਖ਼ਸੀਅਤ ਤੇ ਦਮਦਾਰ ਆਵਾਜ਼ ਦੀਆਂ ਗੱਲਾਂ ਕਰਕੇ ਢਿਲੋਂ ਸਾਹਿਬ ਨੂੰ ਯਾਦ ਕਰਦਾ। ਪਰਿਵਾਰ ਦੇ ਜੀਅ ਉਨ੍ਹਾਂ ਦੇ ਸਖਤ ਸੁਭਾਅ ਦੇ ਇਨੇ ਆਦੀ ਹੋ ਗਏ ਸਨ ਕਿ ਜੇ ਕਿਤੇ ਚੁਪ ਕਰ ਜਾਂਦੇ ਤਾਂ ਪਰਿਵਾਰ ਸਹਿਮ ਜਾਂਦਾ, ਪਰ ਜੇ ਆਪਣੇ ਅਸਲੀ ਰੂਪ ਵਿਚ ਆ ਜਾਂਦੇ ਤਾਂ ਬੱਚਿਆਂ ਨੂੰ ਉਨ੍ਹਾਂ ਦੇ ਠੀਕ-ਠਾਕ ਹੋਣ ਦੀ ਤਸੱਲੀ ਹੁੰਦੀ।

ਇਨੀ ਜਾਨਦਾਰ ਤੇ ਧੜੱਲੇਦਾਰ ਸ਼ਖ਼ਸੀਅਤ, ਜਿਸਦੇ ਤੁਰਦਿਆਂ ਧਰਤੀ ਹਿਲਦੀ, ਖਾਮੋਸ਼ ਹੋ ਗਈ ਸੀ।

ਪੰਜਾਬ ਟਾਈਮਜ਼ ਦੀ ਸਾਰੀ ਟੀਮ ਅਤੇ ਸ਼ਿਕਾਗੋ ਵਾਸੀਆਂ ਵਲੋਂ ਅਲਵਿਦਾ 'ਤਾਇਆ ਜੀ'। **-ਜਸਪ੍ਰੀਤ**

# ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਨੂੰ ਸਦਮਾ, ਪਿਤਾ ਦਾ ਦੇਹਾਂਤ

**ਕੈਲੀਫੋਰਨੀਆ** (ਐਸ ਅਸ਼ੋਕ ਭੌਰਾ): ਮੌਤ ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਹੈ ਅਤੇ ਨਾ ਚਾਹੁੰਦਿਆਂ ਹੋਇਆਂ ਵੀ ਸਾਨੂੰ ਇਸ ਨੂੰ ਸਵੀਕਾਰ ਕਰਨਾ ਪੈਂਦਾ ਹੈ। ਕੋਈ ਜੀਵਿਆ ਜੱਗ 'ਤੇ ਬਰਸ ਚਾਰੇ ਕੋਈ ਜੀਵਿਆ ਸੈਂਕੜੇ ਸਾਲ ਭਾਈ, ਕੋਈ ਹੋ ਕੇ ਬਿਰਧ ਸਫੈਦ ਮਰਿਆ ਕੋਈ ਲੈ ਗਿਆ ਕਾਲਤੇ ਵਾਲ ਭਾਈ। ਸੋ ਆਪਾਂ ਸਾਰੇ ਮੌਤ ਦੀਆਂ ਬੁਰਕੀਆਂ ਹਾਂ ਜਿਵੇਂ ਜਿਵੇਂ ਵਾਰੀ ਆਈ ਜਾਣੀ ਉਵੇਂ ਉਵੇਂ ਤੁਰਦੇ ਜਾਣਾ, ਪਰ ਕੁਝ ਇਨਸਾਨ ਅਜਿਹੇ ਹੁੰਦੇ ਨੇ ਜਿਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦੈ।

ਕੈਲੀਫੋਰਨੀਆ ਵਿਚ ਮਠਿਆਈਆਂ ਦੇ ਬਾਦਸ਼ਾਹ, ਰਾਜਾ ਸਵੀਟਸ ਐਂਡ ਕੇਟਰਿੰਗ ਦੇ ਮਾਲਕ ਅਤੇ ਬੇ ਏਰੀਆ ਸਪੋਰਟਸ ਕਲੱਬ ਦੇ ਮੈਂਬਰ ਅਤੇ ਮੁੱਖ ਸਪਾਂਸਰ ਸ. ਮੱਖਣ ਸਿੰਘ ਬੈਂਸ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਪਿਤਾ ਸ. ਮੇਜਰ ਸਿੰਘ ਬੈਂਸ ਦਾ ਲੰਘੀ 12 ਜੁਲਾਈ ਨੂੰ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 24 ਜੁਲਾਈ, ਐਤਵਾਰ ਨੂੰ ਦੁਪਹਿਰ 2 ਵਜੇ Chapel of the Chimes 32992 Mission Blvd, Hayward CA 94544 ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸਾਹਿਬ ਫਰੀਮੌਂਟ (300 Gurdwara Rd, Fremont, CA 94536) ਵਿਖੇ ਬਾਅਦ ਦੁਪਹਿਰ 2:30 ਵਜੇ ਅੰਤਿਮ ਅਰਦਾਸ ਹੋਵੇਗੀ।



ਸ. ਮੇਜਰ ਸਿੰਘ ਬੈਂਸ ਦਾ ਜੱਦੀ ਪਿੰਡ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਮੱਲਾ ਬੇਦੀਆਂ ਸੀ। ਇੱਥੇ ਹੀ ਉਨ੍ਹਾਂ ਨੇ ਸ. ਧਰਮ ਸਿੰਘ ਦੇ ਘਰ ਅਤੇ ਮਾਤਾ ਹਰਨਾਮ ਕੌਰ ਦੀ ਕੁੱਖੋਂ ਜਨਮ ਲਿਆ। ਉਨ੍ਹਾਂ ਛੱਤੀ ਸਾਲ ਉਤਰੀ ਰੇਲਵੇ ਵਿਚ ਸੇਵਾਵਾਂ ਨਿਭਾਈਆਂ। ਉਹ ਡਰਾਈਵਰ ਵਜੋਂ ਭਰਤੀ ਹੋਏ ਅਤੇ ਇੱਕ ਅਧਿਕਾਰੀ ਵਜੋਂ ਸੇਵਾ ਮੁਕਤ ਹੋਏ। ਜਵਾਨੀ ਵੇਲੇ ਸ. ਮੇਜਰ ਸਿੰਘ ਜੀ ਵਧੀਆ ਕਬੱਡੀ ਖਿਡਾਰੀ ਸਨ, ਉਹ ਰੇਡਰ ਅਤੇ ਜਾਫੀ ਦੋਵੇਂ ਤਰ੍ਹਾਂ ਦੀ ਖੇਡ ਵਿਚ ਮੁਹਾਰਤ ਰੱਖਦੇ ਸਨ ਪਰੰਤੂ ਰੇਲਵੇ ਦੀ ਨੌਕਰੀ ਕਰਕੇ ਉਹ ਕਬੱਡੀ ਨੂੰ ਵਕਤ ਨਹੀਂ ਦੇ ਸਕੇ। 1993 ਵਿਚ ਉਹ ਆਪਣੇ ਪੁੱਤਰ ਸ. ਮੱਖਣ ਸਿੰਘ ਬੈਂਸ ਕੋਲ ਅਮਰੀਕਾ ਆ ਗਏ। ਜੇਕਰ ਸ. ਮੱਖਣ ਸਿੰਘ ਦੀ ਗੱਲ ਕਰੀਏ ਤਾਂ ਅਮਰੀਕਾ ਵਿਚ ਵੱਸਦਾ ਹਰ ਪੰਜਾਬੀ ਜਾਣਦਾ ਹੈ ਕਿ ਉਹ ਨਿਮਰਤਾ, ਸਾਦਗੀ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਹਨ ਅਤੇ ਅਜਿਹੇ ਸੰਸਕਾਰ ਉਨ੍ਹਾਂ ਨੂੰ ਵਿਰਾਸਤ ਵਿਚੋਂ ਮਿਲੇ ਹਨ।

ਜਿਹੜੇ ਇਨਸਾਨ ਸ. ਮੇਜਰ ਸਿੰਘ ਬੈਂਸ ਨੂੰ ਮਿਲੇ ਸਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਬਾਪੂ ਜੀ ਸਾਦਗੀ ਅਤੇ ਪਿਆਰ ਦੀ ਮੂਰਤ ਸਨ ਅਤੇ ਇਸੇ ਸਾਦਗੀ ਨਾਲ ਉਹ ਆਪਣੀ ਜ਼ਿੰਦਗੀ ਜਿਉਂ ਕਿ ਅਮਿੱਟ ਪੈੜਾਂ ਛੱਡ ਗਏ। ਬੇਸ਼ੱਕ ਪਿਛਲੇ ਕੁਝ ਸਮੇਂ ਤੋਂ ਸ. ਬੈਂਸ ਬਿਮਾਰ ਸਨ ਪਰ ਉਨ੍ਹਾਂ ਦੇ ਚਿਹਰੇ ਦਾ ਨੂਰ ਅਤੇ ਮੁਸਕਾਨ ਬਰਕਰਾਰ ਰਹੀ। ਇਹ ਸਭ ਕਿਸੇ ਪਾਕਿ ਰੂਹ ਦੀ ਨਿਸ਼ਾਨੀ ਹੈ ਅਤੇ ਅਜਿਹੀਆਂ ਰੂਹਾਂ ਵਾਹਿਗੁਰੂ ਦੇ ਬਹੁਤ ਨੇੜੇ ਹੁੰਦੀਆਂ ਹਨ। ਹਰੇਕ ਇਨਸਾਨ ਦੀ ਇੱਛਾ ਹੁੰਦੀ ਹੈ ਕਿ ਉਸ ਨੂੰ ਸੁਖਾਵੀਂ ਮੌਤ ਆਵੇ ਅਤੇ ਉਹ ਇਸ ਸੰਸਾਰ ਤੋਂ ਖੁਸ਼ੀ ਖੁਸ਼ੀ ਜਾਵੇ ਇਸੇ ਤਰ੍ਹਾ ਸ. ਮੇਜਰ ਸਿੰਘ ਬੈਂਸ ਨੇ ਆਪਣੇ ਸਾਰੇ ਪਰਿਵਾਰ ਨੂੰ ਪਿਆਰ ਅਤੇ ਬਹੁਤ ਸਾਰਾ ਅਸ਼ੀਰਵਾਦ ਦਿੰਦੇ ਹੋਏ ਆਪਣੇ ਪੁੱਤਰ ਸ. ਮੱਖਣ ਸਿੰਘ ਬੈਂਸ ਦੇ ਹੱਥੋਂ ਪਾਣੀ ਦਾ ਘੁੱਟ ਲੈ ਕੇ ਸੁਖਾਵੀਂ ਮੌਤ ਕਬੂਲ ਕਰ ਲਈ।

ਜਾਣ ਵਾਲਿਆਂ ਦੀਆਂ ਸਿਰਫ ਯਾਦਾਂ ਰਹਿ ਜਾਂਦੀਆਂ ਨੇ ਅਤੇ ਜਾਣ ਵਾਲੇ ਜਦੋਂ ਸਾਰਿਆਂ ਲਈ ਇਕ ਉਦਾਹਰਨ ਬਣ ਜਾਣ ਤਾਂ ਉਨ੍ਹਾਂ ਦੀ ਯਾਦ ਹੋਰ ਵੀ ਸਤਾਉਣ ਲੱਗ ਜਾਂਦੀ ਹੈ। ਸ. ਮੇਜਰ ਸਿੰਘ ਬੈਂਸ ਆਪਣੇ ਪਿੱਛੇ ਸੁਪਤਨੀ ਬੀਬੀ ਚਰਨ ਕੌਰ ਬੈਂਸ, ਸਪੁੱਤਰ ਮੱਖਣ ਸਿੰਘ ਬੈਂਸ, ਧੀ ਸੁਖਵਿੰਦਰ ਕੌਰ ਧਾਲੀਵਾਲ (ਇੰਗਲੈਂਡ ਨਿਵਾਸੀ) ਨੂੰ ਛੱਡ ਗਏ ਹਨ। ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ। ਅਜਿਹੀਆਂ ਸ਼ਖ਼ਸੀਅਤਾਂ ਦੀਆਂ ਪੈੜਾਂ ਸਮਾਜ ਨੂੰ ਚੰਗੀਆਂ ਲੀਹਾਂ ਪ੍ਰਦਾਨ ਕਰਨ, ਅਜਿਹੀ ਨਿਮਰਤਾ ਅਤੇ ਸਾਦਗੀ ਦੀ ਮੂਰਤ ਦਾ ਪਰਛਾਵਾਂ ਸਾਰਿਆਂ 'ਤੇ ਪਵੇ, ਇਹੋ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਬੇ ਏਰੀਆ ਦੇ ਸਮੁੱਚੇ ਸਪੋਰਟਸ ਕਲੱਬਾਂ ਨੇ ਸ. ਮੱਖਣ ਸਿੰਘ ਬੈਂਸ ਨਾਲ ਦੁੱਖ ਦਾ ਇਜ਼ਹਾਰ ਕੀਤਾ। ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।

# ਫ਼ਿਲਮ ਤੇ ਟੈਲੀਵਿਜ਼ਨ ਆਰਟਿਸਟ ਐਸੋਸੀਏਸ਼ਨ ਦਾ ਇਜਲਾਸ

## ਨਵੀਂ ਕਮੇਟੀ ਦੀ ਚੋਣ 'ਚ ਕਰਮਜੀਤ ਅਨਮੋਲ ਬਣੇ ਸੰਸਥਾ ਦੇ ਨਵੇਂ ਪ੍ਰਧਾਨ

**ਮੋਹਾਲੀ:** ਪੰਜਾਬੀ ਫ਼ਿਲਮ ਤੇ ਟੈਲੀਵਿਜ਼ਨ ਆਰਟਿਸਟ ਐਸੋਸੀਏਸ਼ਨ ਦਾ ਇਕ ਰੋਜ਼ਾ ਆਮ ਇਜਲਾਸ ਰਤਨ ਕਾਲਜ ਸੋਹਾਣਾ ਵਿਖੇ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਫ਼ਿਲਮ ਜਗਤ ਨਾਲ ਜੁੜੀਆਂ ਵੱਡੀ ਗਿਣਤੀ ਹਸਤੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਸਥਾ ਨਾਲ ਜੁੜੇ ਕਲਾਕਾਰਾਂ ਤੋਂ ਇਲਾਵਾ ਵੱਡੀ ਗਿਣਤੀ ਨਵੇਂ ਕਲਾਕਾਰ ਵੀ ਸ਼ਾਮਲ ਹੋਏ।





ਇਜਲਾਸ ਦੇ ਪਹਿਲੇ ਸੈਸ਼ਨ ਦੌਰਾਨ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਬੀਤੇ ਦਿਨੀਂ ਕਲਾ ਖ਼ੇਤਰ ਨਾਲ ਜੁੜੀਆਂ ਵੱਖ-ਵੱਖ ਹਸਤੀਆਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਮੌਨ ਰੱਖ ਕੇ ਕਲਾਕਾਰ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਤੇ ਕਾਮੇਡੀਅਨ ਸੁਰਿੰਦਰ ਸ਼ਰਮਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੰਸਥਾ ਦੇ ਜਨਰਲ ਸਕੱਤਰ ਮਲਕੀਤ ਰੌਣੀ ਨੇ ਕਿਹਾ ਕਿ ਇਹ ਪ੍ਰੋਗਰਾਮ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਨਾ.ਲ ਨਜਿੱਠਣ ਅਤੇ ਸੰਸਥਾ ਨੂੰ ਹੋਰ ਮਜ਼ਬੂਤ ਕਰਨ ਦੀ ਵਿਉਂਤਬੰਦੀ ਕਰਨ ਲਈ ਕਰਵਾਇਆ ਗਿਆ ਹੈ। ਵਿਦੇਸ਼ਾਂ ਤਕ ਆਪਣੀ ਧਾਕ ਜਮਾਉਣ ਵਾਲੇ ਕਲਾਕਾਰ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਅਤੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਕਲਾਕਾਰਾਂ ਦੇ ਦਸਤਖਤਾਂ ਵਾਲਾ ਲਿਖਤੀ ਮੰਗ ਪੱਤਰ ਦੇਣ ਦਾ ਫੈਸਲਾ ਵੀ ਲਿਆ ਗਿਆ। ਮਲਕੀਤ ਰੌਣੀ ਨੇ ਕਿਹਾ ਕਿ ਸਾਰਾ ਕਲਾਕਾਰ ਭਾਈਚਾਰਾ ਸਿੱਧੂ ਦੇ ਪਰਿਵਾਰ ਨਾਲ ਖੜ੍ਹਾ ਹੈ ਤੇ ਸੰਸਥਾ ਇਸ ਤੋਂ ਪਹਿਲਾਂ ਵੀ ਇਸ ਮਸਲੇ 'ਤੇ ਪੰਜਾਬ ਸਰਕਾਰ ਨੂੰ ਮਿਲ ਚੁੱਕੀ ਹੈ ਤੇ ਹੁਣ ਦੁਬਾਰਾ ਮਿਲਿਆ ਜਾਵੇਗਾ।

ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਘੁੱਗੀ ਨੇ ਇਨ੍ਹਾਂ ਘਟਨਾਵਾਂ 'ਤੇ ਦੁੱਖ ਜਤਾਇਆ ਤੇ ਕਿਹਾ ਕਿ ਪਹਿਲਾਂ ਵੀ ਕੁਝ ਕਲਾਕਾਰਾਂ 'ਤੇ ਹਮਲੇ ਹੋਏ ਸੀ ਪਰ ਉਸ ਵੇਲੇ ਫ਼ਿਲਮ ਇੰਡਸਟਰੀ ਨੇ ਗੰਭੀਰਤਾ ਨਹੀਂ ਦਿਖਾਈ। ਜੇਕਰ ਅਸੀਂ ਪਹਿਲਾਂ ਹੀ ਕੋਈ ਠੋਸ ਕਦਮ ਚੁੱਕਿਆ ਹੁੰਦਾ ਤਾਂ ਅੱਜ ਸਾਨੂੰ ਸਿੱਧੂ ਮੂਸੇਵਾਲਾ ਨੂੰ ਨਾ ਗਵਾਉਣਾ ਪੈਂਦਾ। ਉਨ੍ਹਾਂ ਕਿਹਾ ਕਿ ਇਕਜੁੱਟ ਹੋ ਕੇ ਹੀ ਇਹ ਲੜਾਈ ਲੜ ਸਕਦੇ ਹਾਂ। ਉਨ੍ਹਾਂ ਨੇ ਪ੍ਰੋਗਰਾਮ ਵਿਚ ਕਲਾਕਾਰਾਂ ਦੀ ਘੱਟ ਹਾਜ਼ਰੀ 'ਤੇ ਵੀ ਨਿਰਾਸ਼ਾ ਪ੍ਰਗਟ ਕੀਤੀ ਤੇ ਕਲਾਕਾਰ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਹ ਲੜਾਈ ਇਕੱਲਿਆਂ ਨਹੀਂ ਲੜੀ ਜਾਣੀ ਇਸ ਲਈ ਸਾਰਿਆਂ ਨੂੰ ਇਕੱਠੇ ਹੋਣ ਦੀ ਜ਼ਰੂਰਤ ਹੈ। ਪੱਤਰਕਾਰ ਦੀਪਕ ਚਨਾਰਥਲ ਨੇ ਪੰਜਾਬੀ ਭਾਸ਼ਾ ਨੂੰ ਬਚਾਉਣ, ਪੰਜਾਬੀ ਫਿਲਮਾਂ/ ਨਾਟਕਾਂ ਰਾਹੀਂ ਸੁਨੇਹਾ ਭਰਪੂਰ ਤੇ ਉਸਾਰੂ ਸੋਚ ਅਪਣਾਉਣ ਦਾ ਸੱਦਾ ਦਿੱਤਾ ਅਤੇ ਹਰ ਹਫ਼ਤੇ ਇਕੋ ਦਿਨ 'ਚ ਕਈ ਪੰਜਾਬੀ ਫਿਲਮਾਂ ਦੇ ਰਿਲੀਜ਼ ਹੋਣ ਨੂੰ ਅਸ਼ੁੱਭ ਮੰਨਦਿਆਂ ਇਸ ਸਬੰਧੀ ਠੋਸ ਕਦਮ ਚੁੱਕਣ ਦੀ ਗੁਜ਼ਾਰਿਸ਼ ਕੀਤੀ। ਫ਼ਿਲਮ ਲੇਖਕ ਜੱਸ ਗਰੇਵਾਲ, ਗੁਰਪ੍ਰੀਤ ਕੌਰ ਭੰਗੂ ਤੇ ਸਵਰਾਜ ਸੰਧੂ ਨੇ ਵੀ ਬੁਲਾਰਿਆਂ ਦੇ ਸੁਝਾਵਾਂ 'ਤੇ ਸਹਿਮਤੀ ਪ੍ਰਗਟ ਕੀਤੀ।


ਇਜਲਾਸ ਦੇ ਦੂਜੇ ਸੈਸ਼ਨ ਵਿਚ ਸੰਸਥਾ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕਰਨ ਤੇ ਸਾਲ 2008 'ਚ ਹੋਏ ਗਠਨ ਸਬੰਧੀ ਵਿਚਾਰ ਵਟਾਂਦਰਾ ਕੀਤਾ। ਮੈਡਮ ਨਿਰਮਲ ਰਿਸ਼ੀ ਨੇ ਕਿਹਾ ਕਿ ਸਾਨੂੰ ਮਿਲ ਕੇ ਸੰਸਥਾ ਨੂੰ ਹਰ ਸੰਭਵ ਸਹਾਇਤਾ ਦਿੰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਫ਼ਿਲਮ ਪ੍ਰੋਡਿਊਸਰਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦਾ ਬਣਦਾ ਮਿਹਨਤਾਨਾ ਸਮੇਂ ਸਿਰ ਦੇ ਦਿੱਤਾ ਜਾਵੇ। ਉੱਘੇ ਕਲਾਕਾਰ ਸਰਦਾਰ ਸੋਹੀ ਤੇ ਜਗਤਾਰ ਬੈਨੀਪਾਲ ਨੇ ਵੀ ਵਿਚਾਰ ਪੇਸ਼ ਕੀਤੇ। ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਘੁੱਗੀ ਨੇ ਨਵੇਂ ਮੈਂਬਰਾਂ ਦੀ ਕਮੇਟੀ ਦੀ ਅਨਾਊਂਸਮੈਂਟ ਕਰਦਿਆਂ ਸਾਰਿਆਂ ਦੀ ਸਹਿਮਤੀ ਨਾ.ਲ ਅਦਾਕਾਰ ਕਰਮਜੀਤ ਅਨਮੋਲ ਨੂੰ ਸੰਸਥਾ ਦਾ ਨਵਾਂ ਪ੍ਰਧਾਨ ਐਲਾਨਿਆ, ਜਿਸ ਦਾ ਹਾਜ਼ਰ ਵਿਅਕਤੀਆਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਹੋਰਨਾਂ ਕਮੇਟੀ ਮੈਂਬਰਾਂ 'ਚ ਕਮੇਟੀ ਹੈੱਡ ਗੁਰਪ੍ਰੀਤ ਘੁੱਗੀ, ਸੀਨੀਅਰ ਵਾਈਸ ਪ੍ਰਧਾਨ ਸਵਿੰਦਰ ਮਾਹਲ, ਵਾਈਸ ਪ੍ਰਧਾਨ ਦੇਵ ਖਰੋੜ, ਖਜ਼ਾਨਚੀ ਵੀ ਵੀ ਵਰਮਾ, ਸੈਕਟਰੀ ਮਲਕੀਤ ਰੌਣੀ, ਰੁਪਿੰਦਰ ਰੂਪੀ, ਗਾਇਕ ਤਰਸੇਮ ਜੱਸੜ, ਰਣਜੀਤ ਬਾਵਾ, ਰੌਸ਼ਨ ਪ੍ਰਿੰਸ, ਬੱਬਲ ਰਾਏ, ਪ੍ਰਿੰਸ ਕੰਵਲਜੀਤ, ਰਾਜ ਧਾਲੀਵਾਲ, ਨੀਸ਼ਾ ਬਾਨੋ, ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ, ਪਰਮਜੀਤ ਭੰਗੂ, ਪਰਮਵੀਰ ਸਿੰਘ, ਡਾ. ਰਣਜੀਤ ਸ਼ਰਮਾ, ਨਿਰਮਲ ਰਿਸ਼ੀ, ਸਰਦਾਰ ਸੋਹੀ, ਸੁਨੀਤਾ ਧੀਰ, ਜਸਵਿੰਦਰ ਭੱਲਾ, ਪੰਮੀ ਬਾਈ, ਸਵੀਤਾ ਭੱਟੀ, ਸਵਰਾਜ ਸੰਧੂ, ਬਲਕਾਰ ਸਿੱਧੂ ਆਦਿ ਨੂੰ ਚੁਣਿਆ ਗਿਆ ਤੇ ਬਾਕੀ ਕਮੇਟੀ ਦੇ ਮੈਂਬਰ ਪਹਿਲਾਂ ਵਾਲੇ ਹੀ ਰਹਿਣਗੇ।

ਇਸ ਮੌਕੇ ਸਾਰੀ ਕਮੇਟੀ ਨੂੰ ਸਟੇਜ 'ਤੇ ਬੁਲਾ ਕੇ ਸਨਮਾਨਿਤ ਕੀਤਾ ਗਿਆ। ਨਵੇਂ ਪ੍ਰਧਾਨ ਕਰਮਜੀਤ ਅਨਮੋਲ ਨੇ ਕਿਹਾ ਕਿ ਉਹ ਸੰਸਥਾ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਉਸ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ। ਉਹ ਸੰਸਥਾ ਦੀ ਮਜ਼ਬੂਤੀ ਲਈ ਸਾਰਿਆਂ ਨੂੰ ਨਾ.ਲ ਲੈ ਕੇ ਚੱਲਣਗੇ। ਸਾਰੇ ਕਲਾਕਾਰਾਂ ਨੇ ਯਾਦਗਾਰੀ ਤਸਵੀਰ ਵੀ ਕਰਵਾਈ। ***-ਰਿਪੋਰਟ: ਹਰਜਿੰਦਰ ਸਿੰਘ ਜਵੰਦਾ, ਜੌਹਰੀ ਮਿੱਤਲ***

# ਸਿਮਰਨਜੀਤ ਸਿੰਘ ਮਾਨ ਨੇ ਸੰਸਦ ਮੈਂਬਰ ਵਜੋਂ ਹਲਫ ਲਿਆ

**ਨਵੀਂ ਦਿੱਲੀ:** ਸੰਗਰੂਰ ਤੋਂ ਸੰਸਦ ਮੈਂਬਰ ਅਤੇ ਖਾਲਿਸਤਾਨ ਪੱਖੀ ਆਗੂ ਸਿਮਰਨਜੀਤ ਸਿੰਘ ਮਾਨ ਨੇ ਅਹੁਦੇ ਦੀ ਸਹੁੰ ਚੁੱਕਦੇ ਹੋਏ ਸੰਵਿਧਾਨ ਵਿਚ ਵਿਸ਼ਵਾਸ ਜਤਾਇਆ ਹੈ। ਸ. ਮਾਨ ਨੇ ਸਪੀਕਰ ਓਮ ਬਿਰਲਾ ਨਾਲ ਉਨ੍ਹਾਂ ਦੇ ਚੈਂਬਰ ਵਿਚ ਮੁਲਾਕਾਤ ਕੀਤੀ ਅਤੇ ਸਪੀਕਰ ਦੇ ਦਫਤਰ ਵਿਚ ਸਹੁੰ ਚੁੱਕੀ। ਪੰਜਾਬੀ ਵਿਚ ਸਹੁੰ ਚੁੱਕਦਿਆਂ ਮਾਨ ਨੇ ਕਿਹਾ, "ਮੈਂ ਭਾਰਤੀ ਸੰਵਿਧਾਨ ਵਿਚ ਵਿਸ਼ਵਾਸ ਦੀ ਪੁਸ਼ਟੀ ਕਰਦਾ ਹਾਂ।" ਮਾਨ ਨੇ ਸੰਗਰੂਰ ਦੀ ਬਿਹਤਰੀ ਲਈ ਕੰਮ ਕਰਨ ਦਾ ਵਾਅਦਾ ਵੀ ਕੀਤਾ। ਸੰਸਦ ਮੈਂਬਰ ਮਾਨ ਜਿਹੜੇ ਕਿ ਹਰ ਸਮੇਂ ਕਿਰਪਾਨ ਆਪਣੇ ਕੋਲ ਰੱਖਦੇ ਹਨ ਅਤੇ ਜਿਸ ਨੂੰ ਉਹ ਪਹਿਲਾਂ ਪਾਰਲੀਮੈਂਟ ਵਿਚ ਲੈ ਕੇ ਜਾਣ ਲਈ ਕਹਿੰਦੇ ਸਨ, ਇਸ ਵਾਰ ਉਨ੍ਹਾਂ ਕੋਲ ਨਹੀਂ ਸੀ। ਤਿੰਨ ਵਾਰ ਸੰਸਦ ਮੈਂਬਰ ਰਹੇ ਮਾਨ ਨੇ 1999 ਵਿਚ ਵੀ ਸੰਗਰੂਰ ਦੀ ਨੁਮਾਇੰਦਗੀ ਕੀਤੀ ਸੀ।



Madan Khatri
NMLS #1980752

No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans
Prism Lending Inc. NMLS # 1587080
830 E Higgins road, Schaumburg, IL 60173
CA, FL, IA, IL, IN, NC, TX, WI Licensee

Want to Buy/Sell Home or RE Investments
PropertyZoom Inc.
1204 Nichols Creek Road, Durham NC 27703
Berkshire Hathaway HomeServices AH
1010 Rohlwing Road, Elk Grove Village, IL 60007
Call Now 919-307-7577 or 847-530-1550
16 Years of Experience, over 500 transactions
One of Top 10 Producers at the office for Several Years

LAW OFFICES OF VIVEK MALIK
Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿੰਜਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੁਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

# ਮੂਸੇਵਾਲਾ ਕਤਲ ਪਿੱਛੋਂ ਪੰਜਾਬ ਵਿਚ ਗੈਂਗਸਟਰਾਂ ਦੀ ਸ਼ਾਮਤ ਆਈ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਤੋਂ ਬਾਅਦ ਪੰਜਾਬ ਵਿਚ ਗੈਂਗਸਟਰਾਂ ਦੀ ਸ਼ਾਮਤ ਆਈ ਹੋਈ ਹੈ। ਇਸ ਕਤਲ ਤੋਂ ਬਾਅਦ ਪੰਜਾਬ ਪੁਲਿਸ ਹੁਣ ਤੱਕ 3 ਦਰਜਨ ਤੋਂ ਵੱਧ ਗੈਂਗਸਟਰਾਂ ਨੂੰ ਕਾਬੂ ਕਰ ਚੁੱਕੀ ਹੈ। ਇਨ੍ਹਾਂ ਵਿਚੋਂ ਕਈਆਂ ਦੇ ਸਿੱਧੇ ਜਾਂ ਅਸਿੱਧੇ ਤੌਰ ਉਤੇ ਮੂਸੇਵਾਲਾ ਕਤਲ ਮਾਮਲੇ ਵਿਚ ਹੱਥ ਹਨ।



ਇਸ ਮਾਮਲੇ ਵਿਚ ਦਿੱਲੀ ਪੁਲਿਸ ਵੀ ਪੰਜਾਬ ਪੁਲਿਸ ਦਾ ਖੁੱਲ੍ਹ ਕੇ ਸਾਥ ਦੇ ਰਹੀ ਹੈ। ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਕਾਰਨਾਂ ਅਤੇ ਦੋਸ਼ੀਆਂ ਦਾ ਪਰਦਾਫਾਸ਼ ਕਰਨ ਲਈ ਦਿੱਲੀ ਪੁਲਿਸ ਦੇ ਵਿਸ਼ੇਸ਼ ਅਪਰੇਸ਼ਨ ਸੈੱਲ ਦੀ ਅਗਵਾਈ ਹੇਠ ਕਰੀਬ 400 ਅਤੇ ਪੰਜਾਬ ਪੁਲਿਸ ਦੇ 200 ਮੁਲਾਜ਼ਮਾਂ ਨੇ ਦਿਨ-ਰਾਤ ਇਕ ਕਰ ਦਿੱਤਾ। ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਸੈਂਕੜੇ ਪੁਲਿਸ ਕਰਮੀ ਵੀ ਉਨ੍ਹਾਂ ਦੀ ਸਹਾਇਤਾ ਕਰ ਰਹੇ ਸਨ। ਮਸ਼ਕੂਕਾਂ ਦੀ ਪੈੜ ਨੱਪਣ ਲਈ ਲੱਖਾਂ ਫੋਨਾਂ ਦੇ ਡੇਟਾ ਨੂੰ ਖੰਗਾਲਿਆ ਗਿਆ ਅਤੇ ਇੰਟਰਨੈੱਟ ਜਾਂ ਸੀ.ਸੀ.ਟੀ.ਵੀ. ਰਾਹੀਂ ਸ਼ੂਟਰਾਂ ਦੀ ਪਛਾਣ ਕੀਤੀ ਗਈ।

ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਹਰਵਿੰਦਰ ਰਿੰਦਾ ਨਾਲ ਸਬੰਧਤ ਅੰਤਰਰਾਜੀ ਗਰੋਹ ਦਾ ਪਰਦਾਫਾਸ਼ ਕਰਨ ਦੇ ਥੋੜ੍ਹੇ ਦਿਨਾਂ ਬਾਅਦ ਪੰਜਾਬ ਪੁਲਿਸ ਵੱਲੋਂ ਇਸ ਗਰੋਹ ਦੇ 9 ਸ਼ਾਰਪ ਸ਼ੂਟਰਾਂ ਸਮੇਤ 13 ਹੋਰ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਲੰਧਰ ਦਿਹਾਤੀ ਪੁਲਿਸ ਨੇ ਵਿਸ਼ੇਸ਼ ਟੀਮਾਂ ਦੀ ਅਗਵਾਈ ਵਿਚ 2 ਹਫਤਿਆਂ ਤੱਕ ਚੱਲੇ ਆਪ੍ਰੇਸ਼ਨ ਉਪਰੰਤ ਇਨ੍ਹਾਂ ਮੁਲਜ਼ਮਾਂ ਨੂੰ ਕਾਬੂ ਕੀਤਾ। ਫੜੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਤੋਂ ਅਵਤਾਰ ਉਰਫ ਮੰਗਲ, ਜੋਬਨਪ੍ਰੀਤ, ਅਕਾਸ਼ਦੀਪ, ਹਰਪ੍ਰੀਤ ਉਰਫ ਕਾਕਾ, ਅਰਸ਼ਦੀਪ, ਲਵਜੀਤ ਅਤੇ ਰੇਸ਼ਮ ਉਰਫ ਬਾਓ, ਫਿਰੋਜ਼ਪੁਰ ਤੋਂ ਗੁਰਪ੍ਰੀਤ ਉਰਫ ਘੁਮਾ ਸ਼ੂਟਰ, ਬੌਬੀ ਉਰਫ ਬਾਬਾ ਅਤੇ ਸੋਨੂੰ ਉਰਫ ਪੂਲਾ, ਜਲੰਧਰ ਤੋਂ ਗੁਰਪ੍ਰੀਤ ਉਰਫ ਗੋਪੀ ਅਤੇ ਹਰਮਨ ਕਲਸੀ, ਕਪੂਰਥਲਾ ਤੋਂ ਬਲਵਿੰਦਰ ਉਰਫ ਬਿੱਲਾ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿਚੋਂ 13 ਆਧੁਨਿਕ ਹਥਿਆਰ ਅਤੇ 18 ਕਾਰਤੂਸ ਵੀ ਬਰਾਮਦ ਕੀਤੇ ਹਨ।

ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੁਲਿਸ ਨੇ ਛੇ ਸ਼ੂਟਰਾਂ ਦੀ ਸ਼ਨਾਖਤ ਕੀਤੀ ਹੈ। ਇਸ ਕਤਲ ਵਿਚ ਸ਼ੂਟਰਾਂ ਦੇ ਦੋ ਧੜੇ ਸ਼ਾਮਲ ਸਨ। ਪ੍ਰਿਆਵਰਤ ਫੌਜੀ ਦੀ ਅਗਵਾਈ ਵਾਲੇ ਹਰਿਆਣਾ ਧੜੇ ਵਿਚ ਕਸ਼ਿਸ਼ ਉਰਫ ਕੁਲਦੀਪ, ਅੰਕਿਤ ਸੇਰਸਾ ਅਤੇ ਦੀਪਕ ਉਰਫ ਮੁੰਡੀ ਸ਼ਾਮਲ ਸਨ, ਜਦੋਂ ਮਨਪ੍ਰੀਤ ਸਿੰਘ ਮੰਨੂ ਅਤੇ ਜਗਰੂਪ ਸਿੰਘ ਰੂਪਾ ਪੰਜਾਬ ਧੜੇ ਦਾ ਹਿੱਸਾ ਹਨ। ਜ਼ਿਕਰਯੋਗ ਹੈ ਕਿ ਮਾਨਸਾ ਪੁਲਿਸ ਨੂੰ ਇਸ ਵੇਲੇ ਸਭ ਤੋਂ ਵੱਧ ਲੋੜ ਕਾਤਲਾਂ ਵੱਲੋਂ ਵਰਤੇ ਗਏ ਹਥਿਆਰਾਂ ਦੀ ਹੈ, ਜਿਸ ਨੂੰ ਲੱਭਣ ਲਈ ਦਿੱਲੀ ਅਤੇ ਪੰਜਾਬ ਪੁਲਿਸ ਲਗਾਤਾਰ ਕੋਸ਼ਿਸ਼ ਵਿਚ ਹੈ। ਪੁਲਿਸ ਜਾਂਚ ਅਤੇ ਮੁਲਜ਼ਮਾਂ ਵੱਲੋਂ ਸੋਸ਼ਲ ਮੀਡੀਆ 'ਤੇ ਕੀਤੇ ਗਏ ਦਾਅਵਿਆਂ ਦੀਆਂ ਤੰਦਾਂ ਜੋੜਦਿਆਂ ਪੰਜਾਬ ਤੇ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਤਿਹਾੜ ਜੇਲ੍ਹ 'ਚੋਂ ਹੀ ਮੂਸੇਵਾਲਾ ਨੂੰ ਮਾਰਨ ਦਾ ਫਰਮਾਨ ਦਿੱਤਾ ਸੀ। ਚਾਰ ਲੋੜੀਂਦੇ ਗੈਂਗਸਟਰਾਂ ਕੈਨੇਡਾ ਆਧਾਰਿਤ ਗੋਲਡੀ ਬਰਾੜ, ਸਚਿਨ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਨੇ ਪੰਜਾਬੀ ਗਾਇਕ ਨੂੰ ਮਾਰਨ ਦੀ ਯੋਜਨਾ ਘੜੀ ਸੀ। ਉਨ੍ਹਾਂ ਦਾ ਪੰਜਾਬ, ਹਰਿਆਣਾ ਅਤੇ ਦਿੱਲੀ ਦੀਆਂ ਘੱਟੋ ਘੱਟ 10 ਜੇਲ੍ਹਾਂ 'ਚ ਨੈੱਟਵਰਕ ਜੁੜਿਆ ਹੋਇਆ ਸੀ। ਇਕ ਹੋਰ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਦੋ ਸ਼ੂਟਰ ਮੁਹੱਈਆ ਕਰਵਾਏ ਸਨ। ਮੂਸੇਵਾਲਾ ਦੀ ਹੱਤਿਆ ਗੈਂਗਸਟਰਾਂ ਦੀ ਆਪਸੀ ਰੰਜਿਸ਼ ਦਾ ਨਤੀਜਾ ਹੈ। ਬੰਬੀਹਾ ਗੁੱਟ ਦੇ ਲੱਕੀ ਪਟਿਆਲ ਅਤੇ ਭੁੱਪੀ ਰਾਣਾ ਨੇ ਗੋਲਡੀ ਬਰਾੜ ਦੇ ਭਰਾ ਗੁਰਲਾਲ ਬਰਾੜ ਦੀ 11 ਅਕਤੂਬਰ, 2020 'ਚ ਚੰਡੀਗੜ੍ਹ ਦੇ ਇੰਡਸਟਰੀਅਲ ਏਰੀਆ 'ਚ ਹੱਤਿਆ ਕੀਤੀ ਸੀ। ਗੋਲਡੀ ਨੇ ਆਪਣੇ ਭਰਾ ਦੀ ਹੱਤਿਆ ਦਾ ਬਦਲਾ ਲੈਣ ਦਾ ਐਲਾਨ ਕੀਤਾ ਸੀ। ਉਸ ਨੇ ਬਿਸ਼ਨੋਈ ਨਾਲ ਮਿਲ ਕੇ ਬੰਬੀਹਾ ਧੜੇ ਨਾਲ ਜੁੜੇ ਗੁਰਲਾਲ ਪਹਿਲਵਾਨ ਨੂੰ 18 ਫਰਵਰੀ, 2021 'ਚ ਫਰੀਦਕੋਟ ਦੇ ਜੁਬਲੀ ਚੌਕ ਨੇੜੇ ਮਰਵਾ ਕੇ ਭਰਾ ਦੀ ਹੱਤਿਆ ਦਾ ਬਦਲਾ ਲਿਆ ਸੀ। ਇਸ ਮਗਰੋਂ ਬੰਬੀਹਾ ਗਰੁੱਪ ਨੇ 7 ਅਗਸਤ, 2021 'ਚ ਵਿੱਕੀ ਮਿੱਡੂਖੇੜਾ ਨੂੰ ਮੁਹਾਲੀ 'ਚ ਮਰਵਾ ਦਿੱਤਾ। ਬਿਸ਼ਨੋਈ ਗਰੁੱਪ ਨੇ ਮੂਸੇਵਾਲਾ ਨੂੰ ਨਿਸ਼ਾਨਾ ਬਣਾ ਕੇ ਇਸ ਦਾ ਬਦਲਾ ਲਿਆ।

## ਗੈਂਗਸਟਰਾਂ ਤੇ ਨਸ਼ਿਆਂ ਦਾ ਖਾਤਮਾ ਕਰਾਂਗੇ: ਡੀ.ਜੀ.ਪੀ.

**ਅੰਮ੍ਰਿਤਸਰ:** ਸੂਬਾ ਪੁਲਿਸ ਮੁਖੀ ਬਣਨ ਉਪਰੰਤ ਪਹਿਲੀ ਵਾਰ ਗੁਰੂ ਨਗਰੀ ਪੁੱਜੇ ਸ੍ਰੀ ਗੌਰਵ ਯਾਦਵ ਨੇ ਕਿਹਾ ਕਿ ਉਹ ਇਥੇ ਸੂਬੇ ਦੀ ਅਮਨ ਸ਼ਾਂਤੀ ਲਈ ਅਰਦਾਸ ਕਰਨ ਪੁੱਜੇ ਹਨ ਅਤੇ ਸੂਬੇ ਵਿਚੋਂ ਗੈਂਗਸਟਰਵਾਦ ਅਤੇ ਨਸ਼ਿਆਂ ਦਾ ਮੁਕੰਮਲ ਖਾਤਮਾ ਕੀਤਾ ਜਾਵੇਗਾ। ਸ੍ਰੀ ਯਾਦਵ ਨੇ ਕਿਹਾ ਕਿ ਉਨ੍ਹਾਂ ਦੀ ਗੁਰੂ ਨਗਰੀ ਫੇਰੀ ਦਾ ਇਕੋ ਮਕਸਦ ਹੈ ਕਿ ਉਹ ਅਕਾਲ ਪੁਰਖ ਸਨਮੁਖ ਸੂਬੇ ਦੀ ਅਮਨ ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵਿਸ਼ਵ ਦੀ ਬਿਹਤਰੀਨ ਪੁਲਿਸ ਹੈ ਅਤੇ ਇਹ ਪੰਜਾਬੀਆਂ ਲਈ ਅਮਨ ਸ਼ਾਂਤੀ ਨੂੰ ਬਹਾਲ ਰੱਖਣ ਦੇ ਸਮਰੱਥ ਹੈ।

## ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਗੋਲੀਬਾਰੀ

**ਜ਼ੀਰਕਪੁਰ:** ਇਥੋਂ ਦੇ ਬਲਟਾਣਾ ਖੇਤਰ ਵਿਚਲੀ ਫਰਨੀਚਰ ਮਾਰਕਿਟ ਵਿਚ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਗੋਲੀਆਂ ਚੱਲੀਆਂ। ਇਸ ਦੌਰਾਨ ਚਾਰ ਗੈਂਗਸਟਰਾਂ ਵਿਚੋਂ ਇਕ ਗੈਂਗਸਟਰ ਦੇ ਗੋਲੀ ਲੱਗੀ ਜਿਸ ਕਾਰਨ ਉਹ ਜ਼ਖਮੀ ਹੋ ਗਿਆ ਤੇ ਬਾਕੀ ਗੈਂਗਸਟਰਾਂ ਨੇ ਆਤਮ ਸਮਰਪਣ ਕਰ ਦਿੱਤਾ। ਇਹ ਗੈਂਗਸਟਰ ਭੂਪੀ ਰਾਣਾ ਗਰੋਹ ਦੇ ਮੈਂਬਰ ਸਨ ਤੇ ਇਥੇ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਲਗਾਤਾਰ ਹੋਟਲ ਮਾਲਕਾਂ ਅਤੇ ਬਿਲਡਰਾਂ ਕੋਲੋਂ ਫਿਰੌਤੀ ਦੀ ਮੰਗ ਕਰ ਰਹੇ ਸਨ।

## ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦਾ ਦੇਹਾਂਤ

**ਫਤਿਹਗੜ੍ਹ ਚੂੜੀਆਂ:** ਸੀਨੀਅਰ ਅਕਾਲੀ ਆਗੂ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ (79) ਦਾ ਲੰਮੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ ਹੈ।



ਅੰਮ੍ਰਿਤਸਰ ਦੇ ਐਸਕਾਰਟ ਹਸਪਤਾਲ ਵਿਚ ਉਨ੍ਹਾਂ ਆਖਰੀ ਸਾਹ ਲਏ। ਉਹ ਦੋ ਵਾਰ ਕੈਬਨਿਟ ਮੰਤਰੀ ਅਤੇ ਇਕ ਵਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ ਹਨ। ਉਨ੍ਹਾਂ ਸਿਆਸੀ ਸਫਰ ਮਾਰਕੀਟਿੰਗ-ਕਮ-ਪ੍ਰੋਸੈਸਿੰਗ ਕੋਆਪ੍ਰੇਟਿਵ ਸੁਸਾਇਟੀ ਫਤਹਿਗੜ੍ਹ ਚੂੜੀਆਂ ਦੀ ਚੇਅਰਮੈਨੀ ਤੋਂ ਸ਼ੁਰੂ ਕੀਤਾ। 1978 ਤੋਂ 1980 ਦਰਮਿਆਨ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਅਤੇ ਚੇਅਰਮੈਨ ਵੀ ਰਹੇ। ਉਹ 1985 ਵਿਚ ਪਹਿਲੀ ਵਾਰ ਵਿਧਾਇਕ ਬਣੇ ਤੇ ਫਿਰ 1997 ਤੋਂ 2002 ਤੱਕ ਅਕਾਲੀ ਸਰਕਾਰ ਵਿਚ ਗ੍ਰਾਮੀਣ ਵਿਕਾਸ ਅਤੇ ਪੰਚਾਇਤ ਮੰਤਰੀ ਰਹੇ। 2007 ਵਿਚ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਚੁਣਿਆ। ਉਹ 1969 ਤੋਂ 1997 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਰਾਜਨੀਤਕ ਮਸਲਿਆਂ ਸਬੰਧੀ ਕਮੇਟੀ ਦੇ ਮੈਂਬਰ ਰਹੇ ਅਤੇ 2010 ਤੋਂ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ।

# ਪੰਜਾਬ ਸਰਕਾਰ ਵੱਲੋਂ ਕੇਂਦਰ ਅੱਗੇ ਸੂਬੇ ਦੇ ਕਿਸਾਨਾਂ ਦੀ ਬਾਂਹ ਫੜਨ ਦਾ ਤਰਲਾ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬੰਗਲੂਰੂ ਵਿਚ ਸੂਬਾਈ ਖੇਤੀ ਵਜ਼ੀਰਾਂ ਦੀ ਕੌਮੀ ਕਾਨਫਰੰਸ ਦੇ ਦੂਜੇ ਦਿਨ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨਾਲ ਨਿੱਜੀ ਮੁਲਾਕਾਤ ਕਰਕੇ ਪੰਜਾਬ ਦੇ ਖੇਤੀ ਸੰਕਟ ਦੇ ਹੱਲ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕੀਤੀ ਹੈ।



ਉਨ੍ਹਾਂ ਪੰਜਾਬ ਦੇ ਖੇਤੀ ਮਸਲਿਆਂ ਬਾਰੇ ਕੇਂਦਰੀ ਮੰਤਰੀ ਨੂੰ ਮੰਗ ਪੱਤਰ ਵੀ ਸੌਂਪਿਆ। ਪੰਜਾਬ ਸਰਕਾਰ ਨੇ ਆਰਥਿਕ ਪੈਕੇਜ 'ਚ ਕਿਸਾਨੀ ਕਰਜ਼ਾ ਮੁਆਫੀ, ਫਸਲੀ ਵਿਭਿੰਨਤਾ, ਸਰਹੱਦੀ ਕਿਸਾਨਾਂ ਦੇ ਖੇਤੀ ਮਸਲਿਆਂ, ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹਣ ਅਤੇ ਪਾਣੀ ਦੀ ਬੱਚਤ ਨੂੰ ਸ਼ਾਮਲ ਕੀਤਾ ਹੈ। ਖੇਤੀ ਮੰਤਰੀ ਧਾਲੀਵਾਲ ਨੇ ਕੌਮਾਂਤਰੀ ਵਪਾਰ ਨੂੰ ਖੋਲ੍ਹਣ ਦੀ ਮੰਗ ਉਠਾਈ ਅਤੇ ਕਿਹਾ ਕਿ ਮੱਧ ਪੂਰਬ ਤੱਕ ਖੇਤੀਬਾੜੀ ਤੇ ਬਾਗਬਾਨੀ ਉਤਪਾਦਾਂ ਦਾ ਵਪਾਰ ਖੋਲ੍ਹਣ ਨਾਲ ਪੰਜਾਬ ਦੇ ਕਿਸਾਨਾਂ ਦੇ ਸੰਕਟ ਘਟਣਗੇ।

ਉਨ੍ਹਾਂ ਕੇਂਦਰੀ ਮੰਤਰੀ ਨੂੰ ਜਾਣੂ ਕਰਾਇਆ ਕਿ ਪੰਜਾਬ ਦੀ ਛੋਟੀ ਕਿਸਾਨੀ ਕਰਜ਼ੇ ਦੇ ਜਾਲ ਵਿਚ ਫਸੀ ਹੋਈ ਹੈ ਅਤੇ ਕਿਸਾਨਾਂ ਸਿਰ 75 ਹਜ਼ਾਰ ਕਰੋੜ ਦਾ ਕਰਜ਼ਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ, ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਦੀ ਕਿਸਾਨੀ ਦੀਆਂ ਕਮਜ਼ੋਰੀਆਂ ਦੀ ਭਾਲ ਵਿਚ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਸੰਕਟ ਤੋਂ ਕੱਢਣ ਲਈ ਰਾਹਤ ਪੈਕੇਜ ਦਿੱਤਾ ਜਾਵੇ। ਕੰਡਿਆਲੀ ਤਾਰ ਤੋਂ ਪਾਰ 150 ਫੁੱਟ ਚੌੜੀ 425 ਕਿਲੋਮੀਟਰ ਲੰਬੀ ਬੇਟ ਵਿੱਚ 14,000 ਏਕੜ ਵਾਲੇ ਕਿਸਾਨਾਂ ਨੂੰ ਉਨ੍ਹਾਂ ਉਤੇ ਲਗਾਈਆਂ ਪ੍ਰਤੀਕੂਲ ਸ਼ਰਤਾਂ ਅਨੁਸਾਰ ਮੁਆਵਜ਼ਾ ਦੇਣ ਦੀ ਮੰਗ ਵੀ ਉਠਾਈ। ਸਰਹੱਦੀ ਕਿਸਾਨ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਕੰਮ ਕਰ ਸਕਦੇ ਹਨ ਅਤੇ ਤਿੰਨ ਫੁੱਟ ਤੋਂ ਉੱਚੀ ਫਸਲਾਂ ਦੀ ਪੈਦਾਵਾਰ ਨਹੀਂ ਕਰ ਸਕਦੇ, ਇਸ ਲਈ ਉਨ੍ਹਾਂ ਨੂੰ 15000 ਰੁਪਏ ਪ੍ਰਤੀ ਏਕੜ ਸਾਲਾਨਾ ਮੁਆਵਜ਼ਾ ਦਿੱਤਾ ਜਾਵੇ।

ਧਾਲੀਵਾਲ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੇ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਪੈਕੇਜ ਦੀ ਮੰਗ ਕੀਤੀ ਹੈ। ਪੰਜਾਬ ਦੀ ਕਿਸਾਨੀ ਦੀ ਵਿਥਿਆ ਸੁਣਾਉਂਦਿਆਂ ਧਾਲੀਵਾਲ ਨੇ ਕਿਹਾ ਕਿ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਕੇਂਦਰ ਸਰਕਾਰ ਅੱਗੇ ਆਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੇ ਸਮੁੱਚੇ ਦੇਸ਼ ਦੀ ਉਦੋਂ ਬਾਂਹ ਫੜੀ, ਜਦੋਂ ਮੁਲਕ ਵਿਚ ਵੱਡਾ ਅੰਨ ਸੰਕਟ ਸੀ। ਪੰਜਾਬ ਹਰ ਫਰੰਟ 'ਤੇ ਦੇਸ਼ ਲਈ ਅੱਗੇ ਹੋ ਕੇ ਲੜਿਆ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਕਿਸਾਨ ਨੂੰ ਕਰਜ਼ੇ ਦੇ ਬੋਝ ਹੇਠੋਂ ਕੱਢਣ ਦੀ ਲੋੜ ਹੈ। ਧਾਲੀਵਾਲ ਨੇ ਕੇਂਦਰ ਸਰਕਾਰ ਤੋਂ ਕੋਲਡ ਸਟੋਰਾਂ ਲਈ ਵੀ ਇਕ ਹਜ਼ਾਰ ਕਰੋੜ ਦੇ ਪੈਕੇਜ ਦੀ ਮੰਗ ਵੀ ਕੀਤੀ। ਉਨ੍ਹਾਂ ਖੇਤੀ ਵਿਭਿੰਨਤਾ ਬਾਰੇ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਸਹਿਯੋਗ ਤੋਂ ਬਿਨਾਂ ਪੰਜਾਬ ਦੇ ਸੰਕਟ ਨਾਲ ਨਜਿੱਠਣਾ ਸੌਖਾ ਨਹੀਂ ਹੈ।

## ਫਸਲੀ ਵਿਭਿੰਨਤਾ ਲਈ ਢੁਕਵਾਂ ਫੰਡ ਸਥਾਪਤ ਕਰਨ ਦੀ ਮੰਗ

**ਚੰਡੀਗੜ੍ਹ:** ਖੇਤੀ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਵਿਚ ਅੰਨ ਸੰਕਟ ਦੌਰਾਨ ਦੇਸ਼ ਨੂੰ ਕਣਕ ਅਤੇ ਚੌਲ ਦਿੱਤੇ ਹਨ। ਪੰਜਾਬ ਦੀ ਮਿੱਟੀ ਵਿਚੋਂ ਪੌਸ਼ਟਿਕ ਤੱਤ ਖਤਮ ਹੋ ਗਏ ਹਨ ਅਤੇ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ ਤੱਕ ਡਿੱਗ ਚੁੱਕਾ ਹੈ। ਸੂਬੇ ਕੋਲ 15 ਤੋਂ 20 ਸਾਲਾਂ ਵਿਚ ਕੱਢਣ ਲਈ ਪਾਣੀ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਦੇ ਮੱਦੇਨਜ਼ਰ ਭਾਰਤ ਸਰਕਾਰ ਕਿਸਾਨਾਂ ਨੂੰ ਅਗਲੇ ਦਹਾਕੇ ਵਿਚ ਵਿਭਿੰਨਤਾ, ਪਾਣੀ ਦੀ ਸੰਭਾਲ ਅਤੇ ਉੱਚ ਮੁੱਲ ਵਾਲੀਆਂ ਫਸਲਾਂ ਵਿੱਚ ਵਿਭਿੰਨਤਾ ਲਿਆਉਣ ਵਿਚ ਮਦਦ ਕਰਨ ਲਈ ਢੁਕਵਾਂ ਕਾਰਪਸ (ਫੰਡ) ਸਥਾਪਤ ਕਰੇ।

## *ਫਤਹਿ ਕੈਲੀਫੋਰਨੀਆ 'ਤੇ 'ਫਤਹਿ' ਪਾ ਕੇ ਮੈਟਰੋ ਨਿਊ ਯਾਰਕ ਨੇ ਮਾਰੀ ਬਾਜ਼ੀ*

*(ਸਫਾ 8 ਦੀ ਬਾਕੀ)*

ਲਈ ਦੌੜਾਂ ਵੀ ਕਰਵਾਈਆਂ ਗਈਆਂ, ਜਿਸ ਵਿਚ ਹਰਜੀਤ, ਰਣਦੀਪ ਤੇ ਅੰਕਿਤ ਨੇ ਪਹਿਲੇ ਤਿੰਨ ਸਥਾਨ ਹਾਸਲ ਕੀਤੇ। ਸਾਰੇ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤੇ ਗਏ। ਔਰਤਾਂ ਦੀ ਦੌੜ ਵੀ ਕਰਵਾਈ ਗਈ, ਜਿਸ ਵਿਚ ਬੀਬੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

ਉਂਜ ਮੌਸਮ ਕਾਫੀ ਮਿਹਰਬਾਨ ਰਿਹਾ, ਨਾ ਗਰਮੀ ਸੀ ਤੇ ਨਾ ਹੀ ਠੰਢ। ਹਰੇ-ਭਰੇ ਮੈਦਾਨ ਦੇ ਚਾਰੇ ਪਾਸੇ ਹਰੇ, ਨੀਲੇ, ਪੀਲੇ, ਜਾਮਨੀ ਰੰਗ ਦੇ ਝੰਡੇ ਝੂਲ ਰਹੇ ਸਨ, ਜਿਨ੍ਹਾਂ ਵਿਚ ਅਮਰੀਕਨ ਝੰਡਾ ਵੀ ਸੀ। ਮੇਲੀਆਂ ਲਈ ਚਾਹ-ਪਕੌੜੇ, ਸਮੋਸੇ, ਪੀਜ਼ਾ, ਜਲੇਬੀਆਂ, ਕੜ੍ਹੀ-ਚੌਲ, ਛੋਲੇ, ਨਾਨ, ਪਾਣੀ ਦੀਆਂ ਬੋਤਲਾਂ ਤੇ ਗੈਟੋਰੇਡ ਦਾ ਖੁੱਲ੍ਹਾ ਪ੍ਰਬੰਧ ਸੀ, ਸਵਾਦੀ ਖਾਣਾ ਕੇ.ਕੇ.ਪੰਮੇ ਦਾ ਸੀ। ਜਦਕਿ ਵਿਸ਼ੇਸ਼ ਮਹਿਮਾਨਾਂ ਲਈ ਗਰੁਵ ਵਿਚ ਮੱਛੀ ਦੇ ਪਕੌੜੇ ਵੀ ਹਾਜ਼ਰ ਸਨ। ਆਪਣੇ ਤੌਰ 'ਤੇ ਸਟਾਲ ਲਾਏ ਵੈਂਡਰਾਂ ਦੇ ਬਰਫ ਦੇ ਗੋਲੇ ਤੇ ਦੇਸੀ ਕੁਲਫੀ ਦੀ ਵੀ ਕਾਫੀ ਵਿਕਰੀ ਹੋਈ।

ਕਲੱਬ ਦੇ ਸਮੂਹ ਮੈਂਬਰਾਂ ਨੇ ਮੇਲੇ ਨੂੰ ਸਫਲ ਕਰਨ ਲਈ ਦਿਨ ਰਾਤ ਇਕ ਕੀਤਾ ਹੋਇਆ ਸੀ। ਕਲੱਬ ਦੇ ਪ੍ਰਧਾਨ ਬਲਜੀਤ ਟਿਵਾਣਾ ਤੇ ਮੀਤ ਪ੍ਰਧਾਨ ਦੀਪਇੰਦਰ ਸਿੰਘ ਵਿਰਕ ਨੇ ਮੇਲੇ ਦੀ ਕਾਮਯਾਬੀ ਲਈ ਮੇਲੀਆਂ, ਸਪਾਂਸਰਾਂ ਤੇ ਕਬੱਡੀ ਪ੍ਰੋਮੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਤੋਂ ਬਿਨਾ ਇਹ ਮੇਲਾ ਹੋਣਾ ਸੰਭਵ ਨਹੀਂ ਸੀ।

ਮੇਲੇ ਵਿਚ ਰੌਣਕਾਂ ਲੱਗੀਆਂ ਵੇਖ ਕੇ ਕਲੱਬ ਦੇ ਪ੍ਰਧਾਨ ਬਲਜੀਤ ਸਿੰਘ ਟਿਵਾਣਾ ਅਤੇ ਹੋਰ ਕਲੱਬ ਮੈਂਬਰ ਬਾਗੋ ਬਾਗ ਨਜ਼ਰ ਆਏ। ਉਹ ਖਿੜੇ ਮੱਥੇ ਸਭ ਨੂੰ ਜੀ ਆਇਆਂ ਆਖਦੇ ਸਹਿਯੋਗੀਆਂ ਤੇ ਸਪਾਂਸਰਾਂ ਦਾ ਧੰਨਵਾਦ ਕਰ ਰਹੇ ਸਨ। ਸ਼ਿਕਾਗੋ, ਇੰਡੀਆਨਾ, ਵਿਸਕਾਨਸਿਨ, ਮਿਸ਼ੀਗਨ, ਓਹਾਇਓ, ਆਇਓਵਾ, ਡੈਲਸ, ਕੈਲੀਫੋਰਨੀਆ, ਸਿਆਟਲ ਆਦਿ ਤੋਂ ਕਬੱਡੀ ਖੇਡ ਨਾਲ ਜੁੜੀਆਂ ਕਲੱਬਾਂ, ਸ਼ਖਸੀਅਤਾਂ, ਪ੍ਰਬੰਧਕ, ਕਬੱਡੀ ਦੇ ਸ਼ੌਕੀਨ, ਇਸ ਖੇਡ ਮੇਲੇ ਦੀ ਰੌਣਕ ਬਣੇ ਰਹੇ। ਸ਼ਿਕਾਗੋ ਦੀਆਂ ਸਾਰੀਆਂ ਸੰਸਥਾਵਾਂ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਨਵੀਂ ਕਬੱਡੀ ਫੈਡਰੇਸ਼ਨ ਯੂਨਾਇਟਿਡ ਕਬੱਡੀ ਫੈਡਰਸ਼ਨ ਆਫ ਅਮਰੀਕਾ ਦੀ ਵੀ ਘੋਸ਼ਣਾ ਕੀਤੀ ਗਈ।

ਰੰਗਾਰੰਗ ਪ੍ਰੋਗਰਾਮ ਦੇ ਸ਼ੁਰੂ ਵਿਚ ਸਥਾਨਕ ਕਲਾਕਾਰ ਜਗਮੀਤ ਸਿੰਘ ਨੇ ਗੀਤ "ਬਾਰੀ ਖੋਲ੍ਹ ਕੇ ਸੀਟ 'ਤੇ ਬਹਿਜਾ" ਪੇਸ਼ ਕੀਤਾ। ਉਪਰੰਤ ਸੱਤੀ ਪਾਬਲਾ ਚੰਡੀਗੜ੍ਹ ਹੁਣ ਕੈਲੀਫੋਰਨੀਆ ਨੇ "ਤੇਰੇ ਟਿੱਲੇ ਤੋਂ" ਗੀਤ ਤੇ ਬੋਲੀਆਂ ਪੇਸ਼ ਕਰ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਗਾਇਕ ਸਤਵਿੰਦਰ ਸਿੰਘ ਸੱਤੀ ਨੇ "ਗੱਭਰੂ ਪੰਜਾਬ ਦੇ" "ਮੂਲ ਮੁਤੇਗਾ ਮੂਸੇ ਵਾਲਿਆ ਤੇਰੇ ਗੀਤਾਂ ਦਾ, ਸਾਰੇ ਪੰਜਾਬੀ ਮਾਣ ਕਰਨਗੇ ਤੇਰੇ ਗੀਤਾਂ ਦਾ" ਤੇ "ਬਾਪੂ ਤੇਰੇ ਕਰ ਕੇ ਕੋਠੀਆਂ ਕਾਰਾਂ ਵਾਲੇ ਹਾਂ" ਗੀਤ ਪੇਸ਼ ਕੀਤੇ। "ਰਹਿੰਦੇ ਵਿਚ ਅਮਰੀਕਾ, ਨਾਲੇ ਟੱਰਕ ਚਲਾਉਂਦੇ ਹਾਂ" ਨਾਲ ਵਾਹ ਵਾਹ ਖੱਟੀ। ਯਾਰਾਂ ਦੋਸਤਾਂ ਨੂੰ ਸਮਰਪਿਤ ਗੀਤ "ਮੇਰੇ ਯਾਰ ਨੂੰ ਮੰਦਾ ਨਾ ਬੋਲੀਂ ਮੇਰੀ ਭਾਵੇਂ ਜਾਨ ਕੱਢ ਲੈ" ਤੇ ਅੰਤ ਵਿਚ "ਛੋਰਾ ਮੈਂ ਹਰਿਆਣੇ ਦਾ" ਗਾਇਆ।

ਖੁੱਲ੍ਹੇ ਅਖਾੜੇ ਵਿਚ ਅੰਮ੍ਰਿਤ ਮਾਨ ਕੋਟ ਪੈਂਟ ਟਾਈ ਤੇ ਕਾਲੀਆ ਐਨਕਾਂ ਨਾਲ ਤਾੜੀਆਂ ਦੀ ਗੂੰਜ ਵਿਚ ਸਟੇਜ 'ਤੇ ਪਹੁਚਿਆ ਤੇ ਆਉਂਦੇ ਹੀ ਕਿਹਾ ਥਾਪੀ ਤੋਂ ਸ਼ੁਰੂ ਕਰੀਏ,ਇੰਝ ਸਿੱਧੂ ਮੂਸੇਵਾਲਾ ਨੂੰ ਯਾਦ ਕਰਦਿਆਂ ਆਪਣਾ ਪ੍ਰੋਗਰਾਮ ਸ਼ੁਰੂ ਕੀਤਾ।

ਦਰਸ਼ਕਾਂ ਵਿਚ ਕਾਫੀ ਨੌਜਵਾਨਾਂ ਨੇ ਵੀ ਸਿੱਧੂ ਮੂਸੇਵਾਲਾ ਦੀ ਤਸਵੀਰ ਵਾਲੀਆਂ ਟੀ ਸ਼ਰਟਾਂ ਪਾਈਆਂ ਹੋਈਆਂ ਸਨ।

"ਤੇਰੀ ਟੌਹਰ, ਥਾਪੀ ਤੇ ਗਾਣੇ ਹਮੇਸ਼ਾ ਯਾਦ ਰਹਿਣਗੇ"

"ਬੋਲੇ ਨੀ ਬੰਬੀਹਾ ਬੋਲੇ"। ਗੀਤ ਨਾਲ ਨੌਜਵਾਨਾਂ ਨੂੰ ਖੂਬ ਨਚਾਇਆ

"ਮੇਰੀ ਉਮਰ ਤੈਨੂੰ ਲੱਗ ਜਾਏ, ਜਿਉਂਦਾ ਰਹਿ ਬਾਪੂ। ਜਦੋਂ ਗੀਤ ਗਾਇਆ ਤਾਂ ਇਕ ਬਾਪੂ ਨੇ ਸੱਚੀ ਮੁੱਚੀ ਸਟੇਜ 'ਤੇ ਆ ਕੇ ਪੈਰ ਥਿਰਕਾਏ

"ਓਨਾ ਚਿਰ ਪਾਣੀ ਛੱਡੋ, ਇਕ ਤੁਪਕਾ ਨਹੀਂ ਦੇਂਦੇ"

ਸਟੇਜ ਦੇ ਐਨ ਮੂਹਰੇ ਕੁਝ ਨੌਜਵਾਨ ਐਸ. ਵਾਈ. ਐਲ. ਦਾ ਝੰਡਾ ਲਹਿਰਾ ਰਹੇ ਸਨ। ਅੰਮ੍ਰਿਤ ਮਾਨ ਨੇ ਇਸ ਝੰਡੇ ਦੇ ਨਾਂ 'ਤੇ ਦਰਸ਼ਕਾਂ ਕੋਲੋਂ ਤਾੜੀਆਂ ਮਰਵਾਈਆਂ

'ਮੁੰਡੇ ਮਲਵਈ ਨਹੀਂ', ਸੁਣਦੇ ਲੇਡੀ ਗਾਗਾ" ਗੀਤ ਨਾਲ ਮਨੋਰੰਜਨ ਕੀਤਾ।

"ਤੂੰ ਨਹੀਂ ਬੋਲਦੀ ਤੇਰੇ ਵਿਚ ਤੇਰਾ ਯਾਰ ਬੋਲਦਾ" ਬਿੰਦਰਖੀਆ ਦਾ ਗੀਤ ਵੀ ਸੁਣਾਇਆ

ਅੰਤ ਵਿਚ ਬੋਲੀਆਂ "ਕਦੀ ਹੂੰ ਕਰ ਕੇ, ਕਦੀ ਹਾਂ ਕਰ ਕੇ, ਗੇੜਾ ਦੇ ਦੇ ਨੀ ਮੁਟਿਆਰੇ, ਲੰਬੀ ਬਾਂਹ ਕਰ ਕੇ" ਪਾਈਆਂ। ਦਰਸ਼ਕ ਅਖੀਰ ਤੱਕ ਬੈਠੇ ਰਹੇ ਤੇ ਮੇਲੇ ਦਾ ਪੂਰਾ ਆਨੰਦ ਲਿਆ।

***-ਰਿਪੋਰਟ: ਸੁਰਿੰਦਰ ਸਿੰਘ ਭਾਟੀਆ, ਬਿਊਰੋ***

ਪੰਜਾਬ ਟਾਈਮਜ਼

*ਸਨਿਚਰਵਾਰ, 23 ਜੁਲਾਈ 2022*

## ਸਾਡੇ ਨਾਇਕ ਅਤੇ ਸਿਆਸਤ

ਸ਼ਹੀਦ ਭਗਤ ਸਿੰਘ ਬਾਰੇ ਇਕ ਵਾਰ ਫਿਰ ਛਿੜਿਆ ਵਿਵਾਦ ਮੰਦਭਾਗਾ ਹੈ। ਇਹ ਵਿਵਾਦ ਉਸ ਵਕਤ ਛਿੜਿਆ ਜਾਂ ਛੇੜਿਆ ਗਿਆ ਹੈ ਜਦੋਂ ਪੰਜਾਬ ਚਾਰ-ਚੁਫੇਰਿਓਂ ਸੰਕਟ ਵਿਚ ਘਿਰਿਆ ਹੋਇਆ ਹੈ ਅਤੇ ਹਾਲ ਦੀ ਘੜੀ ਕੋਈ ਅਜਿਹੀ ਸਿਆਸੀ ਧਿਰ ਨਜ਼ਰ ਨਹੀਂ ਆ ਰਹੀ ਜੋ ਪੰਜਾਬ ਅਤੇ ਪੰਜਾਬ ਦੇ ਲੋਕਾਂ ਨੂੰ ਸੰਕਟ ਵਿਚੋਂ ਕੱਢਣ ਦਾ ਰਾਹ ਦਿਖਾ ਰਹੀ ਹੋਵੇ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਇਕ ਵਾਰ ਫਿਰ ਕਿਸਾਨਾਂ ਉਤੇ ਹਮਲਾ ਕਰਨ ਦੀ ਤਿਆਰੀ ਵਿੱਢ ਰਹੀ ਹੈ। ਅਜਿਹੇ ਹਾਲਾਤ ਵਿਚ ਭਗਤ ਸਿੰਘ ਬਾਰੇ ਵਿਵਾਦ ਛੇੜਨਾ ਕਿਸੇ ਸੋਚੀ ਸਿਆਸਤ ਤੋਂ ਘੱਟ ਨਹੀਂ ਅਤੇ ਵਿਵਾਦ ਪਿੱਛੇ ਬਿਨਾਂ ਸ਼ੱਕ, ਕੁਝ ਧਿਰਾਂ ਦੇ ਮੁਫਾਦ ਜੁੜੇ ਹੋਏ ਹਨ। ਇਹ ਵਿਵਾਦ ਇਸ ਵਿਚਾਰ ਵਿਚੋਂ ਵੀ ਛਿੜਿਆ ਹੈ ਕਿ ਹੁਣ ਪੰਜਾਬ ਵਿਚ ਸਿੱਖ ਲਹਿਰ ਇਕ ਵਾਰ ਫਿਰ ਉਠ ਰਹੀ ਹੈ। ਹਕੀਕਤ ਇਹ ਹੈ ਕਿ ਕੇਂਦਰ ਸਰਕਾਰ ਆਉਣ ਵਾਲੇ ਸਮੇਂ ਵਿਚ ਕਿਸਾਨ ਅੰਦੋਲਨ ਨੂੰ ਦੱਬਣ ਦੇ ਇਰਾਦੇ ਨਾਲ ਪੰਜਾਬ ਦੇ ਲੋਕਾਂ ਨੂੰ ਵੰਡਣ ਦੇ ਆਹਰ ਵਿਚ ਹੈ। ਕੇਂਦਰ ਸਰਕਾਰ ਦੀ ਕੋਸ਼ਿਸ਼ ਹੈ ਕਿ ਪੰਜਾਬੀਆਂ ਦੀ ਏਕਤਾ ਅਤੇ ਇਕਜੁਟਤਾ ਦਾ ਜਿਹੜਾ ਜਲੌਅ ਕਿਸਾਨ ਅੰਦੋਲਨ ਦੌਰਾਨ ਦੁਨੀਆ ਭਰ ਦੇ ਲੋਕਾਂ ਨੇ ਦੇਖਿਆ ਸੀ, ਉਹ ਵਰਤਾਰਾ ਦੁਬਾਰਾ ਨਾ ਵਾਪਰੇ। ਇਸੇ ਕਰਕੇ ਹੁਣ ਕੁਝ ਅਜਿਹੇ ਮੁੱਦਿਆਂ ਨੂੰ ਜਾਣ-ਬੁੱਝ ਕੇ ਹਵਾ ਦਿੱਤੀ ਜਾ ਰਹੀ ਹੈ ਜੋ ਪੰਜਾਬੀਆਂ ਨੂੰ ਵੰਡਣ ਦੇ ਰਾਹ ਪਾਉਂਦੇ ਹਨ ਅਤੇ ਕੁਝ ਧਿਰਾਂ ਅਚੇਤ-ਸੁਚੇਤ ਕੇਂਦਰ ਸਰਕਾਰ ਦੇ ਇਸ ਮੱਕੜ ਜਾਲ ਵਿਚ ਫਸ ਰਹੀਆਂ ਹਨ। ਮੋਦੀ ਸਰਕਾਰ ਦੀ ਨੀਤੀਆਂ-ਰਣਨੀਤੀਆਂ ਦਾ ਸਭ ਤੋਂ ਵੱਧ ਵਿਰੋਧ ਪੰਜਾਬ ਵਿਚੋਂ ਹੀ ਹੋਇਆ ਹੈ, ਇਸ ਕਰਕੇ ਹੀ ਪੰਜਾਬ ਇਸ ਧਿਰ ਦੇ ਨਿਸ਼ਾਨੇ 'ਤੇ ਹੈ। ਭਾਰਤੀ ਜਨਤਾ ਪਾਰਟੀ ਦੀਆਂ ਇਸ ਖਿੱਤੇ ਦੀਆਂ ਸਰਗਰਮੀਆਂ ਦੱਸਦੀਆਂ ਹਨ ਕਿ ਪੰਜਾਬ ਵਿਚ ਹਰ ਹਾਲ ਆਪਣੀ ਧੌਂਸ ਜਮਾਉਣ ਲਈ ਹੱਥ-ਪੈਰ ਮਾਰ ਰਹੀ ਹੈ।

ਬਿਨਾ ਸ਼ੱਕ, ਇਸੇ ਸਾਲ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਨੂੰ ਮੁਕਾਬਲਤਨ ਵਧੇਰੇ ਵੋਟਾਂ ਮਿਲੀਆਂ ਅਤੇ ਫਿਰ ਸੰਗਰੂਰ ਲੋਕ ਸਭਾ ਹਲਕੇ ਵਾਲੀ ਜ਼ਿਮਨੀ ਚੋਣ ਤਾਂ ਇਸ ਦਲ ਦੇ ਮੁਖੀ ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਵੀ ਗਏ ਪਰ ਹਕੀਕਤ ਇਹ ਹੈ ਕਿ ਵਿਧਾਨ ਸਭਾ ਚੋਣਾਂ ਮੌਕੇ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਆਮ ਆਦਮੀ ਪਾਰਟੀ ਅਤੇ ਕੁਝ ਹੋਰ ਉਮੀਦਵਾਰਾਂ ਨੂੰ ਮਿਥ ਕੇ ਵੋਟਾਂ ਪਾਈਆਂ। ਫਿਰ ਬਾਅਦ ਵਿਚ ਆਮ ਆਦਮੀ ਪਾਰਟੀ ਦੀ 'ਮਾੜੀ' ਕਾਰਗੁਜ਼ਾਰੀ ਦੇ ਮੱਦੇਨਜ਼ਰ ਜ਼ਿਮਨੀ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਨੂੰ ਜਿਤਾ ਕੇ ਹੀ ਸਾਹ ਲਿਆ। ਕੁਝ ਵਿਸ਼ਲੇਸ਼ਣਕਾਰਾਂ ਨੇ ਸਿਮਰਨਜੀਤ ਸਿੰਘ ਮਾਨ ਦੀ ਇਸ ਜਿੱਤ ਨੂੰ ਪੰਜਾਬ ਵਿਚ ਅਕਾਲੀ ਸਿਆਸਤ ਅੰਦਰ ਨਵੀਂ ਸਫਬੰਦੀ ਵੀ ਕਰਾਰ ਦਿੱਤਾ ਹੈ ਪਰ ਸ਼ਹੀਦ ਭਗਤ ਸਿੰਘ ਦੇ ਮਾਮਲੇ ਵਿਚ ਜੋ ਵਿਚਾਰ ਸਿਮਰਨਜੀਤ ਸਿੰਘ ਮਾਨ ਦਾ ਸਾਹਮਣੇ ਆਇਆ ਹੈ, ਉਸ ਤੋਂ ਜਾਪਦਾ ਹੈ ਕਿ ਉਹ ਅਕਾਲੀ ਸਿਆਸਤ ਦਾ ਧੁਰਾ ਬਣਨ ਦਾ ਇਕ ਮੌਕਾ ਹੋਰ ਗੁਆ ਦੇਣਗੇ। ਪਹਿਲਾਂ ਵੀ ਅਜਿਹਾ ਮੌਕਾ ਆਇਆ ਸੀ ਜਦੋਂ ਤਕਰੀਬਨ ਸਾਰੇ ਅਕਾਲੀ ਧੜਿਆਂ ਨੇ ਅਕਾਲੀ ਸਿਆਸਤ ਦੀ ਕਮਾਨ ਉਨ੍ਹਾਂ ਨੂੰ ਸੌਂਪ ਦਿੱਤੀ ਸੀ ਪਰ ਉਹ ਅਕਾਲੀ ਸਿਆਸਤ ਵਿਚ ਕੋਈ ਵੱਢ ਮਾਰਨ ਵਿਚ ਨਾਕਾਮ ਰਹੇ ਅਤੇ ਛੇਤੀ ਹੀ ਆਪਣੀ ਸੀਮਤ ਜਿਹੀ ਸਿਆਸਤ ਵਿਚ ਸਿਮਟ ਗਏ। ਉਨ੍ਹਾਂ ਦੀ ਪਾਰਟੀ ਨੂੰ ਵੋਟ ਸਿਆਸਤ ਅੰਦਰ ਹੁਣ ਜਿਹੜੀ ਹਮਾਇਤ ਮਿਲੀ ਹੈ, ਉਸ ਦੇ ਦੋ ਵੱਡੇ ਕਾਰਨ ਹਨ। ਇਕ ਤਾਂ ਵੋਟਰ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਹਨ ਅਤੇ ਬੇਅਦਬੀ ਵਰਗੇ ਮਾਮਲਿਆਂ 'ਤੇ ਇਨ੍ਹਾਂ ਅਕਾਲੀ ਆਗੂਆਂ ਨੂੰ ਮੁਆਫ ਨਹੀਂ ਕੀਤਾ ਹੈ; ਦੂਜੇ, ਕਿਸਾਨ ਅੰਦੋਲਨ ਦੌਰਾਨ ਆਮ ਲੋਕਾਂ ਵਿਚ ਜਾਗਰੂਕਤਾ ਵਧੀ ਹੈ ਅਤੇ ਲੋਕਾਂ ਨੇ ਵੱਖ-ਵੱਖ ਮੁੱਦਿਆਂ ਉਤੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਸਵਾਲ ਪੁੱਛਣੇ ਸ਼ੁਰੂ ਕੀਤੇ।

ਉਂਞ ਵੀ, ਜਿਸ ਮੁਕਾਮ ਉਤੇ ਅੱਜ ਪੰਜਾਬ ਪਹੁੰਚਿਆ ਹੋਇਆ ਹੈ, ਉਸ ਸੂਰਤ ਵਿਚ ਸ਼ਹੀਦ ਭਗਤ ਸਿੰਘ ਨੂੰ ਨਿੰਦਣ ਦੀ ਨਹੀਂ ਸਗੋਂ ਉਸ ਦੀ ਸਿਆਸਤ ਨੂੰ ਆਧਾਰ ਬਣਾ ਕੇ ਸਿਆਸਤ ਅਗਾਂਹ ਤੋਰਨ ਦੀ ਗੱਲ ਹੋਣੀ ਚਾਹੀਦੀ ਹੈ। ਭਗਤ ਸਿੰਘ ਆਪਣੀ ਸਿਆਸਤ ਦੇ ਛੋਟੇ ਜਿਹੇ ਅਰਸੇ ਦੌਰਾਨ ਵੱਖ-ਵੱਖ ਪੜਾਵਾਂ ਵਿਚੋਂ ਲੰਘਿਆ ਅਤੇ ਲਿਆਕਤ ਤੇ ਸਿਆਸਤ ਦੇ ਸਿਰ ਉਤੇ ਗੂੜ੍ਹੀਆਂ ਪੈੜਾਂ ਛੱਡੀਆਂ। ਉਸ ਨੇ ਸਿਰਫ ਉਸ ਵੇਲੇ ਦੇ ਸ਼ਾਸਕਾਂ- ਅੰਗਰੇਜ਼ਾਂ, ਨੂੰ ਹੀ ਨਹੀਂ ਵੰਗਾਰਿਆ ਸਗੋਂ ਉਸ ਢਾਂਚੇ ਦੀ ਗੱਲ ਵੀ ਕੀਤੀ ਜੋ ਆਮ ਲੋਕਾਂ ਨੂੰ ਨਪੀੜਦਾ ਹੈ। ਨਾਲੇ ਭਗਤ ਸਿੰਘ ਦੀ ਸਿਆਸਤ ਨੂੰ ਸਮਝਣ ਲਈ ਸਾਨੂੰ ਉਸ ਦੌਰ ਦੀ ਪੁਣ-ਛਾਣ ਕਰਨੀ ਚਾਹੀਦੀ ਹੈ। ਉਸ ਵੇਲੇ ਪੰਜਾਬ ਅਤੇ ਭਾਰਤ ਦੇ ਹਾਲਾਤ ਬਿਲਕੁਲ ਵੱਖਰੇ ਸਨ ਅਤੇ ਕੌਮੀ ਸਿਆਸਤ ਵਿਚ ਗਾਂਧੀ ਦਾ ਬੋਲਬਾਲਾ ਸੀ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਗਾਂਧੀ ਦੀ ਰਵਾਇਤੀ ਸਿਆਸਤ ਨੂੰ ਵੰਗਾਰਿਆ ਅਤੇ ਆਪਣੀ ਸਿਆਸਤ ਵਿਚ ਯੁੱਗ ਪਲਟਾਊ ਰੰਗ ਭਰਨ ਦੇ ਯਤਨ ਕੀਤੇ। ਇਨ੍ਹਾਂ ਨੌਜਵਾਨਾਂ ਨੇ ਗਾਂਧੀ ਦੀ ਮੂੰਹ-ਜ਼ੋਰ ਸਿਆਸਤ ਜਿਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਅੰਗਰੇਜ਼ਾਂ ਦੀ ਹਮਾਇਤ ਵੀ ਹਾਸਲ ਸੀ, ਦੇ ਬਰਾਬਰ ਲੋਕ-ਪੱਖ ਨੂੰ ਉਭਾਰਿਆ। ਉਨ੍ਹਾਂ ਪਹਿਲਾਂ ਚੱਲੀਆਂ ਜੁਝਾਰੂ ਲਹਿਰਾਂ ਦਾ ਮੁੜ ਮੁਲੰਕਣ ਕੀਤਾ ਅਤੇ ਇਨ੍ਹਾਂ ਬਾਰੇ ਲੋਕਾਂ ਨੂੰ ਦੱਸਣ ਦਾ ਯਤਨ ਕੀਤਾ। ਅਜਿਹੇ ਨਾਇਕਾਂ ਬਾਰੇ ਉਕਸਾਊ ਟਿੱਪਣੀਆਂ ਕਰਨ ਦੀ ਥਾਂ ਸਿਮਰਨਜੀਤ ਸਿੰਘ ਮਾਨ ਨੂੰ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਲਈ ਕੋਈ ਰੋਡਮੈਪ ਲੋਕਾਂ ਅੱਗੇ ਰੱਖਣਾ ਚਾਹੀਦਾ ਹੈ। ਉਂਞ ਵੀ, ਨੁਕਤਾਚੀਨੀ ਵਾਲੀ ਸਿਆਸਤ ਨਾਲ ਵਿਵਾਦ ਤਾਂ ਛਿੜ ਸਕਦੇ ਹਨ, ਜਾਂ ਕੁਝ ਸਮਾਂ ਚਰਚਾ ਵੀ ਕਰਵਾਈ ਜਾ ਸਕਦੀ ਹੈ ਪਰ ਸਿਆਸਤ ਵਿਚ ਪੈਂਠ ਤੁਹਾਡੀ ਆਪਣੀ ਸਿਆਸਤ ਅਤੇ ਸਿਆਸੀ ਫੈਸਲਿਆਂ ਨੇ ਹੀ ਪਾਉਣੀ ਹੁੰਦੀ ਹੈ। ਇਸ ਲਈ ਭਗਤ ਸਿੰਘ ਵਾਲੀ ਸਿਆਸਤ ਦੀ ਲਕੀਰ ਨੂੰ ਮਿਟਾਉਣ ਦੀ ਥਾਂ ਸਿਮਰਨਜੀਤ ਸਿੰਘ ਮਾਨ ਨੂੰ ਆਪਣੀ ਸਿਆਸਤ ਦੀ ਲਕੀਰ ਵੱਡੀ ਕਰਨੀ ਚਾਹੀਦੀ ਹੈ। ਇਸ ਨਾਲ ਹੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਹਾਕਮਾਂ ਲਈ ਸਬਕ!*

ਰਹਿਣੇ ਏਦਾਂ ਹੀ ਵੱਜਦੇ ਸਮਝ ਲੈਂਦੇ, ਸੁਣ ਕੇ ਖੁਸ਼ੀ ਦੇ ਵਾਜਿਆਂ-ਗਾਜਿਆਂ ਨੂੰ।<br>
ਪੰਜ ਸਾਲ ਵੀ 'ਉਮਰ ਦਾ ਪਟਾ' ਲੱਗੇ, ਵੋਟਾਂ ਨਾਲ ਸਰਕਾਰਾਂ ਵਿਚ ਸਾਜਿਆਂ ਨੂੰ।<br>
ਪੱਖਪਾਤੀ 'ਬਦਨੀਤ' ਲੈ ਡੁੱਬ ਜਾਂਦੀ, ਬਣੇ ਚਤਰ ਪਰ ਅਸਲ 'ਚ 'ਬਾਜਿਆਂ' ਨੂੰ।<br>
ਆਵੇ ਅਕਲ ਨਾ ਪੜ੍ਹ ਕੇ ਇਤਿਹਾਸ ਤੋਂ ਵੀ, ਹੁਕਮਰਾਨ ਪੁਰਾਣੇ ਜਾਂ 'ਤਾਜਿਆਂ' ਨੂੰ।<br>
ਰੋਹ ਲੋਕਾਂ ਦਾ ਮਿੱਟੀ 'ਚ ਰੋਲ ਦਿੰਦਾ, ਸੌੜੀ ਸਿਆਸਤ ਦੇ ਲਾਏ 'ਅੰਦਾਜ਼ਿਆਂ' ਨੂੰ।<br>
ਛੱਡ ਕੇ ਲੰਕਾ ਨੂੰ ਦੌੜਿਆ 'ਰਾਜਪਕਸੇ', ਦੇ ਗਿਆ ਸਬਕ ਗੁਆਂਢ ਦੇ ਰਾਜਿਆਂ ਨੂੰ!

# ਸ਼ਹੀਦ ਭਗਤ ਸਿੰਘ ਦੇ ਸੰਘਰਸ਼ ਤੇ ਸਿਆਸਤ ਦੀ ਪ੍ਰਸੰਗਿਕਤਾ

***ਸ਼ਹੀਦ ਭਗਤ ਸਿੰਘ ਇਕ ਵਾਰ ਫਿਰ ਚਰਚਾ ਵਿਚ ਹੈ। ਨਵੇਂ ਬਣੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਉਸ ਨੂੰ ਅਤਿਵਾਦੀ ਆਖਿਆ ਹੈ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸਿਆਸਤ ਅਤੇ ਸੰਘਰਸ਼ ਦੀ ਸਾਰਥਿਕਤਾ ਅਵਾਮ ਨੂੰ ਕੇਂਦਰ ਵਿਚ ਰੱਖ ਕੇ ਸਰਗਰਮੀ ਵਿੱਢਣ ਦੀ ਹੈ। ਇਸ ਸਰਗਰਮੀ ਰਾਹੀਂ ਹੀ ਉਨ੍ਹਾਂ ਨੇ ਭਾਰਤ ਦੇ ਉਸ ਵੇਲੇ ਦੇ ਆਗੂਆਂ ਦੀ ਸਿਆਸਤ ਅਤੇ ਅੰਗਰੇਜ਼ਾਂ ਦੀਆਂ ਜ਼ਿਆਦਤੀਆਂ ਨੂੰ ਵੰਗਾਰਿਆ। ਨਾਲ ਹੀ ਨਵਾਂ ਅਤੇ ਸਾਵਾਂ ਸਮਾਜ ਸਿਰਜਣ ਲਈ ਸਮਾਜਵਾਦ ਦੀ ਗੱਲ ਤੋਰੀ। ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਇਸੇ ਸਿਆਸਤ ਬਾਰੇ ਚਰਚਾ ਕੀਤੀ ਹੈ।***

ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ/ਦਹਿਸ਼ਤਗਰਦ ਕਹਿਣ ਨਾਲ ਸ਼ਹੀਦ ਭਗਤ ਸਿੰਘ ਬਾਰੇ ਇਕ ਵਾਰ ਬਹਿਸ ਛਿੜ ਗਈ ਹੈ। ਇਹ ਪਹਿਲੀ ਵਾਰ ਨਹੀਂ, ਜਦ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਬਾਰੇ ਇਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਹੋਵੇ; ਇਸ ਤੋਂ ਪਹਿਲਾਂ ਵੀ ਅਨੇਕ ਵਾਰ ਉਹ ਅਜਿਹਾ ਕਰ ਕੇ ਚਰਚਾ ਬਟੋਰ ਚੁੱਕੇ ਹਨ ਪਰ ਹੁਣ ਤਾਜ਼ਾ-ਤਾਜ਼ਾ



**ਨਵਕਿਰਨ ਸਿੰਘ ਪੱਤੀ**

**ਈਮੇਲ:** n4navkiran@gmail.com

ਲੋਕ ਸਭਾ ਮੈਂਬਰ ਬਣਨ ਕਾਰਨ ਉਸ ਦੇ ਬਿਆਨ ਕੁਝ ਜ਼ਿਆਦਾ ਚਰਚਾ ਵਿਚ ਆ ਗਏ। ਉਸ ਦੇ ਬਿਆਨ ਦੀ ਚਰਚਾ ਇਸ ਕਰਕੇ ਵੀ ਜ਼ਿਆਦਾ ਛਿੜੀ ਕਿਉਂਕਿ ਇਸ ਮਸਲੇ 'ਤੇ ਹੋ ਰਹੀ ਚਰਚਾ ਕੇਂਦਰ ਅਤੇ ਪੰਜਾਬ ਦੀ ਸੱਤਾ 'ਤੇ ਬਿਰਾਜਮਾਨ ਸਰਕਾਰਾਂ ਅਤੇ ਮੀਡੀਆ ਦੇ ਵੱਡੇ ਹਿੱਸੇ ਦੇ ਫਿੱਟ ਬੈਠਦੀ ਹੈ।

ਸ਼ਹੀਦ ਭਗਤ ਸਿੰਘ ਦੀ ਲੋਕਾਂ ਖਾਸਕਰ ਨੌਜਵਾਨਾਂ ਵਿਚ ਹਰਮਨ ਪਿਆਰਤਾ ਐਨੀ ਜ਼ਿਆਦਾ ਹੈ ਕਿ ਪਿਛਲੇ ਕਈ ਦਹਾਕਿਆਂ ਦੌਰਾਨ ਭਾਰਤ ਦੀ ਹਾਕਮ ਧਿਰ ਨੇ ਉਸ ਦੀ ਸ਼ਹਾਦਤ ਨੂੰ ਝੁਠਲਾਉਣ ਦਾ ਨਾਕਾਮ ਯਤਨ ਕੀਤਾ ਹੈ। ਹਾਕਮ ਧਿਰ ਨੇ ਭਗਤ ਸਿੰਘ ਦੇ ਬਿੰਬ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਮੰਤਵ ਨਾਲ ਕਿਸੇ ਨੇ ਉਸ ਨੂੰ ਆਰੀਆ ਸਮਾਜੀ, ਕਿਸੇ ਨੇ ਸੰਧੂ, ਕਿਸੇ ਨੇ ਸਿਰਫ ਬੰਬ-ਬੰਦੂਕਾਂ ਵਾਲਾ, ਕਿਸੇ ਨੇ 'ਅੰਗਰੇਜ਼ ਖੰਘੇ ਸੀ ਤਾਂ ਟੰਗ ਸੀ' ਨਾਲ ਸਿਰਫ ਅੰਗਰੇਜ਼ ਭਜਾਉਣ ਵਾਲਾ, ਕਿਸੇ ਨੇ ਰਾਸ਼ਟਰਵਾਦੀ ਆਦਿ ਦਿਖਾਉਣ ਦਾ ਯਤਨ ਕੀਤਾ। ਆਪਣੇ ਸੰਘਰਸ਼ ਦੌਰਾਨ ਭਗਤ ਸਿੰਘ ਨੇ ਜਾਤ-ਪਾਤ ਦਾ ਸਵਾਲ, ਸਮਾਜਵਾਦ, ਸਾਮਰਾਜਵਾਦ, ਮੈਂ ਨਾਸਤਿਕ ਕਿਉਂ ਹਾਂ ਸਮੇਤ ਹਰ ਵਿਸ਼ੇ ਨੂੰ ਛੂਹਿਆ। ਉਸ ਦੀ ਜੇਲ੍ਹ ਡਾਇਰੀ ਦੁਰਲੱਭ ਦਸਤਾਵੇਜ਼ ਹੈ। ਇਸੇ ਕਰਕੇ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਉਸ ਦੀ ਵਿਚਾਰਧਾਰਾ ਬਾਰੇ ਲੋਕਾਂ 'ਚ ਭਰਮ ਪੈਦਾ ਨਹੀਂ ਕਰ ਸਕਿਆ।

ਸਿਮਰਨਜੀਤ ਸਿੰਘ ਮਾਨ ਪਾਰਲੀਮੈਂਟ ਵਿਚ ਬੰਬ ਸੁੱਟਣ ਦੀ ਗੱਲ ਤਾਂ ਕਰ ਰਹੇ ਹਨ ਪਰ ਇਹ ਨਹੀਂ ਦੱਸ ਰਹੇ ਕਿ ਉਸ ਪਾਰਲੀਮੈਂਟ ਵਿਚ ਜਮਹੂਰੀ ਢੰਗ ਨਾਲ ਚੁਣੇ ਹੋਏ ਨੁਮਾਇੰਦੇ ਬੈਠੇ ਸਨ ਜਾਂ ਅੰਗਰੇਜ਼ ਹਕੂਮਤ ਦੇ ਸ਼ੁਭਚਿੰਤਕ? ਦਰਅਸਲ, ਅੰਗਰੇਜ਼ ਹਕੂਮਤ ਉਸ ਪਾਰਲੀਮੈਂਟ ਵਿਚ ਦੋ ਲੋਕ ਵਿਰੋਧੀ ਬਿਲ ਪਾਸ ਕਰਕੇ ਦੁਨੀਆ ਸਾਹਮਣੇ ਇਹ ਰੱਖਣਾ ਚਾਹੁੰਦੀ ਸੀ ਕਿ ਇਹ ਦਮਨਕਾਰੀ ਕਾਨੂੰਨ ਭਾਰਤੀ ਲੋਕਾਂ ਦੇ ਨੁਮਾਇੰਦਿਆਂ ਨੇ ਬਣਾਏ ਹਨ; ਦੂਜੇ ਪਾਸੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀ ਪਾਰਲੀਮੈਂਟ ਦੀ ਗੈਲਰੀ ਵਿਚ ਬੰਬ ਸੁੱਟ ਕੇ ਇਹ ਦੱਸਣਾ ਚਾਹੁੰਦੇ ਸਨ ਕਿ ਭਾਰਤ ਦੇ ਲੋਕ ਇਨ੍ਹਾਂ ਬਿਲਾਂ (ਟਰੇਡ ਡਿਸਪਿਊਟ ਬਿਲ ਅਤੇ ਪਬਲਿਕ ਸੇਫਟੀ ਬਿਲ) ਦੇ ਸਖਤ ਵਿਰੋਧੀ ਹਨ।

ਬੰਬ ਸੁੱਟਣ ਬਾਰੇ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਿਵ ਵਰਮਾ ਲਿਖਦੇ ਹਨ, "ਭਗਤ ਸਿੰਘ ਚਾਹੁੰਦਾ ਸੀ ਕਿ ਜਿਹੜੇ ਸਾਥੀ ਬੰਬ ਸੁੱਟਣ ਜਾਣ, ਉਹ ਉਥੇ ਹੀ ਆਤਮ-ਸਮਰਪਣ ਕਰ ਦੇਣ ਅਤੇ ਫੜੇ ਜਾਣ ਤੋਂ ਬਾਅਦ ਉਹ ਅਦਾਲਤ ਨੂੰ ਸਿਆਸੀ ਪ੍ਰਚਾਰ ਦੇ ਸਾਧਨ ਦੇ ਰੂਪ ਵਿਚ ਵਰਤਣਾ ਚਾਹੁੰਦਾ ਸੀ।" ਭਗਤ ਸਿੰਘ ਅਤੇ ਉਸ ਦੇ ਸਾਥੀ ਬੁਟਕੇਸ਼ਵਰ ਦੱਤ ਨੇ ਪਾਰਲੀਮੈਂਟ ਦੀ ਗੈਲਰੀ ਵਿਚ ਬੰਬ ਸੁੱਟਣ ਮਗਰੋਂ ਮਜ਼ਦੂਰ ਵਰਗ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਬੁਲੰਦ ਕਰਦਿਆਂ ਆਪਣਾ ਮੰਤਵ ਸਪਸ਼ਟ ਕਰਨ ਲਈ ਅਸੈਂਬਲੀ ਵਿਚ 'ਨੋਟਿਸ' ਦੇ ਸਿਰਲੇਖ ਵਾਲੇ ਪਰਚੇ ਸੁੱਟੇ ਜਿਸ ਦੀ ਪਹਿਲੀ ਸਤਰ ਸੀ: 'ਬੋਲਿਆਂ ਨੂੰ ਸੁਣਾਉਣ ਲਈ ਉੱਚੀ ਆਵਾਜ਼ ਦੀ ਲੋੜ ਹੁੰਦੀ ਹੈ।' ਉਸ ਪਰਚੇ ਵਿਚ ਫਰਾਂਸ ਦੇ ਇਨਕਲਾਬ ਦੀਆਂ ਉਦਾਹਰਨਾਂ ਦਿੱਤੀਆਂ ਗਈਆਂ ਸਨ।

ਭਗਤ ਸਿੰਘ ਅਜਿਹਾ ਨੀਤੀਘਾੜਾ ਸੀ ਕਿ ਸਾਰਾ ਕੁਝ ਉਸ ਦੀ ਯੋਜਨਾ ਅਨੁਸਾਰ ਨੇਪਰੇ ਚੜ੍ਹਿਆ। ਉਸ ਨੇ ਅਦਾਲਤ ਨੂੰ ਬਕਾਇਦਾ ਸਿਆਸੀ ਮੰਚ ਵਜੋਂ ਇਸਤੇਮਾਲ ਕੀਤਾ ਅਤੇ



ਪਾਰਲੀਮੈਂਟ ਧਮਾਕੇ ਕਾਰਨ ਅਸੈਂਬਲੀ ਦੀ ਇਹ ਜੁਅਰਤ ਨਹੀਂ ਪਈ ਕਿ ਉਹ ਪਬਲਿਕ ਸੇਫਟੀ ਬਿਲ ਪਾਸ ਕਰਦੀ। ਕੀ ਸਿਮਰਨਜੀਤ ਸਿੰਘ ਮਾਨ ਇਹ ਕਹਿਣਾ ਚਾਹੁੰਦੇ ਹਨ ਕਿ ਇਹ ਨੌਜਵਾਨ ਕਾਲੇ ਕਾਨੂੰਨਾਂ ਖਿਲਾਫ ਅਵਾਜ਼ ਬੁਲੰਦ ਨਾ ਕਰਦੇ?

ਜਿਸ ਸਾਂਡਰਸ ਨੂੰ ਮਾਨ ਨਿਰਦੋਸ਼ ਪੁਲਿਸ ਅਫਸਰ ਦੱਸ ਰਹੇ ਹਨ, ਉਸ ਦਾ ਕਿਰਦਾਰ ਲੋਕ ਵਿਰੋਧੀ ਰਿਹਾ ਹੈ ਅਤੇ ਜਦ 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਦੀ ਲਾਹੌਰ ਫੇਰੀ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਪੁਲਿਸ ਕਪਤਾਨ ਸਕਾਟ ਦੇ ਹੁਕਮਾਂ ਤਹਿਤ ਪੁਲਿਸ ਵੱਲੋਂ ਬੇਤਹਾਸ਼ਾ ਲਾਠੀਚਾਰਜ ਕੀਤਾ ਗਿਆ ਤਾਂ ਇਸ ਪੁਲਿਸ ਅਫਸਰ ਨੇ ਖੁਦ ਲੋਕਾਂ 'ਤੇ ਬੇਕਿਰਕ ਡੰਡੇ ਵਰ੍ਹਾਏ ਸਨ ਜਿਸ ਕਾਰਨ ਅਨੇਕਾਂ ਪ੍ਰਦਰਸ਼ਨਕਾਰੀ ਜ਼ਖਮੀ ਹੋਏ ਤੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਕੁਝ ਦਿਨ ਬਾਅਦ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ।

ਉਸ ਦਿਨ ਲਾਠੀਚਾਰਜ ਕਰਨ ਵਾਲੀ ਸਕਾਟ ਅਤੇ ਸਾਂਡਰਸ ਦੀ ਜੋੜੀ 'ਚੋਂ ਵੱਡਾ ਅਫਸਰ ਹੋਣ ਕਾਰਨ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਇਸ ਘਟਨਾਕ੍ਰਮ ਲਈ ਮੁੱਖ ਜ਼ਿੰਮੇਵਾਰ ਪੁਲਿਸ ਅਫਸਰ ਸਕਾਟ ਮੰਨਿਆ ਅਤੇ ਉਸ ਨੂੰ ਮਾਰਨ ਦਾ ਤਹੱਈਆ ਕੀਤਾ ਪਰ ਜਦ 17 ਦਸੰਬਰ ਨੂੰ ਪੁਲਿਸ ਅਫਸਰ ਸਕਾਟ ਨੂੰ ਮਾਰਨ ਲਈ ਭਗਤ ਸਿੰਘ ਅਤੇ ਰਾਜਗੁਰੂ ਉਸ ਦੀ ਉਡੀਕ ਕਰ ਰਹੇ ਸਨ ਤਾਂ ਸਕਾਟ ਦੀ ਥਾਂ ਮੋਟਰਸਾਈਕਲ 'ਤੇ ਸਾਂਡਰਸ ਆ ਗਿਆ। ਸ਼ਹੀਦ ਸੁਖਦੇਵ ਇੱਕ ਥਾਂ ਜ਼ਿਕਰ ਕਰਦੇ ਹਨ ਕਿ ਰਾਜਗੁਰੂ ਨੂੰ ਸਕਾਟ ਦੀ ਪਛਾਣ ਨਹੀਂ ਸੀ ਤੇ ਉਸ ਨੇ ਸਾਂਡਰਸ 'ਤੇ ਪਹਿਲੀ ਗੋਲੀ ਚਲਾ ਦਿੱਤੀ ਜਿਸ ਤੋਂ ਬਾਅਦ ਭਗਤ ਸਿੰਘ ਨੇ ਅੱਠ ਗੋਲੀਆਂ ਸਾਂਡਰਸ ਦੇ ਮਾਰੀਆਂ ਤੇ ਉਹ ਮੌਕੇ 'ਤੇ ਹੀ ਢੇਰੀ ਹੋ ਗਿਆ।

ਸਾਂਡਰਸ ਦੇ ਕਤਲ ਤੋਂ ਬਾਅਦ ਭਗਤ ਸਿੰਘ ਤੇ ਰਾਜਗੁਰੂ ਡੀ.ਏ.ਵੀ. ਕਾਲਜ ਵੱਲ ਭੱਜੇ ਤਾਂ ਸਾਂਡਰਸ ਦਾ ਅਰਦਲੀ ਚੰਨਣ ਸਿੰਘ ਫੜਨ ਲਈ ਪਿੱਛੇ ਭੱਜਿਆ। ਭਗਤ ਸਿੰਘ ਦਾ ਮਕਸਦ ਉਸ ਨੂੰ ਮਾਰਨ ਦਾ ਨਹੀਂ ਸੀ ਪਰ ਜਦ ਉਹ ਸਮਝਾਉਣ 'ਤੇ ਵੀ ਨਾ ਟਲਿਆ ਤਾਂ ਚੰਦਰ ਸ਼ੇਖਰ ਆਜ਼ਾਦ ਨੇ ਨਿਸ਼ਾਨਾ ਸਿੰਨ੍ਹ ਕੇ ਭਗਤ ਸਿੰਘ ਦੇ ਪਿੱਛੇ ਭੱਜ ਰਹੇ ਚੰਨਣ ਸਿੰਘ ਦੇ ਪੱਟ ਵਿਚ ਗੋਲੀ ਮਾਰੀ। ਜ਼ਖਮੀ ਹੋਇਆ ਚੰਨਣ ਸਿੰਘ ਬਚ ਸਕਦਾ ਸੀ ਪਰ ਅੰਗਰੇਜ਼ ਅਫਸਰਾਂ ਨੇ ਉਸ ਨੂੰ ਹਸਪਤਾਲ ਪਹੁੰਚਾਉਣ ਦੀ ਬਜਾਇ ਸਾਂਡਰਸ ਨੂੰ ਹਸਪਤਾਲ ਪਹੁੰਚਾਉਣ ਦੀ ਪਹਿਲ ਕੀਤੀ। ਚੰਨਣ ਸਿੰਘ ਨੂੰ ਤਾਂ ਬਾਅਦ ਵਿਚ ਕੁਝ ਵਿਦਿਆਰਥੀ ਟਾਂਗੇ ਵਿਚ ਪਾ ਕੇ ਨੇੜਲੀ ਡਿਸਪੈਂਸਰੀ ਲੈ ਕੇ ਗਏ ਜਿੱਥੋਂ ਉਸ ਨੂੰ ਹਸਪਤਾਲ ਭੇਜ ਦਿੱਤਾ ਗਿਆ। ਤੱਥ ਇਹ ਹੈ ਕਿ ਚੰਨਣ ਸਿੰਘ ਦੀ ਮੌਤ ਜ਼ਿਆਦਾ ਖੂਨ ਵਹਿਣ ਕਾਰਨ ਹੋਈ ਸੀ ਕਿਉਂਕਿ ਉਸ ਨੂੰ ਪੁਲਿਸ ਨੇ ਸਮੇਂ ਸਿਰ ਹਸਪਤਾਲ ਨਹੀਂ ਪਹੁੰਚਾਇਆ ਸੀ।

ਸਾਡੇ ਸਿਆਸੀ ਆਗੂ ਆਪਣੇ ਸਿਆਸੀ ਸਵਾਰਥਾਂ ਲਈ ਕਿਵੇਂ ਇਤਿਹਾਸ ਨੂੰ ਤੋੜ-ਮਰੋੜ ਕੇ ਸਾਡੇ ਸਾਹਮਣੇ ਪੇਸ਼ ਕਰਦੇ ਹਨ, ਇਸ ਦੀ ਉਦਾਹਰਨ ਸਿਮਰਨਜੀਤ ਸਿੰਘ ਮਾਨ ਤੋਂ ਲਈ ਜਾ ਸਕਦੀ ਹੈ ਜੋ ਅੰਗਰੇਜ਼ ਅਫਸਰ ਅਤੇ ਉਸ ਦੇ ਅਰਦਲੀ ਨੂੰ ਮਾਰਨ ਵਾਲੇ ਨੂੰ ਦਹਿਸ਼ਤਗਰਦ ਕਹਿ ਰਹੇ ਹਨ ਲੇਕਿਨ ਲੋਕ ਵਿਰੋਧੀ ਅੰਗਰੇਜ਼ ਅਫਸਰ ਦਾ ਸਨਮਾਨ ਕਰਨ ਵਾਲੇ ਦਾ ਬਚਾਅ ਕਰਦੇ ਹਨ।

ਸਿਮਰਨਜੀਤ ਸਿੰਘ ਮਾਨ ਭਗਤ ਸਿੰਘ ਲਈ ਦਹਿਸ਼ਤਗਰਦ ਜਾਂ ਅਤਿਵਾਦੀ ਵਰਗੇ ਲਕਬ ਵਰਤ ਰਹੇ ਹਨ ਤੇ ਇਸ ਤਰ੍ਹਾਂ ਦੇ ਸ਼ਬਦ ਆਮ ਤੌਰ 'ਤੇ ਹਕੂਮਤ ਜਾਂ ਕੋਈ ਕੱਟੜ ਪੁਲਿਸ ਅਫਸਰ ਹੀ ਬਾਗੀ ਯੋਧਿਆਂ ਲਈ ਵਰਤਦਾ ਹੁੰਦਾ ਹੈ। ਜੇ ਭਗਤ ਸਿੰਘ ਲਈ ਇਹ ਸ਼ਬਦ ਹਨ ਤਾਂ ਮਾਨ ਸਾਹਿਬ ਲੱਗਦੇ ਹੱਥ ਇਹ ਵੀ ਦੱਸ ਦੇਣ ਕਿ ਉਨ੍ਹਾਂ ਦੀ ਨਜ਼ਰ ਵਿਚ ਕੋਈ ਦੇਸ਼ ਭਗਤ ਹੈ?

ਭਗਤ ਸਿੰਘ ਬਾਬਤ ਛੇੜੀ ਇਸ ਚਰਚਾ ਨਾਲ ਕਿਸਾਨ ਅੰਦੋਲਨ ਦੌਰਾਨ ਇਕਜੁੱਟ ਹੋਏ ਪੰਜਾਬੀ ਭਾਈਚਾਰੇ ਨੂੰ ਆਪਸੀ ਨਿਖੇੜੇ ਦੀ ਹਾਲਤ ਵਿਚ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਬੇਰੁਜ਼ਗਾਰਾਂ, ਕੱਚੇ ਕਾਮਿਆਂ, ਮਜ਼ਦੂਰਾਂ, ਕਿਸਾਨਾਂ ਦੇ ਮੰਗਾਂ ਮਸਲੇ ਹੱਲ ਕਰਨ ਤੋਂ ਭੱਜ ਰਹੀ ਪੰਜਾਬ ਸਰਕਾਰ ਨੂੰ ਚਰਚਾ ਹੋਰ ਪਾਸੇ ਤਿਲਕਾਉਣ ਦਾ ਮੌਕਾ ਮੁਹੱਈਆ ਕਰ ਦਿੱਤਾ ਗਿਆ ਹੈ।

ਸ਼ਹੀਦ ਭਗਤ ਸਿੰਘ ਦਾ ਮਕਸਦ ਸਿਰਫ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਦਫਾ ਕਰਨਾ ਹੀ ਨਹੀਂ ਸੀ ਬਲਕਿ ਲੁੱਟ ਰਹਿਤ ਅਜਿਹੇ ਸਮਾਜ ਦੀ ਸਿਰਜਣਾ ਸੀ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇ। ਸ਼ਹੀਦ ਭਗਤ ਸਿੰਘ ਸਮਾਜਵਾਦ ਦੀ ਸਿਰਜਣਾ ਚਾਹੁੰਦਾ ਸੀ, ਇਸੇ ਕਰਕੇ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਆਮ ਆਦਮੀ ਪਾਰਟੀ (ਆਪ) ਦਾ ਵੀ ਕੋਈ ਵਾਹ-ਵਾਸਤਾ ਨਹੀਂ ਹੈ। 'ਆਪ' ਆਗੂ ਇਸ ਤਰ੍ਹਾਂ ਸਿੱਧ ਕਰਨ ਲੱਗੇ ਹੋਏ ਹਨ ਜਿਵੇਂ ਭਗਤ ਸਿੰਘ ਦੇ ਅਸਲੀ ਵਾਰਸ ਉਹੀ ਹੋਣ; ਸਚਾਈ ਇਹ ਹੈ ਕਿ ਭਾਰਤ ਦੀਆਂ ਬਾਕੀ ਵੋਟ ਪਾਰਟੀਆਂ ਵਾਂਗ ਇਹ ਪਾਰਟੀ ਵੀ ਭਗਤ ਸਿੰਘ ਦੀ ਸੋਚ ਨਾਲ ਧ੍ਰੋਹ ਕਮਾ ਰਹੀ ਹੈ; 'ਆਪ' ਨੇ ਪੰਜਾਬ 'ਚ ਭਗਤ ਸਿੰਘ ਦੀ ਉਸਤਤ ਕਰਕੇ ਵੋਟਾਂ ਲਈਆਂ ਤੇ ਚਹੁੰ ਦਿਨਾਂ ਬਾਅਦ ਗੁਜਰਾਤ 'ਚ ਉਸ ਦੇ ਵਿਚਾਰਧਾਰਕ ਵਿਰੋਧੀ ਮਹਾਤਮਾ ਗਾਂਧੀ ਦੀ ਉਸਤਤ ਕਰਨ ਜਾ ਲੱਗੇ। ਜੰਮੂ ਕਸ਼ਮੀਰ ਦੇ ਮਸਲੇ 'ਚ ਸੰਸਦ ਵਿਚ ਭਾਜਪਾ ਦੀ ਪੈੜ 'ਚ ਪੈੜ ਧਰਨ ਵਾਲੀ ਇਸ ਪਾਰਟੀ ਦੀ ਦਿੱਲੀ ਦੀ ਕਾਰਗੁਜ਼ਾਰੀ ਅਤੇ ਪਿਛਲੇ ਚਾਰ ਮਹੀਨਿਆਂ ਦੀ ਪੰਜਾਬ ਵਿਚਲੀ ਕਾਰਗੁਜ਼ਾਰੀ ਦੱਸਦੀ ਹੈ ਕਿ ਇਸ ਪਾਰਟੀ ਨੇ ਲੋਕਾਂ ਦਾ ਕੁਝ ਨਹੀਂ ਸੰਵਾਰਿਆ ਬਲਕਿ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰੇ ਹਨ।

ਹੁਣ ਜਦ ਭਗਤ ਸਿੰਘ ਨੂੰ ਅਤਿਵਾਦੀ/ਦਹਿਸ਼ਤਗਰਦ ਕਹਿਣ ਨਾਲ ਚਰਚਾ ਛਿੜ ਹੀ ਪਈ ਹੈ ਤਾਂ ਇਸ ਮੌਕੇ ਸਾਡੇ ਨੌਜਵਾਨਾਂ ਨੂੰ ਭਗਤ ਸਿੰਘ ਨਾਲ ਜਜ਼ਬਾਤੀ ਸਾਂਝ ਪਾ ਕੇ ਉਸ ਨੂੰ ਪੂਜਣ ਵਾਲੀ ਹਸਤੀ ਬਣਾਉਣ ਦੀ ਥਾਂ ਤਰਕ ਨਾਲ ਇਸ ਖੋਜ ਵਿਚ ਪੈਣਾ ਚਾਹੀਦਾ ਹੈ ਕਿ ਭਗਤ ਸਿੰਘ ਕੌਣ ਸੀ? ਉਸ ਦੀ ਵਿਚਾਰਧਾਰਾ ਕੀ ਸੀ। ਅੱਜ ਵੀ ਭਗਤ ਸਿੰਘ ਦੇ ਅਸਲੀ ਵਾਰਸ ਇਸ ਪਾਰਲੀਮੈਂਟਰੀ ਰਾਹ ਨੂੰ ਰੱਦ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਵਿਚ ਨਿੱਤਰੇ ਹੋਏ ਹਨ ਤੇ ਇਸ ਗੱਲ ਲਈ ਆਸਵੰਦ ਹਨ ਕਿ ਇੱਕ ਦਿਨ ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾਵੇਗਾ।

# ਅਨਿਆਂ ਦਰ ਅਨਿਆਂ: ਹੁਣ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਵੀ ਮੋਦੀ ਦੇ ਨਿਸ਼ਾਨੇ ’ਤੇ

14 ਜੁਲਾਈ ਨੂੰ ਸੁਪਰੀਮ ਕੋਰਟ ਨੇ ਗੋਂਪਾੜ ਅਤੇ ਗਚਨਪੱਲੀ ਕਤਲੇਆਮਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੀ ਪਟੀਸ਼ਨ ਨੂੰ ਰੱਦ ਕਰਦਿਆਂ ਪਟੀਸ਼ਨ ਕਰਤਾ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਹੈ। ਉਸ ਨੂੰ ਪੰਜ ਲੱਖ ਰੁਪਏ ਜੁਰਮਾਨਾ ਕਰਦਿਆਂ ਸੁਪਰੀਮ ਕੋਰਟ ਨੇ ਛੱਤੀਸਗੜ੍ਹ ਸਰਕਾਰ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਉਹ ਚਾਹੇ ਤਾਂ ਉਸ ਵਿਰੁੱਧ ਆਈ.ਪੀ.ਸੀ. ਦੀ ਧਾਰਾ 211 (ਝੂਠੇ ਦੋਸ਼ ਲਗਾਉਣ ਸਬੰਧੀ) ਤਹਿਤ ਕੇਸ ਦਰਜ ਕਰ ਸਕਦੀ ਹੈ ਅਤੇ ਇਹ ਵੀ ਕਹਿ ਦਿੱਤਾ ਹੈ ਕਿ ਉਸ ਵਿਰੁੱਧ ਮੁਜਰਮਾਨਾ ਸਾਜ਼ਿਸ਼ ਰਚਣ ਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਬੈਂਚ ਨੇ ਇਹ ਵੀ ਕਿਹਾ ਹੈ ਕਿ ਜੇ ਸੀ.ਬੀ.ਆਈ. ਚਾਹੇ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਤਾਂ ਆਪਣੇ ਤੌਰ ‘ਤੇ ਵੀ ਇਸ ਕੇਸ ਨੂੰ ਹੱਥ ਲੈ ਕੇ ਕਾਰਵਾਈ ਕਰ ਸਕਦੀ ਹੈ। ਇੰਵ ਬੈਂਚ ਨੇ ਕੇਂਦਰ ਸਰਕਾਰ ਲਈ ਹਿਮਾਂਸ਼ੂ ਕੁਮਾਰ ਨੂੰ ਜੇਲ੍ਹ ਭਿਜਵਾਉਣ ਦਾ ਰਾਹ ਖੋਲ੍ਹ ਦਿੱਤਾ ਹੈ। ਯਾਦ ਰਹੇ ਇਹ ਫ਼ੈਸਲਾ ਜਸਟਿਸ ਖ਼ਾਨਵਿਲਕਰ ਦੇ ਬੈਂਚ ਨੇ ਸੁਣਾਇਆ ਹੈ ਜਿਸ ਦੀ ਅਗਵਾਈ ਹੇਠਲੇ ਬੈਂਚ ਨੇ ਪਿਛਲੇ ਦਿਨੀਂ ਗੁਜਰਾਤ ਕਤਲੇਆਮ ਵਿਚ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦਿੰਦਿਆਂ ਤੀਸਤਾ ਸੀਤਲਵਾੜ ਅਤੇ ਆਰ.ਬੀ. ਸ੍ਰੀਕੁਮਾਰ ਵਿਰੁੱਧ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ ਸੀ। ਜਸਟਿਸ ਖ਼ਾਨਵਿਲਕਰ ਅਗਲੇ ਦਿਨਾਂ ‘ਚ ਰਿਟਾਇਰ ਹੋਣ ਵਾਲੇ ਹਨ ਅਤੇ ਰਿਟਾਇਰਮੈਂਟ ਤੋਂ ਪਹਿਲਾਂ ਅਜਿਹੇ ਹਕੂਮਤ ਪੱਖੀ ਫ਼ੈਸਲੇ ਭਵਿੱਖ ‘ਚ ਹਕੂਮਤ ਤੋਂ ਬਖ਼ਸ਼ਿਸ਼ਾਂ ਹਾਸਲ ਕਰਨ ਦੇ ਸੂਚਕ ਬਣ ਚੁੱਕੇ ਹਨ।

1 ਅਕਤੂਬਰ 2009 ਦੇ ਦਿਨ ਛੱਤੀਸਗੜ੍ਹ ਦੇ ਮਾਓਵਾਦੀ ਗੜ੍ਹ ਬਸਤਰ ਦੇ ਇਕ ਪਿੰਡ ਗੋਂਪਾੜ ਵਿਚ ਵਰਦੀਧਾਰੀਆਂ ਨੇ ਆਦਿਵਾਸੀਆਂ ਨੂੰ ਬਹੁਤ ਹੀ ਬੇਕਿਰਕੀ ਨਾਲ ਛੁਰਿਆਂ ਨਾਲ ਵੱਢ-ਟੁੱਕ ਕੇ ਮਾਰਿਆ ਸੀ। ਇਹ ਵਰਦੀਧਾਰੀ ਸੀ.ਆਰ.ਪੀ.ਐੱਫ. ਦੀ ਕੋਬਰਾ ਬਟਾਲੀਅਨ ਦੇ ਸਨ। ਕਤਲੇਆਮ ਵਿਚ ਤਿੰਨ ਔਰਤਾਂ ਅਤੇ ਇਕ 12 ਸਾਲ ਦੀ ਲੜਕੀ ਸਮੇਤ 9 ਆਦਿਵਾਸੀ ਮਾਰੇ ਗਏ ਸਨ। ਇਕ ਬਜ਼ੁਰਗ ਔਰਤ ਦੀਆਂ ਛਾਤੀਆਂ ਵੱਢ ਦਿੱਤੀਆਂ ਗਈਆਂ ਅਤੇ ਡੇਢ ਸਾਲ ਦੇ ਬੱਚੇ ਮਾੜਵੀ ਮੁਕੇਸ਼ ਦੀਆਂ ਉਂਗਲਾਂ ਇਹ ਕਹਿੰਦੇ ਹੋਏ ਕੱਟ ਦਿੱਤੀਆਂ ਗਈਆਂ ਸਨ ਕਿ ਇਹ ਵੱਡਾ ਹੋ ਕੇ ਨਕਸਲੀ ਬਣੇਗਾ। ਇਸ ਤੋਂ ਪਹਿਲਾਂ ਗਚਨਪੱਲੀ ਪਿੰਡ ‘ਚ 6 ਆਦਿਵਾਸੀਆਂ ਨੂੰ ਇਸੇ ਤਰ੍ਹਾਂ ਛੁਰਿਆਂ ਨਾਲ ਵੱਢ ਕੇ ਗੋਲੀਆਂ ਨਾਲ ਭੁੰਨ ਗਿਆ ਸੀ। ਇਹ ਕਤਲੇਆਮ ਮਨਮੋਹਣ ਸਿੰਘ-ਚਿਦੰਬਰਮ ਦੀ ਯੂ.ਪੀ.ਏ. ਸਰਕਾਰ ਵੱਲੋਂ ਜੰਗਲਾਂ-ਪਹਾੜਾਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਲਈ ਸ਼ੁਰੂ ਕੀਤੇ ਓਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਨ੍ਹਾਂ ਦੇ ਪਿੰਡਾਂ ਦੀ ਸਾੜਫੂਕ, ਉਜਾੜੇ ਅਤੇ ਆਦਿਵਾਸੀ ਔਰਤਾਂ ਨਾਲ ਸਮੂਹਿਕ ਬਲਾਤਕਾਰਾਂ ਦੀ ਹਕੂਮਤੀ ਮੁਹਿੰਮ ਦਾ ਹਿੱਸਾ ਸਨ। ਆਦਿਵਾਸੀਆਂ ਦੀ ਨਸਲਕੁਸ਼ੀ ਅੱਜ ਵੀ ਜਾਰੀ ਹੈ ਅਤੇ ਬਸਤਰ ਦੀ ਸਖ਼ਤ ਘੇਰਾਬੰਦੀ ਕਾਰਨ ਕੋਈ ਵੀ ਜਾਣਕਾਰੀ ਬਾਹਰ ਨਹੀਂ ਆ ਰਹੀ।

ਇਸ ਰਾਜਕੀ ਦਹਿਸ਼ਤਵਾਦ ਵਿਰੁੱਧ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ ਆਵਾਜ਼ ਉਠਾਈ ਅਤੇ ਉਨ੍ਹਾਂ ਨੇ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਬੁਰੀ ਤਰ੍ਹਾਂ ਜ਼ਖ਼ਮੀ ਸੋਡੀ ਸੰਭੋ ਸਮੇਤ 12 ਚਸ਼ਮਦੀਦੀ ਗਵਾਹਾਂ ਨੂੰ ਨਾਲ ਲੈ ਕੇ ਸੁਪਰੀਮ ਕੋਰਟ ‘ਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਕਿ ਇਨ੍ਹਾਂ ਕਤਲੇਆਮਾਂ ਦੀ ਜਾਂਚ ਸਿੱਟ ਬਣਾ ਕੇ ਸੀ.ਬੀ.ਆਈ. ਤੋਂ ਕਰਾਈ ਜਾਵੇ। ਵਿਸ਼ੇਸ਼ ਜਾਂਚ ਇਸ ਕਰਕੇ ਜ਼ਰੂਰੀ ਸੀ ਕਿ ਪੁਲਿਸ ਐੱਫ.ਆਈ.ਆਰ. ਦਰਜ ਨਹੀਂ ਕਰ ਰਹੀ ਸੀ ਸਗੋਂ ਕਤਲੇਆਮ ਦੇ ਸਬੂਤ ਖ਼ਤਮ ਕਰਨ ‘ਚ ਜੁੱਟੀ ਹੋਈ ਸੀ। ਜ਼ਖ਼ਮੀਆਂ ਅਤੇ ਹੋਰ ਚਸ਼ਮਦੀਦ ਗਵਾਹਾਂ ਨੂੰ ਦਹਿਸ਼ਤਜ਼ਦਾ ਕਰਕੇ ਉਨ੍ਹਾਂ ਨੂੰ ਜ਼ੁਬਾਨ ਬੰਦ ਰੱਖਣ ਲਈ ਧਮਕਾਇਆ ਜਾ ਰਿਹਾ ਸੀ। ਪੱਤਰਕਾਰਾਂ ਨੂੰ ਡਰਾ-ਧਮਕਾ ਕੇ ਪਿੰਡ ‘ਚ ਜਾਣ ਤੋਂ ਰੋਕਿਆ ਜਾ ਰਿਹਾ ਸੀ ਤਾਂ ਜੁ ਉਹ ਪਿੰਡ ਵਾਸੀਆਂ ਦਾ ਪੱਖ ਨਾ ਜਾਣ ਸਕਣ। ਤਮਾਮ ਰੋਕਾਂ ਦੇ ਬਾਵਜੂਦ ਖੋਜੀ ਪੱਤਰਕਾਰਾਂ ਅਤੇ ਕਾਰਕੁਨਾਂ ਦੀਆਂ ਤੱਥ ਖੋਜ ਟੀਮਾਂ ਨੇ ਇਨ੍ਹਾਂ ਕਤਲੇਆਮ ਦਾ ਸੱਚ ਸਾਹਮਣੇ ਲਿਆਂਦਾ। ਛੱਤੀਸਗੜ੍ਹ ਸਰਕਾਰ ਅਤੇ ਬਸਤਰ ਪੁਲਿਸ ਹਿਮਾਂਸ਼ੂ ਕੁਮਾਰ ਤੋਂ ਬੇਹੱਦ ਖ਼ਫ਼ਾ ਸੀ ਕਿਉਂਕਿ ਉਨ੍ਹਾਂ ਦਾ ‘ਵਣਵਾਸੀ ਚੇਤਨਾ ਆਸ਼ਰਮ’ ਹੀ ਪੁਲਿਸ ਅਤੇ ਸੁਰੱਖਿਆ ਬਲਾਂ ਦੀਆਂ ਧੱਕੇਸ਼ਾਹੀਆਂ ਦੀ ਜਾਣਕਾਰੀ ਪੱਤਰਕਾਰਾਂ ਅਤੇ ਜਾਂਚ ਟੀਮਾਂ ਨੂੰ ਦਿੰਦਾ ਸੀ। ਜਦੋਂ ਹਿਮਾਂਸ਼ੂ ਕੁਮਾਰ ਨੇ ਕਥਿਤ ਵਿਕਾਸ ਅਤੇ ਓਪਰੇਸ਼ਨ ਗ੍ਰੀਨ ਹੰਟ ਵਿਰੁੱਧ ਬਸਤਰ ਵਿਚ ‘ਲੋਕ ਸੁਣਵਾਈ’ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹਕੂਮਤ ਹੋਰ ਵੀ ਬੌਖਲਾ ਗਈ।




ਇਸੇ ਕਤਲੇਆਮ ਸਬੰਧੀ ਇਕ ਵੱਖਰੀ ਪਟੀਸ਼ਨ 6 ਜਨਵਰੀ 2010 ਨੂੰ ਪੀ.ਯੂ.ਸੀ.ਐੱਲ. ਅਤੇ ਪੀ.ਯੂ.ਡੀ.ਆਰ. ਵੱਲੋਂ ਪਾਈ ਗਈ ਸੀ। ਜਿਸ ਰਾਹੀਂ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਗੋਂਪਾੜ ਕਤਲੇਆਮ ‘ਚ ਜ਼ਖ਼ਮੀ ਹੋਈ ਆਦਿਵਾਸੀ ਸੋਡੀ ਸਾਂਭੋ ਨੂੰ ਪੁਲਿਸ ਵੱਲੋਂ ਉਪਰੋਕਤ ਪਟੀਸ਼ਨ ਵਾਪਸ ਲੈਣ ਲਈ ਡਰਾਇਆ ਧਮਕਾਇਆ ਜਾ ਰਿਹਾ ਹੈ ਅਤੇ ਉਸੇ ਪੁਲਿਸ ਵੱਲੋਂ ‘ਸੁਰੱਖਿਆ’ ਦੇ ਨਾਂ ਹੇਠ ਅਗਵਾ ਕਰਕੇ ਰੱਖਿਆ ਜਾ ਰਿਹਾ ਹੈ ਜਿਸ ਉੱਪਰ ਕਤਲੇਆਮ ਦੋਸ਼ ਸਨ। ਪੀ.ਯੂ.ਡੀ.ਆਰ. ਨੇ ਪ੍ਰਧਾਨ ਮੰਤਰੀ ਦੇ ਨਾਂ ਇਕ ਖੁੱਲ੍ਹੀ ਚਿੱਠੀ ਵੀ ਲਿਖੀ ਸੀ ਜਿਸ ਵਿਚ ਬਸਤਰ ਦੇ ਭਿਆਨਕ ਹਾਲਾਤ ਬਿਆਨ ਕੀਤੇ ਗਏ ਸਨ। ਪਟੀਸ਼ਨ ਵਿਚ ਬਸਤਰ ਦੇ ਹਾਲਾਤ ਬਾਰੇ ਇਹ ਤੱਥ ਸੁਪਰੀਮ ਕੋਰਟ ਦੇ ਧਿਆਨ ‘ਚ ਲਿਆਂਦੇ ਗਏ ਕਿ ਪੁਲਿਸ, ਐੱਸ.ਪੀ.ਓਜ਼ ਅਤੇ ਸੁਰੱਖਿਆ ਬਲਾਂ ਨੇ ਬਸਤਰ ਵਿਚ ਬੇਹੱਦ ਦਹਿਸ਼ਤ ਦਾ ਮਾਹੌਲ ਪੈਦਾ ਕਰ ਰੱਖਿਆ ਹੈ। ਕਿ ਦਿੱਲੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਨੰਦਿਨੀ ਸੁੰਦਰ ਅਤੇ ਉਜਵਲ ਕੁਮਾਰ ਸਿੰਘ ਨੇ ਜਦੋਂ 29-31 ਦਸੰਬਰ ਨੂੰ ਦਾਂਤੇਵਾੜਾ ਦਾ ਦੌਰਾ ਕੀਤਾ ਤਾਂ ਹਥਿਆਰਬੰਦ ਐੱਸ.ਪੀ.ਓਜ਼. ਨੇ ਉਨ੍ਹਾਂ ਘੇਰ ਲਿਆ ਅਤੇ ਉਨ੍ਹਾਂ ਦਾ ਪਿੱਛਾ ਕਰਦੇ ਰਹੇ। ਕਿ ਹਿਮਾਂਸ਼ੂ ਕੁਮਾਰ ਵੱਲੋਂ ‘ਵਣਵਾਸੀ ਚੇਤਨਾ ਆਸ਼ਰਮ’ ਵਿਖੇ ਆਯੋਜਿਤ ਕੀਤੀ ਪੈਦਲ ਯਾਤਰਾ ਅਤੇ ਲੋਕ ਸੁਣਵਾਈ ਨਹੀਂ ਹੋਣ ਦਿੱਤੀ ਗਈ। ਇਨ੍ਹਾਂ ਪ੍ਰੋਗਰਾਮਾਂ ‘ਚ ਹਿੱਸਾ ਲੈਣ ਜਾ ਰਹੇ ਪੱਤਰਕਾਰਾਂ ਅਤੇ ਕਾਰਕੁੰਨਾਂ ਨੂੰ ਉੱਥੋਂ ਜਾਣ ਤੋਂ ਰੋਕ ਦਿੱਤਾ ਗਿਆ ਅਤੇ ਕਈਆਂ ਦੀ ਕੁੱਟਮਾਰ ਵੀ ਕੀਤੀ ਗਈ। ਕਿ ਦਾਂਤੇਵਾੜਾ ਜਾ ਰਹੀ ਔਰਤਾਂ ਦੀ ਨੈਸ਼ਨਲ ਟੀਮ ਨੂੰ ਰਾਏਪੁਰ ‘ਚ ਹੀ ਜ਼ਲੀਲ ਕਰਕੇ ਉੱਥੋਂ ਵਾਪਸ ਮੋੜ ਦਿੱਤਾ ਗਿਆ। ਕਿ ਪੁਲਿਸ ਦੀ ਸਰਪ੍ਰਸਤੀ ਵਾਲੇ ‘ਮਾਂ ਦੰਤੇਸ਼ਵਰੀ ਸਵੈਭਿਮਾਨ ਮੰਚ’ ਦੇ ਹਜੂਮ ਨੇ ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟਸ ਦੇ ਕਾਰਕੁੰਨਾਂ ਮੇਧਾ ਪਟਕਰ ਅਤੇ ਪ੍ਰੋਫੈਸਰ ਸੰਦੀਪ ਪਾਂਡੇ ਉੱਪਰ ਆਂਡੇ ਅਤੇ ਗੰਦਗੀ ਸੁੱਟ ਕੇ ਅਤੇ ਹਮਲਾ ਕਰਕੇ ਲੋਕ ਸੁਣਵਾਈ ‘ਚ ਸਰੇਆਮ ਖ਼ਲਲ ਪਾਇਆ। ਇੱਥੋਂ ਤੱਕ ਕਿ ਜਦੋਂ ਦਿੱਲੀ ਦੇ ਏਮਸ ਵਿਚ ਇਲਾਜ ਲਈ ਦਾਖ਼ਲ ਕਰਾਈ ਜ਼ਖ਼ਮੀ ਆਦਿਵਾਸੀ ਸੋਡੀ ਸੰਭੋ ਨੂੰ ਹੱਕਾਂ ਦੇ ਕਾਰਕੁੰਨਾਂ ਅਤੇ ਪੱਤਰਕਾਰਾਂ ਨੇ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਗਿਆ। ਸੋਡੀ ਸੰਭੋ ਦੇ ਵਕੀਲਾਂ ਨੂੰ ਵੀ ਉਸ ਨੂੰ ਮਿਲਣ ਲਈ ਅਦਾਲਤ ਦਾ ਸਹਾਰਾ ਲੈਣਾ ਪਿਆ ਅਤੇ ਇਹ ਹੁਕਮ ਆਉਣ ਤੋਂ ਇਕ ਪਹਿਲਾਂ ਹੀ ਪੁਲਿਸ ਨੇ ਉਸ ਨੂੰ ਏਮਸ ਤੋਂ ਗ਼ਾਇਬ ਕਰ ਦਿੱਤਾ।

ਮਜ਼ਲੂਮਾਂ ਨੂੰ ਸਰਵਉੱਚ ਅਦਾਲਤ ਤੋਂ ਨਿਆਂ ਦਾ ਇੰਤਜ਼ਾਰ ਸੀ। ਹੁਣ 13 ਸਾਲ ਬਾਅਦ ਉਸ ਪਟੀਸ਼ਨ ਉੱਪਰ ਸੁਪਰੀਮ ਕੋਰਟ ਦਾ ਫ਼ੈਸਲਾ ਆਇਆ ਹੈ। ਸੁਪਰੀਮ ਕੋਰਟ ਨੇ ਬਿਨਾਂ ਕੋਈ ਜਾਂਚ ਕਰਾਏ ਪਟੀਸ਼ਨ ਖਾਰਜ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਪੁਲਿਸ ਵੱਲੋਂ ਪੇਸ਼ ਕੀਤੀ ਇਸ ਝੂਠੀ ਕਹਾਣੀ ਨੂੰ ਮੰਨ ਲਿਆ ਹੈ ਕਿ ਛੇ ਆਦਿਵਾਸੀਆਂ ਨੇ ਦਿੱਲੀ ਦੀ ਸਥਾਨਕ ਅਦਾਲਤ ‘ਚ ਬਿਆਨ ਦਿੱਤਾ ਸੀ ਕਿ ਕਤਲੇਆਮ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਕੀਤਾ ਗਿਆ ਅਤੇ ਸੁਰੱਖਿਆ ਬਲਾਂ ਉੱਪਰ ਲਾਏ ਇਲਜ਼ਾਮ ਝੂਠੇ ਹਨ। ਜੱਜਾਂ ਨੇ ਹਿਮਾਂਸ਼ੂ ਕੁਮਾਰ ਅਤੇ ਉਸ ਦੇ ਸਾਥੀਆਂ ਵੱਲੋਂ ਜ਼ਖ਼ਮੀ ਸੋਡੀ ਸੰਭੋ ਨੂੰ ਦਾਂਤੇਵਾੜਾ ਤੋਂ ਇਲਾਜ ਅਤੇ ਕਾਨੂੰਨੀ ਚਾਰਾਜੋਈ ਲਈ ਰਾਏਪੁਰ ਲਿਜਾਣ ‘ਚ ਬਸਤਰ ਪੁਲਿਸ ਵੱਲੋਂ ਖੜ੍ਹੀਆਂ ਕੀਤੀਆਂ ਦਹਿਸ਼ਤ ਪਾਊ ਰੁਕਾਵਟਾਂ ਨੂੰ ਵੀ ਦਰਕਿਨਾਰ ਕਰ ਦਿੱਤਾ। ਬਸਤਰ ਦੀ ਪੁਲਿਸ ਨੂੰ ਕਲੀਨ ਚਿੱਟ ਦੇ ਰਹੇ ਜੱਜ ਯਾਦ ਨਹੀਂ ਰੱਖਣਾ ਚਾਹੁੰਦੇ ਕਿ ਇਹ ਉਹੀ ਪੁਲਿਸ ਹੈ ਜਿਸ ਦੇ ਪੁਲਿਸ ਅਧਿਕਾਰੀ ਅੰਕਿਤ ਗਰਗ ਨੇ ਪੁਲਿਸ ਹਿਰਾਸਤ ‘ਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ‘ਚ ਪੱਥਰ ਤੁੰਨ ਦਿੱਤੇ ਸਨ। ਜਿਸ ਪੁਲਿਸ ਨੇ ਮੁਕਾਬਲਿਆਂ ਦੀ ਜਾਂਚ ਲਈ ਬਸਤਰ ‘ਚ ਗਈ ਸੀ.ਬੀ.ਆਈ. ਦੀ ਟੀਮ ਅਤੇ ਸਵਾਮੀ ਅਗਨੀਵੇਸ਼ ਉੱਪਰ ਵੀ ਹਮਲਾ ਕਰ ਦਿੱਤਾ ਸੀ ਅਤੇ ਉਹ ਮਸਾਂ ਜਾਨ ਬਚਾ ਕੇ ਉੱਥੋਂ ਆਏ ਸਨ। ਪਹਿਲਾਂ ਹੀ ਇਹ ਸੰਕੇਤ ਆ ਰਹੇ ਸਨ ਕਿ ਕੇਂਦਰ ਸਰਕਾਰ ਗੋਂਪਾੜ ਕਤਲੇਆਮ ‘ਚ ਦਾਇਰ ਕੀਤੀ ਪਟੀਸ਼ਨ ਨੂੰ ਰੱਦ ਕਰਾਉਣ ਲਈ ਹਰ ਹਰਬਾ ਵਰਤ ਰਹੀ ਹੈ। ਮਾਰਚ ਮਹੀਨੇ ਪਟੀਸ਼ਨ ਦਾ ਵਿਰੋਧ ਕਰਨ ਦੇ ਨਾਲ ਨਾਲ ਹਕੂਮਤ ਵੱਲੋਂ ਹਲਫ਼ਨਾਮਾ ਦਾਇਰ ਕਰਕੇ ਮੰਗ ਕੀਤੀ ਗਈ ਕਿ ਪਟੀਸ਼ਨ ਕਰਤਾਵਾਂ ਵਿਰੁੱਧ ਝੂਠੀ ਗਵਾਹੀ ਦੇਣ ਲਈ ਕਾਰਵਾਈ ਕੀਤੀ ਜਾਵੇ। ਦਲੀਲ ਇਹ ਦਿੱਤੀ ਗਈ ਕਿ ਇਨ੍ਹਾਂ ਖੇਤਰਾਂ ‘ਚ ਆਦਿਵਾਸੀ ਲੋਕ ਖੱਬੇਪੱਖੀ ਹਿੰਸਾ ਅਤੇ ਬੇਇਨਸਾਫ਼ੀ ਦੇ ਸ਼ਿਕਾਰ ਹਨ ਪਰ ਕੁਝ ਵਿਅਕਤੀ ਭੋਲੇਭਾਲੇ ਆਦਿਵਾਸੀਆਂ ਨੂੰ ਵਰਗਲਾ ਕੇ ਅਤਿਵਾਦੀਆਂ ਨੂੰ ਕਾਨੂੰਨੀ ਸੁਰੱਖਿਆ ਦੇਣ ਲਈ ਅਦਾਲਤ ਦੀ ਧੋਖੇ ਨਾਲ ਵਰਤੋਂ ਕਰਨਾ ਚਾਹੁੰਦੇ ਹਨ। 2009 ਤੋਂ ਹੀ ਬਸਤਰ ਪੁਲਿਸ ਅਤੇ ਛੱਤੀਸਗੜ੍ਹ ਸਰਕਾਰ ਇਹ ਬਿਰਤਾਂਤ ਸਿਰਜ ਰਹੀ ਸੀ ਕਿ ਕੋਈ ਵੀ ਆਦਿਵਾਸੀ ਗਵਾਹੀ ਦੇਣ ਲਈ ਅੱਗੇ ਨਹੀਂ ਆਇਆ। ਜਦਕਿ ਪਟੀਸ਼ਨ ਦਾਇਰ ਕਰਨ ਵਾਲੇ 12 ਵਿਅਕਤੀਆਂ ‘ਚ ਚਸ਼ਮਦੀਦ ਗਵਾਹ ਸੋਡੀ ਸੰਭੋ ਵੀ ਸ਼ਾਮਿਲ ਸੀ ਜਿਸ ਨੇ ਆਪਣੀਆਂ ਅੱਖਾਂ ਨਾਲ ਸੁਰੱਖਿਆ ਬਲਾਂ ਅਤੇ ਪੁਲਿਸ ਨੂੰ ਆਪਣੇ ਪਰਿਵਾਰ ਮੈਂਬਰਾਂ ਨੂੰ ਕਤਲ ਕਰਦੇ ਦੇਖਿਆ ਸੀ। ਸਿਤਮਜ਼ਰੀਫ਼ੀ ਇਹ ਹੈ ਕਿ ਸੁਪਰੀਮ ਕੋਰਟ ਦੇ ਜੱਜ ਨਿਆਂਸ਼ਾਸਤਰ ਨੂੰ ਦਰਕਿਨਾਰ ਕਰਕੇ ਹੁਕਮਰਾਨ ਧਿਰ ਦੇ ਝੂਠ ਨੂੰ ਸਵੀਕਾਰ ਕਰ ਰਹੇ ਹਨ ਜਦਕਿ ਨਿਆਂ ਦਾ ਤਕਾਜ਼ਾ ਮੰਗ ਕਰਦਾ ਹੈ ਕਿ ਮਜ਼ਲੂਮਾਂ ਦੀਆਂ ਦਰਖ਼ਾਸਤਾਂ ਦਾ ਫ਼ੈਸਲਾ ਤੱਥਾਂ ਅਤੇ ਉਨ੍ਹਾਂ ਸਮੁੱਚੇ ਹਾਲਾਤ ਨੂੰ ਮੁੱਖ ਰੱਖ ਕੇ ਲਿਆ ਜਾਂਦਾ ਜਿਨ੍ਹਾਂ ‘ਚ ਚਸ਼ਮਦੀਦ ਗਵਾਹ ਅਤੇ ਪੀੜਤ ਪੁਲਿਸ ਤਸ਼ੱਦਦ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਦਬਾਓ ਹੇਠ ਪੁਲਿਸ ਦੀ ਮਰਜ਼ੀ ਅਨੁਸਾਰ ਬਿਆਨ ਦੇਣ ਲਈ ਮਜਬੂਰ ਹੋ ਜਾਂਦੇ ਹਨ।

ਹਿਮਾਂਸ਼ੂ ਕੁਮਾਰ ਇਹ ਫ਼ੈਸਲਾ ਆਉਣ ‘ਤੇ ਭੈਭੀਤ ਨਹੀਂ ਹੋਏ। ਉਹ ਹਿੱਕ ਠੋਕ ਕੇ ਕਹਿੰਦੇ ਹਨ ਕਿ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਦੇ ਧਿਆਨ ‘ਚ ਲਿਆਂਦੇ ਐਸੇ 519 ਕੇਸਾਂ ਵਿੱਚੋਂ ਜਾਂਚ ਦੌਰਾਨ ਇਕ ਵੀ ਕੇਸ ਝੂਠਾ ਸਾਬਤ ਨਹੀਂ ਹੋਇਆ। ਉਹ ਸੱਚ ‘ਤੇ ਡੱਟੇ ਹੋਏ ਹਨ ਅਤੇ ਇਹ ਉਨ੍ਹਾਂ ਉੱਪਰ ਸਟੇਟ ਦਾ ਪਹਿਲਾ ਹਮਲਾ ਨਹੀਂ ਹੈ। 2010 ‘ਚ ਬਸਤਰ ਦੇ ਦਾਂਤੇਵਾੜਾ ‘ਚ ਉਨ੍ਹਾਂ ਦਾ ਆਸ਼ਰਮ ਪੁਲਿਸ ਵੱਲੋਂ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ ਸੀ। ਬਸਤਰ ਪੁਲਿਸ ਦੇ ਅਧਿਕਾਰੀਆਂ ਦੀ ਯੋਜਨਾ ਉਸ ਨੂੰ ਕਤਲ ਕਰਨ ਦੀ ਸੀ। ਪਰ ਉਹ ਅਗੇਤੀ ਸੂਚਨਾ ਮਿਲ ਜਾਣ ਕਾਰਨ ਕਿਸੇ ਤਰ੍ਹਾਂ ਰਾਤ ਦੇ ਹਨੇਰੇ ਆਪਣੀ ਜਾਨ ਬਚਾ ਕੇ ਉੱਥੋਂ ਨਿੱਕਲ ਆਏ ਸਨ। ਹਿਮਾਂਸ਼ੂ ਕੁਮਾਰ ਉੱਪਰ ਝੂਠੇ ਦੋਸ਼ ਲਗਾਉਣ ਦਾ ਠੱਪਾ ਹਕੂਮਤ ਨੇ ਪਹਿਲੀ ਵਾਰ ਨਹੀਂ ਲਗਾਇਆ। ਜਦੋਂ ਉਨ੍ਹਾਂ ਨੇ ਸਲਵਾ ਜੁਡਮ ਦੌਰਾਨ ਦਾਂਤੇਵਾੜਾ ਜ਼ਿਲ੍ਹੇ ਦੇ ਪਿੰਡ ਸਾਮਸੇਤੀ ਦੀਆਂ ਚਾਰ ਆਦਿਵਾਸੀ ਕੁੜੀਆਂ ਨਾਲ ਬਲਾਤਕਾਰ ਕਰਨ ਵਾਲੇ ਐੱਸ.ਪੀ.ਓਜ਼. ਵਿਰੁੱਧ ਕੇਸ ਦਰਜ ਕਰਾਉਣ ਲਈ ਬਿਲਾਸਪੁਰ ਹਾਈਕੋਰਟ ‘ਚ ਪਹੁੰਚ ਕੀਤੀ ਸੀ ਤਾਂ ਸੁਣਵਾਈ ਤੋਂ ਪਹਿਲਾਂ ਹੀ ਉਨ੍ਹਾਂ ਹੀ ਐੱਸ.ਪੀ.ਓਜ਼ ਨੇ ਪੀੜਤ ਕੁੜੀਆਂ ਨੂੰ ਅਗਵਾ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਪੰਜ ਦਿਨ ਥਾਣੇ ‘ਚ ਗ਼ੈਰ-ਕਾਨੂੰਨੀ ਹਿਰਾਸਤ ‘ਚ ਰੱਖ ਕੇ ਉਨ੍ਹਾਂ ਤੋਂ ਕੋਰੇ ਕਾਗਜ਼ਾਂ ਉੱਪਰ ਜ਼ਬਰਦਸਤੀਂ ਅੰਗੂਠੇ ਲਗਵਾ ਕੇ ਇਹ ਲਿਖ ਲਿਆ ਸੀ ਕਿ ਹਿਮਾਂਸ਼ੂ ਕੁਮਾਰ ਉਨ੍ਹਾਂ ਉੱਪਰ ਬਲਾਤਕਾਰ ਦੇ ਦੋਸ਼ ਲਗਾਉਣ ਲਈ ਦਬਾਓ ਪਾ ਰਿਹਾ ਹੈ। ਹਿਮਾਂਸ਼ੂ ਕੁਮਾਰ ਨੇ ਹੁਣ ਵੀ ਸੁਪਰੀਮ ਕੋਰਟ ਵੱਲੋਂ ਸਵੀਕਾਰ ਕੀਤੀ ਹਕੂਮਤ ਦੀ ਝੂਠੀ ਕਹਾਣੀ ਨੂੰ ਤੱਥਾਂ ਸਹਿਤ ਚੁਣੌਤੀ ਦਿੱਤੀ ਹੈ ਕਿ ਸੋਡੀ ਸ਼ੰਭੋ ਸਮੇਤ ਪਟੀਸ਼ਨ ਕਰਤਾਵਾਂ ਵਿੱਚੋਂ ਛੇ ਆਦਿਵਾਸੀਆਂ ਨੂੰ ਪੁਲਿਸ ਨੇ ਅਗਵਾ ਕੀਤਾ ਸੀ ਜਿਸ ਦੇ ਉਨ੍ਹਾਂ ਕੋਲ ਪੱਤਰਕਾਰਾਂ ਵੱਲੋਂ ਮੌਕੇ ‘ਤੇ ਬਣਾਏ ਵੀਡੀਓ ਦੇ ਸਬੂਤ ਮੌਜੂਦ ਹਨ। ਪੁਲਿਸ ਨੇ ਉਨ੍ਹਾਂ ਆਦਿਵਾਸੀਆਂ ਨੂੰ ਦਿੱਲੀ ਲਿਆ ਕੇ ਤੀਸ ਹਜ਼ਾਰੀ ਅਦਾਲਤ ‘ਚ ਬਿਆਨ ਦਿਵਾਇਆ ਕਿ ਕਤਲੇਆਮ ਅਣਪਛਾਤੇ ਵਰਦੀਧਾਰੀਆਂ ਨੇ ਕੀਤਾ ਸੀ ਜਦਕਿ ਉਸ ਸਮੇਂ ਦੀਆਂ ਮੀਡੀਆ ਰਿਪੋਰਟਾਂ ਅਤੇ ਆਜ਼ਾਦਾਨਾ ਤੱਥ ਖੋਜ ਰਿਪੋਰਟਾਂ ਇਸ ਦਾ ਸਬੂਤ ਹਨ ਕਿ ਗੋਂਪਾੜ ਕਾਂਡ ਸੁਰੱਖਿਆ ਦਸਤਿਆਂ ਦਾ ਕਾਰਾ ਸੀ। ਓਪਰੇਸ਼ਨ ਗ੍ਰੀਨ ਹੰਟ ਦੇ ਪਹਿਲੇ ਦੋ ਮਹੀਨਿਆਂ ‘ਚ ਹੀ ਸੈਂਕੜੇ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸਲਵਾ ਜੁਡਮ ਦੌਰਾਨ 644 ਆਦਿਵਾਸੀ ਪਿੰਡ ਸਰਕਾਰੀ ਸਰਪ੍ਰਸਤੀ ਵਾਲੇ ਗ਼ੈਰ-ਕਾਨੂੰਨੀ ਗਰੋਹਾਂ ਅਤੇ ਪੁਲਿਸ ਨੇ ਸਾੜ ਦਿੱਤੇ ਸਨ ਅਤੇ ਸੈਂਕੜੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਸਨ।

ਹਿਮਾਂਸ਼ੂ ਕੁਮਾਰ ਦੀ ਦਲੀਲ ‘ਚ ਦਮ ਹੈ ਕਿ ਅਸੀਂ ਜਾਂਚ ਦੀ ਮੰਗ ਕਰ ਰਹੇ ਸੀ, ਸੁਪਰੀਮ ਕੋਰਟ ਦਾ ਫਰਜ਼ ਸੀ ਜਾਂਚ ਕਰਾਉਣਾ। ਜਾਂਚ ਕਰਾਏ ਬਿਨਾਂ ਹੀ ਸੁਪਰੀਮ ਕੋਰਟ ਦਾ ਬੈਂਚ ਸਰਕਾਰ ਦੀ ਕਹਾਣੀ ਨੂੰ ਸਵੀਕਾਰ ਕਰਕੇ ਕਿਵੇਂ ਕਹਿ ਸਕਦਾ ਹੈ ਕਿ ਪਟੀਸ਼ਨ ਕਰਤਾਵਾਂ ਨੂੰ ਵਰਗਲਾ ਕੇ ਲਿਆਂਦਾ ਗਿਆ ਸੀ। ਬਹੁਤ ਸਾਰੇ ਕਤਲੇਆਮ ਹਨ ਜਿਨ੍ਹਾਂ ਵਿਚ ਪੁਲਿਸ ਅਤੇ ਸਰਕਾਰ ਵੱਲੋਂ ਮਾਓਵਾਦੀਆਂ ਨਾਲ ਮੁਕਾਬਲਿਆਂ ਦੇ ਦਾਅਵੇ ਝੂਠੇ ਸਾਬਤ ਹੋਏ। ਜਾਂਚ ਰਿਪੋਰਟਾਂ ‘ਚ ਸਾਹਮਣੇ ਆਇਆ ਕਿ ਮਾਰੇ ਗਏ ਲੋਕ ਹਥਿਆਰਬੰਦ ਮਾਓਵਾਦੀ ਨਹੀਂ ਦਰਅਸਲ ਬੇਕਸੂਰ ਆਦਿਵਾਸੀ ਸਨ। ਸਿੰਗਾਰਾਮ ‘ਚ 19 ਆਦਿਵਾਸੀ ਮਰਦਾਂ-ਔਰਤਾਂ ਨੂੰ ਕਤਲ ਕਰਨ ਤੋਂ ਪਹਿਲਾਂ ਚਾਰ ਆਦਿਵਾਸੀ ਲੜਕੀਆਂ ਨਾਲ ਬਲਾਤਕਾਰ ਦੇ ਕੇਸ ‘ਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਕਹਿੰਦੀ ਹੈ ਕਿ ਆਮ ਆਦਿਵਾਸੀਆਂ ਨੂੰ ਕਤਲ ਕਰਕੇ ਨਕਸਲੀ ਕਰਾਰ ਦੇ ਦਿੱਤਾ ਗਿਆ। ਸਰਕੇਗੁੜਾ ਕਤਲੇਆਮ ਬਾਰੇ ਜੁਡੀਸ਼ੀਅਲ ਕਮਿਸ਼ਨ ਦੀ ਰਿਪੋਰਟ ਹੈ ਕਿ ਮਾਰੇ ਗਏ 17 ਵਿਅਕਤੀ ਬੇਕਸੂਰ ਆਦਿਵਾਸੀ ਸਨ। ਏੜਮਮੇਟਾ ਕਾਂਡ ‘ਚ ਵੀ ਜੁਡੀਸ਼ੀਅਲ ਕਮਿਸ਼ਨ ਦੀ ਰਿਪੋਰਟ ਹੈ ਕਿ ਮਾਰੇ ਗਏ ਅੱਠ ਆਦਿਵਾਸੀ ਨਕਸਲੀ ਨਹੀਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਇਕ ਹੋਰ ਰਿਪੋਰਟ ਕਹਿੰਦੀ ਹੈ ਕਿ ਸੁਰੱਖਿਆ ਬਲਾਂ ਨੇ 16 ਆਦਿਵਾਸੀ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਜਿਸ ਦੇ ਸਾਫ਼ ਸਬੂਤ ਮੌਜੂਦ ਹਨ।

ਦਰਅਸਲ, ਆਰ.ਐੱਸ.ਐੱਸ.-ਭਾਜਪਾ ਸਰਕਾਰ ਨਿਆਂ ਦੀ ਹਰ ਕੋਸ਼ਿਸ਼ ਨੂੰ ਕੁਚਲ ਦੇਣਾ ਚਾਹੁੰਦੀ ਹੈ। ਉੱਚ ਅਦਾਲਤਾਂ ‘ਚ ਪੁਲਿਸ, ਨੀਮਫ਼ੌਜੀ ਲਸ਼ਕਰਾਂ ਅਤੇ ਫ਼ੌਜ ਵਿਰੁੱਧ ਦਰਜ ਉਹ ਸਾਰੇ ਕੇਸ ਰਫ਼ਾ-ਦਫ਼ਾ ਕਰਵਾਏ ਜਾ ਰਹੇ ਹਨ ਜੋ ਮਜ਼ਲੂਮਾਂ ਵੱਲੋਂ ਨਿਆਂ ਲੈਣ ਦੀ ਕੋਸ਼ਿਸ਼ ‘ਚ ਲੜੇ ਜਾ ਰਹੇ ਸਨ। ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਲਗਾ ਕੇ ਕੇਂਦਰ ਸਰਕਾਰ ਨੇ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਰੱਦ ਕਰਵਾਈ ਅਤੇ ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ ਦਾ ਰਾਹ ਪੱਧਰਾ ਕਰਵਾਇਆ। ਇਸੇ ਤਰ੍ਹਾਂ ਗੋਂਪਾੜ ਕਤਲੇਆਮ ਕੇਸ ‘ਚ ਕਰਵਾਇਆ ਗਿਆ। ਇਹ ਸਪਸ਼ਟ ਹੈ ਕਿ ਕੇਂਦਰ ਸਰਕਾਰ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਿਰੁੱਧ ਜਾਇਜ਼ ਕਾਨੂੰਨੀ ਲੜਾਈ ਨੂੰ ਹਰ ਹੀਲੇ ਕੁਚਲਣ ‘ਤੇ ਤੁਲੀ ਹੋਈ ਹੈ ਕਿਉਂਕਿ ਇਹ ਤਾਕਤਾਂ ਅਮਨ-ਕਾਨੂੰਨ ਦੇ ਨਾਂ ਹੇਠ ਲੋਕਾਂ ਦੇ ਵਿਰੋਧ ਨੂੰ ਦਬਾਉਣ ਅਤੇ ਹਕੂਮਤ ਦੀਆਂ ਨੀਤੀਆਂ ਨੂੰ ਲਾਗੂ ਕਰਾਉਣ ਦਾ ਸੰਦ ਹਨ।

ਇਕ ਤਰ੍ਹਾਂ ਨਾਲ ਇਹ ਫ਼ੈਸਲਾ ਗੁਜਰਾਤ ਕਤਲੇਆਮ ਦੇ ਮਾਮਲੇ ਵਿਚ ਤੀਸਤਾ ਸੀਤਲਵਾੜ ਅਤੇ ਦੋ ਪੁਲਿਸ ਅਧਿਕਾਰੀਆਂ ਵਿਰੁੱਧ ਫ਼ੈਸਲੇ ਦੀ ਅਗਲੀ ਕੜੀ ਹੀ ਹੈ। ਭੀਮਾ-ਕੋਰੇਗਾਓਂ ਕੇਸ ‘ਚ ਡੇਢ ਦਰਜਨ ਬੁੱਧੀਜੀਵੀਆਂ ਨੂੰ ਗ੍ਰਿਫ਼ਤਾਰ ਕਰਕੇ ਪਹਿਲਾਂ ਹੀ ਸਾਢੇ ਚਾਰ ਸਾਲ ਤੋਂ ਜੇਲ੍ਹ ‘ਚ ਡੱਕਿਆ ਹੋਇਆ ਹੈ। ਕਸ਼ਮੀਰ ਦੇ ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਲਗਾਤਾਰ ਹਮਲੇ ਦੀ ਮਾਰ ਹੇਠ ਹਨ। ਪਿਛਲੇ ਦਿਨੀਂ ਤੀਸਤਾ ਸੀਤਲਵਾੜ ਅਤੇ ਸਾਬਕਾ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਨੂੰ ਵੀ ਜੇਲ੍ਹ ‘ਚ ਡੱਕ ਦਿੱਤਾ ਗਿਆ ਕਿਉਂਕਿ ਉਹ ਗੁਜਰਾਤ ਕਤਲੇਆਮ ‘ਚ ਨਿਆਂ ਦੀ ਲੜਾਈ ਲੜ ਰਹੇ ਸਨ। ਪੱਤਰਕਾਰ ਮੁਹੰਮਦ ਜ਼ੁਬੈਰ ਨੂੰ ਇਸ ਕਰਕੇ ਜੇਲ੍ਹ ‘ਚ ਡੱਕ ਦਿੱਤਾ ਗਿਆ ਕਿਉਂਕਿ ਉਹ ਜਾਅਲੀ ਪੋਸਟਾਂ ਅਤੇ ਸੰਘ ਬ੍ਰਿਗੇਡ ਦੇ ਨਫ਼ਰਤੀ ਭਾਸ਼ਣਾਂ ਦਾ ਪਰਦਾਫਾਸ਼ ਕਰਦੇ ਸਨ। ਡੈਮਾਂ ਰਾਹੀਂ ਉਜਾੜੇ ਲੋਕਾਂ ਲਈ ਲੜ ਰਹੀ ਮਸ਼ਹੂਰ ਕਾਰਕੁਨ ਮੇਧਾ ਪਟਕਰ ਉੱਪਰ ਵੀ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਅਦਾਲਤੀ ਪ੍ਰਣਾਲੀ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾ ਰਹੀ ਹੈ ਜੋ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਅਦਾਲਤਾਂ ਵਿਚ ਜਾਣ ਦੀ ਹਿੰਮਤ ਕਰ ਰਹੇ ਹਨ ਅਤੇ ਮਜ਼ਲੂਮਾਂ ਦਾ ਸਾਥ ਦੇ ਰਹੇ ਹਨ। ਦਰਅਸਲ ਕਤਲੇਆਮ ਅਤੇ ਸਾੜਸਤੀ ਦਾ ਸ਼ਿਕਾਰ ਹੋਏ ਮਜ਼ਲੂਮਾਂ ਨੂੰ ਕਈ ਕਈ ਸਾਲ ਅਦਾਲਤਾਂ ‘ਚ ਰੋਲ਼ ਕੇ ਨਾ ਸਿਰਫ਼ ਨਿਆਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ ਸਗੋਂ ਤੱਥਾਂ ਨੂੰ ਖ਼ਤਮ ਕਰਕੇ ਸੱਤਾ ਵੱਲੋਂ ਹਾਸ਼ੀਏ ‘ਤੇ ਧੱਕੇ ਭਾਈਚਾਰਿਆਂ ਅਤੇ ਘੱਟਗਿਣਤੀਆਂ ਦੇ ਕਤਲੇਆਮ ਦਾ ਇਤਿਹਾਸ ਵੀ ਬਦਲਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਦਾ ਮਜ਼ਲੂਮਾਂ ਦੇ ਹੱਕ ਵਿਚ ਡੱਟਣ ਵਾਲਿਆਂ ਨੂੰ ਹੀ ਕਟਹਿਰੇ ਵਿਚ ਖੜ੍ਹੇ ਕਰਨਾ ਇਕ ਜ਼ੋਰ ਫੜ ਰਿਹਾ ਰੁਝਾਨ ਹੈ ਜੋ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨੂੰ ਜ਼ੁਬਾਨਬੰਦੀ ਕਰ ਲੈਣ ਦਾ ਸੰਦੇਸ਼ ਹੈ। ਫ਼ੈਸਲਾ ਹੁਣ ਜਾਗਦੀਆਂ ਜਮੀਰਾਂ ਵਾਲਿਆਂ ਦੇ ਹੱਥ ਵਿਚ ਹੈ ਉਨ੍ਹਾਂ ਨੇ ਸੱਤਾ ਦੀ ਧੌਂਸ ਅਤੇ ਨਿਆਂ ਪ੍ਰਣਾਲੀ ਦੇ ਅਨਿਆਂ ਤੋਂ ਖੌਫ਼ਜ਼ਦਾ ਹੋ ਕੇ ਜ਼ੁਬਾਨਬੰਦੀ ਕਰਨੀ ਹੈ ਜਾਂ ਨਿਆਂ ਲਈ ਸੰਘਰਸ਼ ਨੂੰ ਹੋਰ ਵੀ ਹਿੰਮਤ ਅਤੇ ਧੜੱਲੇ ਨਾਲ ਅੱਗੇ ਵਧਾਉਣਾ ਹੈ।

# ਅਜ਼ੀਮੋ-ਸ਼ਾਨ ਜਰਨੈਲ ਜਨਰਲ ਹਰਬਖਸ਼ ਸਿੰਘ

## 1965 ਦੀ ਜੰਗ ਵਿਚ ਬਿਆਸ ਪਾਰਲੇ ਇਲਾਕੇ ਪਾਕਿਸਤਾਨ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ

ਮੈਨੂੰ 1965 ਅਤੇ 1971 ਦੀਆਂ ਜੰਗਾਂ ਲੜਨ ਅਤੇ ਨਾਲ ਹੀ ਇਹ ਦੋਵੇਂ ਜੰਗਾਂ ਜਿੱਤਣ ਵਿਚ ਮੁੱਖ ਕਿਰਦਾਰ ਨਿਭਾਉਣ ਵਾਲੇ ਮਹਾਨ ਜਰਨੈਲਾਂ ਨੂੰ ਮਿਲਣ ਦਾ ਮੌਕਾ ਮਿਲਿਆ। ਇਨ੍ਹਾਂ ਜਰਨੈਲਾਂ 'ਚੋਂ ਖਾਸ ਜਰਨੈਲ ਸਨ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ। ਉਹ ਲੰਮੀ ਤੇ ਮਜ਼ਬੂਤ

ਡਾ. (ਕਰਨਲ)
ਦਲਵਿੰਦਰ ਸਿੰਘ ਗਰੇਵਾਲ

ਕੱਦ-ਕਾਠੀ ਵਾਲੇ ਅਤੇ ਹੁਸ਼ਿਆਰ ਤੇ ਕ੍ਰਿਸ਼ਮਈ ਇਨਸਾਨ ਸਨ। 1965 ਦੀ ਜੰਗ ਵੇਲੇ ਉਹ ਥਲ ਸੈਨਾ ਦੀ ਪੱਛਮੀ ਕਮਾਂਡ ਦੇ ਜਨਰਲ ਕਮਾਂਡਿੰਗ ਅਫਸਰ ਸਨ ਅਤੇ ਇਸ ਅਧੀਨ ਪੈਂਦੇ ਇਲਾਕੇ ਸਮੁੱਚੇ ਪੱਛਮੀ ਪਾਕਿਸਤਾਨ ਨਾਲ ਲੱਗਵੇਂ ਸਨ।

ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਫੌਜੀਆਂ ਦੇ ਜਰਨੈਲ ਵਜੋਂ ਮਸ਼ਹੂਰ ਸਨ ਕਿਉਂਕਿ ਇਕ ਪਾਸੇ ਉਹ ਆਪਣੀ ਫੌਜ ਨਾਲ ਮੋਢਾ ਡਾਹ ਕੇ ਲੜਦੇ ਸਨ, ਦੂਜੇ ਪਾਸੇ ਆਪਣੇ ਫੌਜੀਆਂ ਅੰਦਰ ਐਨਾ ਉਤਸ਼ਾਹ ਭਰ ਦਿੰਦੇ ਸਨ ਕਿ ਔਖੇ ਤੋਂ ਔਖੇ ਹਾਲਾਤ ਵਿਚ ਵੀ ਉਨ੍ਹਾਂ ਦੀ ਜਿੱਤ ਯਕੀਨੀ ਹੋ ਜਾਂਦੀ ਸੀ। ਉਹ ਲੜਾਈਆਂ ਦਾ ਚੰਡਿਆ ਹੋਇਆ ਜਰਨੈਲ ਸੀ। ਉਨ੍ਹਾਂ ਉੱਤਰ ਪੱਛਮੀ ਸਰਹੱਦੀ ਸੂਬੇ ਅੰਦਰ ਲੜਾਈ ਲੜੀ; ਦੂਜੀ ਸੰਸਾਰ ਜੰਗ ਦੌਰਾਨ ਮਲਾਇਆ ਵਿਚ ਜਪਾਨੀ ਫੌਜ ਨਾਲ ਲੜਦਿਆਂ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ; ਸ਼ੇਲਟਾਂਗ ਦੀ ਜੰਗ ਲੜੀ; ਤੇ 1947 ਵਿਚ ਸ੍ਰੀਨਗਰ ਨੂੰ ਪਾਕਿਸਤਾਨੀ ਹਮਲਾਵਰਾਂ ਦੇ ਕਬਜ਼ੇ ਵਿਚ ਜਾਣ ਤੋਂ ਬਚਾਇਆ ਅਤੇ ਟਿਥਵਾਲ ਨੂੰ ਪਾਕਿਸਤਾਨੀ ਫੌਜ ਦੇ ਕਬਜ਼ੇ ਤੋਂ ਛੁਡਵਾਇਆ ਸੀ।

ਚੀਨ ਨਾਲ 1962 ਦੀ ਜੰਗ ਦੌਰਾਨ ਜਦੋਂ ਲੈਫਟੀਨੈਂਟ ਜਨਰਲ ਬੀ.ਐਮ. ਕੌਲ ਬਿਮਾਰ ਹੋ ਗਏ ਸਨ ਤੇ ਸ਼ੁਰੂਆਤੀ ਹਾਰਾਂ ਤੋਂ ਬਾਅਦ ਭਾਰਤੀ ਜਵਾਨਾਂ ਦੇ ਹੌਸਲੇ ਪਸਤ ਹੋ ਗਏ ਤਾਂ ਜਨਰਲ ਹਰਬਖਸ਼ ਸਿੰਘ ਨੂੰ ਚੌਥੀ ਕੋਰਪਸ ਦਾ ਚਾਰਜ ਸੰਭਾਲਣ ਲਈ ਤੇਜ਼ਪੁਰ ਭੇਜਿਆ ਗਿਆ। ਜਨਰਲ ਹਰਬਖਸ਼ ਸਿੰਘ ਨੇ ਜਵਾਨਾਂ ਤੇ ਕਮਾਂਡਰਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦਾ ਹੌਸਲਾ ਮੁੜ ਜਗਾਇਆ। ਕੁਝ ਦੇਰ ਬਾਅਦ ਜਨਰਲ ਕੌਲ ਠੀਕ ਹੋ ਕੇ ਵਾਪਸ ਆ ਗਏ ਤੇ ਉਨ੍ਹਾਂ ਚੌਥੀ ਕੋਰਪਸ ਦਾ ਚਾਰਜ ਮੁੜ ਸੰਭਾਲ ਲਿਆ ਅਤੇ ਜਨਰਲ ਹਰਬਖਸ਼ ਸਿੰਘ ਨੂੰ 33 ਕੋਰਪਸ ਦਾ ਕਮਾਂਡਰ ਥਾਪ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਤਰੱਕੀ ਦੇ ਕੇ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ



ਨਿਯੁਕਤ ਕੀਤਾ ਗਿਆ।

ਤੁਸੀਂ ਕਸ਼ਮੀਰ ਦੇ ਮਸ਼ਹੂਰ ਉੜੀ ਸੈਕਟਰ ਵਿਚ ਖਿਚਵਾਈ ਜਨਰਲ ਹਰਬਖਸ਼ ਸਿੰਘ ਦੀ ਤਸਵੀਰ ਜ਼ਰੂਰ ਦੇਖੀ ਹੋਵੇਗੀ। ਉਸ ਸਮੇਂ ਸਮੁੱਚਾ ਜੰਮੂ ਕਸ਼ਮੀਰ ਪੱਛਮੀ ਕਮਾਂਡ ਦੇ ਅਧੀਨ ਆਉਂਦਾ ਸੀ। ਬਾਅਦ ਵਿਚ ਪੱਛਮੀ ਕਮਾਂਡ ਦੇ ਕਈ ਖੇਤਰ ਵੱਖ ਕਰ ਕੇ ਉੱਤਰੀ ਕਮਾਂਡ ਦਾ ਗਠਨ ਕੀਤਾ ਗਿਆ। ਜਨਰਲ ਹਰਬਖਸ਼ ਸਿੰਘ ਦੀ ਕਮਾਂਡ ਹੇਠਲੇ ਦਸਤਿਆਂ ਨੇ ਜੰਮੂ ਕਸ਼ਮੀਰ ਦੇ ਲੋਕਾਂ ਦੀ ਮਦਦ ਨਾਲ ਪਾਕਿਸਤਾਨ ਜਿਬਰਾਲਟਰ ਫੋਰਸ ਦੇ ਸਾਰੇ ਗੁਰੀਲੇ ਦਸਤਿਆਂ ਨੂੰ ਘੇਰ ਕੇ ਛੰਬ-ਅਖਨੂਰ ਸੈਕਟਰ ਵਿਚ ਪਾਕਿਸਤਾਨ ਦੇ ਓਪਰੇਸ਼ਨ ਗ੍ਰੈਂਡ ਸਲੈਮ ਨੂੰ ਨੁੱਸ ਕਰ ਦਿੱਤਾ ਸੀ। ਕੌਮਾਂਤਰੀ ਸਰਹੱਦ ਦੇ ਪਾਰੋਂ ਤਿੰਨ-ਤਰਫਾ ਹਮਲਾ ਸ਼ੁਰੂ ਹੋਣ ਤੋਂ ਕੁਝ ਘੰਟਿਆਂ ਦੇ ਅੰਦਰ ਹੀ ਭਾਰਤੀ ਫੌਜ ਦੀ ਇਕ ਡਿਵੀਜ਼ਨ ਲਾਹੌਰ ਦੇ ਦਰਾਂ ਤੱਕ ਜਾ ਪਹੁੰਚੀ ਸੀ ਜਿਸ 'ਤੇ ਸ਼ਾਸਤਰੀ ਜੀ ਨੇ ਕਿਹਾ ਸੀ: "ਅਸੀਂ ਪੈਦਲ ਚੱਲ ਕੇ ਲਾਹੌਰ ਜਾ ਵੜਾਂਗੇ।"

ਇਸ ਲੜਾਈ ਦਾ ਸਭ ਤੋਂ ਅਹਿਮ ਪਹਿਲੂ ਇਹ ਸੀ ਕਿ ਜਦੋਂ ਪਾਕਿਸਤਾਨੀ ਪੈਟਨ ਟੈਂਕਾਂ ਦੀ ਡਿਵੀਜ਼ਨ ਨੇ ਖੇਮਕਰਨ ਸੈਕਟਰ ਵੱਲ ਵਧਣਾ ਸ਼ੁਰੂ ਕੀਤਾ ਤਾਂ ਇਸ ਗੱਲ ਦਾ ਖਤਰਾ ਸੀ ਕਿ ਭਾਰਤੀ ਸੈਂਚੂਰੀਅਨ ਟੈਂਕ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਪਾਉਣਗੇ ਤੇ ਭਾਰਤ ਲੜਾਈ ਹਾਰ ਜਾਵੇਗਾ। ਇਸ ਖਤਰੇ ਦੇ ਪੇਸ਼ੇ-ਨਜ਼ਰ ਫੌਜ ਦੇ ਮੁਖੀ ਜਨਰਲ ਜੇ.ਐਨ. ਚੌਧਰੀ ਨੇ ਜਨਰਲ ਹਰਬਖਸ਼ ਸਿੰਘ ਨੂੰ ਆਪਣੀ ਫੌਜ ਬਿਆਸ ਦਰਿਆ ਦੀ ਲਾਈਨ ਤੋਂ ਪਿਛਾਂਹ ਲਿਜਾਣ ਦਾ ਹੁਕਮ ਦਿੱਤਾ। ਇਸ ਦਾ ਮਤਲਬ ਸੀ ਕਿ ਖੇਮਕਰਨ, ਤਰਨ ਤਾਰਨ, ਗੋਇੰਦਵਾਲ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਇਲਾਕੇ ਬਿਨਾ ਲੜੇ ਹੀ ਪਾਕਿਸਤਾਨ ਨੂੰ ਸੌਂਪ ਦਿੱਤੇ ਜਾਣ।

ਆਪਣੀ ਕਿਤਾਬ 'ਇਨ ਲਾਈਨ ਆਫ ਡਿਊਟੀ: ਏ ਸੋਲਜਰ ਰਿਮੈਂਬਰਜ਼' ਵਿਚ ਜਨਰਲ ਹਰਬਖਸ਼ ਸਿੰਘ ਲਿਖਦੇ ਹਨ: '9 ਸਤੰਬਰ ਦੀ ਰਾਤ ਥਲ ਸੈਨਾ ਦੇ ਮੁਖੀ ਨੇ ਮੈਨੂੰ ਫੋਨ ਕੀਤਾ ...'ਡਿਵੀਜ਼ਨ ਦੀ ਪੂਰੀ ਫੌਜ ਨੂੰ ਬਚਾਉਣ ਲਈ ਮੈਨੂੰ ਬਿਆਸ ਦਰਿਆ ਦੀ ਲਾਈਨ ਤੱਕ ਪਿੱਛੇ ਹਟਣਾ ਪਵੇਗਾ।' ਬਿਆਸ ਤੱਕ ਪਿੱਛੇ ਹਟਣ ਦਾ ਮਤਲਬ ਸੀ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲਿਆਂ ਸਮੇਤ ਪੰਜਾਬ ਦੇ ਬਹੁਤ ਹੀ ਅਹਿਮ ਇਲਾਕੇ ਦੀ ਕੁਰਬਾਨੀ ਦੇਣੀ ਜੋ ਚੀਨ ਹੱਥੋਂ 1962 ਦੀ ਜੰਗ ਵਿਚ ਹੋਈ ਹਾਰ ਨਾਲੋਂ ਵੀ ਭੈੜੀ ਸੀ।'

ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਉਸ ਵੇਲੇ ਜਨਰਲ ਹਰਬਖਸ਼ ਸਿੰਘ ਦੇ ਏ.ਡੀ.ਸੀ. ਸਨ ਅਤੇ ਉਨ੍ਹਾਂ ਥਲ ਸੈਨਾ ਮੁਖੀ ਦੀ ਕਾਲ ਰਿਸੀਵ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਲਿਖਦੇ ਹਨ: "ਰਾਤੀਂ ਢਾਈ ਵਜੇ ਥਲ ਸੈਨਾ ਮੁਖੀ ਜਨਰਲ ਜੇ.ਐਨ. ਚੌਧਰੀ ਨੇ ਜਨਰਲ (ਹਰਬਖਸ਼ ਸਿੰਘ) ਨੂੰ ਫੋਨ ਕੀਤਾ- '11 ਕੋਰਪਸ ਨੂੰ ਬਿਆਸ ਦਰਿਆ ਲਾਈਨ ਤੱਕ ਵਾਪਸ ਲੈ ਜਾਓ।' ਜਨਰਲ ਹਰਬਖਸ਼ ਸਿੰਘ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ।"

ਥਲ ਸੈਨਾ ਦੇ ਜ਼ਬਾਨੀ ਹੁਕਮ ਦੀ ਪਾਲਣਾ ਕਰਨ ਤੋਂ ਮਨ੍ਹਾ ਕਰਨਾ ਬੱਜਰ ਗੁਨਾਹ ਗਿਣਿਆ ਜਾਂਦਾ ਸੀ ਪਰ ਜਨਰਲ ਹਰਬਖਸ਼ ਸਿੰਘ ਨੇ ਆਪਣੀ ਪ੍ਰਵਾਹ ਨਹੀਂ ਕੀਤੀ ਸਗੋਂ ਦੇਸ਼ ਦੇ ਹਿੱਤ ਸਾਹਮਣੇ ਰੱਖੇ। ਇਸ ਦਾ ਜੋ ਨਤੀਜਾ ਨਿਕਲਿਆ, ਉਹ ਭਾਰਤ ਦੇ ਹਿੱਤ ਵਿਚ ਸੀ। 'ਆਸਲ ਉਤਾੜ ਦੀ ਲੜਾਈ' ਵਿਚ ਮਸ਼ਹੂਰ ਐਮ-47 ਪੈਟਨ ਟੈਂਕਾਂ ਦੀ ਪਾਕਿਸਤਾਨ ਆਰਮਰਡ ਡਿਵੀਜ਼ਨ ਨੂੰ ਸੈਂਚੂਰੀਅਨ ਟੈਂਕਾਂ ਦੀ ਇਕ-ਮਾਤਰ ਭਾਰਤੀ ਰੈਜੀਮੈਂਟ ਨੇ ਕੁਝ ਕੁ ਪੈਦਲ ਦਸਤਿਆਂ ਦੀ ਮਦਦ ਨਾਲ ਤਬਾਹ ਕਰ ਦਿੱਤਾ। ਖੇਮਕਰਨ ਸੈਕਟਰ ਵਿਚ ਅੱਜ ਵੀ ਅਮਰੀਕਾ ਦੇ ਪੈਟਨ ਟੈਂਕਾਂ ਦਾ ਕਬਰਿਸਤਾਨ ਮੌਜੂਦ ਹੈ।

1965 ਦੀ ਜੰਗ ਬਾਰੇ ਲਿਖਦਿਆਂ ਮੇਜਰ ਜਨਰਲ ਡੀ.ਕੇ. ਪਾਲਿਤ ਨੇ ਇਸ ਦੀ ਪੁਸ਼ਟੀ ਕੀਤੀ: "ਵਾਕਈ ਥਲ ਸੈਨਾ ਮੁਖੀ ਵਲੋਂ ਜ਼ਬਾਨੀ ਤੌਰ 'ਤੇ ਇਹ ਹੁਕਮ ਦਿੱਤਾ ਗਿਆ ਸੀ ਪਰ ਹਰਬਖਸ਼ ਅੜ ਗਏ ਤੇ ਮੰਨਣ ਤੋਂ ਇਨਕਾਰੀ ਹੋ ਗਏ।" ਉਨ੍ਹਾਂ ਚੌਧਰੀ ਨੂੰ ਕਿਹਾ ਕਿ ਉਹ ਅਜਿਹੇ ਅਹਿਮ ਸਵਾਲ 'ਤੇ ਕੋਈ ਜ਼ਬਾਨੀ ਹੁਕਮ ਨਹੀਂ ਮੰਨਣਗੇ। ਇਸ ਤੋਂ ਪਹਿਲਾਂ ਕਿ ਥਲ ਸੈਨਾ ਮੁਖੀ ਵਲੋਂ ਕੋਈ ਲਿਖਤੀ ਹੁਕਮ ਉਨ੍ਹਾਂ ਤੱਕ ਪਹੁੰਚਦਾ, ਉਦੋਂ ਤੱਕ ਉਹ ਲੜਾਈ ਜਿੱਤ ਚੁੱਕੇ ਸਨ। ਇਹ ਯੁੱਧਨੀਤਕ ਜੰਗ ਦੀ ਬੇਮਿਸਾਲ ਫਤਹਿ ਸੀ ਜਦੋਂ ਜਨਰਲ ਹਰਬਖਸ਼ ਸਿੰਘ ਦੀ ਅਗਵਾਈ ਹੇਠ ਸੈਂਚੂਰੀਅਨ ਟੈਂਕਾਂ ਤੇ 106 ਐਮ.ਐਮ. ਤੋਪਾਂ ਨੇ ਖੇਮਕਰਨ ਦੀ ਇਸ ਲੜਾਈ ਵਿਚ ਪਾਕਿਸਤਾਨੀ ਪੈਟਨ ਟੈਂਕਾਂ ਦੇ ਪਰਖਚੇ ਉਡਾ ਦਿੱਤੇ ਸਨ।

ਉੱਘੇ ਰੱਖਿਆ ਮਾਹਿਰ ਅਤੇ ਕਾਲਮ ਨਵੀਸ ਇੰਦਰ ਮਲਹੋਤਰਾ ਨੇ ਲਿਖਿਆ ਹੈ: "ਜਨਰਲ ਚੌਧਰੀ ਘਬਰਾ ਗਏ ਸਨ ਤੇ ਉਨ੍ਹਾਂ ਹਰਬਖਸ਼ ਨੂੰ ਆਪਣੇ ਦਸਤੇ ਬਿਆਸ ਤੋਂ ਪਿਛਾਂਹ ਲਿਜਾਣ ਦਾ ਹੁਕਮ ਦਿੱਤਾ ਸੀ ਜਿਸ ਨੂੰ ਹਰਬਖਸ਼ ਸਿੰਘ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ।"

ਇਸ ਤਰ੍ਹਾਂ, ਜਨਰਲ ਹਰਬਖਸ਼ ਸਿੰਘ ਨੇ ਵੱਡੀ ਮੁਸੀਬਤ ਸਾਹਮਣੇ ਅਡੋਲ ਰਹਿ ਕੇ ਬੇਮਿਸਾਲ ਅਗਵਾਈ ਅਤੇ ਯੁੱਧ ਕੌਸ਼ਲ ਦਾ ਮੁਜ਼ਾਹਰਾ ਕੀਤਾ ਅਤੇ ਆਪਣੇ ਤੋਂ ਕਿਤੇ ਤਾਕਤਵਰ ਸੈਨਾ ਨੂੰ ਭਾਂਜ ਦੇ ਕੇ ਬਿਆਸ ਤੋਂ ਉੱਤਰ ਵੱਲ ਪੈਂਦਾ ਪੰਜਾਬ ਦਾ ਸਮੁੱਚਾ ਇਲਾਕੇ ਪਾਕਿਸਤਾਨ ਦੀ ਝੋਲੀ ਵਿਚ ਪੈਣ ਤੋਂ ਬਚਾ ਲਿਆ ਸੀ। ਉਹ ਸੱਚੇ ਕੌਮੀ ਨਾਇਕ ਸਨ ਅਤੇ ਰਾਸ਼ਟਰਪਤੀ ਵਲੋਂ ਉਨ੍ਹਾਂ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ ਗਿਆ ਜਿਸ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਹੋਰ ਬਹੁਤ ਸਾਰੇ ਪੁਰਸਕਾਰਾਂ ਨਾਲ ਸਨਮਾਨਿਆ ਜਾ ਚੁੱਕਿਆ ਸੀ।

# ਜਹਾਜ਼ ਥੱਲੇ ਲਟਕ ਕੇ, ਦਿੱਲੀ ਤੋਂ ਲੰਡਨ ਪਹੁੰਚਣ ਵਾਲਾ ਪ੍ਰਦੀਪ ਸਿੰਘ

ਸੰਨ 1996 ਦੀ ਗੱਲ ਹੈ, ਪੰਜਾਬ 'ਚ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਖਰਾਬ ਹੋਏ ਹਾਲਾਤ ਹਜੇ ਵੀ ਪੂਰੀ ਤਰ੍ਹਾਂ ਨਾਲ ਕਾਬੂ 'ਚ ਨਹੀਂ ਸਨ ਆਏ, ਇਸੇ ਸਮੇਂ ਗੜ੍ਹਸ਼ੰਕਰ ਲਾਗੇ ਨਵਾਂਸ਼ਹਿਰ ਰੋਡ 'ਤੇ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਸਿਆਲਾ ਦੇ ਦੋ ਸਕੇ ਭਰਾ, 23 ਸਾਲਾ ਪ੍ਰਦੀਪ ਸਿੰਘ ਸੈਣੀ ਤੇ 19 ਸਾਲਾ

ਅਸ਼ੋਕ ਸੋਨੀ, ਫਾਜ਼ਿਲਕਾ
ਫੋਨ: 98727-05078

ਵਿਜੈ ਸਿੰਘ ਸੈਣੀ, ਜੋ ਕਾਰਾਂ ਠੀਕ ਕਰਨ ਦਾ ਕੰਮ ਸਿੱਖਦੇ ਸਨ, ਪੁਲਿਸ ਦੀ ਰੋਜ਼ਾਨਾ ਪੁੱਛਗਿੱਛ ਤੇ ਤਸ਼ੱਦਦ ਤੋਂ ਪ੍ਰੇਸ਼ਾਨ ਸਨ। ਉਨ੍ਹਾਂ ਇਸ ਸਭ ਤੋਂ ਖਹਿੜਾ ਛੁਡਾਉਣ ਲਈ ਇੰਗਲੈਂਡ ਜਾਣ ਦਾ ਮਨ ਬਣਾ ਲਿਆ ਜਦਕਿ ਉਨ੍ਹਾਂ ਕੋਲ ਨਾ ਤਾਂ ਕੋਈ ਪਾਸਪੋਰਟ ਸੀ, ਨਾ ਵੀਜ਼ਾ ਤੇ ਨਾ ਹੀ ਪੈਸੇ। ਸਤੰਬਰ 1996 'ਚ ਦੋਵੇਂ ਭਰਾ ਬੱਸ ਚੜ੍ਹ ਦਿੱਲੀ ਆ ਗਏ, ਜਿੱਥੇ ਇਕ ਠੱਗ ਏਜੰਟ ਨੇ ਉਨ੍ਹਾਂ ਨੂੰ ਜਹਾਜ਼ 'ਚ ਸਵਾਰੀਆਂ ਦੇ ਸਮਾਨ ਆਲੇ ਖਾਨੇ 'ਚ ਲੁਕੋ ਕੇ ਭੇਜਣ ਦੀ ਗੱਲ ਆਖਦਿਆਂ, 150 ਪੌਂਡ ਦੀ ਠੱਗੀ ਮਾਰ ਲਈ। ਪਰ ਦੋਵੇਂ ਭਰਾ ਠੱਗੇ ਜਾਣ ਤੋਂ ਬਾਅਦ ਵੀ ਵਾਪਸ ਨ੍ਹੀਂ ਆਏ ਤੇ ਉਨ੍ਹਾਂ ਸੱਚੀਂ ਇਸੇ ਤਰੀਕੇ ਲੰਡਨ ਜਾਣ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਿੱਲੀ ਦੀ ਰੇਕੀ ਕਰਨੀ ਸ਼ੁਰੂ ਕਰ ਦਿੱਤੀ। ਲਗਾਤਾਰ ਦਸ ਦਿਨ ਰੇਕੀ ਕਰਨ ਤੋਂ ਬਾਅਦ ਇਕ ਦਿਨ ਦੋਵੇਂ ਭਰਾ ਕੰਧ ਤੋਂ ਛਾਲ ਮਾਰ ਕੇ ਅੰਦਰ ਵੜ ਗਏ ਤੇ ਦਿੱਲੀ ਤੋਂ ਹੀਥਰੋ (ਲੰਡਨ) ਜਾਣ ਵਾਲੇ ਜਹਾਜ਼ ਦੇ ਅਲਗ-ਅਲਗ ਟਾਇਰਾਂ ਅੰਦਰ ਜਾਣ ਵਾਲੀ ਥੋੜੀ ਜਿਹੀ ਥਾਂ 'ਚ ਲੁਕ ਕੇ ਉਸ ਜਹਾਜ਼ ਨਾਲ ਲਟਕ ਗਏ, ਜਿਹੜਾ ਅਗਲੇ 10 ਘੰਟੇ ਲਗਾਤਾਰ 4000 ਫੁੱਟ ਦੀ ਉਚਾਈ 'ਤੇ, -50 ਡਿਗਰੀ ਤਾਪਮਾਨ ਤੇ, 700 ਕਿਲੋਮੀਟਰ ਘੰਟੇ ਦੀ ਸਪੀਡ ਨਾਲ ਉਡ ਕੇ ਲੰਡਨ ਪਹੁੰਚਿਆ।

ਦੋਵਾਂ ਦਾ ਜ਼ਿੰਦਾ ਬਚਣਾ ਨਾਮੁਮਕਿਨ ਸੀ, ਜਹਾਜ਼ ਚਲਦਿਆਂ ਈ ਲਗਾਤਾਰ ਹੁੰਦੇ ਜ਼ਬਰਦਸਤ ਖੜਕੇ ਅਤੇ ਟਾਇਰਾਂ ਦੇ ਹਿੱਲਣ ਨਾਲ ਦੋਵੇਂ ਭਰਾਵਾਂ ਦੇ ਹਾਲਾਤ ਖਰਾਬ ਹੋਣ ਲੱਗੇ ਤੇ ਜਦੋਂ ਜਹਾਜ਼ 40000 ਫੁੱਟ ਦੀ ਉਚਾਈ 'ਤੇ ਗਿਆ, ਜਿੱਥੇ ਆਕਸੀਜਨ ਸਿਰਫ 5% ਤੇ ਤਾਪਮਾਨ -50 ਸੀ ਤਾਂ ਪਤਲੀ ਜਿਹੀ ਪੈਂਟ-ਬੁਸ਼ਸ਼ਰਟ 'ਚ ਲਟਕੇ ਦੋਵਾਂ ਭਰਾਵਾਂ ਦੀ ਕੁਲਫੀ ਜੰਮਣ ਲੱਗੀ ਤੇ ਛੋਟੇ ਭਰਾ ਵਿਜੈ




ਦਾ ਦਿਮਾਗ ਫਟ ਗਿਆ ਤੇ ਉਸਦੀ ਮੌਤ ਹੋ ਗਈ ਜਿਸਦੀ ਲਾਸ਼ ਜਹਾਜ਼ ਉਤਰਨ ਤੋਂ ਕੁੱਝ ਸਮਾਂ ਪਹਿਲਾਂ ਨੀਚੇ ਡਿੱਗ ਗਈ ਸੀ।

ਜਦੋਂ ਜਹਾਜ਼ ਹੀਥਰੋ ਏਅਰਪੋਰਟ 'ਤੇ ਪਹੁੰਚਿਆ ਤਾਂ ਗਰਾਊਂਡ ਸਟਾਫ ਨੇ ਪ੍ਰਦੀਪ ਨੂੰ ਬੇਹੋਸ਼ੀ ਦੀ ਹਾਲਤ 'ਚ ਟਾਇਰਾਂ ਵਾਲੀ ਥਾਂ ਲਟਕਿਆ ਦੇਖਿਆ ਤਾਂ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਕਰਿਸ਼ਮਾਈ ਢੰਗ ਨਾਲ ਉਹ ਬਚ ਗਿਆ ਜਿਸ 'ਤੇ ਪੂਰੀ ਦੁਨੀਆ ਦੇ ਡਾਕਟਰ ਹੈਰਾਨ ਰਹਿ ਗਏ ਪਰ ਜਦੋਂ ਅਗਲੇ ਦਿਨ ਵਿਜੈ ਦੀ ਲਾਸ਼ ਮਿਲੀ ਤਾਂ ਪ੍ਰਦੀਪ ਨੂੰ ਆਪਣੇ ਭਰਾ ਦੀ ਮੌਤ 'ਤੇ ਬਹੁਤ ਡੂੰਘਾ ਸਦਮਾ ਲੱਗਿਆ। ਉਸਨੂੰ ਆਪਣੇ ਇਸ ਕੰਮ 'ਤੇ ਬਹੁਤ ਪਛਤਾਵਾ ਹੋਇਆ, ਜੋ ਅੱਜ ਵੀ ਕਾਇਮ ਹੈ। ਉਸਨੂੰ ਲੱਗਦਾ ਏ ਕਿ ਉਹ ਵੱਡਾ ਸੀ ਤੇ ਉਸੇ ਦੇ ਫੈਸਲੇ ਕਾਰਨ ਛੋਟੇ ਦੀ ਜਾਨ ਚਲੀ ਗਈ।

ਬਾਅਦ 'ਚ ਡਾਕਟਰਾਂ ਨੇ ਉਸਦੇ ਜ਼ਿੰਦਾ ਬਚਣ 'ਤੇ ਆਪਣੀ ਰਿਪੋਰਟ 'ਚ ਦੱਸਿਆ ਕਿ ਅਜਿਹੇ ਹਾਲਾਤ 'ਚ ਇਕ ਕਰੋੜ 'ਚੋਂ, ਇਕ ਬੰਦੇ ਦੇ ਬਚਣ ਦੀ ਉਮੀਦ ਹੁੰਦੀ ਏ, ਇਸ ਕੇਸ 'ਚ ਪ੍ਰਦੀਪ ਦੀ ਇੱਛਾ ਸ਼ਕਤੀ ਦਾ ਬੇਹੱਦ ਮਜ਼ਬੂਤ ਹੋਣਾ ਤੇ ਬਹੁਤ ਜ਼ਿਆਦਾ ਠੰਢ 'ਚ ਉਸਦੇ ਦਿਮਾਗ ਦਾ ਰਿਐਕਟ ਕਰਨਾ ਉਕਾ ਈ ਬੰਦ ਕਰ ਦੇਣਾ ਉਸਦੀ ਜਾਨ ਬਚਾ ਗਿਆ। ਪਰ ਗੈਰਕਾਨੂੰਨੀ ਢੰਗ ਨਾਲ ਇੰਗਲੈਂਡ ਆਉਣ ਕਾਰਨ, ਉਸਨੂੰ ਵਾਪਸ ਇੰਡੀਆ ਡੀਪੋਰਟ ਕਰਨ ਦੀ ਗੱਲ ਆ ਗਈ। ਪ੍ਰਦੀਪ ਨੇ ਮਾਨਵੀ ਆਧਾਰ 'ਤੇ ਉਸਨੂੰ ਇੰਗਲੈਂਡ 'ਚ ਰਹਿਣ ਦੀ ਆਗਿਆ ਦੇਣ ਲਈ, ਇੰਗਲੈਂਡ ਦੀ ਕੋਰਟ 'ਚ 1996 'ਚ ਅਰਜ਼ੀ ਲਾ ਦਿੱਤੀ, ਹਾਲਾਂਕਿ ਇਸ ਦੌਰਾਨ ਭਰਾ ਦੀ ਮੌਤ ਕਾਰਨ ਤੇ ਸਫਰ ਦੌਰਾਨ ਹੋਏ ਸਰੀਰਕ ਨੁਕਸਾਨ ਕਾਰਨ ਉਹ ਲਗਾਤਾਰ ਛੇ ਸਾਲ ਡਿਪ੍ਰੈਸ਼ਨ ਤੇ ਹੋਰ ਰੋਗਾਂ ਨਾਲ ਵੀ ਘਿਰਿਆ ਰਿਹਾ ਪਰ ਅਖੀਰ 18 ਸਾਲ ਕੇਸ ਚੱਲਣ ਤੋਂ ਬਾਅਦ 2014 'ਚ ਕੋਰਟ ਨੇ, ਪ੍ਰਦੀਪ ਨੂੰ ਰਹਿਣ ਦੀ ਆਗਿਆ ਹੀ ਨਹੀਂ ਦਿਤੀ, ਸਗੋਂ ਇੰਗਲੈਂਡ ਦੀ ਪੱਕੀ ਨਾਗਰਿਕਤਾ ਵੀ ਮਿਲ ਗਈ। ਉਸਦਾ ਨਾਮ ਗਿੰਨੀਜ਼ ਬੁੱਕ 'ਚ ਵੀ ਦਰਜ ਕੀਤਾ ਗਿਆ ਹੈ, ਉਸਦਾ ਵਿਆਹ ਹੋ ਚੁੱਕਾ ਏ ਤੇ ਦੋ ਬੱਚੇ ਵੀ ਹਨ।

ਅੱਜ 49 ਸਾਲਾਂ ਦੀ ਉਮਰ 'ਚ ਉਹ ਇੰਗਲੈਂਡ ਦੇ ਉਸੇ ਹੀਥਰੋ ਏਅਰਪੋਰਟ 'ਤੇ ਆਪਣੀ ਕਾਰ ਰਾਹੀਂ ਇਕ ਕੰਪਨੀ ਨੂੰ ਖਾਣੇ ਦੀਆਂ ਚੀਜ਼ਾਂ ਸਪਲਾਈ ਕਰਨ ਦਾ ਕੰਮ ਕਰਦਾ ਏ, ਜਿੱਥੇ ਉਸ ਕੋਲ ਜ਼ਿੰਦਗੀ ਦੀ ਹਰ ਐਸ਼ੋ-ਆਰਾਮ ਹੈ ਪਰ ਅੱਜ ਵੀ ਆਪਣੇ ਭਰਾ ਨੂੰ ਯਾਦ ਕਰਦਾ, ਉਹ ਝੁਰਦਾ ਰਹਿੰਦਾ ਹੈ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਕਬੱਡੀ ਨੂੰ ਕਰੋੜਾਂ ਦਾ ਜੱਫਾ: ਪਾਵੇਲ ਕੁੱਸਾ



ਪੰਜਾਬੀ ਖੇਡ ਸਾਹਿਤ

ਪ੍ਰਿੰ. ਸਰਵਣ ਸਿੰਘ
ਫੋਨ: 647-785-1661

2006 ਵਿਚ ਮੈਂ ਲਿਖਿਆ ਸੀ: ਕਬੱਡੀ ਨੂੰ ਡਰੱਗ ਦਾ ਜੱਫਾ। ਫਿਰ 2021 ਵਿਚ ਲਿਖਿਆ: ਕਬੱਡੀ ਡਰੱਗ ਦੇ ਜੱਫੇ ਤੋਂ ਗੁੰਡਾਗਰਦੀ ਦੇ ਜੱਫੇ ਤਕ। ਪਾਵੇਲ ਨੇ ਹੁਣ ਲਿਖਿਆ ਹੈ: ਕਬੱਡੀ ਨੂੰ ਕਰੋੜਾਂ ਦਾ ਜੱਫਾ। ਕਬੱਡੀ ਨੂੰ ਡਰੱਗ ਤੇ ਗੁੰਡਾਗਰਦੀ ਦੇ ਜੱਫਿਆਂ ਪਿੱਛੇ ਅਸਲ ਵਿਚ ਲੋਟੂ ਕਾਰਪੋਰੇਟਾਂ ਦੇ ਬਹੁ-ਕਰੋੜੀ ਜੱਫੇ ਹਨ! ਖੇਡਾਂ ਮਨੁੱਖੀ ਸਰੀਰਕ ਸਮਰੱਥਾ ਦੇ ਪ੍ਰਗਟਾਵਿਆਂ ਰਾਹੀਂ ਸਾਡੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਦਾ ਸਾਧਨ ਹਨ। ਪਰ ਪੈਸੇ ਦੇ ਯੁੱਗ 'ਚ ਮਨੁੱਖੀ ਸਰੀਰਕ ਸਮਰੱਥਾ ਦੀਆਂ ਬੁਲੰਦੀਆਂ ਸਿੱਕਿਆਂ ਦੇ ਅੰਬਾਰ ਮੂਹਰੇ ਬੌਣੀਆਂ ਬਣਾ ਦਿੱਤੀਆਂ ਗਈਆਂ ਹਨ। ਸੁਹਿਰਦ ਖੇਡ ਪ੍ਰੇਮੀ ਨਿਰਾਸ਼ ਹਨ ਜੋ ਸ਼ੌਕੀਆ ਖਿਡਾਰੀਆਂ ਦੀ ਤਲਾਸ਼ ਕਰਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਖਿਡਾਰੀਆਂ ਦੀਆਂ ਡੋਰਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥਾਂ 'ਚ ਹਨ। ਖੇਡਾਂ ਨੂੰ ਬਹੁਕੌਮੀ ਕਾਰਪੋਰੇਸ਼ਨਾਂ ਦੇ ਚੁੰਗਲ 'ਚੋਂ ਮੁਕਤ ਕਰਵਾ ਕੇ ਹੀ ਇਨ੍ਹਾਂ ਨੂੰ ਸਹੀ ਮਾਅਨਿਆਂ 'ਚ ਮਾਣਿਆ ਜਾ ਸਕਦਾ ਹੈ। ਜੱਫਿਆਂ ਤੋਂ ਮੁਕਤੀ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਘਰਾਣਿਆਂ ਦੀ ਚੌਧਰ ਦੇ ਖ਼ਾਤਮੇ ਨਾਲ ਹੀ ਹੋਣੀ ਹੈ।

ਪਾਵੇਲ ਦਾ ਜਨਮ ਸਾਡੇ ਗੁਆਂਢੀ ਪਿੰਡ ਕੁੱਸੇ ਵਿਚ ਕ੍ਰਿਸ਼ਨ ਦਿਆਲ ਦੇ ਘਰ ਮਾਤਾ ਕੁਲਦੀਪ ਕੌਰ ਦੀ ਕੁੱਖੋਂ ਹੋਇਆ। ਪਵੇਲ ਦੀ ਪਤਨੀ ਦਾ ਨਾਂ ਸ਼ੀਰੀਂ ਹੈ ਤੇ ਪੁੱਤਰ ਦਾ ਸੁਕੀਰਤ। ਪਰਿਵਾਰਕ ਜੀਆਂ ਦੇ ਪੰਜੇ ਨਾਂ ਜਾਤਾਂ ਪਾਤਾਂ ਤੇ ਦੇਸ਼ਾਂ ਦੀਆਂ ਹੱਦਾਂ ਉਲੰਘਦੇ ਹਨ। ਪਾਵੇਲ ਕੁੱਸਾ ਅਠੱਤੀ ਸਾਲਾਂ ਦਾ ਇਨਕਲਾਬੀ ਨੌਜੁਆਨ ਹੈ। ਉਸ ਨੇ ਵਿਦਿਆਰਥੀਆਂ, ਕਿਰਤੀਆਂ, ਕਿਸਾਨਾਂ ਤੇ ਨੌਜੁਆਨਾਂ ਦੀਆਂ ਜਥੇਬੰਦਕ ਸਰਗਰਮੀਆਂ ਵਿਚ ਚੋਖਾ ਯੋਗਦਾਨ ਪਾਇਆ ਹੈ। ਨਾਲ ਪੰਜਾਬੀ ਤੇ ਅੰਗਰੇਜ਼ੀ ਦਾ ਸੂਝਵਾਨ ਪੱਤਰਕਾਰ ਹੈ। ਉਹ ਅਖ਼ਬਾਰਾਂ 'ਚ ਛਪਦਾ ਹੋਇਆ ਆਪਣੇ ਮੈਗਜ਼ੀਨ 'ਸੁਰਖ ਲੀਹ' ਤੇ 'ਸਲਾਮ' ਵੀ ਚਲਾ ਰਿਹੈ। ਕਿਸਾਨ ਅੰਦੋਲਨ ਵਿਚ ਉਸ ਨੇ ਯਾਦਗਾਰੀ ਯੋਗਦਾਨ ਪਾਇਆ। ਉਸ ਦਾ ਤਾਇਆ ਓਮ ਪ੍ਰਕਾਸ਼ ਕੁੱਸਾ, 1967 ਵਿਚ ਸ਼ੁਰੂ ਹੋਏ ਲਾਜਪਤ ਰਾਏ ਕਾਲਜ ਢੁੱਡੀਕੇ ਦਾ ਸਾਡਾ ਮੁਢਲਾ ਵਿਦਿਆਰਥੀ ਸੀ। ਸਰੀਰੋਂ ਭਾਵੇਂ ਕਮਜ਼ੋਰ ਸੀ ਪਰ ਜਦੋਂ ਜੋਸ਼ੀਲੀ ਆਵਾਜ਼ 'ਚ ਕਵਿਤਾ ਸੁਣਾਉਂਦਾ ਸੀ ਤਾਂ ਹੇਠਲੀ ਉਤੇ ਲਿਆ ਦਿੰਦਾ ਸੀ। ਭਾਸ਼ਨ ਰੋਹ ਨਾਲ ਦਿੰਦਾ ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਕਾਲਜ ਦੀਆਂ ਕੰਧਾਂ ਕੰਬਾਅ ਦਿੰਦਾ। ਉਸ ਨੇ ਆਪਣੀਆਂ ਇਨਕਲਾਬੀ ਕਵਿਤਾਵਾਂ ਦੀ ਪੁਸਤਕ 'ਲੱਪ ਚਿਣਗਾਂ ਦੀ' ਤੇ 'ਜੰਗ ਅਜੇ ਮੁੱਕੀ ਨਹੀਂ' ਛਪਵਾਈਆਂ। ਉਹ ਸਕੂਲਾਂ ਵਿਚ ਅਧਿਆਪਕ ਰਿਹਾ ਅਤੇ ਉਸ ਦੇ ਇਨਕਲਾਬੀ ਬਿਆਨ ਤੇ ਲੇਖ ਅਖ਼ਬਾਰਾਂ 'ਚ ਛਪਦੇ ਰਹੇ। ਬਦਕਿਸਮਤੀ ਨਾਲ ਉਹ ਜੁਆਨ ਉਮਰੇ ਹੀ ਵਿਛੋੜਾ ਦੇ ਗਿਆ।

ਮੇਰੇ ਬਚਪਨ ਵੇਲੇ 'ਕੁੱਸਾ' ਜ਼ਿਲ੍ਹਾ ਫਿਰੋਜ਼ਪੁਰ ਦਾ ਨੁੱਕਰੇ ਛਿਪਿਆ ਪਿੰਡ ਸੀ। ਐਨ ਓਵੇਂ ਜਿਵੇਂ ਸਾਡਾ ਪਿੰਡ 'ਚਕਰ' ਜ਼ਿਲ੍ਹਾ ਲੁਧਿਆਣੇ ਦਾ ਅਖ਼ੀਰਲਾ ਪਿੰਡ ਸੀ। ਸਾਡੇ ਪਿੰਡੋਂ ਨਿਕਲੀ ਕੱਸੀ ਹੀ ਚਕਰ ਤੇ ਕੁੱਸੇ ਨੂੰ ਜੋੜਦੀ ਸੀ। ਕੁੱਸਾ ਉਦੋਂ ਗੁੰਮਨਾਮ ਜਿਹਾ ਪਿੰਡ ਸੀ ਜਿਸ ਨੂੰ ਬਾਅਦ ਵਿਚ ਓਮ ਪ੍ਰਕਾਸ਼ ਕੁੱਸਾ, ਨਾਵਲਕਾਰ ਕਰਮਜੀਤ ਕੁੱਸਾ, ਸ਼ਿਵਚਰਨ ਜੱਗੀ ਕੁੱਸਾ, ਇਨਕਲਾਬੀ ਪੱਤਰਕਾਰ ਤੇ ਬੁਲਾਰਾ ਪਾਵੇਲ ਕੁੱਸਾ ਅਤੇ ਕੁਝ ਕਬੱਡੀ ਖਿਡਾਰੀਆਂ ਨੇ ਨਾਮੀ ਪਿੰਡ ਬਣਾਇਆ। ਉਸ ਪਿੰਡ ਵਿਚ ਹਜ਼ਾਰਾਂ ਕਿਰਤੀ-ਕਿਸਾਨਾਂ ਤੇ ਮਜ਼ਦੂਰਾਂ ਦੇ ਜੋੜ ਮੇਲੇ ਵਿਚ ਗੁਰਸ਼ਰਨ ਭਾਅ ਜੀ ਦਾ ਮਿਸਾਲੀ ਮਾਣ-ਸਨਮਾਨ ਕੀਤਾ ਗਿਆ। ਪਾਵੇਲ ਨੇ ਆਪਣੇ ਬਾਰੇ ਲਿਖਿਆ:

ਇਨਕਲਾਬੀ ਲਹਿਰ 'ਚ ਸਰਗਰਮੀ ਨਾਲ ਕੰਮ ਕਰਨ ਵਾਲੇ ਪਰਿਵਾਰ ਵਿਚ ਮੈਂ ਇਨਕਲਾਬ ਦੀ ਗੁੜ੍ਹਤੀ ਲੈ ਕੇ ਜਨਮਿਆ। ਦਾਦੇ ਦੇ ਆਜ਼ਾਦ ਹਿੰਦ ਫੌਜ ਅੰਦਰ ਕੰਮ ਕਰਨ ਦੀ ਵਿਰਾਸਤ ਤੋਂ ਲੈ ਕੇ ਤਾਏ ਓਮ ਪ੍ਰਕਾਸ਼ ਦੀ ਇਨਕਲਾਬੀ ਸਰਗਰਮੀ ਅਤੇ ਇਨਕਲਾਬੀ ਕਵਿਤਾ ਪਰਿਵਾਰਕ ਪਿਛੋਕੜ 'ਚ ਸੀ ਕਿਉਂਕਿ ਉਹ ਮੇਰੇ ਜਨਮ ਤੋਂ ਪਹਿਲਾਂ ਗੁਜ਼ਰ ਗਏ ਸਨ। ਮਾਤਾ-ਪਿਤਾ ਦੀ ਲੋਕ ਸੰਘਰਸ਼ਾਂ 'ਚ ਸਰਗਰਮੀ ਦੌਰਾਨ ਮੇਰੀ ਜ਼ਿੰਦਗੀ ਲੋਕਾਂ ਦੀ ਇਨਕਲਾਬੀ ਲਹਿਰ ਨਾਲ ਇੱਕ-ਮਿੱਕ ਹੋ ਗਈ। ਇਨਕਲਾਬ ਹੀ ਮੇਰਾ ਮਿਸ਼ਨ ਬਣ ਗਿਆ। 1980-90ਵਿਆਂ ਦੀ ਦਹਿਸ਼ਤਗਰਦੀ ਦੇ ਦੌਰ 'ਚ ਮੇਰਾ ਬਚਪਨ ਗੁਜ਼ਰਿਆ। ਲੋਕ ਹੱਕਾਂ ਲਈ ਰੈਲੀਆਂ, ਮੁਜ਼ਾਹਰੇ, ਧਰਨੇ, ਨਾਟਕ, ਸੱਭਿਆਚਾਰਕ ਸਮਾਗਮ ਤੇ ਘਰ 'ਚ ਕਾਮਰੇਡੀ ਮੀਟਿੰਗਾਂ ਨੇ ਅਫ਼ਸਰ ਬਣਨ ਤੇ ਪੈਸੇ ਕਮਾਉਣ ਵਰਗੀਆਂ ਲਾਲਸਾਵਾਂ ਨੂੰ ਬਚਪਨ ਵਿਚ ਹੀ ਦਫ਼ਨ ਕਰ ਦਿੱਤਾ। ਸਮਾਜ ਲਈ ਜ਼ਿੰਦਗੀ ਜਿਉਣ ਤੋਂ ਬਿਨਾਂ ਕੋਈ ਮਤਲਬ ਨਾ ਰਿਹਾ। ਬਚਪਨ 'ਚ ਗੁਰਸ਼ਰਨ ਸਿੰਘ ਦੇ ਨਾਟਕ ਦੇਖਣ, ਗ਼ਦਰੀ ਬਾਬਿਆਂ ਦੇ ਮੇਲੇ ਜਾਣ ਤੇ ਜੁਝਾਰੂਆਂ ਦੀਆਂ ਤਕਰੀਰਾਂ ਸੁਣਨ ਨੇ ਮਨ 'ਤੇ ਲਕੀਰਾਂ ਉੱਕਰ ਦਿੱਤੀਆਂ ਕਿ ਜ਼ਿੰਦਗੀ ਸਦੀਵੀ ਸੰਘਰਸ਼ ਹੁੰਦੀ ਹੈ। ਬੀ.ਐੱਸ.ਸੀ. ਨਾਨ ਮੈਡੀਕਲ, ਬੀ.ਐੱਡ, ਐਮ.ਏ. ਪੰਜਾਬੀ ਤੇ ਐਮ.ਏ. ਪੋਲੀਟੀਕਲ ਸਾਇੰਸ ਦੀਆਂ ਅਕੈਡਮਿਕ ਡਿਗਰੀਆਂ ਪਾਸ ਕੀਤੀਆਂ ਪਰ ਪਈਆਂ ਅਜੇ ਕਾਲਜਾਂ ਵਿਚ ਹੀ ਹਨ। ਲੋਕ ਸੰਘਰਸ਼ਾਂ ਦੇ ਕਾਲਜਾਂ 'ਚ ਐਸਾ ਦਾਖਲਾ ਲਿਆ ਕਿ ਪਹਿਲਾਂ ਕਾਲਜਾਂ ਵਿਚ ਵਿਦਿਆਰਥੀ ਯੂਨੀਅਨਾਂ ਬਣਾਉਂਦਾ ਰਿਹਾ ਤੇ ਪਿੱਛੋਂ ਕਿਰਤੀ ਲੋਕਾਂ ਦੀਆਂ ਯੂਨੀਅਨਾਂ 'ਚ ਕੰਮ ਕਰਨਾ ਹੀ ਮੇਰਾ ਮਿਸ਼ਨ ਹੋ ਗਿਆ। ਘਰਦਿਆਂ ਨੇ ਮੇਰਾ ਨਾਂ ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਦੇ ਪੁੱਤ ਵਾਲਾ 'ਪਾਵੇਲ' ਜੁ ਰੱਖਿਆ ਸੀ!


ਸਕੂਲੇ ਪੜ੍ਹਦਿਆਂ ਕਈ ਖੇਡਾਂ ਖੇਡਿਆ ਪਰ ਕਾਲਜ ਪਹੁੰਚਦਿਆਂ ਰਸਤਾ ਹੀ ਔਕੜਾਂ ਭਰਿਆ ਫੜ ਲਿਆ। ਉਂਜ ਖੇਡਾਂ ਦੇਖਣ ਤੇ ਖੇਡਾਂ ਖਿਡਾਰੀਆਂ ਬਾਰੇ ਪੜ੍ਹਨ ਦਾ ਸ਼ੌਕ ਬਰਕਰਾਰ ਰਿਹਾ। ਖੇਡਾਂ ਦੇ ਖੇਤਰ 'ਚ ਚਲਦੀ ਸਿਆਸਤ ਤੇ ਵਪਾਰਕ ਮੁਕਾਬਲੇਬਾਜ਼ੀ ਦੀਆਂ ਪਰਤਾਂ ਫਰੋਲਣ ਲਈ ਕਲਮ ਅਹੁਲਦੀ ਤਾਂ ਹੈ ਪਰ ਹੋਰਨਾਂ ਖੇਤਰਾਂ 'ਚ ਓਟੀਆਂ ਜ਼ਿੰਮੇਵਾਰੀਆਂ ਇਸ ਪਾਸੇ ਬਹੁਤਾ ਕੁਝ ਲਿਖਣ ਸੋਚਣ ਲਈ ਸਮਾਂ ਨਹੀਂ ਦਿੰਦੀਆਂ। ਅਸਲ ਵਿਚ ਮੈਨੂੰ ਸੁਰਤ ਹੀ ਲੋਕ ਸੰਘਰਸ਼ਾਂ 'ਚ ਆਈ। ਵਿਦਿਆਰਥੀ ਹੁੰਦਿਆਂ ਵਿਦਿਆਰਥੀ ਜਥੇਬੰਦੀ ਬਣਾਉਣ ਦਾ ਹੰਭਲਾ ਮਾਰਿਆ ਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਨੂੰ ਮੁੜ ਜਥੇਬੰਦ ਕਰ ਕੇ ਉਸ ਦੇ ਸੂਬਾਈ ਪ੍ਰਧਾਨ ਦੀ ਜ਼ਿੰਮੇਵਾਰੀ ਚੁੱਕੀ। ਪੰਜਾਬ ਦੀ ਵਿਦਿਆਰਥੀ ਲਹਿਰ ਵੱਲੋਂ ਲੜੇ ਸੰਘਰਸ਼ਾਂ ਦੀਆਂ ਮੋਹਰਲੀਆਂ ਕਤਾਰਾਂ 'ਚ ਰਹਿ ਕੇ ਹਿੱਸਾ ਪਾਇਆ। ਫਿਰ ਨੌਜਵਾਨ ਭਾਰਤ ਸਭਾ ਜਥੇਬੰਦ ਕਰਨ 'ਚ ਮੋਢੀ ਵਜੋਂ ਕੰਮ ਕੀਤਾ ਅਤੇ ਨੌਜਵਾਨਾਂ 'ਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਇਨਕਲਾਬੀ ਵਿਚਾਰਾਂ ਦਾ ਚਾਨਣ ਫੈਲਾਉਣ ਦੇ ਯਤਨ ਕੀਤੇ। ਨੌਜਵਾਨਾਂ ਦੇ ਮਸਲਿਆਂ ਦੀਆਂ ਲਿਖਤਾਂ ਛਾਪਣ ਲਈ 'ਨੌਜਵਾਨ' ਪਰਚਾ ਪ੍ਰਕਾਸ਼ਿਤ ਕੀਤਾ। ਚਾਹੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮਨਾਉਣ ਲਈ ਬਰਨਾਲੇ ਦਾ ਇਤਿਹਾਸਕ ਪ੍ਰੋਗਰਾਮ ਹੋਵੇ, ਚਾਹੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਕੁੱਸੇ 'ਚ ਜਨਤਕ ਸਲਾਮ ਕਰਨ ਲਈ ਵੱਡਾ ਸਮਾਗਮ ਕੀਤਾ ਹੋਵੇ, ਅਜਮੇਰ ਔਲਖ ਨੂੰ ਬਰਨਾਲੇ 'ਚ ਭਾਈ ਲਾਲੋ ਕਲਾ ਸਨਮਾਨ ਦੇਣ ਲਈ ਮਹਾਂ ਸਮਾਗਮ ਰਚਾਇਆ ਹੋਵੇ, ਚਾਹੇ ਨਾਵਲਕਾਰ ਗੁਰਦਿਆਲ ਸਿੰਘ ਦਾ ਜੈਤੋ ਮੰਡੀ 'ਚ ਜਨਮ ਦਿਹਾੜਾ ਮਨਾਉਣਾ ਹੋਵੇ, ਇਨ੍ਹਾਂ ਸਭਨਾਂ ਮੇਲਿਆਂ ਤੇ ਦਿਹਾੜਿਆਂ ਨੂੰ ਮਨਾਉਣ, 'ਕੱਠ ਕਰਨ ਤੇ ਲਿਖਣ ਲਿਖਾਉਣ ਦੇ ਹਰ ਤਰ੍ਹਾਂ ਦੇ ਕਾਰਜਾਂ 'ਚ ਮੂਹਰੇ ਲੱਗ ਕੇ ਕੰਮ ਕੀਤਾ। ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਨਾਂ ਦੀ ਸੰਸਥਾ ਬਣਾਉਣ ਤੇ ਚਲਾਉਣ ਵਾਲੇ ਮੋਢੀਆਂ 'ਚ ਸ਼ੁਮਾਰ ਰਿਹਾ। ਇਸ ਸੰਸਥਾ ਰਾਹੀਂ ਲੋਕ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਲੋਕਾਂ ਵੱਲੋਂ ਸਨਮਾਨਤ ਕਰਨ ਦਾ ਵਿਲੱਖਣ ਉੱਦਮ ਕੀਤਾ ਜਾਂਦਾ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਇਤਿਹਾਸਕ ਕਿਸਾਨ ਸੰਘਰਸ਼ ਵਿਚ ਵੀ ਖੁੱਭ ਕੇ ਯੋਗਦਾਨ ਪਾਇਆ। ਪੰਜਾਬ ਦੀ ਵੱਡੀ ਕਿਸਾਨ ਜਥੇਬੰਦੀ ਬੀਕੇਯੂ ਏਕਤਾ ਉਗਰਾਹਾਂ ਦੇ ਕੋਆਰਡੀਨੇਟਰ ਵਜੋਂ ਪ੍ਰੈੱਸ ਹਲਕਿਆਂ ਤੇ ਹੋਰਨਾਂ ਜਥੇਬੰਦੀਆਂ ਨਾਲ ਰਾਬਤੇ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰੋਜ਼ ਉੱਠਦੇ ਰਹੇ ਨਵੇਂ ਸਵਾਲਾਂ 'ਤੇ ਲਗਾਤਾਰ ਕਲਮ ਚੱਲੀ, ਇੰਟਰਵਿਊਜ਼ ਤੇ ਵੀਡੀਓ ਕਲਿੱਪਾਂ ਰਾਹੀਂ ਸੰਘਰਸ਼ ਦੇ ਉਲਝਵੇਂ ਮੋੜਾਂ 'ਤੇ ਆਪਣੇ ਵਿਚਾਰ ਰੱਖੇ।

ਅੱਜ-ਕੱਲ੍ਹ ਇਨਕਲਾਬੀ ਮੈਗਜ਼ੀਨ 'ਸੁਰਖ ਲੀਹ' ਦੇ ਸੰਪਾਦਕ ਦੀਆਂ ਜ਼ਿੰਮੇਵਾਰੀਆਂ ਓਟੀਆਂ ਹਨ। ਦੋ ਮਹੀਨਿਆਂ ਬਾਅਦ ਮੈਗਜ਼ੀਨ ਦੇ ਨਾਲ ਕਿਤਾਬਚੇ ਤੇ ਕਿਤਾਬਾਂ ਛਾਪਣ ਦਾ ਕੰਮ ਚੱਲਦਾ ਰਹਿੰਦਾ ਹੈ। 'ਸਲਾਮ' ਨਾਂ ਦਾ ਮੈਗਜ਼ੀਨ ਵੀ ਗਾਹੇ ਬਗਾਹੇ ਛਾਪਿਆ ਜਾ ਰਿਹੈ। ਰੋਜ਼ਮਰ੍ਹਾ ਦੇ ਮਸਲਿਆਂ 'ਤੇ ਚਲੰਤ ਤੇ ਤਿੱਖੀਆਂ ਟਿੱਪਣੀਆਂ ਲਈ ਸੋਸ਼ਲ ਮੀਡੀਆ 'ਤੇ ਕਲਮ ਚੱਲਦੀ ਰਹਿੰਦੀ ਹੈ। ਗੱਲ ਚਾਹੇ ਲਿਖ ਕੇ ਕਹਿਣੀ ਹੋਵੇ ਚਾਹੇ ਬੋਲ ਕੇ, ਦੋਵੇਂ ਤਰ੍ਹਾਂ ਕਹਿ ਲਈਦੀ ਹੈ। ਗੰਭੀਰ ਵਿਸ਼ਿਆਂ ਬਾਰੇ ਲੇਖਾਂ ਨਾਲ ਕਦੇ-ਕਦੇ ਕਲਮ 'ਚੋਂ ਗੀਤ ਉਗਮਦੇ ਤੇ ਕਵਿਤਾਵਾਂ ਵੀ ਫੁੱਟ ਪੈਂਦੀਆਂ ਹਨ। ਸੰਘਰਸ਼ ਚਾਹੇ ਖੇਤ ਮਜ਼ਦੂਰਾਂ ਦਾ ਹੋਵੇ, ਚਾਹੇ ਅਧਿਆਪਕਾਂ ਦਾ, ਚਾਹੇ ਵਿਦਿਆਰਥੀਆਂ ਜਾਂ ਕਿਸਾਨਾਂ ਦਾ, ਉਹ ਆਪਣਾ ਹੀ ਹੁੰਦਾ ਹੈ। ਖੇਡਾਂ ਵਿਚ ਪੂੰਜੀਵਾਦੀ ਵਪਾਰਕ ਵਰਤਾਰੇ ਬਾਰੇ ਕ੍ਰਿਕਟ ਤੋਂ ਲੈ ਕੇ ਕਬੱਡੀ ਤਕ ਕਈ ਲੇਖ ਲਿਖੇ ਹਨ:

ਕਬੱਡੀ ਨੂੰ ਕਾਰਪੋਰੇਟਾਂ ਦਾ ਜੱਫਾ

ਕੁਝ ਵਰ੍ਹਿਆਂ ਤੋਂ ਕਬੱਡੀ ਦੀ ਖੇਡ ਡਰੱਗ, ਗੁੰਡਾਗਰਦੀ ਤੇ ਕਾਰਪੋਰੇਟੀ ਜੱਫਿਆਂ ਦੀ ਪਕੜ ਵਿਚ ਹੈ। ਉਸ ਨਾਲ ਕਬੱਡੀ ਦੇ ਕਈ ਨਾਮੀ ਖਿਡਾਰੀ ਅਪਾਹਜ ਤੇ ਨਿਪੁੰਸਕ ਹੋ ਚੁੱਕੇ ਹਨ, ਕਈ ਮਰ-ਮੁੱਕ ਗਏ ਹਨ ਤੇ ਕੁਝ ਇਕਨਾਂ ਦੇ ਕਤਲ ਹੋ ਰਹੇ ਹਨ। ਕਿਤੇ ਖੇਡਾਂ ਦੀ ਗੱਲ ਚੱਲੇ ਤਾਂ ਇਹ ਫ਼ਿਕਰ ਖੇਡ ਪ੍ਰੇਮੀਆਂ ਨੂੰ ਵੱਢ-ਵੱਢ ਖਾਂਦਾ ਹੈ ਕਿ ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਹੁਣ ਰੁਲ਼ਦੀ ਜਾ ਰਹੀ ਹੈ। ਕਬੱਡੀ ਨੇ ਰੁਲ਼ਣਾ ਹੀ ਸੀ ਜਦੋਂ ਕਬੱਡੀ ਖੇਡਣ ਤੇ ਦੇਖਣ ਵਾਲੇ ਹੀ ਰੁਲ਼ੇ ਫਿਰਦੇ ਹੋਣ। ਜਿਹੜੇ ਆਪ ਹੀ ਰੁਲ਼ੇ ਫਿਰਦੇ ਹੋਣ ਉਨ੍ਹਾਂ ਦੀਆਂ ਖੇਡਾਂ ਵੀ ਰੁਲ਼ ਜਾਂਦੀਆਂ ਨੇ ਤੇ ਖੇਡਾਂ ਨਾਲ ਜੁੜੀਆਂ ਰਵਾਇਤਾਂ ਵੀ। ਪੰਜਾਬ ਦੇ ਕਬੱਡੀ ਪ੍ਰੇਮੀਆਂ ਦਾ ਇਹ ਦਰਦ ਸਾਂਝਾ ਹੈ ਕਿ ਹੁਣ ਭਲ਼ੇ ਵੇਲ਼ਿਆਂ ਵਾਲੀਆਂ ਗੱਲਾਂ ਨਹੀਂ ਰਹੀਆਂ। ਇਹ ਸਰੋਕਾਰ ਵੀ ਸਾਂਝੇ ਹਨ ਕਿ ਸਾਡੀ ਹਰਮਨ-ਪਿਆਰੀ ਖੇਡ ਕਬੱਡੀ ਦਾ ਮਾੜਾ ਹਾਲ ਕਿਉਂ ਹੋਇਆ ਪਿਐ? ਕਦੇ ਪੰਜਾਬ 'ਤੇ ਰਾਜ ਕਰਦੇ ਸਿਆਸਤਦਾਨਾਂ ਨੇ ਕਬੱਡੀ ਨੂੰ ਓਲੰਪਿਕ ਖੇਡਾਂ 'ਚ ਲੈ ਜਾਣ ਦੇ ਦਾਅਵੇ ਇਉਂ ਕੀਤੇ ਸਨ ਜਿਵੇਂ ਉਹ ਵੋਟਾਂ ਵੇਲੇ ਝੂਠੇ ਵਾਇਦੇ ਕਰਦੇ ਹਨ। ਇਹ ਦਾਅਵੇ ਕਬੱਡੀ ਪ੍ਰੇਮੀਆਂ ਨੂੰ ਸਤੱਈ ਪੱਧਰ 'ਤੇ ਹੀ ਸਰੂਰ ਦੇਣ ਵਾਲੇ ਸਨ। ਹੋਇਆ ਇਹ ਕਿ ਉਨ੍ਹਾਂ ਨੇ ਕਬੱਡੀ ਪੰਜਾਬ 'ਚੋਂ ਕਿਧਰੇ ਹੋਰ ਤੋਰ ਦਿੱਤੀ ਜੋ ਓਲੰਪਿਕ ਦਾ ਰਾਹ ਭੁੱਲ ਗਈ। ਹੁਣ ਪੰਜਾਬੀ ਆਪਣੀ ਮਾਂ-ਖੇਡ ਦੀ ਪੁਰਾਣੀ ਚੜ੍ਹਤ ਤਲਾਸ਼ ਰਹੇ ਹਨ। ਵੈਸੇ ਕਬੱਡੀ ਦੇ ਕਰੋੜਾਂ ਦੀ ਹੋ ਜਾਣ ਨਾਲ ਆਮ ਲੋਕਾਂ ਕੋਲ ਰਹਿਣਾ ਵੀ ਕਿੱਥੇ ਸੀ? ਆਖ਼ਰ ਕਰੋੜਪਤੀਆਂ ਕੋਲ ਹੀ ਜਾਣਾ ਸੀ ਨਾ!







ਲੇਖਕ ਪਾਵੇਲ ਕੁੱਸਾ ਤੇ ਉਸਦੀ ਕਿਤਾਬ 'ਜੰਗ ਅਜੇ ਮੁੱਕੀ ਨਹੀਂ' ਦਾ ਸਰਵਰਕ

ਪੰਜਾਬ ਦੀ ਇਸ ਮਕਬੂਲ ਖੇਡ ਦੇ ਅਜਿਹੇ ਹਸ਼ਰ ਲਈ ਕਈ ਵਾਰ ਸਾਡੀਆਂ ਹਕੂਮਤਾਂ ਦੀ ਖੇਡ ਨੀਤੀ ਦੀ ਨਾਕਾਮੀ, ਖੇਡ ਸੰਸਥਾਵਾਂ ਦੀ ਨਾਲਾਇਕੀ, ਖੇਡ ਖੇਤਰ 'ਚ ਬੇਲੋੜੀ ਸਿਆਸੀ ਦਖ਼ਲਅੰਦਾਜ਼ੀ ਅਤੇ ਸਰਕਾਰਾਂ ਦੀ ਖੇਡ ਸਭਿਆਚਾਰ ਪ੍ਰਤੀ ਬੇਰੁਖ਼ੀ ਨੂੰ ਜ਼ਿੰਮੇਵਾਰ ਮੰਨ ਲਿਆ ਜਾਂਦਾ ਹੈ। ਜਾਂ ਫਿਰ ਸਮਾਜ ਅੰਦਰ ਨਸ਼ਿਆਂ ਦੀ ਮਾਰ, ਗੈਂਗਸਟਰ ਵਰਤਾਰੇ, ਮਾੜੀਆਂ ਖੁਰਾਕਾਂ ਤੇ ਨੌਜਵਾਨਾਂ 'ਚ ਸਰੀਰਕ ਖੇਡਾਂ ਲਈ ਘਟਦੀ ਰੁਚੀ ਦਾ ਜ਼ਿਕਰ ਆ ਜਾਂਦਾ ਹੈ। ਬਿਨਾਂ ਸ਼ੱਕ ਇਹ ਤੇ ਇਨ੍ਹਾਂ ਵਰਗੇ ਹੋਰ ਕਿੰਨੇ ਹੀ ਕਾਰਨਾਂ ਨੇ ਨਾ ਸਿਰਫ ਕਬੱਡੀ ਦਾ ਬੇੜਾ ਡੋਬਣਾ ਸ਼ੁਰੂ ਕੀਤਾ ਹੋਇਐ ਸਗੋਂ ਹੋਰਨਾਂ ਖੇਡਾਂ ਦੇ ਸਿਹਤਮੰਦ ਮਾਹੌਲ ਦੀ ਵੀ ਪੱਟੀ ਮੇਸ ਕਰ ਰੱਖੀ ਹੈ।

ਪੰਜਾਬੀਆਂ ਦੀ ਮਾਂ ਖੇਡ ਕਹੀ ਜਾਂਦੀ ਕਬੱਡੀ ਦੀ ਇਸ ਹੋਣੀ ਨੂੰ ਪੰਜਾਬੀ ਸਮਾਜ ਦੇ ਸਮੁੱਚੇ ਸੰਕਟਾਂ ਤੋਂ ਅਲਹਿਦਾ ਕਰ ਕੇ ਨਹੀਂ ਦੇਖਿਆ ਜਾ ਸਕਦਾ। ਖੇਡਾਂ ਕਿਸੇ ਸਮਾਜ ਦੇ ਸਿਰਫ ਸਰੀਰਕ ਤੌਰ 'ਤੇ ਸਿਹਤਮੰਦ ਹੋਣ ਦਾ ਪ੍ਰਤੀਕ ਹੀ ਨਹੀਂ ਹੁੰਦੀਆਂ ਸਗੋਂ ਉਹ ਲੋਕਾਂ ਦੀ ਸਮਾਜਿਕ ਸਭਿਆਚਾਰਕ ਜ਼ਿੰਦਗੀ ਦੀ ਟੋਹ ਵੀ ਦਿੰਦੀਆਂ ਹਨ ਕਿਉਂਕਿ ਉਹ ਉਸ ਸਭਿਆਚਾਰਕ ਜੀਵਨ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ। ਉਹ ਕਿਸੇ ਸਮਾਜ ਦੀ ਸਭਿਆਚਾਰਕ ਰਵਾਨਗੀ, ਸਮਾਜਿਕ ਰੁਚੀਆਂ ਤੇ ਕਦਰਾਂ-ਕੀਮਤਾਂ ਦਾ ਭੇਤ ਵੀ ਦਿੰਦੀਆਂ ਹਨ। ਖੇਡਾਂ ਤੇ ਹੋਰ ਸਮਾਜਿਕ ਸਭਿਆਚਾਰਕ ਰਵਾਇਤਾਂ, ਉਸੇ ਵਰਤਾਰੇ ਦਾ ਹੀ ਪਰਤੌਅ ਹੁੰਦੀਆਂ ਹਨ ਜੋ ਸਮਾਜ ਜਿਉਂ ਰਿਹਾ ਹੁੰਦਾ ਅਤੇ ਸਮੂਹਿਕ ਤੌਰ 'ਤੇ ਹੰਢਾਅ ਰਿਹਾ ਹੁੰਦਾ ਹੈ। ਸੰਕਟ 'ਚ ਘਿਰੇ ਸਮਾਜਾਂ ਅੰਦਰ ਫਿਰ ਇਨ੍ਹਾਂ ਸਮਾਜਿਕ ਸਭਿਆਚਾਰਕ ਗਤੀਵਿਧੀਆਂ ਦੀ ਹੋਣੀ ਨੂੰ ਸਰਾਪ ਲੱਗ ਜਾਂਦਾ ਹੈ।

ਪਿਛਲੇ ਦਹਾਕਿਆਂ 'ਚ ਪੰਜਾਬੀ ਸਮਾਜ ਅੰਦਰ ਅਜਿਹੀਆਂ ਤਬਦੀਲੀਆਂ ਹੋਈਆਂ ਹਨ ਜਿਨ੍ਹਾਂ ਨੇ ਇਸ ਦੇ ਰਵਾਇਤੀ ਪੇਂਡੂ ਜੀਵਨ 'ਚ ਬੜੀ ਵੱਡੀ ਉਥਲ-ਪੁਥਲ ਕੀਤੀ ਹੈ। ਕਬੱਡੀ ਦੀ ਖੇਡ ਦੇ ਝੰਬੇ ਜਾਣ ਦੇ ਪ੍ਰਸੰਗ 'ਚ ਕਹਿਣਾ ਹੋਵੇ ਤਾਂ ਇਹ ਹੁਣ ਹਰੇ ਇਨਕਲਾਬ ਦੇ ਝੰਬੇ ਪੰਜਾਬ ਦਾ ਪਰਤੌਅ ਹੈ, ਜਿਸ ਦੀ ਕਬੱਡੀ ਵੀ ਝੰਬੀ ਪਈ ਹੈ। ਪੰਜਾਬ ਬੇਰੁਜ਼ਗਾਰੀ ਦਾ ਵੀ ਝੰਬਿਆ ਹੋਇਆ ਹੈ ਤੇ ਪਰਵਾਸ ਦਾ ਵੀ। ਹਰੇ ਇਨਕਲਾਬ ਦੇ ਇਸ ਮਾਡਲ ਨੇ ਪੰਜਾਬੀਆਂ ਕੋਲੋਂ ਉਹ ਸਿਹਤ ਹੀ ਖੋਹਣੀ ਸ਼ੁਰੂ ਕੀਤੀ ਹੋਈ ਹੈ ਜੀਹਦੇ ਜ਼ੋਰ 'ਤੇ ਕਬੱਡੀ ਖੇਡੀ ਜਾਣੀ ਸੀ। ਡੂੰਘੇ ਹੋ ਰਹੇ ਆਰਥਿਕ ਸਮਾਜਿਕ ਸੰਕਟਾਂ ਨੇ ਉਹ ਮੌਜ ਤੇ ਬੇਪਰਵਾਹੀ ਵੀ ਖੋਹ ਲਈ ਹੈ, ਜੋ ਕਬੱਡੀ ਖੇਡਣ ਲਈ ਚਾਹੀਦੀ ਸੀ। ਉਸ ਪੇਂਡੂ ਭਾਈਚਾਰੇ 'ਤੇ ਸੱਟ ਮਾਰ ਦਿੱਤੀ ਹੈ ਜਿੱਥੇ ਇਸ ਖੇਡ ਨੇ ਹੋਰ ਚੜ੍ਹਤ ਹਾਸਲ ਕਰਨੀ ਸੀ। ਸਮੁੱਚਾ ਪੰਜਾਬ ਤੇ ਦੇਸ਼ ਅਜਿਹੇ ਆਰਥਿਕ ਸਮਾਜਿਕ ਸੰਕਟਾਂ 'ਚ ਘਿਰਿਆ ਹੋਇਆ ਹੈ ਜਿਹੜੇ ਆਏ ਦਿਨ ਹੋਰ ਡੂੰਘੇ ਹੋ ਰਹੇ ਹਨ। ਸਾਡਾ ਸਭਿਆਚਾਰ, ਆਰਥਿਕਤਾ, ਰਵਾਇਤਾਂ ਤੇ ਖੇਡਾਂ ਸਭ ਕੁਝ ਹੀ ਸਾਮਰਾਜੀ ਪੂੰਜੀ ਦੀ ਜਕੜ 'ਚ ਆਇਆ ਹੋਇਆ ਹੈ। ਸੋ ਕਬੱਡੀ ਦਾ ਇਹ ਮੰਦੜਾ ਹਾਲ ਪੰਜਾਬੀ ਸਮਾਜ ਦਾ ਕੋਈ ਵਿਕੋਲਿਤਰਾ ਵਰਤਾਰਾ ਨਹੀਂ, ਸਗੋਂ ਸਮਾਜ 'ਚ ਚੱਲ ਰਹੇ ਹੋਰਨਾਂ ਸੰਕਟਾਂ ਦੇ ਅਨੇਕਾਂ ਵਰਤਾਰਿਆਂ ਦਾ ਹੀ ਹਿੱਸਾ ਹੈ।

ਕੁਝ ਦਹਾਕੇ ਪਹਿਲਾਂ ਪੰਜਾਬ 'ਚ ਕਬੱਡੀ ਤਾਂ ਬਹੁਤ ਨੌਜਵਾਨ ਖੇਡ ਲੈਂਦੇ ਸਨ ਪਰ ਖੇਡਣ ਦਾ ਚਾਅ ਉਹੀ ਪੂਰਾ ਕਰਦੇ ਸਨ, ਜਿਨ੍ਹਾਂ ਦੀਆਂ ਜ਼ਮੀਨੀ ਢੇਰੀਆਂ ਜਾਂ ਹੋਰ ਕਾਰੋਬਾਰ ਤੇ ਜਾਇਦਾਦਾਂ ਖੇਡਣ ਲਈ ਰੀਝ ਪੁਗਾਉਣ ਜੋਗੀ ਢੋਈ ਦਿੰਦੀਆਂ ਸਨ। ਵਿਹੜੇ ਵਾਲਿਆਂ ਦੇ ਜਾਇਦਾਦ ਹੀਣੇ ਮੁੰਡੇ ਪਹਿਲਾਂ ਹੀ ਹਾਰ ਜਾਂਦੇ ਸਨ ਤੇ ਦਿਹਾੜੀਆਂ ਹੀ ਉਨ੍ਹਾਂ ਤੋਂ ਪੁਆਇੰਟ ਲੈ ਜਾਂਦੀਆਂ ਸਨ। ਉਹ ਕਬੱਡੀ ਦੇ ਮੈਦਾਨ 'ਚ ਪਹੁੰਚਣ ਤੋਂ ਪਹਿਲਾਂ ਹੀ ਰਿਜ਼ਕ ਦੇ ਫਿਕਰਾਂ ਹੱਥੋਂ ਚਿੱਤ ਹੋ ਜਾਂਦੇ ਸਨ। ਜਿਹੜੇ ਖੇਡਣ ਦਾ ਚਾਅ ਪੂਰਾ ਕਰਦੇ ਸਨ ਉਸ ਪਰਤ ਦੇ ਸੁਪਨਿਆਂ ਦੀ ਧਰਤੀ ਹੁਣ ਕੈਨੇਡਾ ਜਾਂ ਅਮਰੀਕਾ ਹੈ। ਜਦੋਂ ਕਬੱਡੀ ਦੇ ਖੰਭ ਲਾ ਕੇ ਕੈਨੇਡਾ ਪੁੱਜਿਆ ਜਾ ਸਕਦਾ ਸੀ ਉਦੋਂ ਕਿੰਨਿਆਂ ਹੀ ਨੌਜਵਾਨਾਂ ਨੇ ਕਬੱਡੀ ਵਿਦੇਸ਼ ਜਾਣ ਕਰਕੇ ਵੀ ਖੇਡੀ। ਮੇਰੇ ਆਪਣੇ ਪਿੰਡ ਦੇ ਮੁੰਡੇ ਜਿਨ੍ਹਾਂ ਨੂੰ ਮੈਂ ਬਚਪਨ 'ਚ ਕਬੱਡੀ ਖੇਡਦਿਆਂ ਤੱਕਿਆ ਸੀ ਉਨ੍ਹਾਂ 'ਚੋਂ ਕਈ ਕੈਨੇਡਾ ਜਾਂ ਹੋਰਨਾਂ ਵਿਕਸਿਤ ਮੁਲਕਾਂ 'ਚ ਵਸ ਚੁੱਕੇ ਹਨ। ਪਰ ਹੁਣ ਤਾਂ ਕੈਨੇਡਾ ਨੂੰ ਉੱਡਣ ਲਈ ਕਬੱਡੀ ਦੇ ਪਰ ਵੀ ਕੁਤਰੇ ਜਾ ਰਹੇ ਹਨ।

ਜਿਹੜੀ ਧਰਤੀ 'ਤੇ ਨੌਜਵਾਨਾਂ ਦਾ ਜੀਅ ਨਾ ਲੱਗਦਾ ਹੋਵੇ ਉਹਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਓਥੇ ਦੀਆਂ ਖੇਡਾਂ ਤੇ ਹੋਰਨਾਂ ਸਭਿਆਚਾਰਕ ਸਰਗਰਮੀਆਂ ਦੀਆਂ ਰਵਾਇਤਾਂ ਦਾ ਹਸ਼ਰ ਕੀ ਹੋਵੇਗਾ? ਇਨ੍ਹਾਂ ਹਾਲਤਾਂ 'ਚ ਜਿਹੜੀ ਵੀ ਕਬੱਡੀ ਪੰਜਾਬ ਦੇ ਖੇਡ ਮੈਦਾਨਾਂ ਤੇ ਸਟੇਡੀਅਮਾਂ ਵਿਚ ਖੇਡੀ ਜਾ ਰਹੀ ਹੈ, ਉਹ ਪੂਰੀ ਤਰ੍ਹਾਂ ਪੇਸ਼ਾਵਰ/ਕਾਰੋਬਾਰ 'ਚ ਤਬਦੀਲ ਹੋ ਚੁੱਕੀ ਹੈ। 'ਕੱਲੀ ਕਬੱਡੀ ਹੀ ਨਹੀਂ, ਇਥੇ ਹਰ ਖੇਡ ਕਿਸੇ ਤਰ੍ਹਾਂ ਦੇ ਵਪਾਰ 'ਚ ਤਬਦੀਲ ਹੋ ਚੁੱਕੀ ਹੈ। ਉਂਜ ਤਾਂ ਖੇਡਾਂ ਹੀ ਕਿਉਂ, ਨਵ-ਉਦਾਰਵਾਦੀ ਨੀਤੀਆਂ ਦੇ ਇਸ ਦੌਰ ਅੰਦਰ ਪੂੰਜੀ ਦੇ ਤਰਕ ਨੇ ਸਾਡੇ ਹਰ ਸਮਾਜਿਕ ਸਭਿਆਚਾਰਕ ਵਰਤਾਰੇ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਫਿਰ ਕਬੱਡੀ ਕਿੱਥੋਂ ਬਚਣੀ ਸੀ? ਇਹ ਪੂੰਜੀ ਦਾ ਤਰਕ ਹੈ ਕਿ ਸਾਡੇ ਕਬੱਡੀ ਖਿਡਾਰੀ ਹੁਣ ਯੂਨਾਨ ਵਾਂਗ ਗਲੈਡੀਏਟਰਾਂ 'ਚ ਤਬਦੀਲ ਹੋ ਚੁੱਕੇ ਹਨ ਜਿਹੜੇ ਪੈਸੇ ਦੀ ਸ਼ਤਰੰਜ ਖੇਡ ਦੇ ਛੋਟੇ ਪਿਆਦੇ ਹਨ। ਉਨ੍ਹਾਂ ਨੂੰ ਖਿਡਾਉਣ ਵਾਲੇ ਚਾਹੇ ਨਵੇਂ ਉੱਭਰੇ ਖੇਡ ਪ੍ਰੋਮੋਟਰ ਹੋਣ, ਟੂਰਨਾਮੈਂਟਾਂ ਨੂੰ ਕਾਰੋਬਾਰਾਂ ਦੇ ਅੰਗ ਵਜੋਂ ਵਿਉਂਤਣ ਵਾਲੇ ਵਪਾਰੀ ਹੋਣ, ਨਸ਼ਿਆਂ ਦੇ ਸਮੱਗਲਰ ਹੋਣ ਜਾਂ ਗੈਂਗਸਟਰ ਹੋਣ। ਕਬੱਡੀ ਦੀ ਖੇਡ ਅੰਦਰ ਇਨ੍ਹਾਂ ਸਭਨਾਂ ਨੇ 'ਕੱਠੇ ਹੋ ਕੇ ਇਸ ਨੂੰ ਆਪੋ ਆਪਣੇ ਮੰਤਵਾਂ ਲਈ ਜਕੜ 'ਚ ਲੈ ਲਿਆ ਹੈ। ਇਹ ਸਾਂਝੀ ਜਕੜ ਇਨ੍ਹਾਂ ਸਭਨਾਂ ਦੇ ਮੰਤਵਾਂ ਨੂੰ ਹੱਲ ਕਰਦੀ ਹੈ। ਇਸ ਵਧਦੀ ਗਈ ਜਕੜ ਨਾਲ, ਕਬੱਡੀ ਦੇ ਕਰੋੜਾਂ ਦੀ ਹੋਣ ਨਾਲ ਇਹ ਲੋਕਾਂ ਕੋਲੋਂ ਦੂਰ ਹੁੰਦੀ ਜਾ ਰਹੀ ਹੈ।

ਇਸ ਵਰਤਾਰੇ ਦੀ ਲਪੇਟ 'ਚ ਆਉਣ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਕਬੱਡੀ ਦੇ ਡਾਲਰਾਂ ਤੇ ਪੌਂਡਾਂ ਦੀ ਹੋ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ ਸੀ। ਜਦੋਂ ਇਕ-ਇਕ ਰੇਡ ਤੇ ਜੱਫੇ 'ਤੇ ਵਪਾਰੀਆਂ ਨੇ ਪੈਸੇ ਲਾਉਣੇ ਸ਼ੁਰੂ ਕੀਤੇ ਤੇ ਫਿਰ ਵਪਾਰ ਨੇ ਅਜਿਹਾ ਜ਼ੋਰ ਦਿਖਾਇਆ ਕਿ ਰੇਡਾਂ ਪੈਣਾਂ ਤੇ ਜੱਫੇ ਲਾਉਣਾ ਹੀ ਵਪਾਰ ਹੋ ਗਿਆ। ਪੂੰਜੀਵਾਦੀ ਯੁੱਗ 'ਚ ਵਿਸ਼ੇਸ਼ ਕਰਕੇ ਨਵ ਉਦਾਰਵਾਦੀ ਨੀਤੀਆਂ ਦੇ ਦੌਰ ਅੰਦਰ ਖੇਡਾਂ ਦੇ ਵਪਾਰੀਕਰਨ ਦਾ ਸਿਲਸਿਲਾ ਪੂਰੀ ਦੁਨੀਆ 'ਚ ਚੱਲਿਆ ਹੋਇਆ ਹੈ। ਕਿਸੇ ਖੇਡ ਪ੍ਰਤੀ ਖਿੱਚ, ਦਰਸ਼ਕਾਂ ਦੀ ਘੱਟ/ਵੱਧ ਗਿਣਤੀ ਤੈਅ ਕਰਦੀ ਹੈ ਕਿ ਉਹ ਖੇਡ ਕੰਪਨੀਆਂ ਲਈ ਕਿੰਨੇ ਮੁਨਾਫ਼ੇ ਦਾ ਜ਼ਰੀਆ ਬਣ ਸਕਦੀ ਹੈ। ਪੰਜਾਬ ਵਰਗੇ ਛੋਟੇ ਖਿੱਤੇ 'ਚ ਆਬਾਦੀ ਦੀ ਛੋਟੀ ਪ੍ਰਤੀਸ਼ਤ ਵੱਲੋਂ ਖੇਡੀ ਜਾਣ ਵਾਲੀ ਖੇਡ ਕਬੱਡੀ, ਵੱਡੀਆਂ ਕੰਪਨੀਆਂ ਲਈ ਮੁਨਾਫੇ ਪੱਖੋਂ ਖਿੱਚ ਪਾਊ ਨਹੀਂ ਸੀ ਚਾਹੇ ਬਾਦਲ ਕੇ ਲਾਣੇ ਨੇ ਇਸ ਨੂੰ ਬਣਾਉਣ ਦਾ ਯਤਨ ਵੀ ਕੀਤਾ ਸੀ। ਪਰ ਪੰਜਾਬ ਦੇ ਕਾਰੋਬਾਰੀਆਂ ਤੇ ਵਪਾਰੀਆਂ ਲਈ ਪੈਸੇ ਲਾਉਣ

(ਬਾਕੀ ਸਫਾ 29 'ਤੇ)

# ਸ੍ਰੀਲੰਕਾ ਵਾਲਾ ਹਾਲ ਜੇ ਪਾਕਿਸਤਾਨ ਦਾ ਹੋਇਆ ਤਾਂ ਹੈਰਾਨੀ ਨਹੀਂ ਹੋਵੇਗੀ


## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455







ਪਿਛਲੇ ਅੱਧੀ ਕੁ ਦਰਜਨ ਸਾਲਾਂ ਤੋਂ ਅਸੀਂ ਆਪਣੇ ਗੁਆਂਢੀ ਦੇਸ਼ ਪਾਕਿਸਤਾਨ ਬਾਰੇ ਸੁਣਦੇ ਆਏ ਸਾਂ ਕਿ ਆਪਣੀ ਆਰਥਿਕਤਾ ਡੁੱਬਦੀ ਨੂੰ ਰੋਕ ਨਾ ਸਕਿਆ ਤਾਂ ਇਹ ਆਪਣੇ ਆਗੂਆਂ ਦੇ ਪਾਪੀ ਕਿਰਦਾਰ ਦੇ ਭਾਰ ਹੇਠ ਡੁੱਬਣ ਤੋਂ ਬਚ ਨਹੀਂ ਸਕੇਗਾ। ਇਕ ਵਾਰੀ ਇਸ ਵਿਸ਼ੇ ਉੱਤੇ ਇੱਕ ਆਰਥਿਕ ਮਾਹਿਰ ਨਾਲ ਸਾਡੀ ਗੱਲ ਹੋਈ ਤਾਂ ਉਸ ਨੇ ਭਰਵੇਂ ਭਰੋਸੇ ਨਾਲ ਕਿਹਾ ਸੀ ਕਿ ਏਡੀ ਛੇਤੀ ਇਹ ਨਹੀਂ ਡੁੱਬੇਗਾ, ਜਿੰਨਾ ਸਮਝਿਆ ਜਾ ਰਿਹਾ ਹੈ। ਅਸੀਂ ਪੁੱਛਿਆ ਸੀ ਕਿ ਏਨੇ ਭਰੋਸੇ ਨਾਲ ਉਹ ਇਹ ਗੱਲ ਕਿਸ ਆਧਾਰ ਉੱਤੇ ਕਹਿੰਦੇ ਹਨ ਤੇ ਉਨ੍ਹਾਂ ਨੇ ਮੋੜਵਾਂ ਸਾਨੂੰ ਪੁੱਛਿਆ ਸੀ ਕਿ ਪਿਛਲੇ ਦਹਾਕੇ ਵਿਚ ਜਿਹੜੀ ਮੰਦੀ ਸੰਸਾਰ ਵਿਚ ਆਈ ਸੀ, ਭਾਰਤ ਉੱਤੇ ਉਸ ਦਾ ਓਨਾ ਅਸਰ ਕਿਉਂ ਨਾ ਹੋਇਆ ਤੇ ਜਿੰਨੇ ਬੈਂਕ ਅਮਰੀਕਾ ਵਿਚ ਬੰਦ ਹੋ ਗਏ ਸਨ, ਭਾਰਤ ਵਿਚ ਓਨੇ ਬੰਦ ਕਿਉਂ ਨਹੀਂ ਸਨ ਹੋਏ? ਸਾਡੇ ਕੋਲ ਸਵਾਲ ਦਾ ਜਵਾਬ ਨਹੀਂ ਸੀ। ਉਸ ਨੇ ਖੁਦ ਦੱਸਿਆ ਸੀ ਕਿ ਇਸ ਦਾ ਕਾਰਨ ਭਾਰਤ ਦੀ ਦਿੱਸਦੀ ਤੋਂ ਵੱਧ ਅੰਡਰ-ਗਰਾਊਂਡ ਆਰਥਿਕਤਾ ਹੈ। ਅਮਰੀਕਾ ਦੀ ਆਰਥਿਕਤਾ ਵਿਚ ਕਿਸੇ ਡੁੱਬਦੇ ਗ੍ਰਾਹਕ ਤੋਂ ਬੈਂਕ ਨੇ ਵਸੂਲੀ ਕਰਨੀ ਹੋਵੇ ਤਾਂ ਮਾਰਕੀਟ ਰੇਟ ਦੇ ਮੁਤਾਬਕ ਕਰਜ਼ਾ ਦਿੱਤਾ ਹੋਣ ਕਾਰਨ ਓਨਾ ਕੁ ਵੀ ਮਸਾਂ ਉਗਰਾਹਿਆ ਜਾਂਦਾ ਹੈ, ਮਾਰਕੀਟ ਡਿੱਗਣ ਕਾਰਨ ਕਸਟਮਰ ਦੀ ਜਾਇਦਾਦ ਦਾ ਮੁੱਲ ਵੀ ਦੇਣਦਾਰੀ ਤੋਂ ਘੱਟ ਬਣਦਾ ਹੈ ਤਾਂ ਬੈਂਕ ਦੇ ਪੈਸੇ ਪੂਰੇ ਨਹੀਂ ਹੁੰਦੇ, ਪਰ ਭਾਰਤ ਵਿਚ ਕਾਗਜ਼ੀ ਰੇਟ ਵੇਖ ਕੇ ਕਰਜ਼ਾ ਦਿੱਤਾ ਜਾਂਦਾ ਹੈ ਤੇ ਮਾਰਕੀਟ ਰੇਟ ਵੱਧ ਹੋਣ ਕਰ ਕੇ ਘਾਟਾ ਕਦੇ ਨਹੀਂ ਪੈਂਦਾ। ਬੈਂਕ ਉਹ ਜਾਇਦਾਦ ਜ਼ਬਤ ਕਰ ਕੇ ਵੇਚ ਦੇਵੇ ਤਾਂ ਵੱਧ ਮਾਰਕੀਟ ਰੇਟ ਕਾਰਨ ਉਸ ਦੇ ਪੈਸੇ ਪੂਰੇ ਹੋਣ ਪਿੱਛੋਂ ਸਗੋਂ ਹੋਰ ਮੁਨਾਫਾ ਹੁੰਦਾ ਹੈ, ਜਿਹੜਾ ਅਮਰੀਕਾ ਦੇ ਬੈਂਕਾਂ ਨੂੰ ਨਹੀਂ ਹੋ ਸਕਦਾ। ਪਿਛਲੇ ਹਫਤੇ ਉਹੋ ਮਾਹਿਰ ਖੁਦ ਮਿਲਣ ਆਇਆ ਤੇ ਕਹਿਣ ਲੱਗਾ ਕਿ ਉਹ ਦਿਨ ਪਿੱਛੇ ਰਹਿ ਗਏ, ਸ੍ਰੀਲੰਕਾ ਨੇ ਦੁਨੀਆ ਨੂੰ ਵਿਖਾ ਦਿੱਤਾ ਹੈ ਕਿ ਪਾਕਿਸਤਾਨ ਵੀ ਆਪਣੇ ਪੈਰਾਂ ਤੋਂ ਉੱਖੜ ਸਕਦਾ ਹੈ ਤੇ ਭਵਿੱਖ ਵਿਚ ਏਦਾਂ ਦਾ ਝਟਕਾ ਕਿਸੇ ਵੀ ਉਸ ਦੇਸ਼ ਨੂੰ ਲੱਗ ਸਕਦਾ ਹੈ, ਜਿੱਥੇ ਲੀਡਰਸ਼ਿਪ ਸਿਰੇ ਦੀ ਕੁਰੱਪਟ ਹੁੰਦੀ ਹੈ।

ਜਦੋਂ ਪਿਛਲੇ ਸਾਲਾਂ ਵਿਚ ਪਾਕਿਸਤਾਨ ਦੀਆਂ ਗੱਲਾਂ ਚੱਲਿਆ ਕਰਦੀਆਂ ਸਨ ਕਿ ਉਹ ਵੀ ਅਫਗਾਨਿਸਤਾਨ ਵਾਲੇ ਰਾਹ ਪੈ ਸਕਦਾ ਹੈ, ਤਾਮਿਲਾਂ ਨਾਲ ਗ੍ਰਹਿ ਯੁੱਧ ਵਾਲੀ ਸਥਿਤੀ ਤੋਂ ਨਿਕਲ ਚੁੱਕੇ ਸ੍ਰੀਲੰਕਾ ਬਾਰੇ ਓਦੋਂ ਕਦੀ ਏਦਾਂ ਦੀ ਗੱਲ ਨਹੀਂ ਸੀ ਸੁਣੀ ਗਈ। ਭਾਵੇਂ ਇਹ ਕਿਹਾ ਜਾਂਦਾ ਸੀ ਕਿ ਆਰਥਿਕ ਪੱਖੋਂ ਸ੍ਰੀਲੰਕਾ ਦੀ ਹਾਲਤ ਖਰਾਬ ਹੋ ਰਹੀ ਹੈ, ਪਰ ਭੁੱਖ ਦੇ ਮਾਰੇ ਲੋਕ ਇੱਕ ਦਿਨ ਪ੍ਰਧਾਨ ਮੰਤਰੀ ਦਾ ਘਰ ਸਾੜਨ ਅਤੇ ਰਾਸ਼ਟਰਪਤੀ ਭਵਨ ਦੇ ਅੰਦਰ ਵੜ ਕੇ ਉਸ ਨੂੰ ਪਿਛਲੇ ਦਰਵਾਜ਼ਿਉਂ ਭੱਜਣ ਲਈ ਮਜਬੂਰ ਕਰ ਦੇਣਗੇ, ਇਹ ਕਿਸੇ ਨੇ ਨਹੀਂ ਸੀ ਕਿਹਾ। ਇਸ ਅਣਕਿਆਸੀ ਭਾਜੜ ਦਾ ਗਵਾਹ ਪਿਛਲਾ ਹਫਤਾ ਬਣਿਆ ਹੈ, ਜਿਸ ਵਿਚ ਆਮ ਲੋਕ ਬਾਜ਼ਾਰਾਂ ਵਿਚ ਫਿਰਦੇ ਅਤੇ ਲੀਡਰ ਲੁਕਣ ਦੇ ਅੱਡੇ ਭਾਲਦੇ ਨਜ਼ਰ ਆਏ ਸਨ। ਗੱਦੀ ਛੱਡ ਕੇ ਭੱਜਣ ਵਾਲਾ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੋਵੇਂ ਇੱਕੋ ਮਾਂ ਦੇ ਜਾਏ ਪੁੱਤਰ ਸਕੇ ਭਰਾ ਸਨ ਅਤੇ ਦੋਵਾਂ ਨੂੰ ਲੋਕ ਆਪਣੇ ਦੇਸ਼ ਦੀ ਆਰਥਿਕਤਾ ਨੂੰ ਲੱਗੀ ਸਿਉਂਕ ਸਮਝ ਕੇ ਇੱਕਦਮ ਘੇਰਨ ਨਿਕਲ ਪਏ ਸਨ। ਇਹ ਉਹੋ ਦੋਵੇਂ ਭਰਾ ਸਨ, ਜਿਨ੍ਹਾਂ ਨੂੰ ਪਿਛਲੇ ਪੰਦਰਾਂ-ਵੀਹ ਸਾਲਾਂ ਵਿਚ ਸੱਤਾ ਦੇ ਸਿਖਰ ਵੱਲ ਵਧਣ ਵੇਲੇ ਲੋਕਾਂ ਦੀ ਵੱਡੀ ਬੇਮਿਸਾਲ ਹਮਾਇਤ ਮਿਲਦੀ ਰਹੀ ਸੀ ਅਤੇ ਉਹ ਭੁੱਲ ਗਏ ਸਨ ਕਿ ਜਿਹੜੇ ਲੋਕ ਉਨ੍ਹਾਂ ਦੇ ਪਿੱਛੇ ਆ ਰਹੇ ਹਨ, ਕਿਸੇ ਦਿਨ ਇਹੋ ਲੋਕ ਉਨ੍ਹਾਂ ਦਾ ਪਿੱਛਾ ਕਰਨ ਵੀ ਤੁਰ ਸਕਦੇ ਹਨ। ਇੱਕੋ ਪਰਿਵਾਰ ਵਿਚੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੋਂ ਇਲਾਵਾ ਗਿਆਰਾਂ ਜਣੇ ਹੋਰ ਵੱਡੀਆਂ ਕੁਰਸੀਆਂ ਉੱਤੇ ਬੈਠ ਕੇ ਹਕੂਮਤ ਕਰਨ ਲੱਗੇ ਤਾਂ ਕੋਈ ਉਨ੍ਹਾਂ ਵੱਲ ਸਿਰ ਚੁੱਕ ਕੇ ਵੇਖਣ ਵਾਲਾ ਨਾ ਹੋਣ ਕਾਰਨ ਸਿਰੇ ਦਾ ਭ੍ਰਿਸ਼ਟਾਚਾਰ ਕਰਦਿਆਂ ਮੁਲਕ ਦੀ ਆਰਥਿਕਤਾ ਤੇ ਸੰਵਿਧਾਨ ਦੇ ਜੜ੍ਹੀਂ ਤੇਲ ਦੇਣ ਲੱਗ ਗਏ ਸਨ। ਅੱਜ ਉਹ ਆਪਣੀ ਜਾਨ ਦੀ ਸਲਾਮਤੀ ਦੇ ਹੀਲੇ ਕਰਦੇ ਫਿਰਦੇ ਹਨ।

ਪਾਕਿਸਤਾਨ ਵਿਚ ਕੀ ਹੋਇਆ ਸੀ ਤੇ ਕੀ ਹੋ ਰਿਹਾ ਹੈ? ਖਾਨਦਾਨੀ ਰਾਜਨੀਤੀ ਦੀ ਪ੍ਰਤੀਕ ਬੀਬੀ ਬੇਨਜ਼ੀਰ ਭੁੱਟੋ ਜਦੋਂ ਪ੍ਰਧਾਨ ਮੰਤਰੀ ਬਣੀ ਤਾਂ ਬਿਨਾ ਕਿਸੇ ਸਰਕਾਰੀ ਅਹੁਦੇ ਤੋਂ ਉਸ ਦਾ ਪਤੀ ਆਸਿਫ ਅਲੀ ਜ਼ਰਦਾਰੀ ਹਰ ਫਾਈਲ ਨੂੰ ਖੁਦ ਵੇਖਣ ਲੱਗਾ ਅਤੇ ਕਮਿਸ਼ਨ ਖਰਾ ਕਰਨ ਲੱਗ ਪਿਆ ਸੀ। ਉਸ ਦੀ ਹਿੱਸਾ-ਪੱਤੀ ਦੇ ਰੇਟ ਮੁਤਾਬਕ ਉਸ ਦਾ ਨਾਂਅ ਲੋਕਾਂ ਨੇ 'ਮਿਸਟਰ ਟੈੱਨ ਪਰਸੈਂਟ' ਰੱਖ ਦਿੱਤਾ ਸੀ ਤੇ ਵਿਰੋਧੀ ਧਿਰ ਦੇ ਆਗੂ ਨਵਾਜ਼ ਸ਼ਰੀਫ ਹੁਰੀਂ ਉਸ ਨੂੰ ਭੰਡਦੇ ਹੁੰਦੇ ਸਨ, ਪਰ ਖੁਦ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਇਹ ਖੇਡ ਰੁਕਣ ਦੀ ਥਾਂ ਹੋਰ ਅੱਗੇ ਵਧ ਗਈ। ਆਪਣੇ ਭਰਾ ਨੂੰ ਉਸ ਨੇ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਤੇ ਆਪਣੀ ਧੀ ਦੇ ਕਹਿਣ ਉੱਤੇ ਕਈ ਇਹੋ ਜਿਹੇ ਲੋਕ ਅੱਗੇ ਲਿਆਂਦੇ ਸਨ, ਜਿਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਵੱਡੇ ਕਿੱਸਿਆਂ ਨੇ ਖੁਦ ਨਵਾਜ਼ ਸ਼ਰੀਫ, ਉਸ ਦੇ ਮੁੱਖ ਮੰਤਰੀ ਬਣੇ ਭਰਾ ਸ਼ਾਹਬਾਜ਼ ਸ਼ਰੀਫ, ਧੀ ਤੇ ਜਵਾਈ ਤੱਕ ਨੂੰ ਜੇਲ੍ਹ ਦੀ ਸੈਰ ਕਰਵਾ ਦਿੱਤੀ ਸੀ। ਉਨ੍ਹਾਂ ਦੀ ਥਾਂ ਆਏ ਇਮਰਾਨ ਖਾਨ ਨੇ ਵੀ ਪਿਛਲਿਆਂ ਦੇ ਹਸ਼ਰ ਤੋਂ ਸਬਕ ਨਹੀਂ ਸੀ ਸਿੱਖਿਆ ਅਤੇ ਆਪਣੇ ਪਰਿਵਾਰ, ਖਾਸ ਕਰ ਕੇ ਆਪਣੀ ਮੌਜੂਦਾ ਚੌਥੀ ਬੀਵੀ ਬੁਸ਼ਰਾ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਕਾਰਨ ਗੱਦੀ ਛੱਡਣ ਨੂੰ ਮਜਬੂਰ ਹੋ ਗਿਆ। ਜਿਵੇਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸ੍ਰੀਲੰਕਾ ਵਿਚ ਭੰਡਾਰ ਨਾਇਕੇ ਪਰਿਵਾਰ ਖੁੰਜੇ ਧੱਕਿਆ ਗਿਆ ਤੇ ਉਸ ਦੀ ਥਾਂ ਆਏ ਰਾਜਪਕਸ਼ੇ ਪਰਿਵਾਰ ਦੇ ਦੋ ਭਰਾਵਾਂ ਨੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਬਣ ਕੇ ਮੁਲਕ ਡੋਬਿਆ ਸੀ, ਓਸੇ ਤਰ੍ਹਾਂ ਇਮਰਾਨ ਖਾਨ ਨੂੰ ਹਟਾ ਦੇਣ ਪਿੱਛੋਂ ਫਿਰ ਭ੍ਰਿਸ਼ਟਾਚਾਰ ਦਾ ਦਾਗੀ ਸ਼ਰੀਫ ਪਰਿਵਾਰ ਦੇਸ਼ ਦੀ ਵਾਗ ਸੰਭਾਲ ਬੈਠਾ ਹੈ। ਪਰਿਵਾਰ ਦਾ ਮੁਖੀ ਖੁਦ ਅਦਾਲਤੀ ਫੈਸਲੇ ਨਾਲ ਹੋਈ ਭ੍ਰਿਸ਼ਟਾਚਾਰ ਦੀ ਸਜ਼ਾ ਭੁਗਤਣ ਲਈ ਜੇਲ੍ਹ ਵਿਚ ਭੇਜੇ ਜਾਣ ਤੋਂ ਬਚਣ ਲਈ ਬ੍ਰਿਟੇਨ ਤੋਂ ਆਪਣੇ ਦੇਸ਼ ਮੁੜਨ ਨੂੰ ਤਿਆਰ ਨਹੀਂ ਹੋ ਰਿਹਾ, ਪ੍ਰਧਾਨ ਮੰਤਰੀ ਬਣਿਆ ਦੂਸਰਾ ਭਰਾ ਸ਼ਾਹਬਾਜ਼ ਸ਼ਰੀਫ ਤੇ ਉਸ ਦਾ ਪੁੱਤਰ ਮਨੀ ਲਾਂਡਰਿੰਗ ਸਣੇ ਭ੍ਰਿਸ਼ਟਾਚਾਰ ਦੇ ਕਈ ਕੇਸਾਂ ਵਾਸਤੇ ਅਦਾਲਤੀ ਪੇਸ਼ੀਆਂ ਭੁਗਤਦੇ ਫਿਰਦੇ ਹਨ। ਬੀਤੇ ਹਫਤੇ ਫਿਰ ਹੋਈ ਇੱਕ ਪੇਸ਼ੀ ਮੌਕੇ ਅਦਾਲਤ ਨੂੰ ਦੱਸਿਆ ਗਿਆ ਕਿ ਦੇਸ਼ ਦੇ ਮੌਜੂਦਾ ਮੁਖੀ ਸ਼ਾਹਬਾਜ਼ ਸ਼ਰੀਫ ਦਾ ਪੁੱਤਰ ਆਪਣਾ ਦੇਸ਼ ਛੱਡ ਕੇ ਦੌੜ ਗਿਆ ਹੈ ਤਾਂ ਅਦਾਲਤ ਨੇ ਪ੍ਰਧਾਨ ਮੰਤਰੀ ਦੇ ਪੁੱਤਰ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਜਦੋਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਖੁਦ ਪੇਸ਼ੀ ਤੋਂ ਛੋਟ ਮੰਗੀ ਹੈ ਤਾਂ ਅਦਾਲਤ ਨੇ ਕਿਹਾ ਕਿ ਇਸ ਵਾਰ ਇਹ ਛੋਟ ਦਿੱਤੀ ਜਾ ਸਕਦੀ ਹੈ, ਅਗਲੀ ਵਾਰੀ ਆਉਣਾ ਪਵੇਗਾ, ਨਾ ਆਇਆ ਤਾਂ ਉਸ ਦੇ ਖਿਲਾਫ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਜਿਸ ਦੇਸ਼ ਦੇ ਸਿਆਸੀ ਮੁਖੀ ਨੂੰ ਅਦਾਲਤ ਵਿਚ ਜਾਣ ਤੋਂ ਡਰ ਲੱਗਦਾ ਪਿਆ ਹੈ, ਉਹ ਦੇਸ਼ ਭਲਾ ਕਿੰਨਾ ਕੁ ਚਿਰ ਚਲਾ ਸਕੇਗਾ!

ਸਭ ਨੂੰ ਪਤਾ ਹੈ ਕਿ ਕਰਜ਼ਾ ਵਧਦਾ ਜਾਣ ਕਰ ਕੇ ਕੁਝ ਮਹੀਨੇ ਪਹਿਲਾਂ ਜਦੋਂ ਸ੍ਰੀਲੰਕਾ ਕੋਲ ਸੰਸਾਰ ਬਾਜ਼ਾਰ ਤੋਂ ਤੇਲ ਖਰੀਦਣ ਲਈ ਪੈਸੇ ਮੁੱਕ ਗਏ ਤਾਂ ਭਾਰਤ ਨੇ ਕੁਝ ਤੇਲ ਅਤੇ ਕੁਝ ਖਾਣ ਜੋਗਾ ਅਨਾਜ ਭੇਜਣ ਦੇ ਨਾਲ ਕੁਝ ਨਕਦੀ ਵੱਲੋਂ ਵੀ ਮਦਦ ਕੀਤੀ ਸੀ, ਪਰ ਬਾਹਰੀ ਮਦਦ ਕਿਸੇ ਦੇਸ਼ ਨੂੰ ਬਹੁਤਾ ਚਿਰ ਖੜਾ ਨਹੀਂ ਰੱਖ ਸਕਦੀ। ਪਾਕਿਸਤਾਨ ਦੇ ਹਾਕਮਾਂ ਨੇ ਪਿਛਲੇ ਪੰਝੱਤਰ ਸਾਲਾਂ ਵਿਚ ਇਹੋ ਕੁਝ ਕੀਤਾ ਹੈ ਕਿ ਆਪਣੀ ਆਰਥਿਕਤਾ ਪੈਰਾਂ ਸਿਰ ਕਰਨ ਦੀ ਥਾਂ ਸੰਸਾਰ ਭਰ ਦੇ ਦਾਨ-ਦਾਤਿਆਂ ਕੋਲੋਂ ਮੰਗ ਕੇ ਬੁੱਤਾ ਸਾਰਨ ਦੇ ਨਾਂਅ ਉੱਤੇ ਆਪਣੀਆਂ ਤਿਜੌਰੀਆਂ ਭਰਦੇ ਰਹੇ ਸਨ ਤੇ ਅੰਤ ਉਹ ਆਪਣੇ ਦੇਸ਼ ਨੂੰ ਉਸ ਹਾਲਤ ਵਿਚ ਲੈ ਗਏ ਹਨ ਕਿ ਕੋਈ ਕਾਣੀ ਕੌਡੀ ਦੇਣ ਨੂੰ ਤਿਆਰ ਨਹੀਂ। ਪਾਕਿਸਤਾਨੀ ਹਾਕਮਾਂ ਨੂੰ ਇਹ ਗਰੂਰ ਤਾਂ ਸੀ ਕਿ ਉਹ ਐਟਮ ਬੰਬ ਬਣਾ ਕੇ ਭਾਰਤ ਦੇ ਬਰਾਬਰ ਦੀ ਐਟਮੀ ਤਾਕਤ ਹੋਣ ਦਾ ਦਾਅਵਾ ਕਰਨ ਜੋਗੇ ਹੋ ਸਕਦੇ ਹਨ, ਪਰ ਆਪਣੇ ਦੇਸ਼ ਦੇ ਥਰਮਲ ਪਲਾਂਟ ਚਲਾਉਣ ਲਈ ਕੋਲਾ ਉਨ੍ਹਾਂ ਨੂੰ ਗਰੀਬੀ ਦੇ ਭੰਨੇ ਹੋਏ ਗੁਆਂਢੀ ਦੇਸ਼ ਅਫਗਾਨਿਸਤਾਨ ਤੋਂ ਉਧਾਰ ਲੈਣਾ ਪਿਆ ਹੈ, ਕਿਉਂਕਿ ਬਾਕੀ ਦੇਸ਼ਾਂ ਦੇ ਪਿਛਲੇ ਪੈਸੇ ਨਹੀਂ ਦਿੱਤੇ ਗਏ। ਸ੍ਰੀਲੰਕਾ ਵਿਚ ਜਦੋਂ ਆਮ ਲੋਕਾਂ ਨੂੰ ਚੁੱਲ੍ਹਾ ਬਾਲਣ ਲਈ ਗੈਸ ਤੇ ਸਕੂਟਰ-ਕਾਰ ਚਲਾਉਣ ਲਈ ਤੇਲ ਨਾ ਮਿਲਿਆ, ਦੁਨੀਆ ਭਰ ਵਿਚੋਂ ਆਉਣ ਵਾਲੀਆਂ ਚੀਜ਼ਾਂ ਲਈ ਸਰਕਾਰ ਵਿਦੇਸ਼ ਕਰੰਸੀ ਤੋਂ ਖਾਲੀ ਹੋ ਗਈ ਤਾਂ ਲੋਕਾਂ ਨੇ ਹਾਕਮਾਂ ਦੇ ਮਹਿਲ ਘੇਰਨ ਵੱਲ ਮੂੰਹ ਕਰ ਲਿਆ ਸੀ। ਨਤੀਜਾ ਸਭ ਦੇ ਸਾਹਮਣੇ ਹੈ ਤੇ ਸੰਸਾਰ ਭਰ ਵਿਚ ਚਰਚੇ ਹੋ ਰਹੇ ਹਨ ਕਿ ਜਿਹੜੀ ਹਾਲਤ ਪਿਛਲੇ ਹਫਤੇ ਸ੍ਰੀਲੰਕਾ ਵਿਚ ਵੇਖਣ ਨੂੰ ਮਿਲੀ ਹੈ, ਉਹ ਕਿਸੇ ਵਕਤ ਪਾਕਿਸਤਾਨ ਵਿਚ ਨਜ਼ਰ ਆ ਸਕਦੀ ਹੈ। ਉਸ ਦੇ ਹਾਕਮ ਅਜੇ ਵੀ ਆਪਣੇ ਦੇਸ਼ ਦੇ ਲੋਕਾਂ ਬਾਰੇ ਸੋਚਣ ਦੀ ਥਾਂ ਕੋਤਮੇ ਦੀਆਂ ਕੋਠੀਆਂ ਭਰਨ ਦੇ ਕੰਮ ਲੱਗੇ ਹੋਏ ਹਨ।

# ਪੰਜਾਬ ਦੀ ਨੌਜਵਾਨੀ ਤੇ ਨਵੇਂ ਨਸ਼ੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬੀ ਸਾਹਿਤ ਦੇ ਆਦਰਯੋਗ ਚਿੰਤਕ ਤੇ ਆਲੋਚਕ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਦੀ ਧੀ ਡਾ. ਹਰਸ਼ਿੰਦਰ ਕੌਰ ਬੱਚਿਆਂ ਦੇ ਰੋਗਾਂ ਦੀ ਮਾਹਰ ਹੈ। ਉਸ ਨੇ ਪੰਜਾਬ ਦੀ ਜਵਾਨੀ ਨੂੰ ਖੋਰਾ ਲਾ ਰਹੇ ਨਸ਼ਿਆਂ ਬਾਰੇ ਮੀਡੀਆ ਵਿਚ ਰੌਂਗਟੇ ਖੜ੍ਹੇ ਕਰਨ ਵਾਲੀ ਜਾਣਕਾਰੀ ਦਿੱਤੀ ਹੈ, ਜਿਸ ਤੋਂ ਬੱਚਿਆਂ ਦੇ ਮਾਪੇ ਤੇ ਅਧਿਆਪਕ ਸੁਚੇਤ ਹੋ ਕੇ ਅਪਣੇ ਬੱਚਿਆਂ ਨੂੰ ਠੀਕ ਮਾਰਗ ਦਿਖਾ ਸਕਦੇ ਹਨ। ਉਸ ਦੀ ਜਾਣਕਾਰੀ ਦਾ ਆਧਾਰ ਕੇਵਲ ਪੀ ਜੀ ਆਈ ਚੰਡੀਗੜ੍ਹ ਦੀ ਰਿਪੋਰਟ ਹੀ ਨਹੀਂ ਜੌਹਨ ਹੌਪਕਿਨਸ ਮੈਡੀਕਲ ਸਕੂਲ ਸਮੇਤ ਅੰਤਰਰਾਸ਼ਟਰੀ ਸੰਸਥਾਵਾਂ ਦੀਆਂ ਖੋਜ ਵਿਧੀਆਂ ਤੇ ਰਿਪੋਰਟਾਂ ਵੀ ਹਨ।

ਭੰਗ, ਹਸ਼ੀਸ, ਅਫੀਮ, ਕੋਕੀਨ, ਚਿੱਟਾ ਆਦਿ ਹਾਨੀਕਾਰਕ ਨਸ਼ਿਆਂ ਤੋਂ ਲਗਪਗ ਸਾਰੇ ਪੰਜਾਬੀ ਜਾਣੂ ਹਨ। ਪੰਜਾਬ ਨੂੰ ਲਿਆਂਦੀ ਜਾ ਰਹੀ 376.5 ਕਰੋੜ ਦੀ ਹੈਰੋਇਨ ਦਾ ਗੁਜਰਾਤ ਦੀ ਮੁਦਰਾ ਬੰਦਰਗਾਹ ਉੱਤੇ ਅਣਸੀਤੇ ਕੱਪੜਿਆਂ ਦੇ ਕੰਟੇਨਰ ਵਿਚ ਫੜੇ ਜਾਣਾ ਤਾਂ ਅਜੇ ਕੱਲ੍ਹ ਦੀ ਗੱਲ ਹੈ। ਨਵੇਂ ਨਸ਼ਿਆਂ ਵਿਚ ਬਰੈਡ ਉੱਤੇ ਆਇਓਡੈਕਸ ਲਾ ਕੇ ਖਾਣਾ, ਪੈਟਰੋਲ ਸੁੰਘਣਾ, ਕਿਰਲੀ ਮਾਰ ਕੇ ਖਾਣੀ, ਖੰਘ ਵਾਲੀ ਦਵਾਈ ਦੀਆਂ ਸ਼ੀਸ਼ੀਆਂ ਪੀਣਾ ਤੇ ਇਕ ਹਫਤਾ ਵਰਤੀਆਂ ਬਦਬੂਦਾਰ ਜੁਰਾਬਾਂ ਰਾਤ ਭਰ ਪਾਣੀ ਵਿਚ ਭਿਉਂ ਕੇ ਉਹ ਪਾਣੀ ਪੀਣਾ ਆਦਿ ਵੀ ਬਹੁਤ ਪ੍ਰਚੱਲਤ ਹੋ ਚੁੱਕੇ ਹਨ। ਹੈਂਡ ਸੈਨੇਟਾਈਜ਼ਰ, ਦਾਲ ਚੀਨੀ, ਕੈਫੀਨ, ਨਹਾਉਣ ਵਾਲਾ ਸਾਬਣ, ਵੋਦਕਾ ਟੈਂਪੂਨ, ਸੁਗੰਧੀਆਂ ਵਾਲੇ ਫੁੱਲ, ਕੀ-ਬੋਰਡ ਕਲੀਨਰ, ਦੰਦਾਂ ਦੇ ਇਲਾਜ ਲਈ ਦੰਦ ਸੁੰਨ ਕਰਨ ਵਾਲੀ ਸਪਰੇਅ ਸਮੇਤ ਏਅਰ ਕੰਡੀਸ਼ਨਰਾਂ ਵਿਚ ਭਰੀ ਜਾਂਦੀ ਫਰੀਓਨ ਗੈਸ ਨੂੰ ਪੇਚਕੱਸ ਨਾਲ ਖੋਲ੍ਹ ਕੇ ਇਸ ਦੀ ਗੈਸ ਸੁੰਘਣਾ ਵੀ ਨਸ਼ਾ ਹੈ, ਜਿਹੜਾ ਆਮ ਹੋ ਰਿਹਾ ਹੈ। ਹੌਪਕਿਨਸ ਸੈਂਟਰ ਅਨੁਸਾਰ ਏ.ਸੀ. ਦੀ ਗੈਸ ਸੁੰਘਣ ਨਾਲ ਬੱਚਿਆਂ ਦੀ ਜ਼ੁਬਾਨ ਥਥਲਾਉਣ ਲੱਗਦੀ ਹੈ ਅਤੇ ਚਮੜੀ, ਨੱਕ ਤੇ ਮੂੰਹ ਅੰਦਰਲੀ ਪਰਤ ਸੜ ਸਕਦੀ ਹੈ। ਲੋੜ ਤੋਂ ਵੱਧ ਵਰਤੋਂ ਦਿਮਾਗ ਨੂੰ ਪੂਰੀ ਤਰ੍ਹਾਂ ਨਕਾਰਾ ਕਰ ਦਿੰਦੀ ਹੈ।

ਏਥੇ ਸਾਰੇ ਨਸ਼ਿਆਂ ਬਾਰੇ ਜਾਣਕਾਰੀ ਦੇਣਾ ਤਾਂ ਸੰਭਵ ਨਹੀਂ ਪਰ ਡਿਜੀਟਲ ਆਨਲਾਈਨ ਡਰੱਗਜ਼ ਬਾਰੇ ਦੱਸਣਾ ਚਾਹਾਂਗਾ। ਆਡੀਓ ਫਾਈਲਜ਼ ਖਰੀਦ ਕੇ ਅਤੇ ਸੁਣ ਕੇ ਵੀ ਨੌਜਵਾਨਾਂ ਨੂੰ ਨਸ਼ੇ ਦਾ ਅਹਿਸਾਸ ਹੁੰਦਾ ਹੈ। ਕਈ ਤਰ੍ਹਾਂ ਦੀਆਂ ਧੁਨੀਆਂ ਤਹਿਤ ਦਿਮਾਗ ਵੱਲ ਅਜਿਹੀਆਂ ਤਰੰਗਾਂ ਪਹੁੰਚਦੀਆਂ ਹਨ ਕਿ ਨਾਰਕੋਟਿਕ ਨਸ਼ੇ ਵਾਂਗ ਅਸਰ ਕਰਦੀਆਂ ਹਨ। ਇਸ ਦੀ ਲੋੜ ਤੋਂ ਵੱਧ ਵਰਤੋਂ ਨਾਲ ਦਿਮਾਗ ਉੱਤੇ ਮਾੜਾ ਅਸਰ ਪੈਂਦਾ ਹੈ। ਇਸ ਨੂੰ ਇੰਟਰਨੈੱਟ ਓਵਰਡੋਜ਼ਿੰਗ ਕਹਿੰਦੇ ਹਨ। ਮਾਪੇ ਸੋਚਦੇ ਹਨ ਕਿ ਬੱਚਾ ਕੰਪਿਊਟਰ ਉੱਤੇ ਕੰਮ ਕਰ ਰਿਹਾ ਹੈ ਪਰ ਅਸਲ ਵਿਚ ਉਨ੍ਹਾਂ ਦਾ ਬੱਚਾ ਇਨ੍ਹਾਂ ਤਰੰਗਾਂ ਦਾ ਆਦੀ ਹੋ ਕੇ ਦੂਜੀ ਕਿਸਮ ਦੇ ਨਸ਼ਿਆਂ ਵੱਲ ਵਧ ਰਿਹਾ ਹੁੰਦਾ ਹੈ। ਇਨ੍ਹਾਂ ਤਰੰਗਾਂ ਦੇ ਅਸਰ ਨਾਲ ਦਿਮਾਗ ਦੀ ਸੋਚ ਘਟ ਜਾਂਦੀ ਹੈ ਅਤੇ ਗੁੱਸੇ ਉੱਤੇ ਕਾਬੂ ਪਾਉਣਾ ਔਖਾ ਹੋ ਜਾਂਦਾ ਹੈ।

ਏਸੇ ਤਰ੍ਹਾਂ 'ਬਾਥ ਸਾਲਟਸ' ਦੇ ਨਾਂ ਹੇਠ 'ਬਲਿੱਸ' ਤੇ 'ਵਨੀਲਾ ਸਕਾਈ' ਆਦਿ ਨਹਾਉਣ ਵਾਲੇ ਸਾਬਣ ਆਮ ਨੌਜਵਾਨਾਂ, ਖਾਸ ਕਰਕੇ ਸਕੂਲੀ ਬੱਚਿਆਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਮਾਪੇ ਸਮਝਦੇ ਹਨ ਕਿ ਬੱਚਿਆਂ ਨੇ ਆਨਲਾਈਨ ਸ਼ਾਪਿੰਗ ਅਧੀਨ ਸਾਬਣ ਹੀ ਖਰੀਦਿਆ ਹੈ ਪਰ ਕੰਪਿਊਟਰ ਰਾਹੀਂ ਖਰੀਦੀ ਜਾ



ਰਹੀ ਇਸ ਖਰੀਦ ਵਿਚੋਂ ਬੱਚੇ ਇਨ੍ਹਾਂ ਦਾ ਪਾਊਡਰ ਤੇ ਲੇਪ ਸੁੰਘ ਕੇ ਅਜਿਹੇ ਅਹਿਸਾਸ ਵਿਚ ਗੁੰਮ ਜਾਂਦੇ ਹਨ ਜਿਹੜਾ ਉਨ੍ਹਾਂ ਨੂੰ ਖਾਸ ਤਰ੍ਹਾਂ ਦਾ ਆਨੰਦ ਦਿੰਦਾ ਹੈ। ਇਹ ਵਾਲੇ ਸਾਬਣ 'ਐਮਫੈਟਾਮਿਨ' ਵਰਗੇ ਕੈਮੀਕਲ ਪਾ ਕੇ ਤਿਆਰ ਕੀਤੇ ਹੁੰਦੇ ਹਨ ਜਿਨ੍ਹਾਂ ਨੂੰ ਸੁੰਘ ਕੇ ਬੱਚਿਆਂ ਨੂੰ ਅਜਿਹਾ ਨਸ਼ਾ ਹੁੰਦਾ ਹੈ ਜਿਸ ਦੇ ਉਹ ਸਹਿਜੇ ਸਹਿਜੇ ਆਦੀ ਹੋ ਜਾਂਦੇ ਹਨ।

ਏਸੇ ਤਰ੍ਹਾਂ ਯੂਟਿਊਬ ਵਿਚ ਅੱਜ-ਕੱਲ੍ਹ 'ਦਾਲਚੀਨੀ ਚੈਲੇਂਜ' ਵੀ ਕਾਫੀ ਪ੍ਰਚੱਲਤ ਹੈ। ਦੋ ਚਮਚ ਪੀਸੀ ਹੋਈ ਚੀਨੀ ਇਕ ਮਿੰਟ ਵਿਚ ਮੂੰਹ ਅੰਦਰ ਲੰਘਾਉਣ ਦੇ ਯਤਨ ਕੀਤੇ ਜਾਂਦੇ ਹਨ ਤੇ ਇਸਦੇ ਗਲੇ ਵਿਚ ਫਸ ਜਾਣ ਉੱਤੇ ਬੱਚੇ ਨੂੰ ਹਸਪਤਾਲ ਲਿਜਾਣਾ ਪੈ ਜਾਂਦਾ ਹੈ। ਇਹਦੇ ਨਾਲ ਕੇਵਲ ਸਾਹ ਲੈਣ ਵਿਚ ਹੀ ਦਿੱਕਤ ਨਹੀਂ ਆਉਂਦੀ ਗਲੇ ਵਿਚ ਜ਼ਖਮ ਵੀ ਹੋ ਜਾਂਦੇ ਹਨ।

ਦਾਲਚੀਨੀ ਤੇ ਨਹਾਉਣ ਵਾਲੇ ਸਾਬਣ ਦੀ ਵਰਤੋਂ ਵੱਲ ਧੱਕੇ ਜਾਣ ਦਾ ਕੰਮ 'ਡਿਜੀਟਲ ਆਨਲਾਈਨ ਡਰੱਗਜ਼' ਦੁਆਰਾ ਖਰੀਦੀਆਂ 'ਆਡੀਓ ਫਾਈਲਜ਼' ਕਰਦੀਆਂ ਹਨ ਜਿਨ੍ਹਾਂ ਵੱਲ ਅਧਿਆਪਕਾਂ ਤੇ ਮਾਪਿਆਂ, ਖਾਸ ਕਰਕੇ ਮਾਪਿਆਂ, ਨੂੰ ਪੂਰਾ ਧਿਆਨ ਦੇਣ ਦੀ ਲੋੜ ਹੈ। ਥੋੜੀ ਜਿਹੀ ਅਣਗਹਿਲੀ ਦੇ ਬਹੁਤ ਮਾੜੇ ਨਤੀਜੇ ਨਿਕਲ ਸਕਦੇ ਹਨ। ਆਦੀ ਬੱਚੇ ਨੂੰ ਝਿੜਕਣ ਤੇ ਮਾਰਨ ਕੁੱਟਣ ਨਾਲੋਂ ਪਿਆਰ ਨਾਲ ਸਮਝਾਉਣ ਦੀ ਲੋੜ ਹੈ। ਖਾਸ ਕਰਕੇ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਸਕੂਲੀ ਬੱਚਿਆਂ ਨੂੰ। ਇਹ ਕੰਮ ਸਮਾਂ ਮੰਗਦਾ ਹੈ ਤੇ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਹੋਰ ਜ਼ਰੂਰੀ ਕੰਮਾਂ ਵਾਂਗ ਇਸ ਪਾਸੇ ਵੀ ਪੂਰਾ ਧਿਆਨ ਦੇਣ। ਆਉਣ ਵਾਲੇ ਨਵੇਂ ਸਮਾਜ ਲਈ ਰੋਗੀ ਨਸਲ ਵਿਕਸਤ ਕਰਨ ਵਰਗਾ ਗੁਨਾਹ ਹੋਰ ਕੋਈ ਨਹੀਂ।

ਇਹ ਤੱਥ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਗੋਰੀ ਸਰਕਾਰ ਨੇ ਭਾਰਤ ਦੇ ਅੰਡੇਮਾਨ ਦੇ ਵਾਸੀਆਂ ਅਤੇ ਅਮਰੀਕੀ ਸਰਕਾਰ ਨੇ ਉੱਥੋਂ ਦੇ ਓਕਲੋਹਾਮਾ ਆਦਿ ਦੇ ਵਾਸੀਆਂ ਨੂੰ ਨਸ਼ਿਆਂ ਦੀ ਲਤ ਲਾ ਕੇ ਹੀ ਆਪਣੇ ਅਧੀਨ ਕੀਤਾ ਸੀ। ਮੈਂ ਅੰਡੇਮਾਨ ਤੇ ਓਕਲੋਹਾਮਾ ਜਾ ਕੇ ਖੁਦ ਵੇਖ ਚੁੱਕਿਆ ਹਾਂ ਕਿ ਅੱਜ ਲਗਪਗ ਸਾਰੇ ਖਤਮ ਹੋ ਗਏ ਹਨ। ਇਸ ਗੱਲ ਤੋਂ ਵੀ ਸਾਰਾ ਸੰਸਾਰ ਜਾਣੂ ਹੈ ਕਿ ਹੁਣ ਤਕ ਹੋਏ ਦੋ ਸੰਸਾਰ ਯੁੱਧਾਂ ਵਿਚ ਉੱਤਰੀ ਭਾਰਤ ਖਾਸ ਕਰਕੇ ਪੰਜਾਬ ਦੇ ਜਵਾਨਾਂ ਨੇ ਜਿਹੋ ਜਿਹੀਆਂ ਕੁਰਬਾਨੀਆਂ ਦਿੱਤੀਆਂ ਸਨ ਉਸਨੂੰ ਨੇਪਾਲ ਦੇ ਗੋਰਖੇ ਵੀ ਮਾਤ ਨਹੀਂ ਪਾ ਸਕੇ। ਪੰਜਾਬੀਆਂ ਨੂੰ ਨਸ਼ੇੜੀ ਬਣਾ ਕੇ ਪੰਜਾਬ ਦੀ ਹੋਂਦ ਨੂੰ ਖਤਮ ਕਰਨ ਦੀ ਸਾਜ਼ਿਸ਼ ਬਹੁਤ ਵੱਡੀ ਹੈ, ਜਿਸ ਤੋਂ ਪੰਜਾਬ ਦੇ ਮਾਪਿਆਂ ਤੇ ਅਧਿਆਪਕਾਂ ਸਮੇਤ ਏਥੋਂ ਦੀ ਸਰਕਾਰ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ। ਮਸਲਾ ਵੱਡਾ ਹੈ ਤੇ ਵੱਡਾ ਯਤਨ ਮੰਗਦਾ ਹੈ।

**ਅੰਤਿਕਾ**


ਮਿਰਜ਼ਾ ਗ਼ਾਲਿਬ

ਹਾਂ ਵੁਹ ਨਹੀਂ ਖ਼ੁਦਾ ਪ੍ਰਸਤ!
ਜਾਓ, ਵੁਹ ਬੇਵਫ਼ਾ ਸਹੀ,
ਜਿਸ ਕੋ ਹੋ ਦੀਨ-ਓ-ਦਿਲ ਅਜ਼ੀਜ਼
ਉਸਕੀ ਗਲੀ ਮੇਂ ਜਾਏ ਕਿਉਂ?
ਕੈਦ-ਏ-ਹਯਾਤ ਓ ਬੰਦ-ਏ-ਗ਼ਮ
ਅਸਲ ਮੇਂ ਦੋਨੋਂ ਏਕ ਹੈਂ,
ਮੌਤ ਸੇ ਪਹਿਲੇ ਆਦਮੀ
ਗ਼ਮ ਸੇ ਨਿਜਾਤ ਪਾਏ ਕਿਉਂ?

# ਪ੍ਰੀਤੋ ਦੀ ਫੁਲਕਾਰੀ

**ਪ੍ਰੋ. ਹਰਜੀਤ ਸਿੰਘ ਗਿੱਲ ਭਾਸ਼ਾ ਵਿਗਿਆਨ ਅਤੇ ਸੈਮੀਓਟਿਕਸ (ਸੰਕੇਤ ਪ੍ਰਣਾਲੀਆਂ ਦਾ ਅਧਿਐਨ) ਦੇ ਖੇਤਰ ਵਿਚ ਜਾਣਿਆ-ਪਛਾਣਿਆ ਨਾਂ ਹੈ। ਉਨ੍ਹਾਂ ਨੇ ਭਾਰਤ ਅਤੇ ਫਰਾਂਸ ਦੀਆਂ ਵਿਦਿਅਕ ਸੰਸਥਾਵਾਂ ਵਿਚ ਅਧਿਆਪਨ ਕਾਰਜ ਕਰਨ ਦੇ ਨਾਲ ਨਾਲ ਦਰਜਨ ਦੇ ਲਗਭਗ ਕਿਤਾਬਾਂ ਵੀ ਲਿਖੀਆਂ ਹਨ। ਹਾਲ ਹੀ ਵਿਚ ਆਕਾਰ ਬੁੱਕਸ (ਦਿੱਲੀ) ਨੇ ਉਨ੍ਹਾਂ ਦੀ ਅੰਗਰੇਜ਼ੀ ਕਿਤਾਬ 'ਪ੍ਰੀਤੋ'ਜ਼ ਫੁਲਕਾਰੀ' (ਪ੍ਰੀਤੋ ਦੀ ਫੁਲਕਾਰੀ) ਛਾਪੀ ਹੈ। ਇਹ ਕਿਤਾਬ ਡਾ. ਗਿੱਲ ਦੀਆਂ ਤਿੰਨ ਅੰਗਰੇਜ਼ੀ ਕਿਤਾਬਾਂ- 'ਏ ਫੁਲਕਾਰੀ ਫਰਾਮ ਬਠਿੰਡਾ', 'ਹੀਰ ਰਾਂਝਾ ਐਂਡ ਦਿ ਅਦਰ ਲੇਜ਼ੈਂਡਜ਼ ਆਫ ਪੰਜਾਬ' ਅਤੇ 'ਸੂਫੀ ਰਿਦਮਜ਼ ਇੰਟਰਪਰੈਟਿਡ ਇਨ ਫ੍ਰੀ ਵਰਸ' ਦਾ ਸਾਂਝਾ ਐਡੀਸ਼ਨ ਹੈ। ਇਨ੍ਹਾਂ ਤਿੰਨ ਕਿਤਾਬਾਂ ਤੋਂ ਇਲਾਵਾ ਹੱਥਲੀ ਕਿਤਾਬ ਵਿਚ ਲੇਖਕ ਦੀ ਇੱਕ ਹੋਰ ਪੁਸਤਕ 'ਦਿ ਫੋਕ ਆਰਟ ਆਫ ਦਿ ਪੰਜਾਬ' ਵਿਚਲੇ ਕੁਝ ਚਿੱਤਰ ਵੀ ਸ਼ਾਮਿਲ ਹਨ।**

## ਕਲਾ ਪਰਿਕਰਮਾ




**ਸੁਭਾਸ਼ ਪਰਿਹਾਰ**
**ਫੋਨ: +91-98728-22417**


ਤੁਸੀਂ ਜਾਣਦੇ ਹੀ ਹੋ ਕਿ ਫੁਲਕਾਰੀ ਲੋਕ-ਕਲਾ ਕਢਾਈ ਦੀ ਵੰਨਗੀ ਹੈ ਜਿਸ ਵਿਚ ਆਮ ਤੌਰ 'ਤੇ ਖੱਦਰ ਦੇ ਕੱਪੜੇ 'ਤੇ ਨਰਮ ਰੇਸ਼ਮੀ ਧਾਗੇ (ਪਟ) ਨਾਲ ਕਢਾਈ ਕੀਤੀ ਜਾਂਦੀ ਹੈ। ਪੰਜਾਬ ਵਿਚ ਨਿਯੁਕਤ ਭਾਰਤੀ ਸਿਵਲ ਸੇਵਾਵਾਂ ਦੇ ਅਧਿਕਾਰੀ ਹੈਨਰੀ ਵਿਲੀਅਮ ਸਟੀਲ ਦੀ ਪਤਨੀ ਲੇਡੀ ਫਲੋਰਾ ਐਨੀ ਸਟੀਲ (1847-1929) ਸ਼ਾਇਦ ਪਹਿਲੀ ਲੇਖਕਾ ਸੀ ਜਿਸ ਨੇ ਫੁਲਕਾਰੀ ਦਾ ਕਲਾਤਮਕ ਮੁੱਲ ਪਛਾਣਿਆ। ਉਸ ਨੇ ਦੇਖਿਆ ਕਿ ਇਸ ਤਰ੍ਹਾਂ ਦੀ ਕਢਾਈ ਦਾ ਕੰਮ ਉੱਤਰੀ ਪੱਛਮੀ ਸਰਹੱਦੀ ਸੂਬੇ (ਹੁਣ ਪਾਕਿਸਤਾਨ ਵਿਚ) ਤੋਂ ਲੈ ਕੇ ਮੌਜੂਦਾ ਭਾਰਤ ਦੇ ਪੰਜਾਬ ਅਤੇ ਹਰਿਆਣਾ ਤੱਕ ਦੇ ਵਿਸ਼ਾਲ ਖੇਤਰ ਵਿਚ ਕੀਤਾ ਜਾਂਦਾ ਸੀ। ਉਸ ਨੇ 28 ਰੰਗਦਾਰ ਤਸਵੀਰਾਂ ਨਾਲ ਸਜਿਆ ਇਸ ਵਿਸ਼ੇ 'ਤੇ ਆਪਣਾ ਪਹਿਲਾ ਲੇਖ 'ਜਰਨਲ ਆਫ ਇੰਡੀਅਨ ਆਰਟ' (ਲੰਡਨ) ਦੇ ਅਕਤੂਬਰ 1888 ਅੰਕ ਵਿਚ ਪ੍ਰਕਾਸ਼ਿਤ ਕੀਤਾ। ਇਸ ਤੋਂ ਬਾਅਦ ਕੁਝ ਹੋਰ ਲੇਖਕ ਇਸ ਵਿਸ਼ੇ 'ਤੇ ਲਿਖਦੇ ਰਹੇ ਪਰ ਉਨ੍ਹਾਂ ਦੀਆਂ ਲਿਖਤਾਂ ਪੱਤਰਕਾਰੀ ਦੇ ਪੱਧਰ ਤੋਂ ਉੱਪਰ ਨਹੀਂ ਉੱਠੀਆਂ।

1977 ਵਿਚ ਡਾ. ਹਰਜੀਤ ਸਿੰਘ ਗਿੱਲ ਦੀ ਕਿਤਾਬ 'ਏ ਫੁਲਕਾਰੀ ਫਰਾਮ ਬਠਿੰਡਾ' ਛਪੀ ਜੋ ਹਥਲੀ ਕਿਤਾਬ 'ਪ੍ਰੀਤੋ'ਜ਼ ਫੁਲਕਾਰੀ' ਦਾ ਪਹਿਲਾ ਭਾਗ ਹੈ। ਉਨ੍ਹਾਂ ਨੇ ਇਸ ਕਲਾ ਦਾ ਵੱਖਰੇ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ। ਕਿਤਾਬ ਦੇ ਪਹਿਲੇ ਹਿੱਸੇ ਵਿਚ ਸਿੱਖ ਕੁੜੀ ਅਤੇ ਉਸ ਦੇ ਪਰਿਵਾਰ ਦਾ ਕਾਲਪਨਿਕ ਬਿਰਤਾਂਤ ਹੈ ਜਿਸ ਵਿਚ ਉਸ ਦੀ ਜ਼ਿੰਦਗੀ ਦੇ ਖਾਸ ਮੌਕਿਆਂ ਦਾ ਜ਼ਿਕਰ ਕੀਤਾ ਜਦੋਂ ਫੁਲਕਾਰੀ ਦੀ ਵਰਤੋਂ ਕੀਤੀ ਜਾਂਦੀ ਸੀ/ਹੈ ਪਰ ਇਹ ਬਿਰਤਾਂਤ ਅਜਿਹਾ ਪ੍ਰਭਾਵ ਪੈਦਾ ਕਰਦਾ ਹੈ ਜਿਵੇਂ ਫੁਲਕਾਰੀ ਸਿਰਫ ਸਿੱਖ ਪਰਿਵਾਰਾਂ ਵਿਚ ਹੀ ਵਰਤੀ ਜਾਂਦੀ ਸੀ। ਅਸਲ ਵਿਚ ਇਹ ਕਲਾ ਧਾਰਮਿਕ ਅਤੇ ਭੂਗੋਲਿਕ ਸੀਮਾਵਾਂ ਤੋਂ ਮੁਕਤ ਸੀ। ਫਲੋਰਾ ਐਨੀ ਸਟੀਲ ਨੇ 1888 ਵਿਚ ਲਿਖਿਆ ਕਿ ਭਾਵੇਂ ਫੁਲਕਾਰੀ ਦੀ ਕਲਾ ਘਟ ਰਹੀ ਹੈ, ਫਿਰ ਵੀ ਇਹ ਰੋਹਤਕ, ਹਿਸਾਰ, ਗੁੜਗਾਓਂ, ਦਿੱਲੀ ਅਤੇ ਕੁਝ ਹੱਦ ਤੱਕ ਕਰਨਾਲ ਦੇ ਕਿਸਾਨਾਂ ਵਿਚ ਆਪਣੇ ਬਿਹਤਰੀਨ ਰੂਪ ਵਿਚ ਜਿਉਂਦੀ ਹੈ। ਉਸ ਨੇ ਅੱਗੇ ਲਿਖਿਆ ਕਿ ਇਹ ਕਲਾ ਰੋਹਤਕ ਵਿਚ ਹਿੰਦੂ ਜਾਟ ਪਰਿਵਾਰਾਂ ਵਿਚ ਸਭ ਤੋਂ ਵੱਧ ਪ੍ਰਫੁੱਲਤ ਹੋਈ। 1907 ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਡੇਨਜ਼ਿਲ ਇਬਟਸਨ (1847-1908) ਨੇ ਵੀ ਆਪਣੀ ਰਿਪੋਰਟ ਵਿਚ ਦਰਜ ਕੀਤਾ ਹੈ ਕਿ ਜਿਸ ਇਲਾਕੇ ਵਿਚ ਉਸ ਨੂੰ ਫੁਲਕਾਰੀ ਦਾ ਸਭ ਤੋਂ ਵਧੀਆ ਕੰਮ ਮਿਲਿਆ, ਉਹ ਹਿੰਦੂ ਜਾਟਾਂ ਦੀ ਵੱਸੋਂ ਵਾਲਾ ਇਲਾਕਾ ਸੀ। ਪ੍ਰਕਾਸ਼ ਟੰਡਨ ਨੇ ਆਪਣੀ ਸਵੈ-ਜੀਵਨੀ 'ਪੰਜਾਬੀ ਸੈਂਚੁਰੀ: 1857-1947' (ਪਹਿਲੀ ਪ੍ਰਕਾਸ਼ਨਾ 1961) ਵਿਚ ਖੱਤਰੀ ਅਤੇ ਅਰੋੜਾ ਜਾਤੀਆਂ ਦੀਆਂ ਔਰਤਾਂ ਦੇ ਫੁਲਕਾਰੀਆਂ ਪਹਿਨਣ ਅਤੇ ਤੋਹਫੇ ਵਜੋਂ ਵਰਤੇ ਜਾਣ ਦਾ ਜ਼ਿਕਰ ਕੀਤਾ ਹੈ।

ਕੁਝ ਲੇਖਕਾਂ ਨੇ ਲਿਖਿਆ ਹੈ ਕਿ 1832 ਵਿਚ ਈਸਟ ਇੰਡੀਆ ਕੰਪਨੀ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਫੁਲਕਾਰੀਆਂ ਨਿਰਯਾਤ ਕਰਨ ਲਈ ਸਮਝੌਤਾ ਹੋਇਆ ਸੀ ਪਰ ਪੁੱਛਣ 'ਤੇ ਉਹ ਇਸ ਜਾਣਕਾਰੀ ਲਈ ਕਿਸੇ ਠੋਸ ਸਬੂਤ ਬਾਰੇ ਨਹੀਂ ਦੱਸ ਸਕੇ। ਖੈਰ, ਕਲਾ ਦੀਆਂ ਕੌਮਾਂਤਰੀ ਨੁਮਾਇਸ਼ਾਂ ਵਿਚ ਪੇਸ਼ ਕਰਨ ਨਾਲ ਫੁਲਕਾਰੀ ਹੌਲੀ-ਹੌਲੀ ਵਿਦੇਸ਼ਾਂ ਨਾਲ ਟੈਕਸਟਾਈਲ ਵਪਾਰ ਦਾ ਹਿੱਸਾ ਬਣ ਗਈ। ਜਿੱਥੇ ਇਸ ਤੋਂ ਪਹਿਲਾਂ ਫੁਲਕਾਰੀ ਨਿੱਜੀ ਵਰਤੋਂ ਲਈ ਕੱਢੀ ਜਾਂਦੀ ਸੀ, ਹੁਣ ਤੇਜ਼ੀ ਨਾਲ ਵਧ ਰਹੇ ਨਿਰਯਾਤ ਦੀ ਮੰਗ ਨੂੰ ਪੂਰਾ ਕਰਨ ਲਈ ਸ਼ਹਿਰੀ ਔਰਤਾਂ ਨੇ ਵੀ ਫੁਲਕਾਰੀਆਂ ਬਾਜ਼ਾਰ ਲਈ ਬਣਾਉਣਾ ਸ਼ੁਰੂ ਕਰ ਦਿੱਤਾ। 1894 ਦੇ ਲਾਹੌਰ ਡਿਸਟ੍ਰਿਕਟ ਗਜ਼ਟੀਅਰ ਵਿਚ ਦਰਜ ਹੈ ਕਿ ਔਰਤਾਂ ਨੂੰ ਫੁਲਕਾਰੀ ਦੀ ਕਢਾਈ ਨਾਲ ਕਤਾਈ ਨਾਲੋਂ ਚਾਰ ਗੁਣਾ ਪੈਸਾ ਮਿਲਣ ਲੱਗਾ।




*'ਪ੍ਰੀਤੋ'ਜ਼ ਫੁਲਕਾਰੀ' ਦਾ ਮੁਖੜਾ।*




*ਪ੍ਰੋ. ਹਰਜੀਤ ਸਿੰਘ ਗਿੱਲ ਬਾਰੇ ਕਿਤਾਬ।*

ਹਥਲੀ ਕਿਤਾਬ ਦੇ ਅਗਲੇ ਪੰਨਿਆਂ ਵਿਚ ਡਾ. ਗਿੱਲ ਨੇ ਕਢਾਈ ਵਾਲੇ ਚਿੰਨ੍ਹਾਂ ਅਤੇ ਨਮੂਨਿਆਂ ਦੀ ਪ੍ਰਤੀਕਾਤਮਕ ਮਹੱਤਤਾ ਦਾ ਵਿਸ਼ਲੇਸ਼ਣ ਕੀਤਾ ਹੈ ਪਰ ਮੈਨੂੰ ਲੱਗਦਾ ਹੈ ਕਿ ਚਿੰਨ੍ਹਾਂ ਨੂੰ ਸਮਝਣਾ ਅਤੇ ਇਨ੍ਹਾਂ ਦੀ ਵਿਆਖਿਆ ਕਰਨਾ ਉਲਝੇਵੇਂ ਵਾਲਾ ਮਾਮਲਾ ਹੈ। ਪਹਿਲੀ ਗੱਲ ਤਾਂ ਇਹ ਕਿ ਪ੍ਰਬਲ ਸੰਭਾਵਨਾ ਹੈ, ਅਜਿਹੀ ਵਿਆਖਿਆ ਫੁਲਕਾਰੀ ਕੱਢਣ ਵਾਲੇ ਦੀ ਬਜਾਇ ਇਸ ਬਾਰੇ ਦੱਸਣ ਵਾਲੇ ਦੀ ਸੋਚ ਨੂੰ ਦਰਸਾਉਂਦੀ ਹੋਵੇ। ਵਰਗ ਅਤੇ ਤਿਕੋਣ ਵਰਗੇ ਸਾਧਾਰਨ ਚਿੰਨ੍ਹ, ਡਾ. ਗਿੱਲ ਲਈ ਸੰਕਲਪਿਕ ਮਹੱਤਵ ਰੱਖਦੇ ਹਨ ਪਰ ਬ੍ਰਿਟਿਸ਼ ਪ੍ਰੋਫੈਸਰ ਐਮਾ ਟਾਰਲੋ ਨੇ ਆਪਣੇ ਅਧਿਐਨ 'ਕਲੋਦਿੰਗ ਮੈਟਰਜ਼: ਡਰੈਸ ਐਂਡ ਆਇਡੈਂਟਿਟੀ ਇਨ ਇੰਡੀਆ' (1996) ਵਿਚ ਇਹ ਸਪਸ਼ਟ ਕੀਤਾ ਹੈ ਕਿ ਕਢਾਈ ਦੇ ਨਮੂਨਿਆਂ ਦੀ ਵਿਆਖਿਆ 'ਲੋਕ-ਕਲਾ ਦੇ ਪ੍ਰੇਮੀਆਂ' ਅਤੇ ਕਢਾਈ ਕਰਨ ਵਾਲੀਆਂ ਔਰਤਾਂ ਲਈ ਬਿਲਕੁਲ ਵੱਖ-ਵੱਖ ਹਨ। ਦੂਜੀ ਗੱਲ ਇਹ ਕਿ ਜਦ ਅਜਿਹਾ ਕੰਮ ਬਾਜ਼ਾਰ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤਾ ਜਾਵੇ ਤਾਂ ਕੰਮ ਸਿਰਫ ਜਿਸਮਾਨੀ ਮਿਹਨਤ ਤੱਕ ਸੀਮਿਤ ਹੋ ਜਾਂਦਾ ਹੈ। ਹਾਲਤ ਇਹ ਵੀ ਹੋ ਗਈ ਸੀ ਕਿ ਕਈ ਵਾਰ ਕੱਢੇ ਜਾਣ ਵਾਲੇ ਨਮੂਨੇ ਅਤੇ ਰੰਗਾਂ ਦੀ ਚੋਣ ਵੀ ਪੱਛਮੀ ਬਾਜ਼ਾਰ ਅਨੁਸਾਰ ਹੀ ਹੁੰਦੀ ਸੀ। ਹਾਂ, ਸੈਂਚੀ ਫੁਲਕਾਰੀਆਂ ਦੇ ਮੋਟਿਫਾਂ ਨੂੰ ਕੁਝ ਹੱਦ ਤੱਕ ਸਮਝਿਆ ਜਾ ਸਕਦਾ ਹੈ ਕਿਉਂਕਿ ਇਹ ਔਰਤਾਂ ਵੱਲੋਂ ਆਪ ਚੁਣੇ ਗਏ ਸਨ। ਇਨ੍ਹਾਂ ਮੋਟਿਫਾਂ ਦੀ ਗਿਣਤੀ ਵੀ ਬਹੁਤ ਸੀਮਿਤ ਸੀ, ਜਿਵੇਂ ਇਨ੍ਹਾਂ ਵਿਚ ਜ਼ਿਆਦਾਤਰ ਚਿੜੀਆ ਘਰ, ਗਹਿਣੇ ਜਾਂ ਪ੍ਰੇਮ ਕਹਾਣੀਆਂ ਦੇ ਪਾਤਰਾਂ, ਜਾਂ ਹਿੰਦੂ ਦੇਵੀ ਦੇਵਤਿਆਂ ਦੇ ਚਿੱਤਰ ਸ਼ਾਮਿਲ ਸਨ। ਉੱਤਰੀ ਭਾਰਤ ਵਿਚ ਰੇਲਗੱਡੀ ਆਉਣ ਮਗਰੋਂ ਇਹ ਵੀ ਫੁਲਕਾਰੀ ਵਿਚ ਸ਼ਾਮਿਲ ਹੋ ਗਈ।

ਵਰਤਮਾਨ ਫੁਲਕਾਰੀ ਪ੍ਰੇਮੀ ਇਸ ਕਲਾ ਪ੍ਰਤੀ ਰੁਮਾਂਟਿਕ ਦ੍ਰਿਸ਼ਟੀਕੋਣ ਰੱਖਦੇ ਹਨ ਅਤੇ 'ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ' ਦਾ ਸੋਗ ਮਨਾਉਂਦੇ ਹਨ ਪਰ ਸ਼ਾਇਦ ਇਹ ਸੋਚ, ਉਦਰੇਵਾਂ ਹੀ ਹੈ ਕਿਉਂਕਿ ਪੁਰਾਤਨ ਪੰਜਾਬੀ ਲੋਕ ਬੋਲੀ ਇਹ ਵੀ ਹੈ: ਮੈਂ ਫੂਕਾਂ ਫੁਲਕਾਰੀ ਨੂੰ, ਲੋਕੀਂ ਪਹਿਨਦੇ ਵਲੈਤੀ ਟੋਟੇ। ਲੱਗਦਾ ਹੈ ਕਿ ਪਿੰਡਾਂ ਦੀਆਂ ਕੁਝ ਔਰਤਾਂ ਖੱਦਰ ਦੀ ਫੁਲਕਾਰੀ ਨੂੰ ਬਹੁਤਾ ਪਸੰਦ ਨਹੀਂ ਸੀ ਕਰਦੀਆਂ ਸਗੋਂ ਇੰਪੋਰਟਿਡ ਕੱਪੜੇ ਦੀ ਤਮੰਨਾ ਰੱਖਦੀਆਂ ਸਨ।

ਪੁਸਤਕ ਦੇ ਦੂਜੇ ਵੱਡੇ ਭਾਗ ਦਾ ਸਿਰਲੇਖ 'ਕਲਚਰਲ ਹੈਰੀਟੇਜ ਆਫ ਪ੍ਰੀਤੋ' ਹੈ। ਇਸ ਭਾਗ ਦੇ ਪਹਿਲੇ ਹਿੱਸੇ ਵਿਚ ਲੇਖਕ ਨੇ ਚਾਰ ਪ੍ਰਸਿੱਧ ਪ੍ਰੇਮੀ ਜੋੜਿਆਂ- ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾ ਦੀਆਂ ਕਹਾਣੀਆਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ। ਹਰ ਕਹਾਣੀ ਦੇ ਪੁਨਰਕਥਨ ਲਈ ਉਸ ਬਾਰੇ ਸਭ ਤੋਂ ਪ੍ਰਸਿੱਧ ਕਿੱਸੇ ਨੂੰ ਆਧਾਰ ਬਣਾਇਆ ਹੈ- ਜਿਵੇਂ ਹੀਰ-ਰਾਂਝਾ ਲਈ ਵਾਰਿਸ (1766) ਦੀ ਲਿਖਤ, ਸੱਸੀ-ਪੁੰਨੂ ਲਈ ਹਾਸ਼ਮ ਸ਼ਾਹ (1735-1843) ਦਾ ਕਿੱਸਾ, ਸੋਹਣੀ ਮਹੀਂਵਾਲ ਲਈ ਫਜ਼ਲ ਸ਼ਾਹ (1827-90) ਦੀ ਲਿਖਤ ਅਤੇ ਮਿਰਜ਼ਾ-ਸਾਹਿਬਾਂ ਲਈ ਸ਼ਾਇਦ ਪੀਲੂ (ਸੋਲ੍ਹਵੀਂ ਸਦੀ) ਦੀ ਲਿਖਤ। ਇਸ ਭਾਗ ਵਿਚ ਦੋ ਹੋਰ ਲੇਖ ਵੀ ਹਨ- 'ਦਿ ਕਾਸਮੋਲਾਜੀ ਆਫ ਹੀਰ' ਅਤੇ 'ਪੂਰਨ ਭਗਤ: ਦਿ ਹਿਊਮਨ ਕੰਡੀਸ਼ਨ ਇਨ ਪੂਰਨ ਭਗਤ'। ਇਹ ਸਾਰੀਆਂ ਕਹਾਣੀਆਂ ਪੰਜਾਬ ਦੀ ਸਮੂਹਿਕ ਚੇਤਨਾ ਦਾ ਹਿੱਸਾ ਹਨ ਅਤੇ ਇਨ੍ਹਾਂ ਦਾ ਚਿਤਰਨ ਅਕਸਰ ਉੱਤਰ-ਪੱਛਮੀ ਭਾਰਤ ਦੀਆਂ ਅਨੇਕਾਂ ਲੋਕ ਕਲਾਵਾਂ ਵਿਚ ਕੀਤਾ ਜਾਂਦਾ ਹੈ।

ਕਿਤਾਬ ਦੇ ਦੂਜੇ ਹਿੱਸੇ ਦੇ ਦੂਜੇ ਭਾਗ ਦਾ ਸਿਰਲੇਖ 'ਸੂਫੀ ਰਿਦਮਜ਼' ਹੈ ਜਿਸ ਵਿਚ ਨਾਮਵਰ ਸੂਫੀ ਸੰਤਾਂ ਦੀਆਂ ਚੋਣਵੀਆਂ ਲਿਖਤਾਂ ਦਾ ਅੰਗਰੇਜ਼ੀ ਅਨੁਵਾਦ ਹੈ। ਚੁਣੇ ਹੋਏ ਸੂਫੀਆਂ ਵਿਚ ਪਾਕਪਟਨ ਦੇ ਬਾਬਾ ਫਰੀਦ (1173-1268), ਲਾਹੌਰ ਦੇ ਸ਼ਾਹ ਹੁਸੈਨ (1538-1599), ਝੰਗ ਦੇ ਸੁਲਤਾਨ ਬਾਹੂ (1631-1691), ਕਸੂਰ ਦੇ ਬੁੱਲ੍ਹੇ ਸ਼ਾਹ (1680-1758), ਅਤੇ ਪੈਰਿਸ ਵਿਚ ਡਾ. ਗਿੱਲ ਦੇ ਦੋਸਤ ਲਾਇਕ ਬਾਬਰੀ (1931-2003) ਸ਼ਾਮਲ ਹਨ। ਡਾ. ਗਿੱਲ ਦਾ ਕੀਤਾ ਕਾਫੀਆਂ ਦਾ ਅਨੁਵਾਦ ਪ੍ਰਭਾਵਸ਼ਾਲੀ ਹੈ।

---

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਜੁਲਾਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-544



**ਕਿਸਮਤ ਸਾਡੀ ਕੱਚੀ ਮਿੱਟੀ, ਪਾਣੀ ਪਾ ਪਾ ਗੁੰਨ੍ਹੀ,**
**ਵਿਚ ਆਵੇ ਧਰ ਕੀਤੀ ਪੱਕੀ, ਲਾਲ ਲਾਟ 'ਚ ਤੁੰਨ੍ਹੀ।**
**ਸਿਖਰ ਦੁਪਹਿਰੇ ਰੜੇ ਬੈਠ ਕੇ, ਵੇਚਣ ਨੂੰ ਲੈ ਆਈ,**
**ਟਾਵਾਂ ਟਾਵਾਂ ਗਾਹਕ ਟਪਕਦੈ, ਤ੍ਰੇਹ ਨੇ ਖੂਬ ਸਤਾਈ।**

### ਕੈਪਸ਼ਨ ਮੁਕਾਬਲਾ-542



ਕਾਲ਼ੀ ਬੱਕਰੀ ਕਾਲ਼ੇ ਛੇਲੇ,
ਮਾਂ ਚੁਗੇ ਪੁੱਤ ਗੋਦੀ ਖੇਲ੍ਹੇ
ਹਰੇ ਹਰੇ ਕਿੱਕਰ ਕੰਡਿਆਲੇ,
ਤਿੱਖੀਆਂ ਨੋਕਾਂ ਸੂਲਾਂ ਵਾਲ਼ੇ
ਤਿੰਨੋਂ ਲੱਗਦੇ ਮੈਨੂੰ ਭੁੱਖੇ,
ਤਾਂਹੀ ਚਿੰਬੜੇ ਉੱਚੇ ਰੁੱਖੇ।
***-ਸੇਵਾ ਸਿੰਘ "ਨੂਰਪੁਰੀ"***

---

ਭੁੱਖ ਤੇਹ ਦੀ ਪ੍ਰਵਾਹ ਨਾ ਕਰਦੀ,
ਬੱਚਿਆਂ ਦੀ ਭੁੱਖ ਮਾਂ ਨਾ ਜਰਦੀ।
ਇਸ ਦੀ ਛਾਂ ਹੈ ਬੋਹੜ ਤੋਂ ਠੰਢੀ,
ਮਾਂ ਦੇ ਨਿੱਘ ਦੀ ਹਰ ਥਾਂ ਝੰਡੀ।
ਕਰਜ ਇਸ ਦੇ ਨਾ ਜਾਣ ਚੁਕਾਏ,
ਮਾਂ ਹੁੰਦਿਆਂ ਰੱਬ ਯਾਦ ਨਾ ਆਏ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਲਾ ਕੇ ਫੌਂਡੇ ਟਹਿਣੀਆਂ ਤਾਈਂ
ਲੁੰਗ ਦਾ ਭੋਰਾ ਚਰ ਲੈਨੀ ਆਂ।
ਤੁਸੀਂ ਵੀ ਆਪਣਾ ਕੰਮ ਨਿਬੇੜੋ
ਮੈਂ ਆਪਣਾ ਕੰਮ ਕਰ ਲੈਨੀ ਆਂ।
ਆਖਰ ਮਾਂ ਹਾਂ ਮੈਂ ਤੁਹਾਡੀ
ਧੱਕਾ ਵੀ ਮੈਂ ਜਰ ਲੈਨੀ ਆਂ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963177***

---

ਮਾਂ ਦੀ ਮਮਤਾ ਪਿਘਲ ਜਾਂਦੀ,
ਕੀ ਜਾਨਵਰ, ਕੀ ਬੱਕਰੀ, ਕੀ ਨਾਰੀ।
ਬੱਚਿਆਂ ਦੀ ਸੇਵਾ ਲਈ ਤਤਪਰ,
ਉਸ ਦੀ ਸ਼ੈਲੀ ਹੈ ਨਿਆਰੀ।
ਆਪ ਭਾਵੇਂ ਭੁੱਖੀ ਰਹੇ,
ਪਰ ਬੱਚਿਆਂ ਨੂੰ ਖੂਬ ਰਜਾਵੇ।
ਬਾਅਦ 'ਚ ਉਸ ਦੀ ਕੁਰਬਾਨੀ ਦਾ
ਮੁੱਲ ਪਵੇ ਨਾ ਪਵੇ,
ਫਿਰ ਵੀ ਉਨ੍ਹਾਂ ਤੋਂ ਵਾਰੇ ਵਾਰੇ ਜਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਗਰਮੀ ਹੋਵੇ ਮਹੀਨੇ ਜੇਠ ਦੀ
ਫਿਰ ਰੁੱਖਾਂ ਦੀ ਛਾਂ ਯਾਦ ਆਉਂਦੀ ਐ
ਮਾਣਿਆ ਹੋਵੇ ਆਨੰਦ ਜਿਸ ਸੱਥ ਹੇਠਾਂ
ਉਹ ਬੋਹੜ ਦੀ ਠੰਢੀ ਛਾਂ
ਯਾਦ ਆਉਂਦੀ ਐ।
ਆਪ ਥੋੜ੍ਹਾ ਖਾ ਕੇ ਸਭ ਨੂੰ ਰਜਾਵੇ ਜੋ
ਰੱਬ ਵਰਗੀ ਉਹ ਮਾਂ ਯਾਦ ਆਉਂਦੀ ਐ।
***-ਨਵਨੀਤ ਸਿੰਘ ਭੁੰਬਲੀ***
***ਫੋਨ: 96468-65500***

---

ਹਰ ਜਿਊਂਦੀ ਸ਼ੈਅ,
ਇਨਸਾਨ ਜਾਂ ਪਸ਼ੂ ਵੰਸ਼
ਮਾਂ ਮਮਤਾ ਅਕਸਰ ਨਜ਼ਰ ਆਉਂਦੀ
ਦੇਖੋ ਟਟੀਹਰੀ, ਮੁਰਗੀ ਕਿਵੇਂ ਚੂਚਿਆਂ ਨੂੰ
ਇੱਲਾਂ ਦੀ ਝਪਟ ਤੋਂ ਬਚਾਉਂਦੀ
ਬੱਕਰੀ ਤਾਣ ਪੂਰਾ ਸਰੀਰ
ਪਹੁੰਚ ਤੁੱਕਿਆਂ ਨੂੰ
ਉਧਰ ਛਲਾਰੂ ਚੁੰਘ ਗਏ ਮਾਂ ਨੂੰ
ਨਹੀਂ ਝੰਜੋੜ ਕੇ ਸਿੱਟੂ ਕਦੇ
ਆਪਣੇ ਜਿਗਰ ਦੇ ਟੋਟਿਆਂ ਨੂੰ
ਮਾਂ ਕਰਕੇ ਹੀ ਵੰਸ਼ ਤੁਰਿਆ ਜਾ ਰਿਹਾ
ਆਪਣੀ ਭੁੱਖ ਮਾਰ
ਬੱਚਿਆਂ ਦੇ ਮੂੰਹ ਪਾ ਰਿਹਾ ਜੋ।
***-ਦਰਸ਼ਨ ਪਾਲ ਦੋਸਾਂਝ***

---

ਮੇਰਾ ਰੱਬ ਤੂੰ ਹੈਂ ਮਾਂ
ਮੇਰਾ ਸਭ ਤੂੰ ਹੈਂ ਮਾਂ
ਚਾਵਾਂ ਨਾਲ ਦੁੱਧ ਪਿਲਾਵੇਂ
ਮੈਨੂੰ ਭੁੱਖੇ ਨੂੰ ਤੂੰ ਰਜਾਵੇਂ
ਰੋਂਦੇ ਨੂੰ ਹਿੱਕ ਨਾਲ ਲਾ ਕੇ
ਲਾਡਾਂ ਨਾਲ ਚੁੱਪ ਕਰਾਵੇਂ
ਮੈਨੂੰ ਖੁਸ਼ ਵੇਖਣ ਦੇ ਲਈ
ਮੇਰੀ ਹਰ ਖੁਆਹਿਸ਼ ਪੁਗਾਵੇਂ
ਬੁਰੀ ਨਜ਼ਰ ਨਾ ਲੱਗਜੇ ਕਿੱਧਰੇ
ਮੇਰੇ ਕਾਲਾ ਟਿੱਕਾ ਲਾਵੇਂ
ਖੁਦ ਧੁੱਪ ਵਿਚ ਸੜ ਕੇ ਤੂੰ
ਮੈਨੂੰ ਦਿੰਦੀ ਠੰਢੀ ਛਾਂ
ਮੇਰਾ ਰੱਬ ਤੂੰ ਹੈਂ ਮਾਂ
ਮੇਰਾ ਸਭ ਤੂੰ ਹੈਂ ਮਾਂ
***-ਨਵਜੋਧ ਸਿੰਘ ਬਾਜਵਾ***
***ਫੋਨ: 224-447-8307***

# ਭਗਤ ਪਰਮਾਨੰਦ ਜੀ



ਡਾ. ਗੁਰਨਾਮ ਕੌਰ, ਕੈਨੇਡਾ

ਭਗਤ ਪਰਮਾਨੰਦ ਜੀ ਮਹਾਰਾਸ਼ਟਰ ਦੇ ਸੰਤ-ਕਵੀ ਸਨ, ਜਿਨ੍ਹਾਂ ਦਾ ਇੱਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਨ੍ਹਾਂ ਦਾ ਜਨਮ ਅੰਦਾਜ਼ਨ ਪੰਦਰ੍ਹਵੀਂ ਸਦੀ ਦੇ ਅੰਤ ਵਿਚ ਭਾਵ 1483 ਵਿਚ ਹੋਇਆ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਆਪਣੀ ਰਿਹਾਇਸ਼ ਮਹਾਰਾਸ਼ਟਰ ਦੇ ਮੌਜੂਦਾ ਸ਼ੋਲਾਪੁਰ ਜ਼ਿਲ੍ਹੇ ਦੇ ਪਿੰਡ ਬਾਰਸੀ ਵਿਚ ਕੀਤੀ ਜੋ ਪਾਂਧਰਪੁਰ ਦੇ ਉੱਤਰ ਵਿਚ ਸਥਿਤ ਹੈ। ਭਗਤ ਪਰਮਾਨੰਦ ਨੂੰ ਪਰਮਾਤਮਾ ਦੀ ਹਮੇਸ਼ਾ ਸਿੱਕ ਲੱਗੀ ਰਹਿੰਦੀ ਸੀ, ਜਿਸ ਲਈ ਉਹ ਵਿਸ਼ਨੂੰ ਦੇ ਅਵਤਾਰ ਦੇ ਰੂਪ ਵਿਚ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਿਆ ਕਰਦੇ ਸਨ। ਕਿਹਾ ਜਾਂਦਾ ਹੈ ਕਿ ਉਹ ਆਪਣੇ ਨੰਗੇ ਗੋਡਿਆਂ ਪਰਨੇ ਪਰਮਾਤਮਾ ਅੱਗੇ ਹਰ ਰੋਜ਼ ਸੱਤ ਸੌ ਵਾਰ ਨਮਸਕਾਰ ਕਰਦੇ ਸਨ ਅਤੇ ਕਈ ਵਾਰ ਗੋਡਿਆਂ ਵਿਚੋਂ ਖੂਨ ਸਿੰਮਣ ਲੱਗ ਪੈਂਦਾ ਸੀ। ਬਹੁਤ ਲੰਬੇ ਸਮੇਂ ਤੱਕ ਉਹ ਇਹ ਵਿਸ਼ਵਾਸ ਕਰਦੇ ਰਹੇ ਕਿ ਪਰਮਾਤਮਾ ਦੀ ਪੂਜਾ ਕੇਵਲ ਇੱਕ ਮੂਰਤੀ ਦੇ ਰੂਪ ਵਿਚ ਹੀ ਕੀਤੀ ਜਾ ਸਕਦੀ ਹੈ; ਬਹੁਤ ਦੇਰ ਬਾਅਦ ਉਨ੍ਹਾਂ ਨੂੰ ਅਨੁਭਵ ਹੋਇਆ ਕਿ ਪਰਮਾਤਮਾ ਦੇ ਨਿਰਗੁਣ ਸਰੂਪ, ਜੋ ਸਭ ਤੋਂ ਪਰਮ ਹਸਤੀ ਅਤੇ ਅਪਰਗਟ ਹੈ, ਨੂੰ ਪ੍ਰੇਮ ਕੀਤਾ ਜਾ ਸਕਦਾ ਹੈ ਅਤੇ ਉਸ ਅੱਗੇ ਅਰਦਾਸ ਕੀਤੀ ਜਾ ਸਕਦੀ ਹੈ। ਇਹ ਧਾਰਨਾ ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਸਾਰੰਗ ਵਿਚ ਸ਼ਾਮਲ ਸ਼ਬਦ ਤੋਂ ਵੀ ਪ੍ਰਗਟ ਹੁੰਦੀ ਹੈ:

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਕੀਨਾ॥1॥ ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥1॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥2॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥3॥1॥6॥
(ਪੰ.1253)

ਇਸ ਸ਼ਬਦ ਵਿਚ ਭਗਤ ਪਰਮਾਨੰਦ ਜੀ ਮਨੁੱਖ ਨੂੰ ਅਗਾਹ ਕਰਦੇ ਹਨ ਕਿ ਪੁਰਾਣ ਆਦਿ ਧਾਰਮਿਕ ਪੁਸਤਕਾਂ ਸੁਣ ਕੇ ਤੂੰ ਕੁੱਝ ਵੀ ਨਹੀਂ ਖੱਟਿਆ ਕਿਉਂਕਿ ਤੇਰੇ ਅੰਦਰ ਪਰਮਾਤਮਾ ਦੀ ਅਟੱਲ ਭਗਤੀ ਤਾਂ ਪੈਦਾ ਨਹੀਂ ਹੋਈ ਅਤੇ ਨਾ ਹੀ ਤੂੰ ਕਿਸੇ ਜ਼ਰੂਰਤਮੰਦ ਵਿਅਕਤੀ ਦੀ ਕੋਈ ਸੇਵਾ ਕੀਤੀ ਹੈ। ਭਗਤ ਜੀ ਦੇ ਕਹਿਣ ਦਾ ਭਾਵ ਹੈ ਕਿ ਪੁਰਾਣ ਆਦਿ ਧਾਰਮਿਕ ਪੁਸਤਕਾਂ ਦੀਆਂ ਕਥਾ ਕਹਾਣੀਆਂ ਆਦਿ ਸੁਣਨ ਨਾਲ ਧਾਰਮਿਕ ਜ਼ਿੰਦਗੀ ਨਹੀਂ ਬਣਦੀ, ਜਦ ਤੱਕ ਦ੍ਰਿੜ ਭਰੋਸੇ ਵਾਲੀ ਭਗਤੀ ਨਾ ਕਰੀਏ ਅਤੇ ਪਾਪਾਂ ਵਾਲੀ ਰਹਿਣੀ ਛੱਡ ਕੇ ਦਇਆ ਵਾਲੀ ਰਹਿਣੀ ਨਾ ਬਣਾਈਏ। ਧਾਰਮਿਕ ਪੁਸਤਕਾਂ ਸੁਣ ਕੇ ਜਾਂ ਪੜ੍ਹ ਕੇ ਵੀ ਤੇਰੇ ਅੰਦਰੋਂ ਕਾਮ, ਕ੍ਰੋਧ, ਲੋਭ ਆਦਿ ਵਿਕਾਰ ਦੂਰ ਨਹੀਂ ਹੋਏ ਅਤੇ ਨਾ ਹੀ ਮੂੰਹ ਤੋਂ ਪਰਾਈ ਨਿੰਦਿਆ ਕਰਨ ਦੀ ਆਦਤ ਛੁੱਟੀ ਹੈ। ਕਹਿਣ ਤੋਂ ਭਾਵ ਹੈ ਕਿ ਪਰਮਾਤਮ-ਭਗਤੀ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਕਾਮ, ਕ੍ਰੋਧ, ਲੋਭ ਅਤੇ ਦੂਸਰਿਆਂ ਦੀ ਚੁਗਲੀ-ਨਿੰਦਿਆ ਕਰਨਾ ਆਦਿ ਵਿਕਾਰ ਪਾਉਂਦੇ ਹਨ; ਜੇਕਰ ਧਾਰਮਿਕ ਪੁਸਤਕਾਂ ਪੜ੍ਹ-ਸੁਣ ਕੇ ਵੀ ਮਨੁੱਖ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਨਹੀਂ ਪਾਉਂਦਾ ਫਿਰ ਤਾਂ ਧਾਰਮਿਕ ਪੁਸਤਕਾਂ ਪੜ੍ਹਨਾ ਜਾਂ ਸੁਣਨਾ ਵਿਅਰਥ ਹੈ। ਫਿਰ ਤਾਂ ਸਾਰੀ ਮਿਹਨਤ ਹੀ ਅਜਾਈਂ ਚਲੀ ਗਈ।

ਪੁਰਾਣ ਆਦਿ ਧਾਰਮਿਕ ਪੁਸਤਕਾਂ ਪੜ੍ਹ ਕੇ ਵੀ ਪਾਪੀ ਮਨੁੱਖ ਦੂਸਰਿਆਂ ਦੇ ਘਰ ਲੁੱਟ ਲੁੱਟ ਕੇ ਹੀ ਆਪਣਾ ਢਿੱਡ ਭਰਦਾ ਰਿਹਾ ਅਤੇ ਸਾਰੀ ਉਮਰ ਅਜਿਹੀ ਮੂਰਖਤਾ ਕਰਦਾ ਰਿਹਾ ਜਿਸ ਨਾਲ ਅਗਲੇ ਜਹਾਨ ਵਿਚ ਵੀ ਬਦਨਾਮੀ ਹੀ ਮਿਲੇ। ਕਹਿਣ ਤੋਂ ਭਾਵ ਹੈ ਕਿ ਧਾਰਮਿਕ ਪੁਸਤਕਾਂ ਪੜ੍ਹ ਪੜ੍ਹ ਕੇ ਵੀ ਦੂਸਰਿਆ ਦਾ ਸ਼ੋਸ਼ਣ ਕਰ ਕੇ ਕਮਾਈ ਕਰਨ ਦੀ ਆਦਤ ਨਹੀਂ ਛੱਡੀ, ਦੂਜਿਆ ਦਾ ਹੱਕ ਮਾਰ ਕੇ ਧਨ ਇਕੱਠਾ ਕਰਨ ਦੀ ਪ੍ਰਵਿਰਤੀ ਦਾ ਤਿਆਗ ਨਹੀਂ ਕੀਤਾ। ਭਗਤ ਪਰਮਾਨੰਦ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਧਾਰਮਿਕ ਪੁਸਤਕਾਂ ਪੜ੍ਹ-ਪੜ੍ਹ ਕੇ ਵੀ ਮਨ ਵਿਚੋਂ ਨਿਰਦਯਤਾ ਨਹੀਂ ਗਈ ਭਾਵ ਦੂਸਰਿਆਂ ਲਈ ਮਨ ਵਿਚ ਦਇਆ ਪੈਦਾ ਨਹੀਂ ਹੋਈ ਅਤੇ ਲੋਕਾਂ ਨਾਲ ਪਿਆਰ ਵਾਲਾ ਵਰਤਾਉ ਨਹੀਂ ਕੀਤਾ। ਸਾਧ ਸੰਗਤਿ ਵਿਚ ਜਾ ਕੇ ਮਨ ਨੂੰ ਨਿਰਮਲ ਕਰਨ ਵਾਲੀਆਂ, ਪਵਿੱਤਰ ਕਰਨ ਵਾਲੀਆਂ ਗੱਲਾਂ ਨਹੀਂ ਕੀਤੀਆਂ ਅਰਥਾਤ ਮਨ ਵਿਚ ਸਾਧ-ਸੰਗਤਿ ਵਿਚ ਜਾ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਨ ਦਾ ਸ਼ੌਕ ਨਹੀਂ ਜਾਗਿਆ। ਭਗਤ ਜੀ ਦੇ ਕਹਿਣ ਦਾ ਅਰਥ ਹੈ ਕਿ ਕਾਮ, ਕ੍ਰੋਧ, ਲੋਭ, ਨਿੰਦਿਆ ਆਦਿ ਵਿਕਾਰਾਂ ਤੋਂ ਛੁਟਕਾਰਾ ਪਾਉਣ ਅਤੇ ਆਪਣੇ ਮਨ ਵਿਚ ਦੂਸਰਿਆਂ ਲਈ ਦਇਆ ਅਤੇ ਪ੍ਰੇਮ ਆਦਿ ਗੁਣ ਪੈਦਾ ਕਰਨ ਲਈ ਸਾਧਸੰਗਤਿ ਵਿਚ ਜਾ ਕੇ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ। ਇਹ ਰਹਿਣੀ ਸਾਧ ਸੰਗਤਿ ਵਿਚ ਜਾ ਕੇ ਪਰਮਾਤਮਾ ਦਾ ਜਸ ਕਰਨ ਨਾਲ ਬਣਦੀ ਹੈ। ਗੁਰੂ ਸਾਹਿਬਾਨ ਦੀ ਸਾਰੀ ਸਿੱਖਿਆ ਇਸੇ ਸਿਧਾਂਤ ਦੀ ਪ੍ਰੋੜਤਾ ਕਰਦੀ ਹੈ ਕਿ ਸਤਿਸੰਗਤ ਵਿਚ ਜਾ ਕੇ ਮਨੁੱਖ ਗੁਰੂ ਦੀ ਸਿੱਖਿਆ ਲੈ ਕੇ, ਗੁਰਭਾਈਆਂ, ਗੁਰਮੁਖਾਂ ਦੀ ਸੰਗਤਿ ਵਿਚ ਦਇਆ, ਹਲੀਮੀ, ਸੇਵਾ ਆਦਿ ਗੁਣ ਗ੍ਰਹਿਣ ਕਰਦਾ ਹੈ ਅਤੇ ਹਉਮੈ, ਕਾਮ, ਕ੍ਰੋਧ, ਲੋਭ, ਮੋਹ, ਨਿੰਦਿਆ-ਚੁਗਲੀ ਆਦਿ ਵਿਕਾਰਾਂ ਦਾ ਤਿਆਗ ਕਰਦਾ ਹੈ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ। ਗੁਰਮਤਿ ਰਹਿਣੀ ਦੀ ਸਾਰੀ ਜਾਚ ਸਤਿਸੰਗਤਿ ਵਿਚ ਜਾਇਆ ਆਉਂਦੀ ਹੈ। ਗੁਰੂ ਰਾਮਦਾਸ ਜੀ ਨੇ ਸਤਿਸੰਗਤਿ ਨੂੰ ਸਤਿਗੁਰੂ ਦਾ ਮਦਰੱਸਾ, ਸਤਿਗੁਰੂ ਦੀ ਪਾਠਸ਼ਾਲਾ ਕਿਹਾ ਹੈ ਜਿੱਥੇ ਜਾ ਕੇ ਪਰਮਾਤਮਾ ਦੇ ਗੁਣ ਸਿੱਖੇ ਜਾ ਸਕਦੇ ਹਨ, ਪਰਮਾਤਮ-ਗੁਣਾਂ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ:

ਸਤਿਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥
(ਪੰ.1316)

ਭਾਈ ਗੁਰਦਾਸ ਨੇ ਸਾਧਸੰਗਤਿ ਨੂੰ ਸਚਿਖੰਡ ਕਿਹਾ ਹੈ ਸਚ ਖੰਡੁ ਅਰਥਾਤ ਸੱਚ ਦਾ ਸਥਾਨ ਕਿਹਾ ਹੈ, ਜਿੱਥੇ ਗੁਰਮੁਖਿ ( ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ) ਜਾਂਦੇ ਹਨ ਉਥੇ ਜਾ ਕੇ ਗੁਰਮੁਖਿ ਪਰਮਾਤਮਾ ਦੇ ਉੱਤਮ, ਸ਼ਕਤੀਸ਼ਾਲੀ ਨਾਮ ਦਾ ਸਿਮਰਨ ਕਰਦੇ ਹਨ। ਉਥੇ ਜਾ ਕੇ ਉਹ ਆਪਣੇ ਅੰਦਰ ਪੂਰੀ ਮੁਹਾਰਤ ਨਾਲ ਪਰਮ-ਗਿਆਨ ਦੀ ਜੋਤਿ ਜਗਾਉਂਦੇ ਹਨ। ਭਾਈ ਗੁਰਦਾਸ ਕਹਿੰਦੇ ਹਨ ਕਿ ਸਾਰਾ ਬ੍ਰਹਿਮੰਡ ਖੋਜ ਲਿਆ ਹੈ ਪ੍ਰੰਤੂ ਉਸ ਪਰਮਾਤਮਾ ਦੀ ਹਸਤੀ ਦੇ ਬਰਾਬਰ ਹੋਰ ਕੋਈ ਵੀ ਨਹੀਂ। ਜਿਹੜਾ ਸਾਧਸੰਗਤਿ ਦੀ ਸ਼ਰਨ ਆ ਜਾਂਦਾ ਹੈ ਉਸ ਨੂੰ ਮੌਤ ਦਾ ਭੈਅ ਨਹੀਂ ਸਤਾਉਂਦਾ। ਸਤਿਸੰਗਤਿ ਵਿਚ ਆਇਆਂ



ਸਾਰੇ ਪਾਪ ਧੁਲ ਜਾਂਦੇ ਹਨ ਅਤੇ ਮਨੁੱਖ ਨਰਕ (ਮੰਦੇ ਕੰਮਾਂ ਦੇ ਫ਼ਲ) ਭੋਗਣ ਤੋਂ ਛੁੱਟ ਜਾਂਦਾ ਹੈ। ਜਿਵੇਂ ਚਾਵਲ ਨੂੰ ਧੋਣ ਨਾਲ ਵੰਡ ਪਾਣੀ ਵਿਚ ਉਭਰ ਕੇ ਉਤੇ ਆ ਜਾਂਦੇ ਹਨ; ਇਸੇ ਤਰ੍ਹਾਂ ਸਤਿਸੰਗਤਿ ਵਿਚ ਜਾਣ ਨਾਲ ਮਨੁੱਖ ਮੁਕਤਿ ਹੋ ਜਾਂਦਾ ਹੈ। ਫਿਰ ਸੱਚ ਹੀ ਸੱਚ ਹੁੰਦਾ ਹੈ, ਕੂੜ ਬਹੁਤ ਪਿੱਛੇ ਛੁੱਟ ਜਾਂਦਾ ਹੈ:

ਸਾਧਸੰਗਤਿ ਸਚ ਖੰਡੁ ਗੁਰਮੁਖਿ ਜਾਈਐ।
ਸਚੁ ਨਾਉ ਬਲਵੰਡੁ ਗੁਰਮੁਖਿ ਧਿਆਂਈਐ।
ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ।
ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ।
ਤਿਸੁ ਨਾਹੀ ਜਮ ਡੰਡੁ ਸਰਣਿ ਸਮਾਈਐ।
ਘੋਰ ਪਾਪ ਕਰਿ ਖਮਡੁ ਨਰਕਿ ਨ ਪਾਈਐ।
ਚਾਵਲ ਅੰਧਰਿ ਵੰਡੁ ਉਬਰਿ ਜਾਈਐ।
ਸਚਹੁ ਸਚੁ ਅਖੰਡੁ ਕੂੜੁ ਛੁਡਾਈਐ॥18॥(22)

ਅਸੀਂ ਕਹਿ ਸਕਦੇ ਹਾਂ ਕਿ ਵੈਸ਼ਨਵ ਭਗਤੀ ਨਾਲ ਜੁੜੇ ਹੋਏ ਬਹੁਤੇ ਭਗਤ ਪਹਿਲਾਂ ਵਿਸ਼ਨੂੰ ਦੇ ਸਰਗੁਣ ਸਰੂਪ ਅਤੇ ਉਸ ਦੇ ਅਵਤਾਰਾਂ ਜਿਵੇਂ ਰਾਮ ਅਤੇ ਕ੍ਰਿਸ਼ਨ ਦੀ ਭਗਤੀ ਕਰਦੇ ਸਨ ਪ੍ਰੰਤੂ ਹੌਲੀ ਹੌਲੀ ਉਨ੍ਹਾਂ ਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਅਨੁਭਵ ਹੋਇਆ ਅਤੇ ਮੂਰਤੀ ਪੂਜਾ ਵੱਲੋਂ ਉਹ ਨਿਰਗੁਣ ਭਗਤੀ ਵੱਲ ਆਏ। ਪ੍ਰੋਫੈਸਰ ਸਾਹਿਬ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਭਗਤ ਪਰਮਾਨੰਦ ਜੀ ਦੇ ਇਕ ਆਲੋਚਕ ਵੱਲੋਂ ਇਸ ਸ਼ਬਦ ਦੀਆਂ ਦੋ ਪੰਕਤੀਆਂ ਲੈ ਕੇ ਕੀਤੀ ਟਿੱਪਣੀ ਦਾ ਹਵਾਲਾ ਦਿੱਤਾ ਹੈ ਜਿਸ ਨਾਲ ਆਲੋਚਕ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਜਾਪਦਾ ਹੈ ਕਿ ਭਗਤ ਪਰਮਾਨੰਦ ਜੀ ਦਾ ਇਹ ਸ਼ਬਦ ਗੁਰਮਤਿ ਦਾ ਅਨੁਸਾਰੀ ਨਹੀਂ:

"ਭਗਤ ਪਰਮਾਨੰਦ ਜੀ ਕਨੌਜੀਏ ਕੁਬਜ ਬ੍ਰਾਹਮਣਾਂ ਵਿਚੋਂ ਸਨ। ਆਪ ਸੁਆਮੀ ਬਲਭ ਚਾਰਯ ਦੇ ਚੇਲੇ ਬਣੇ। ਇਹਨਾਂ ਨੇ ਵੈਸ਼ਨਵ ਮਤ ਨੂੰ ਚੰਗੀ ਤਰੱਕੀ ਦਿੱਤੀ। ਆਪ ਕਵੀ ਵੀ ਚੰਗੇ ਸਨ, ਆਪ ਦਾ ਤਖ਼ੱਲਸ (ਕਵੀ-ਛਾਪ) ਸਾਰੰਗ ਸੀ। ਇਹਨਾਂ ਨੇ ਕ੍ਰਿਸ਼ਨ ਉਪਮਾ ਦੀ ਕਾਫ਼ੀ ਕਵਿਤਾ ਰਚੀ ਹੈ।'

"ਇਕ ਸ਼ਬਦ ਸਾਰੰਗ ਰਾਗ ਅੰਦਰ ਛਾਪੇ ਦੀ ਮੌਜੂਦਾ ਬੀੜ ਅੰਦਰ ਪੜ੍ਹਨ ਵਿਚ ਆਉਂਦਾ ਹੈ, ਜੋ ਵੈਸ਼ਨੋ ਮਤ ਦੇ ਬਿਲਕੁਲ ਅਨੁਕੂਲ ਹੈ; ਪਰ ਗੁਰਮਤਿ ਵੈਸ਼ਨੋ ਮਤ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੀ ਹੈ। ਭਗਤ ਜੀ ਫ਼ਰਮਾਉਂਦੇ ਹਨ:-

ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥"

ਆਲੋਚਕ ਅਨੁਸਾਰ "ਇਹ ਮਰਯਾਦਾ ਵੈਸ਼ਨਵ ਅਤੇ ਜੈਨ ਮਤ ਵਾਲਿਆਂ ਦੀ ਹੈ, ਗੁਰਮਤਿ ਇਸ ਸਿਧਾਂਤ ਦਾ ਖੰਡਨ ਕਰਦੀ ਹੈ। ਸਿੱਖ ਧਰਮ ਜੀਵ-ਹਿੰਸਾ ਜਾਂ ਅਹਿੰਸਾ ਦਾ ਪ੍ਰਚਾਰਕ ਨਹੀਂ ਹੈ, ਗੁਰੂ ਕਾ ਮਤ ਰਾਜ-ਜੋਗ ਹੈ, ਖੜਗਧਾਰੀ ਹੋਣਾ ਸਿੱਖ ਦਾ ਧਰਮ ਹੈ। ਜੀਵ-ਅਹਿੰਸਾ ਵੈਸ਼ਨਵਾਂ ਜੈਨੀਆਂ ਬੋਧੀਆਂ ਦੇ ਧਾਰਮਿਕ ਨੇਮ ਹਨ। "

ਪ੍ਰੋਫੈਸਰ ਸਾਹਿਬ ਸਿੰਘ ਨੇ ਇਸ 'ਤੇ ਟਿੱਪਣੀ ਕੀਤੀ ਹੈ, "ਵਿਰੋਧੀ ਵੀਰ ਨੇ ਸ਼ਬਦ ਵਿਚੋਂ ਸਿਰਫ਼ ਉਤਨਾ ਹੀ ਹਿੱਸਾ ਲਿਆ ਹੈ, ਜਿਸ ਨਾਲ ਕਿਸੇ ਪਾਠਕ ਨੂੰ ਭੁਲੇਖਾ ਪੈ ਸਕੇ। ਸਗੋਂ ਇਸ ਗੱਲੋਂ ਭੀ ਰਤਾ ਉਕਾਈ ਹੀ ਖਾ ਗਏ ਹਨ। ਸਿਰਫ਼ ਇਕੋ ਤੁਕ ਲੈਣੀ ਸੀ, ਦੂਜੀ ਤੁਕ ਤਾਂ ਉਹਨਾਂ ਦੀ ਮਦਦ ਨਹੀਂ ਕਰਦੀ। ਲਫ਼ਜ਼ 'ਹਿੰਸਾ' ਅਤੇ 'ਜੀਅ ਦਇਆ' ਦਾ ਅਰਥ ਕਰਨ ਵਿਚ ਕਾਹਲੀ ਤੋਂ ਕੰਮ ਲਿਆ ਹੈ। ਸਾਰੇ ਸ਼ਬਦ ਨੂੰ ਰਤਾ ਗਹੁ ਨਾਲ ਪੜ੍ਹੋ। ਭਗਤ ਜੀ ਆਖਦੇ ਹਨ ਜੇ ਪਰਮਾਤਮਾ ਅਤੇ ਪਰਮਾਤਮਾ ਦੇ ਪੈਦਾ ਕੀਤੇ ਬੰਦਿਆਂ ਨਾਲ ਪਿਆਰ ਨਹੀਂ ਬਣਿਾਂ ਤਾਂ ਧਰਮ-ਪੁਸਤਕ ਪੜ੍ਹਨ ਤੋਂ ਕੋਈ ਲਾਭ ਨਹੀਂ ਖੱਟਿਆ।" ਪ੍ਰੋਫੈਸਰ ਸਾਹਿਬ ਸਿੰਘ ਅਨੁਸਾਰ "ਅਗਾਂਹ ਭੀ ਸਾਰੇ ਸ਼ਬਦ ਵਿਚ ਇਸੇ ਖਿਆਲ ਦੀ ਵਿਆਖਿਆ ਹੈ। ਇਥੇ ਲਫ਼ਜ਼ 'ਹਿੰਸਾ' ਦਾ ਅਰਥ ਹੈ 'ਨਿਰ-ਦਇਤਾ', ਅਤੇ 'ਜੀਅ ਦਇਆ' ਦਾ ਅਰਥ ਹੈ 'ਖ਼ਲਕਤਿ ਨਾਲ ਪਿਆਰ'। ਇਹੀ ਲਫ਼ਜ਼ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਸਾਹਿਬ ਨੇ ਭੀ ਵਰਤੇ ਹੋਏ ਹਨ।"

ਪ੍ਰੋਫੈਸਰ ਸਾਹਿਬ ਸਿੰਘ ਨੇ 'ਮਾਝ ਕੀ ਵਾਰ, ਮ1' ਵਿਚੋਂ ਉਦਾਹਰਣ ਦਿੱਤੀ ਹੈ:

(1) ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥
ਹੰਸੁ-ਹਿੰਸਾ, ਨਿਰਦਇਤਾ।

ਦੂਸਰੀ ਉਦਾਹਰਣ 'ਥਿਤੀ ਗਉੜੀ, ਮ.5" ਵਿਚੋਂ ਦਿੱਤੀ ਹੈ:-


(2) ਮਨਿ ਸੰਤੋਖੁ ਸਰਬ ਜੀਅ ਦਇਆ॥
ਇਨ ਬਿਧਿ ਬਰਤੁ ਸੰਪੂਰਨ ਭਇਆ॥
ਜੀ ਦਇਆ -ਖ਼ਲਕਤਿ ਨਾਲ ਪਿਆਰ।

ਪ੍ਰੋਫੈਸਰ ਸਾਹਿਬ ਸਿੰਘ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਿਆਂ ਸਾਨੂੰ ਇਹ ਗੱਲ ਵੀ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਉਹ ਬਾਣੀ ਹੀ ਸ਼ਾਮਲ ਕੀਤੀ ਗਈ ਹੈ ਜੋ ਵਿਚਾਰਧਾਰਕ ਤੌਰ 'ਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ ਅਤੇ ਇਸ ਦੇ ਨਾਲ ਹੀ ਜਿੱਥੇ ਕਿਧਰੇ ਲੋੜ ਜਾਪੀ ਤਾਂ ਗੁਰੂ ਸਾਹਿਬ ਨੇ ਸਪੱਸ਼ਟ ਕਰਨ ਲਈ ਆਪਣੀ ਬਾਣੀ ਵੀ ਦਿੱਤੀ ਹੈ ਜਿਸ ਦੀ ਉਦਾਹਰਣ ਬਾਬਾ ਫ਼ਰੀਦ ਦੇ ਸਲੋਕ ਹਨ। ਇੱਥੇ 'ਵਾਰ ਆਸਾ' ਵਿਚੋਂ ਗੁਰੂ ਨਾਨਕ ਸਾਹਿਬ ਦਾ ਸਲੋਕ ਦੇਖਿਆ ਜਾ ਸਕਦਾ ਹੈ ਜਿਸ ਵਿਚ ਉਪਰ ਦਿੱਤੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨਾਲ ਮਿਲਦਾ ਜੁਲਦਾ ਵਿਚਾਰ ਪ੍ਰਾਪਤ ਹੈ:-

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
(ਪੰ.468)

ਦਇਆ ਜਾਣੈ ਜੀਅ ਕੀ-ਜੀਆਂ ਉੱਤੇ ਤਰਸ ਕਰਨਾ ਜਾਣਦਾ ਹੋਵੇ।

# ਗੁਰਬਾਣੀ ਗਿਆਨ



ਸੁਰਜੀਤ ਕੌਰ ਸੈਕਰਾਮੈਂਟੋ

॥ ਰਾਮਕਲੀ ਮਹਲਾਪ ੫ ॥
ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥
ਓੰ ਨਮੋ ਭਗਵੰਤ ਗੁਸਾਈ ॥
ਖਾਲਕ ਰਵਿ ਰਹਿਆ ਸਰਬ ਠਾਈ ॥ ਰਹਾਉ ॥
ਜਗੰਨਾਥ ਜਗ ਜੀਵਨ ਮਾਧੋ ॥ ਭਉਭੰਜਨ ਰਿਦ ਮਾਹਿ ਅਰਾਧੋ ॥
ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥
ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ ॥
ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ ॥
ਨਾਰਾਇਣ ਨਰਹਰ ਦਇਆਲ॥ ਰਮਤ ਰਾਮ ਘਟ ਘਟ ਆਧਾਰ ॥
ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥
ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਸ ਮਿਹਰਬਾਨ ਪ੍ਰਭੂ ਕਰਤਾ ਪੁਰਖ ਜੀ ਦੀ ਉਪਮਾ ਕਰਦੇ ਹੋਏ ਆਖਦੇ ਹਨ, ਓੰ ਨਮੋ ਭਗਵੰਤ ਗੁਸਾਈ॥ ਹੇ ਭਗਵਾਨ ਜੀ! ਹੇ ਧਰਤੀ ਦੇ ਮਾਲਕ ਜੀ! ਤੂੰ ਇਸ ਸਾਰੀ ਖ਼ਲਕਤ ਨੂੰ ਪੈਦਾ ਕਰਨ ਵਾਲਾ ਖ਼ਾਲਕ ਹੈਂ ਅਤੇ ਤੂੰ ਸਭ ਥਾਂ ਹੀ ਮੌਜੂਦ ਹੈਂ, ਹੇ ਸਰਬ ਵਿਆਪਕ ਪਰਮੇਸ਼ਰ ਪਿਤਾ ਜੀ ਤੈਨੂੰ ਘਟ-ਘਟ ਵਿਚ ਵੱਸਣ ਵਾਲੇ ਪਰਤਿਪਾਲਕ ਨੂੰ ਸਦਾ ਸਦਾ ਨਮਸਕਾਰ ਹੈ ਜੀ।

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥

ਹੇ ਜਗਤ ਦੇ ਮੂਲ ਕਰਤਾ ਪੁਰਖ, ਤੈਨੂੰ ਨਮਸਕਾਰ ਹੈ। ਕਰੀਮ ਬਖ਼ਸ਼ਿਸ਼ ਕਰਨ ਵਾਲੇ ਪ੍ਰਭ ਜੀ। ਸਾਰੇ ਜੀਵਾਂ ਦੀ ਪ੍ਰਤਿਪਾਲ ਪਾਲਨਾ ਕਰਨ ਵਾਲਾ ਮਾਲਕ, ਸਭ 'ਤੇ ਰਹਿਮ ਕਰਨ ਵਾਲਾ। ਹੇ ਅੱਲਾਹ। ਹੇ ਅਲੱਖ। ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ। ਹੇ ਖ਼ੁਦਾ ਤੂ ਅਪਰੰ ਅਪਾਰ ਹੈਂ, ਹੇ ਪ੍ਰਭੂ ਪਾਰਬ੍ਰਹਮ ਜੀ ਤੂੰ ਆਪ ਹੀ ਸਭ ਜੀਵਾਂ ਦਾ ਖਸਮ ਹੈਂ। ਤੂੰ ਬੇਅੰਤ ਹੈਂ।

ਜਗੰਨਾਥ ਜਗ ਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥
ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥

ਸਤਿਗੁਰੂ ਜੀ ਆਖਦੇ ਨੇ, ਹੇ ਇਸ ਜਗਤ ਦੇ ਨਾਥ ਪ੍ਰਭ ਜੀ, ਹੇ ਇਸ ਜਗਤ ਦੇ ਜੀਵਨ ਪ੍ਰਭ ਜੀ, ਮਾਧੋ, ਹੇ ਮਾਇਆ ਦੇ ਪਤੀ ਪ੍ਰਭੂ, ਜੀਵਾਂ ਦਾ ਹਰ ਡਰ ਦੂਰ ਕਰਨ ਵਾਲੇ ਮਿਹਰਬਾਨ ਪਿਤਾ ਜੀ, ਹੇ ਹਿਰਦੇ ਵਿਚ ਆਰਾਧਨ ਜੋਗ ਪ੍ਰਭ ਜੀ, ਹੇ ਇੰਦ੍ਰੀਆਂ ਦੇ ਮਾਲਕ ਪਰਮੇਸ਼ਰ ਜੀ, ਹੇ ਗੋਪਾਲ, ਹੇ ਗੋਵਿੰਦ, ਮੁਕੰਦ ਹੇ ਮੁਕਤੀ ਦੇ ਦਾਤੇ, ਤੂੰ ਸਭਨੀ ਥਾਈਂ ਵਿਆਪਕ ਹੈਂ ਜੀ।

ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥

ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਜੀ ਕਹਿੰਦੇ ਨੇ, ਹੇ ਮਿਹਰਬਾਨ ਪ੍ਰਭ ਜੀ ਸਿਰਫ ਤੂੰ ਹੀ ਪੀਰਾਂ ਪੈਗੰਬਰਾਂ ਸ਼ੇਖਾਂ ਨੂੰ ਨਿਜ਼ਾਤ ਦੇਣ ਵਾਲਾ ਹੈਂ। ਹੇ ਭਾਈ ਉਹ ਮਉਲਾ ਹੀ ਸਭਨਾਂ ਦੇ ਦਿਲਾਂ ਦਾ ਮਾਲਕ ਹੈ, ਸਭ ਦੇ ਦਿਲਾਂ ਦੀਆਂ ਜਾਨਣ ਵਾਲਾ ਉਹ ਮਿਹਰਬਾਨ ਮਉਲਾ ਸਦਾ ਹੀ ਹੱਕੋ ਹੱਕ ਕਰਦਾ ਹੈ, ਹੇ ਭਾਈ ਉਹ ਮਉਲਾ ਕੁਰਾਨ ਕਤੇਬ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਦੱਸੇ ਸਰੂਪ ਤੋਂ ਵੱਖਰਾ ਹੈ।

ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ॥

ਸਤਿਗੁਰੂ ਪਿਤਾ ਜੀ ਆਖਦੇ ਨੇ ਹੇ ਭਾਈ ਉਹ ਦਇਆ ਦਾ ਸਾਗਰ ਪ੍ਰਭੂ ਪਰਮਾਤਮਾ ਆਪ ਹੀ ਨਾਰਾਇਣ ਹੈ ਅਤੇ ਆਪ ਹੀ ਨਰ ਸਿੰਘ ਹੈ। ਹੇ ਭਾਈ ਉਹ ਰਾਮ ਸਭਨਾਂ ਜੀਆਂ ਵਿਚ ਰਮਿਆ ਹੋਇਆ ਹੈ ਅਤੇ ਹਰੇਕ ਜੀਵ ਦਾ ਉਹੀ ਆਸਰਾ ਹੈ। ਭਾਈ ਉਹੀ ਬਾਸੁਦੇਵ ਹੈ ਜੋ ਸਭਨੀ ਥਾਈਂ ਵੱਸ ਰਿਹਾ ਹੈ, ਉਸ ਦੀ ਲੀਲਾ ਕਹੀ ਨਹੀਂ ਜਾ ਸਕਦੀ ਜੀ।

ਮਿਹਰ ਦਇਆ ਕਰਿ ਕਰਨੈਹਾਰ॥ ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਅਰਦਾਸ ਕਰਦੇ ਨੇ, ਹੇ ਸਾਰੇ ਜੀਵਾਂ ਦੇ ਰਚਨਹਾਰ ਮਿਹਰਬਾਨ ਪਿਤਾ ਹੇ ਸਿਰਜਣਹਾਰ ਮਿਹਰ ਕਰ ਕੇ, ਦਇਆ ਕਰ ਕੇ ਤੂੰ ਆਪ ਹੀ ਜੀਵਾਂ ਨੂੰ ਆਪਣੀ ਭਗਤੀ ਦੇਂਦਾ ਹੈਂ, ਆਪਣੀ ਬੰਦਗੀ ਦੇਂਦਾ ਹੈਂ। ਨਾਨਕ ਆਖਦਾ ਹੈ ਗੁਰੂ ਨੇ ਜਿਸ ਮਨੁੱਖ ਦੇ ਭਰਮ ਭੁਲੇਖੇ ਦੂਰ ਕਰ ਦਿੱਤੇ ਉਸ ਨੂੰ ਮੁਸਲਮਾਨਾਂ ਦਾ ਅੱਲਾਹ ਅਤੇ ਹਿੰਦੂਆਂ ਦਾ ਪਾਰਬ੍ਰਹਮ ਇਕੋ ਹੀ ਦਿਸ ਪੈਂਦੇ ਹਨ ਜੀ।

# ਮੁਜ਼ਾਰਾ ਲਹਿਰ ਦੀ ਇਤਿਹਾਸਕ ਜਿੱਤ ਦਾ ਪੁਨਰ ਮੁਲਾਂਕਣ ਕਰਦੇ ਨਾਟਕ

## 'ਖੇਤੀਂ ਉੱਗੇ ਸੁਰਖ਼ ਸਵੇਰੇ (ਚੁਖੰਡੀ ਨਾਟਕ)'


ਪੰਜਾਬ ਦਾ ਮਾਲਵਾ ਖਾਸ ਤੌਰ 'ਤੇ ਮਾਨਸਾ-ਸੰਗਰੂਰ ਖੇਤਰ ਮੁੱਢ ਤੋਂ ਹੀ ਲੋਕ ਘੋਲਾਂ ਦੇ ਅਗਵਾਨੂੰ ਰਹੇ ਯੋਧਿਆਂ ਦੀ ਕਰਮ ਭੂਮੀ ਰਿਹਾ ਹੈ। ਇਸ ਲਈ ਇਸ ਖੇਤਰ ਦੇ ਲੋਕਾਂ ਨੂੰ ਸਥਾਪਤੀ ਦਾ ਵਿਰੋਧ ਕਰਨ ਦੀ ਗੁੜ੍ਹਤੀ ਵਿਰਸੇ ਵਿਚ ਹੀ ਮਿਲੀ ਹੋਈ ਹੈ। ਇਸ ਜ਼ਿਲ੍ਹੇ ਨਾਲ ਸਬੰਧਤ ਬਜ਼ੁਰਗਾਂ ਨੇ ਮੁਜ਼ਾਰਾ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚੇ, ਪਰਜਾ ਮੰਡਲ, ਲਾਲ ਪਾਰਟੀ, ਗੁਰਦੁਆਰਾ ਸੁਧਾਰ ਲਹਿਰ ਤੇ ਨਕਸਲਬਾੜੀ ਲਹਿਰ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ ਹੈ। ਖੇਤਰ ਦੇ ਬਜ਼ੁਰਗਾਂ ਨੇ ਕਥਿਤ ਆਜ਼ਾਦੀ ਦੀ ਪ੍ਰਾਪਤੀ ਤੋਂ ਪਹਿਲਾਂ ਰਜਵਾੜਾਸ਼ਾਹੀ ਤੇ ਜਾਗੀਰਦਾਰੀ ਪ੍ਰਬੰਧ ਨੂੰ ਵੀ ਨੇੜਿਓਂ ਵੇਖਿਆ ਹੈ, ਇਸ ਲਈ ਇੱਥੋਂ ਦੇ ਪਿੰਡ ਹੁਣ ਵੀ

**ਪੁਸਤਕ ਚਰਚਾ**

ਨਿਰੰਜਣ ਬੋਹਾ
ਫੋਨ: 91-89682-82700

ਜਾਗੀਰਦਾਰੀ ਪ੍ਰਬੰਧ ਦੇ ਜ਼ੁਲਮਾਂ ਦੀ ਦਾਸਤਾਨ ਸੁਣਾਉਂਦੇ ਹਨ। ਜੇ ਅਸੀਂ ਇਸ ਖੇਤਰ ਦੇ ਇਤਿਹਾਸਕ ਪਿਛੋਕੜ ਦੀ ਗਹਿਰਾਈ ਵਿਚ ਜਾਈਏ ਤਾਂ ਇਸ ਵਿਚ ਛੁਪੇ ਇਨਕਲਾਬੀ ਲੋਕ ਵਿਰਸਾ ਬਣਨ ਯੋਗ ਤੱਥ ਅਜੇ ਵੀ ਆਪਣੀ ਖੋਜ ਤੇ ਦਸਤਾਵੇਜ਼ੀ ਰੂਪ ਵਿਚ ਸੰਭਾਲ ਲਈ ਲੇਖਕ ਵਰਗ ਨੂੰ ਵੰਗਾਰਦੇ ਵਿਖਾਈ ਦੇਂਦੇ ਹਨ। ਇਸ ਵੰਗਾਰ ਨੂੰ ਕਬੂਲਦਿਆਂ ਲੋਕ ਪੱਖੀ ਨਾਵਲਕਾਰ, ਵਾਰਤਕਕਾਰ ਤੇ ਨਾਟਕਕਾਰ ਡਾ. ਜਗਜੀਤ ਸਿੰਘ ਕੋਮਲ ਨੇ ਚੁਖੰਡੀ ਨਾਟਕ ਲੜੀ 'ਖੇਤੀ ਉੱਗੇ ਸੁਰਖ ਸਵੇਰੇ' ਪ੍ਰਕਾਸ਼ਿਤ ਕਰਵਾ ਕੇ ਬਹੁਤ ਹੀ ਦਸਤਾਵੇਜ਼ੀ ਮਹੱਤਤਾ ਵਾਲਾ ਕਾਰਜ ਕੀਤਾ ਹੈ। ਇਹ ਨਾਟਕ ਲੜੀ ਮੁੱਖ ਤੌਰ 'ਤੇ ਪੈਪਸੂ ਦੀ ਮੁਜ਼ਾਰਾ ਲਹਿਰ ਦੌਰਾਨ ਮਾਨਸਾ ਖੇਤਰ ਦੇ ਪਿੰਡ ਕਿਸ਼ਨਗੜ੍ਹ ਵਿਚ ਜਾਗੀਰਦਾਰਾਂ ਤੇ ਹਲ ਵਾਹਕ ਮੁਜ਼ਾਰਿਆਂ ਵਿਚਕਾਰ ਹੋਈ ਉਸ ਫੈਸਲਾਕੁਨ ਖ਼ੂਨੀ ਟੱਕਰ ਦੀ ਇਤਿਹਾਸਿਕਤਾ ਨੂੰ ਸੰਭਾਲਦੀ ਹੈ, ਜਿਸ ਜਾਗੀਰਦਾਰੀ ਪ੍ਰਬੰਧ ਦੇ ਖਾਤਮੇ ਦਾ ਮੁੱਢ ਬੰਨ੍ਹ ਕੇ ਪੰਜਾਬ ਦੇ ਇਤਿਹਾਸ ਨੂੰ ਨਵੀਂ ਲੋਕ ਪੱਖੀ ਦਿਸ਼ਾ ਦਿੱਤੀ ਗਈ ਸੀ।

ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਦੂਰ ਅੰਦੇਸ਼ ਅਗਵਾਈ ਹੇਠ ਲੜੀ ਗਈ ਮੁਜ਼ਾਰਿਆਂ ਦੇ ਹੱਕਾਂ ਦੀ ਲੜਾਈ ਦੀ ਸ਼ੁਰੂਆਤ ਭਾਵੇਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਸਮਾਂਤਰ ਹੀ ਹੋ ਗਈ ਸੀ ਪਰ ਆਪਣਾ ਖ਼ੂਨ ਪਸੀਨਾ ਵਹਾ ਕੇ ਬੰਜਰ ਜ਼ਮੀਨਾਂ ਆਬਾਦ ਕਰਨ ਵਾਲੇ ਕਿਸਾਨ ਜਦੋਂ ਆਜ਼ਾਦੀ ਤੋਂ ਬਾਅਦ ਵੀ ਜਾਗੀਰਦਾਰਾਂ ਦੇ ਹੀ ਗੁਲਾਮ ਰਹੇ ਤਾਂ ਲਾਲ ਪਾਰਟੀ ਦੀ ਅਗਵਾਈ ਹੇਠ ਆਰਥਿਕ ਆਜ਼ਾਦੀ ਦੀ ਲੜਾਈ ਨੂੰ ਹੋਰ ਤੇਜ਼ ਕਰ ਦਿੱਤਾ ਗਿਆ। ਰੂਸ ਦੇ ਇਨਕਲਾਬ ਤੋਂ ਵਿਚਾਰਧਾਰਕ ਊਰਜਾ ਪ੍ਰਾਪਤ ਕਰਨ ਵਾਲੀ ਮੁਜ਼ਾਰਾ ਲਹਿਰ ਨੂੰ ਜੇਤੂ ਮੁਕਾਮ ਤਕ ਲਿਜਾਣ ਲਈ ਕਾਮਰੇਡ ਸੁਤੰਤਰ ਤੋਂ ਇਲਾਵਾ ਕਾਮਰੇਡ ਧਰਮ ਸਿੰਘ ਫੱਕਰ, ਕਾਮਰੇਡ ਜਗੀਰ ਸਿੰਘ ਜੋਗਾ, ਹਰਨਾਮ ਸਿੰਘ ਧਰਮਗੜ੍ਹ, ਵੈਦ ਛੱਜੂ ਮੱਲ ਤੇ ਰਾਮ ਸਿੰਘ ਬਾਗੀ ਆਦਿ ਲੋਕ ਘੁਲਾਟੀਆਂ ਦੀ ਰਾਜਨੀਤਕ ਸੂਝ ਸਮਝ ਤੇ ਅਗਵਾਈ ਨੇ ਆਪਣਾ ਅਹਿਮ ਯੋਗਦਾਨ ਪਾਇਆ। ਆਜ਼ਾਦੀ ਤੋਂ ਤੁਰੰਤ ਬਾਅਦ ਕਾਂਗਰਸ ਦੇ ਬਹੁਤ ਸਾਰੇ ਆਗੂ ਵੀ ਸਮਾਜਵਾਦੀ ਵਿਵਸਥਾ ਪ੍ਰਤੀ ਲਗਾਅ ਰੱਖਦੇ ਰਹੇ ਹਨ, ਜਿਸ ਦੇ ਚਲਦਿਆਂ ਬਾਬੂ ਬ੍ਰਿਛਭਾਨ ਤੇ ਲਾਲ ਦੇਸ ਰਾਜ ਵਰਗੇ ਕਾਂਗਰਸੀ ਆਗੂਆਂ ਤੇ ਨਾਮਵਰ ਵਕੀਲਾਂ ਨੇ ਵੀ ਇਸ ਲਹਿਰ ਨੂੰ ਖੁੱਲ੍ਹ ਕੇ ਆਪਣੀ ਨੈਤਿਕ ਤੇ ਕਾਨੂੰਨੀ ਹਮਾਇਤ ਦਿੱਤੀ। ਨਾਟਕ ਦੇ ਵਿਸ਼ਲੇਸ਼ਣੀ ਸਿੱਟਿਆਂ ਅਨੁਸਾਰ ਮੁਜ਼ਾਰਾ ਆਗੂਆਂ ਵਲੋਂ ਮੌਕੇ ਅਨੁਸਾਰ ਵਰਤੇ ਸੁਲਝੇ ਤੇ ਕਾਰਗਰ ਰਾਜਨੀਤਕ ਪੈਂਤੜਿਆਂ ਕਾਰਨ ਹੀ ਮੁਜ਼ਾਰਾ ਅੰਦੋਲਨ ਬਹੁਤ ਘੱਟ ਜਾਨੀ ਨੁਕਸਾਨ ਕਰਵਾ ਕੇ ਬਹੁਤ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਵਿਚ ਸਫਲ ਹੋਇਆ।




ਪੁਸਤਕ 'ਖੇਤੀਂ ਉੱਗੇ ਸੁਰਖ਼ ਸਵੇਰੇ' ਦਾ ਸਰਵਰਕ

ਭਾਵੇਂ ਲਾਲ ਪਾਰਟੀ ਜਾਗੀਰਦਾਰੀ ਪ੍ਰਬੰਧ ਨੂੰ ਖਤਮ ਕਰਨ ਤੋਂ ਬਾਅਦ ਆਪਣੇ ਸੰਘਰਸ਼ ਦੇ ਅਗਲੇ ਪੜਾਅ ਸਰਮਾਏਦਾਰੀ ਵਿਵਸਥਾ ਨੂੰ ਵੀ ਖਤਮ ਕਰਨ ਦੇ ਮੰਤਵ ਨੂੰ ਹਾਸਲ ਨਾ ਕਰ ਸਕੀ ਪਰ ਇਸ ਵਲੋਂ ਕਿਸਾਨਾਂ ਤੇ ਮਜ਼ਦੂਰਾਂ ਵਿਚ ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਪੈਦਾ ਕੀਤੀ ਜਾਗਰੂਕਤਾ ਅੱਜ ਵੀ ਪੂੰਜੀਵਾਦੀ ਸੱਤਾ ਪ੍ਰਬੰਧ ਲਈ ਚੁਣੌਤੀ ਬਣੀ ਹੋਈ ਹੈ। ਆਪਣੇ ਹਲ ਹੇਠਲੀ ਜ਼ਮੀਨ ਦੀ ਪੱਕੇ ਤੌਰ 'ਤੇ ਮਾਲਕੀ ਹਾਸਲ ਕਰਨ ਕਰਨ ਲਈ ਲਾਮਬੰਦ ਹੋਈ ਮੁਜ਼ਾਰਾ ਧਿਰ ਵਲੋਂ ਇਸ ਅਸਾਵੀਂ ਲੜਾਈ ਵਿਚ ਜੇਤੂ ਧਿਰ ਬਣਨ ਲਈ ਜਿਹੜੇ ਸਿਧਾਂਤਕ ਤੇ ਵਿਹਾਰਕ ਦਾਅ-ਪੇਚ ਅਪਣਾਏ ਗਏ ਉਹ ਅੱਜ ਵੀ ਪਹਿਲਾਂ ਜਿੰਨੀ ਹੀ ਅਹਿਮੀਅਤ ਰੱਖਦੇ ਹਨ। ਕਾਮਰੇਡ ਸੁਤੰਤਰ ਵਲੋਂ ਕੀਤੀ ਇਸ ਲੜਾਈ ਦੀ ਵਿਉਂਤਬੰਦੀ ਅਨੁਸਾਰ ਮੁਜ਼ਾਰਿਆਂ ਵਲੋਂ ਬਿਸਵੇਦਾਰਾਂ ਤੇ ਉਨ੍ਹਾਂ ਦੇ ਗੁੰਡਿਆਂ ਨਾਲ ਤਾਂ ਸਿੱਧੀ ਟੱਕਰ ਲਈ ਗਈ ਪਰ ਪੁਲਿਸ ਤੇ ਫੌਜ ਨਾਲ ਸਿੱਧੇ ਟਕਰਾਅ ਤੋਂ ਬਚਣ ਲਈ ਵਿਸ਼ੇਸ਼ ਚੌਕਸੀ ਵਰਤੀ ਗਈ। ਇਸ ਨੀਤੀ 'ਤੇ ਚੱਲਦਿਆਂ ਜਿੱਥੇ ਦੋਹਾਂ ਧਿਰਾਂ ਦਾ ਘੱਟ ਜਾਨੀ ਨੁਕਸਾਨ ਹੋਇਆ ਉੱਥੇ ਛੋਟੀ ਵਿਖਾਈ ਦਿੰਦੀ ਤਾਕਤ ਨੇ ਆਪਣੀ ਇੱਛਾ ਸ਼ਕਤੀ ਦੇ ਬਲਬੂਤੇ ਵੱਡੀ ਤਾਕਤ ਨੂੰ ਮਾਤ ਦੇਣ ਵਿਚ ਵੀ ਮਿਸਾਲੀ ਸਫਲਤਾ ਪ੍ਰਾਪਤ ਕੀਤੀ।

ਦੇਸ਼ ਦੀ ਨੌਜਵਾਨ ਪੀੜ੍ਹੀ ਮੁਜ਼ਾਰਾ ਲਹਿਰ ਸਮੇਤ ਇਸ ਖੇਤਰ ਦੀਆਂ ਬਹੁਤ ਸਾਰੀਆਂ ਲੋਕ ਲਹਿਰਾਂ ਬਾਰੇ ਵਧੇਰੇ ਜਾਣਕਾਰੀ ਨਹੀਂ ਰੱਖਦੀ। ਇਸ ਲਈ ਇਹ ਨਾਟਕ ਲੜੀ ਲੋਕ ਲਹਿਰਾਂ ਦੀ ਯੁੱਗ ਪਲਟਾਊ ਸਮਰੱਥਾ ਤੋਂ ਅਣਜਾਣ ਵਰਗ ਨੂੰ ਉਨ੍ਹਾਂ ਦੇ ਇਤਿਹਾਸਕ ਪਿਛੋਕੜ ਦੀ ਗੌਰਵਤਾ ਦਾ ਅਹਿਸਾਸ ਕਰਵਾ ਕੇ ਉਨ੍ਹਾਂ ਅੰਦਰਲੀ ਸਦੀਵੀ ਸੰਘਰਸ਼ੀ ਸਮਰੱਥਾ ਨੂੰ ਜਾਗ ਲਾਉਂਦੀ ਹੈ। ਬਿਸਵੇਦਾਰੀ ਪ੍ਰਬੰਧ ਕਿਵੇਂ ਪੈਦਾ ਹੋਇਆ ਤੇ ਇਸ ਦੇ ਖਤਮ ਹੋਣ 'ਤੇ ਇਸ ਦੀ ਥਾਂ ਲੈਣ ਵਾਲੀ ਸਰਮਾਏਦਾਰੀ ਵਿਵਸਥਾ ਦਾ ਖਾਤਮਾ ਕਿਉਂ ਜ਼ਰੂਰੀ ਹੈ, ਵਰਗੇ ਸੁਆਲ ਆਪਣੇ ਜਵਾਬ ਸਮੇਤ ਇਸ ਪੁਸਤਕ ਵਿਚ ਸ਼ਾਮਲ ਹਨ। ਭਾਵੇਂ ਮੁਜ਼ਾਰਾ ਲਹਿਰ ਨੂੰ ਸੇਧ ਦੇਣ ਵਾਲੀ ਖੱਬੇ ਪੱਖੀ ਵਿਚਾਰਧਾਰਾ ਪੂੰਜੀਵਾਦੀ ਵਿਵਸਥਾ ਦੇ ਜ਼ੋਰ ਫੜਨ ਨਾਲ ਆਪਣੇ ਪੁਰਾਣੇ ਜਲੌਅ ਵਿਚ ਵਿਖਾਈ ਨਹੀਂ ਦਿੰਦੀ ਪਰ ਮੁਜ਼ਾਰਾ ਲਹਿਰ ਨੂੰ ਜੇਤੂ ਮੁਕਾਮ ਤਕ ਲੈ ਕੇ ਜਾਣ ਵਾਲੇ ਯੋਧੇ ਆਪਣੀ ਨਿਰਸੁਆਰਥ ਲੋਕ ਪ੍ਰਤੀਬੱਧਤਾ ਕਾਰਨ ਅੱਜ ਲੋਕਾਂ ਦੇ ਸਤਿਕਾਰ ਦੇ ਪਾਤਰ ਬਣੇ ਹੋਏ ਹਨ।

ਕਿਸੇ ਇਤਿਹਾਸਕ ਲੋਕ ਪੱਖੀ ਲਹਿਰ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਨਾਵਲ, ਕਹਾਣੀਆਂ ਜਾਂ ਨਾਟਕਾਂ ਦਾ ਪਾਤਰ ਬਣਾਉਣ ਵੇਲੇ ਲੇਖਕ ਨੂੰ ਵਿਸ਼ੇਸ਼ ਪ੍ਰਕਾਰ ਦੀਆਂ ਸਾਵਧਾਨੀਆਂ ਵਰਤਣੀਆਂ ਪੈਂਦੀਆਂ ਹਨ। ਇਸ ਪੁਸਤਕ ਦੇ ਲੇਖਕ ਨੇ ਵੀ ਲੋਕ ਮਨਾਂ ਵਿਚ ਵਸਦੇ ਇਨ੍ਹਾਂ ਪਾਤਰਾਂ ਨਾਲ ਪੂਰਾ ਨਿਆਂ ਕਰਨ ਲਈ ਇਨ੍ਹਾਂ ਬਾਰੇ ਜਾਣਕਾਰੀ ਦੇ ਸਕਦੇ ਹਰ ਸੰਭਵ ਸਰੋਤ ਦੀ ਮਦਦ ਲਈ ਹੈ ਤੇ ਇਨ੍ਹਾਂ ਬਾਰੇ ਲਿਖੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਵੀ ਨਿੱਠ ਕੇ ਅਧਿਐਨ ਕੀਤਾ ਹੈ। ਲੇਖਕ ਦੀ ਲੋਕ ਲਹਿਰਾਂ ਨਾਲ ਰਹੀ ਆਪਣੀ ਮਾਨਸਿਕ ਨੇੜਤਾ ਵੀ ਇਸ ਪੁਸਤਕ ਵਿਚਲੇ ਇਤਿਹਾਸਕ ਵੇਰਵਿਆਂ ਨੂੰ ਪ੍ਰਮਾਣਿਕ ਬਣਾਉਣ ਵਿਚ ਸਹਾਈ ਬਣੀ ਹੈ। ਹਥਿਆਰਬੰਦ ਲੜਾਈਆਂ ਨਾਲ ਸਬੰਧਤ ਘਟਨਾਕ੍ਰਮ ਦਾ ਸਟੇਜੀ ਮੰਚਨ ਕਰਨਾ ਵੀ ਬਹੁਤ ਔਖਾ ਕਾਰਜ ਹੈ ਪਰ ਨਾਟਕਾਂ ਦੇ ਪਾਤਰਾ ਦੇ ਆਪਸੀ ਸੰਵਾਦ ਰਾਹੀਂ ਲੜਾਈ ਦੇ ਦ੍ਰਿਸ਼ ਸਕਾਰ ਕਰਨ ਦੀ ਜੁਗਤ ਦੀ ਵਰਤੋਂ ਕਰ ਕੇ ਨਾਟਕਕਾਰ ਨੇ ਇਹ ਕੰਮ ਆਸਾਨ ਬਣਾ ਲਿਆ ਹੈ। ਨਾਟਕ ਦੇ ਪਾਤਰਾਂ ਦਾ ਆਪਸੀ ਸੰਵਾਦ ਉਸ ਸਮੇਂ ਦੀ ਵਲ- ਛਲ ਰਹਿਤ ਤੇ ਜਬਰ ਜ਼ੁਲਮ ਵਿਰੋਧੀ ਲੋਕ ਮਾਨਸਿਕਤਾ ਨੂੰ ਸਜੀਵਤਾ ਪ੍ਰਦਾਨ ਕਰਨ ਵਾਲਾ ਹੈ। ਇਸ ਨਾਟਕ ਲੜੀ ਵਿਚ ਮੁਜ਼ਾਰਿਆਂ ਤੇ ਬਿਸਵੇਦਾਰਾਂ ਦੀ ਟੱਕਰ ਦੇ ਤਰਤੀਬੱਧ ਰੂਪ ਵਿਚ ਪੇਸ਼ ਹੋਏ ਵੇਰਵੇ ਉਸ ਦੀ ਨਾਟ ਸਿਰਜਣਾ ਨੂੰ ਇਕ ਅਨੁਸ਼ਾਸਨ ਵਿਚ ਬੰਨ੍ਹ ਕੇ ਰੱਖਦੇ ਹਨ। ਇਹ ਵੱਡੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣ ਲਈ ਡਾ. ਜਗਜੀਤ ਸਿੰਘ ਕੋਮਲ ਸ਼ਲਾਘਾ ਦਾ ਹੱਕਦਾਰ ਹੈ। 240 ਪੰਨਿਆਂ 'ਤੇ ਆਧਾਰਿਤ 250 ਰੁਪਏ ਮੁੱਲ ਦੀ ਇਹ ਪੁਸਤਕ ਸਾਹਿਬਦੀਪ ਪਬਲੀਕੇਸ਼ਨਜ਼ ਭੀਖੀ ਨੇ ਛਾਪੀ ਹੈ।

# 'ਚਮਚਿਆਂ ਦੇ ਸੱਤੀਂ ਕੱਪੜੀਂ ਅੱਗ'

**ਵਿਅੰਗ**

ਜਦੋਂ ਤੋਂ ਭਾਰਤੀ ਲੋਕ ਸਭਾ ਦੇ ਸਕੱਤਰੇਤ ਵਲੋਂ ਤਾਜ਼ਾ ਜਾਰੀ ਕੀਤੇ ਗਏ ਕਿਤਾਬਚੇ ਵਿਚ ਗੈਰ-ਸੰਸਦੀ ਸ਼ਬਦਾਂ ਦੀ ਸੂਚੀ 'ਚ ਸ਼ਾਮਲ ਕੀਤੇ ਗਏ ਸ਼ਬਦਾਂ ਵਿਚ 'ਚਮਚਾ' ਅਤੇ 'ਚਮਚਾਗੀਰੀ' ਵਰਗੇ ਮਨਮੋਹਕ ਸ਼ਬਦਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਉਦੋਂ ਤੋਂ ਚਮਚਿਆਂ ਦੇ ਸੱਤੀਂ ਕੱਪੜੀਂ ਅੱਗ ਲੱਗੀ ਹੋਈ ਹੈ। ਉਹ ਭੱਠੀ 'ਚੋਂ ਭਖਦੀਆਂ ਲਾਟਾਂ ਵਾਂਗ ਮਚੇ ਪਏ ਹਨ। ਉਹ ਤਾਂ 'ਚਮਚੇ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਬਚਾਉ ਦੇਸ਼ ਬਚਾਉ' ਦਾ ਕੌਮੀ ਅੰਦੋਲਨ ਛੇੜਨ ਦਾ ਪ੍ਰੋਗਰਾਮ ਬਣਾਉਣ ਲੱਗੇ ਸਨ ਪਰ ਅਸੀਂ ਉਨ੍ਹਾਂ ਨੂੰ ਇਹ ਕਹਿ ਕੇ ਠੰਡੇ ਕੀਤਾ ਕਿ ਲੋਕ ਸਭਾ ਦੇ ਸਪੀਕਰ ਜਨਾਬ ਓਮ ਬਿਰਲਾ ਜੀ ਨੇ ਕਿਹਾ ਹੈ ਕਿ ਸ਼ਬਦਾਂ 'ਤੇ ਪਾਬੰਦੀ ਨਹੀਂ ਲਗਾਈ ਗਈ ਪਰ ਇਕ ਸੂਚੀ ਜਾਰੀ ਕੀਤੀ ਗਈ ਹੈ ਕਿ ਇਹ ਸ਼ਬਦ ਬੋਲਣ 'ਤੇ ਇਨ੍ਹਾਂ ਨੂੰ ਸਦਨ ਦੀ ਕਾਰਵਾਈ ਵਿਚੋਂ ਕੱਢ ਦਿੱਤਾ ਜਾਏਗਾ।

ਪਰ ਚਮਚਿਆਂ ਨੂੰ ਇਤਰਾਜ਼ ਤਾਂ ਇਸ ਗੱਲ ਦਾ ਹੈ ਕਿ ਆਖਿਰ ਵਧੇਰੇ ਚਮਚੇ ਤਾਂ ਲੀਡਰਾਂ ਦੇ ਹੀ ਹੁੰਦੇ ਹਨ ਤੇ ਉਹ ਵੀ ਸੱਤਾਧਾਰੀ ਪਾਰਟੀ ਦੇ ਲੀਡਰਾਂ ਦੇ, ਫਿਰ ਭਲਾ ਆਪਣਿਆਂ ਨੇ ਹੀ ਉਨ੍ਹਾਂ ਦੀ ਪਿੱਠ ਵਿਚ ਛੁਰਾ ਕਿਉਂ ਮਾਰਿਆ?

"ਦੁਸ਼ਮਨੋਂ ਕੀ ਦੁਸ਼ਮਨੀ ਕਾ ਕੋਈ ਗਿਲਾ ਨਾ ਥਾ, ਦਿਲ ਤੋ ਤੋੜ ਦੀਆ ਦੋਸਤੋਂ ਕੀ ਦੁਸ਼ਮਨੀ ਨੇ"।

ਭਲਾ ਚਮਚਿਆਂ ਜਾਂ ਚਮਚਾਗੀਰੀ ਤੋਂ ਬਿਨਾਂ ਸਾਡੇ ਮਹਾਨ ਦੇਸ਼ ਦੇ ਸਿਆਸਤਦਾਨਾਂ ਦਾ ਕੰਮ ਕਿਵੇਂ ਚੱਲੂ? ਉਨ੍ਹਾਂ ਦੀ ਹਵਾ ਕੌਣ ਬੰਨ੍ਹੂ? ਉਨ੍ਹਾਂ ਲਈ ਡੌਰੂ ਕੌਣ ਵਜਾਊ"? ਛਨ ਛਨਾ ਨਨ ਛਨ ਕਰਦਿਆਂ ਕਿਹੜਾ ਚਮਚਾ ਖੜਕੂ? ਸੋ, ਚਮਚਿਆਂ ਨੇ ਇਕ ਮਹਾਂ-ਸਭਾ ਕਰ ਕੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਉਹ ਤਾਂ ਖੂਬ ਖੜਕਣਗੇ, ਖੁਸ਼ੀ ਨਾਲ ਚਮਚਾਗੀਰੀ ਕਰਨਗੇ, ਕਾਰਵਾਈ 'ਚੋਂ ਨਿਕਲਣ ਦਾ ਉਨ੍ਹਾਂ ਨੂੰ ਕੋਈ ਤੌਖਲਾ ਨਹੀਂ।

ਅਸੀਂ ਵੀ ਸੋਚਿਆ ਕਿ ਜੇ ਚਮਚੇ, ਚਮਚੇ ਹੋ ਕੇ ਵੀ ਐਨੀਂ ਚੂੰ-ਚੜਕ ਕਰਨ ਦੀ ਦਲੇਰੀ ਦਿਖਾ ਸਕਦੇ ਹਨ ਤਾਂ ਸਾਨੂੰ ਕਿਹੜਾ ਕਿਸੇ ਕੀੜੇ ਨੇ ਕੱਟਿਆ ਕਿ ਅਸੀਂ ਇਸ ਮਹਾਨ ਸ਼੍ਰੇਣੀ ਬਾਰੇ ਕੁਝ ਲਿਖ ਵੀ ਨਾ ਸਕੀਏ?



ਚਮਚਾਗੀਰੀ ਗੋਭੀ ਦੇ ਫੁੱਲ ਨੂੰ ਗੁਲਾਬ ਦਾ ਫੁੱਲ ਕਹਿਣ ਦੀ ਕਲਾ ਹੈ। ਨਿਰਾ ਕਹਿਣ ਦੀ ਹੀ ਨਹੀਂ ਬਲਕਿ ਅਗਲੇ ਨੂੰ ਅਜਿਹਾ ਮਨਵਾਉਣ ਦਾ ਗੁਰ ਹੈ। ਭਾਵੇਂ ਐਡਮੰਡ ਬਰਕ ਅਨੁਸਾਰ 'ਚਮਚਾਗੀਰੀ ਜਾਂ ਚਾਪਲੂਸੀ ਕਰਨ ਅਤੇ ਕਰਵਾਉਣ ਵਾਲੇ ਦੋਵਾਂ ਨੂੰ ਖਰਾਬ ਕਰਦੀ ਹੈ' ਪਰ ਇਹ ਕੀਤੀ ਅਤੇ ਕਰਵਾਈ ਬਹੁਤ ਜਾਂਦੀ ਹੈ।

ਚਮਚਾਗੀਰੀ ਪ੍ਰਸ਼ੰਸਾ ਨਹੀਂ ਹੁੰਦੀ। ਪ੍ਰਸ਼ੰਸਾ ਹੱਕਦਾਰ ਦੀ ਹੁੰਦੀ ਹੈ, ਚਾਪਲੂਸੀ ਨਾਹਕ ਦੀ। ਇਕ ਜਾਇਜ਼ ਹੈ, ਦੂਜੀ ਨਾਜਾਇਜ਼। ਚਮਚਾਗੀਰੀ ਵਿਚ ਚਮਚੇ ਅਤੇ ਚਮਚਾਗੀਰੀ ਕਰਵਾਉਣ ਵਾਲੇ ਦੋਨਾਂ ਦਾ ਲਾਭ ਹੁੰਦਾ ਹੈ। ਝੋਲੀ ਚੁੱਕ ਨੂੰ ਉਹ ਕੁਝ ਮਿਲ ਜਾਂਦਾ ਹੈ ਜਿਸ ਦਾ ਉਹ ਅਧਿਕਾਰੀ ਨਹੀਂ ਅਤੇ ਮੱਖਣ ਲਗਾਉਣ ਵਾਲੇ ਨੂੰ ਵੀ ਉਹ ਕੁਝ ਮਿਲ ਜਾਂਦਾ ਹੈ ਜਿਸ ਦਾ ਉਹ ਵੀ ਹੱਕਦਾਰ ਨਹੀਂ ਹੁੰਦਾ। ਚਮਚਾਗੀਰੀ ਇਕ ਬਲਵਰਧਕ ਵਿਟਾਮਿਨ ਦੇ ਕੈਪਸੂਲ ਜਾਂ ਟੌਨਿਕ ਵਾਂਗ ਕੰਮ ਕਰਦੀ ਹੈ। ਆਪਾਂ ਇਸ ਨੂੰ 'ਵਿਟਾਮਿਨ ਐਫ' (ਫਲੈਟਰੀ) ਕਹਿ ਲੈਂਦੇ ਹਾਂ। ਫਲੈਟਰੀ ਦਾ ਅਰਥ ਚਾਪਲੂਸੀ ਹੁੰਦਾ ਹੈ। ਇਸ ਦਾ ਸੇਵਨ ਕਰਵਾ ਕੇ ਤੁਸੀਂ ਉਹ ਕੁਝ ਹਾਸਲ ਕਰ ਸਕਦੇ ਹੋ ਜਿਸ ਦਾ ਤੁਸੀਂ ਸੁਪਨਾ ਵੀ ਨਹੀਂ ਲਿਆ ਹੁੰਦਾ। ਤੁਸੀਂ ਉਚੇ ਤੋਂ ਉਚਾ ਅਹੁਦਾ ਮੱਲ ਸਕਦੇ ਹੋ ਭਾਵੇਂ ਤੁਹਾਨੂੰ ਇੱਲ੍ਹ ਦਾ ਨਾਂ ਕੋਕੋ ਨਾ ਆਉਂਦਾ ਹੋਵੇ। ਤੁਸੀਂ ਰਾਤੋ-ਰਾਤ ਵਿਦਵਾਨ\ਦਾਨਿਸ਼ਵਰ ਬਣ ਸਕਦੇ ਹੋ, ਬੇਸ਼ੱਕ ਤੁਹਾਡੀ ਅਕਲ ਦਾ ਘੋੜਾ ਤੁਹਾਡੇ ਘਰ ਦੀ ਸਰਦਲ ਤਕ ਵੀ ਨਾ ਦੌੜ ਸਕਦਾ ਹੋਵੇ। ਚਾਪਲੂਸ ਨੂੰ ਚਮਚਾਗੀਰੀ ਉਹ ਕੁਝ ਦੇ ਦਿੰਦੀ ਹੈ ਜੋ ਉਹ ਮਿਹਨਤ ਜਾਂ ਮੈਰਿਟ ਨਾਲ ਨਹੀਂ ਹਾਸਲ ਕਰ ਸਕਦਾ। ਹੱਕਦਾਰ ਹੱਕਾਂ ਲਈ ਹੱਥ ਹੀ ਮਲਦਾ ਰਹਿ ਜਾਂਦੈ ਪਰ ਚਮਚਾ ਹੱਥਾਂ ਉਪਰ ਸਰ੍ਹੋਂ ਜਮਾ ਹੱਕ ਹਥਿਆ ਆਪਣੇ ਰਾਹ ਪੈਂਦਾ ਹੈ। ਵਿਚਾਰਾ ਸ਼ੇਕਸਪੀਅਰ ਦੁਹੱਥੜੀ ਪਿੱਟਦਾ ਰਹਿ ਜਾਂਦਾ ਹੈ ਕਿ 'ਕਾਸ਼! ਦੌਲਤਾਂ, ਸਨਦਾਂ ਅਤੇ ਅਹੁਦੇ ਭ੍ਰਿਸ਼ਟਾਚਾਰ ਰਾਹੀਂ ਨਾ ਪ੍ਰਾਪਤ ਕੀਤੇ ਹੁੰਦੇ'! ਸੋਲ੍ਹਵੀਂ ਤੋਂ ਇਕੀਵੀਂ ਸਦੀ ਆ ਗਈ ਹੈ ਪਰ ਇਸ ਸਤਰ ਦੇ ਅੱਖਰ ਉਵੇਂ ਦੇ ਉਵੇਂ ਤਰਲਾਹਾਰ ਹਨ। ਚਮਚਿਆਂ ਦੀਆਂ ਚਾਰ ਕਿਸਮਾਂ ਹਨ। ਸਭ ਤੋਂ ਪਹਿਲਾਂ 'ਪਰੋਸਵੇਂ-ਚਮਚੇ' ਜਾਣੀ 'ਸਰਵਿਸ ਸਪੂਨ' ਹਨ। ਆਪਾਂ ਇਨ੍ਹਾਂ ਨੂੰ 'ਕੜਛੇ' ਵੀ ਕਹਿ ਸਕਦੇ ਹਾਂ। ਇਸ ਤੋਂ ਹੇਠਾਂ ਵੱਡੇ ਚਮਚੇ ਜਾਣੀ 'ਟੇਬਲ ਸਪੂਨ' ਆਉਂਦੇ ਹਨ। ਫਿਰ ਛੋਟੇ ਜਾਂ ਸਧਾਰਨ ਚਮਚੇ ਜਾਣੀ 'ਟੀ-ਸਪੂਨ' ਅਤੇ ਸਭ ਤੋਂ ਹੇਠਲੀ ਸ਼੍ਰੇਣੀ ਵਿਚ ਪਿੰਦੀ ਚਮਚੇ ਭਾਵ 'ਟੋਇ ਸਪੂਨ' ਆਉਂਦੇ ਹਨ।

ਚਮਚਿਆਂ ਦੀ ਇਸ ਵਰਣ-ਵੰਡ ਵਿਚ ਕੜਛਿਆਂ ਨੇ ਇਸ ਕੋਮਲ ਕਲਾ ਦੀ ਪੀ.ਐਚਡੀ. ਕੀਤੀ ਹੁੰਦੀ ਹੈ, ਵੱਡੇ ਚਮਚਿਆਂ ਨੇ ਐਮ.ਏ, ਛੋਟਿਆਂ ਨੇ ਬੀ.ਏ. ਅਤੇ ਪਿੱਦਿਆਂ ਨੇ ਦਸਵੀਂ ਕੀਤੀ ਹੁੰਦੀ ਹੈ। ਕੜਛੇ ਸਫੈਦਪੋਸ਼ ਚਮਚੇ ਹੁੰਦੇ ਹਨ, ਜੋ ਸਿਖਰਲੀ ਟੀਸੀ ਉਪਰ ਬਿਰਾਜਮਾਨ ਹੋਣ ਵਾਲਿਆਂ ਦੇ ਇਰਦ-ਗਿਰਦ ਇਸ ਤਰ੍ਹਾਂ ਭਿਣ-ਭਿਣਾਉਂਦੇ ਰਹਿੰਦੇ ਹਨ ਜਿਦਾਂ ਸ਼ਹਿਦ ਦੀ ਮੱਖੀ ਫੁੱਲਾਂ ਦੁਆਲੇ ਭਿਣ-ਭਿਣਾਉਂਦੀ ਹੈ! ਇਹ 'ਸਟੈਂਡਰਡ' ਦੀ ਚਮਚਾਗੀਰੀ ਕਰਦੇ ਹਨ। ਟੇਬਲ ਸਪੂਨ ਕੜਛਿਆਂ ਦੇ ਵਿਰੋਧੀ ਹੁੰਦੇ ਹਨ ਜੋ ਮੌਕਾ ਮਿਲਦਿਆਂ ਹੀ ਕੜਛੇ ਬਣਨਾ ਲੋਚਦੇ ਹਨ। ਇਹ ਵਿਰੋਧੀ ਪਾਰਟੀ ਦੇ ਬੈਂਚਾਂ ਉਪਰ ਰੂਲਿੰਗ ਪਾਰਟੀ ਦੇ ਬੈਂਚਾਂ ਨੂੰ ਮੱਲਣ ਦੀ ਤਾਕ ਵਿਚ ਬੈਠਦੇ ਹਨ। ਸਾਧਾਰਨ ਚਮਚੇ ਸਹਾਇਕ ਸ਼੍ਰੇਣੀ ਵਿਚ ਸ਼ਾਮਲ ਹਨ। ਸਭ ਤੋਂ ਹੇਠਲੀ ਸ਼੍ਰੇਣੀ ਦੇ ਚਮਚਿਆਂ ਉਪਰ ਅੰਗਰੇਜ਼ੀ ਕਵੀ ਮਿਲਟਨ ਦੀ ਲਾਈਨ 'ਜੋ ਸੇਵਾ ਦੀ ਉਡੀਕ ਵਿਚ ਖੜ੍ਹੇ ਰਹਿੰਦੇ ਹਨ, ਉਹ ਵੀ ਸੇਵਕ ਹੀ ਹੁੰਦੇ ਹਨ' ਪੂਰੀ ਢੁਕਦੀ ਹੈ। ਇਹ ਵਿਚਾਰੇ ਬੌਸ ਦੇ ਤਾਂ ਨੇੜੇ ਨਹੀਂ ਫਟਕ ਸਕਦੇ, ਇਸ ਲਈ ਤੇਰ-ਮੇਰ ਅੱਗੇ ਪੂਛ ਹਿਲਾ ਕੇ ਆਪਣਾ ਝੱਸ ਪੂਰਾ ਕਰਦੇ ਹਨ।

ਸਮੁੱਚੇ ਤੌਰ 'ਤੇ ਚਾਪਲੂਸ ਇਕ ਬਹੁ-ਰੰਗੀ, ਅਦਭੁਤ ਜੀਵ ਹੁੰਦਾ ਹੈ। ਇਸ ਦਾ ਰੰਗ ਗਿਰਗਿਟ ਦਾ, ਸ਼ਕਲ ਲੇਲੇ ਦੀ, ਜੀਭ ਤੋਤੇ ਦੀ (ਭਾਵ ਜੀ-ਹਜ਼ੂਰੀ), ਗਰਦਨ ਖੋਤੇ ਦੀ (ਮਾਲਿਕ ਅੱਗੇ ਸਿਰ ਝੁਕਾਈ ਰੱਖਣਾ), ਅੱਖ ਬਾਜ਼ ਦੀ, ਚੁਸਤੀ ਕਾਂ ਦੀ, ਸ਼ਰਾਰਤ ਬਾਂਦਰ ਦੀ, ਮੱਕਾਰੀ ਲੂੰਬੜੀ ਦੀ, ਵਿਭਚਾਰੀ ਕੁੱਤੇ ਦੀ, ਭਗਤੀ ਬਗਲੇ ਦੀ, ਜ਼ਹਿਰ ਖੜੱਪੇ ਦੀ ਹੁੰਦੀ ਹੈ। ਮੱਖਣਬਾਜ਼ ਬੜ੍ਹਕ ਮਾਰਨ ਲੱਗਿਆਂ ਸਾਹਨ ਅਤੇ ਮੋਕ ਮਾਰਨ ਲੱਗਿਆਂ ਗਊ ਦਾ ਜਾਇਆ ਹੁੰਦਾ ਹੈ। ਲੋੜ ਪੈਣ 'ਤੇ ਗਧੇ ਨੂੰ ਬਾਪ ਅਤੇ ਲੋੜ ਪੁੱਗਣ 'ਤੇ ਬਾਪ ਨੂੰ ਗਧਾ ਕਹਿ ਸਕਦਾ ਹੈ। ਉਹ ਤੁਹਾਡੇ ਬੱਚੇ ਲਈ ਲੌਲੀਪਾਪ\ਚਾਕਲੇਟ ਲਿਆਏਗਾ ਪਰ ਅੱਖ ਤੁਹਾਡੀ ਪਤਨੀ 'ਤੇ ਰੱਖੇਗਾ।

ਬੌਸ ਦੀ ਜੀ ਹਜ਼ੂਰੀ ਕਰਨਾ ਚਮਚਿਆਂ ਦਾ ਪਰਮ-ਧਰਮ ਹੁੰਦਾ ਹੈ। ਬੌਸ ਜੇ ਔਰਤ ਹੋਵੇ ਫਿਰ ਤਾਂ ਕਹਿਣੇ ਹੀ ਕੀ! ਉਨ੍ਹ ਦੇ ਲਿਬੜਾਂ ਵਰਗੇ ਬੁੱਲ੍ਹਾਂ ਨੂੰ ਸੰਤਰੇ ਦੀਆਂ ਫਾੜੀਆਂ, ਹਾਥੀ-ਦੰਦਾਂ ਵਾਂਗ ਬਾਹਰ ਦੀ ਹਵਾ ਫੱਕ ਰਹੇ ਦੰਦੋੜੇ ਨੂੰ ਚਿੱਟੇ ਮੋਤੀ ਸੱਦੇਗਾ। ਹਰ ਚਮਚਾ ਇਸ ਸੁਨਹਿਰੀ ਸਿਧਾਂਤ ਦਾ ਧਾਰਨੀ ਹੁੰਦਾ ਹੈ ਕਿ ਜੇ ਲਿੱਦ ਹੀ ਚੁੱਕਣੀ ਹੈ ਤਾਂ ਹਾਥੀ ਦੀ ਚੁੱਕੋ, ਕਿਸੇ ਗਧੇ-ਘੋੜੇ ਦੀ ਕਿਉਂ ਚੁੱਕਣੀ। ਉਹ ਜਾਣਦੈ ਕਿ ਹਾਥੀ ਕੇ ਪਾਓਂ ਮੇਂ ਸਭੀ ਕਾ ਪਾਓਂ! ਬੌਸ\ਅਫਸਰ ਦੀਆਂ ਗਾਲ੍ਹਾਂ ਨੂੰ ਉਹ ਦੁੱਧ-ਘਿਓ ਦੀਆਂ ਨਾਲਾਂ ਸਮਝਦਾ ਹੈ। 'ਕਿਤਨੇ ਸ਼ੀਰੀਂ ਹੈਂ ਤੇਰੇ ਲਬ ਕਿ ਰਕੀਬ ਗਾਲੀਆਂ ਖਾ ਕੇ ਭੀ ਬੇਮਜ਼ਾ ਨਾ ਹੂਆ' (ਗਾਲਿਬ)। ਅਜਿਹੇ ਲੋਕਾਂ ਲਈ ਹੀ ਸ਼ਾਇਦ ਮਿਰਜ਼ਾ ਗਾਲਿਬ ਨੇ ਹੋਰ ਕਿਹਾ ਸੀ-'ਹੂਆ ਹੈ ਸ਼ਾਹ ਕਾ ਮੁਸਾਹਿਬ ਫਿਰੇ ਹੈ ਇਤਰਾਤਾ,\ਵਰਨਾ ਸ਼ਹਿਰ ਮੇਂ ਗਾਲਿਬ ਕੀ ਆਬਰੂ ਕਿਆ ਹੈ"। ਚਾਪਲੂਸ ਸਰਬ-ਸਥਾਨੀ ਜੀਵ ਹੈ। ਹਰ ਪਿੜ ਵਿਚ ਤੁਹਾਡੀ ਇਸ ਨਾਲ ਮੁਲਾਕਾਤ ਹੋ ਜਾਵੇਗੀ। ਸਿਆਸੀ ਆਗੂਆਂ, ਖਾਸ ਤੌਰ 'ਤੇ ਸੱਤਾਧਾਰੀਆਂ, ਵੱਡੇ ਅਫਸਰਾਂ, ਮਾਲਦਾਰਾਂ ਆਦਿ ਕੋਲ ਖੁਸ਼ਾਮਦੀ ਟੱਟੂ ਬਹੁਤ ਹੁੰਦੇ ਹਨ। ਉਹ ਦਿਨ ਦੂਰ ਨਹੀਂ ਜਦ ਬਰਸਾਤੀ ਡੱਡੂਆਂ ਵਾਂਗ ਚਾਪਲੂਸਾਂ\ਚਮਚਿਆਂ\ਮੱਖਣਬਾਜ਼ਾਂ ਦੀ ਗਿਣਤੀ ਐਨੀ ਵਧ ਜਾਏਗੀ ਕਿ ਸਾਡੇ ਸੱਜੇ-ਖੱਬੇ, ਥੱਲੇ-ਉਤੇ ਅਤੇ ਆਸੇ-ਪਾਸੇ ਚਮਚੇ ਹੀ ਚਮਚੇ ਹੋਣਗੇ। ਅਸੀਂ ਇਨ੍ਹਾਂ ਦੀ ਛਨ ਛਨਾ ਨਨ ਛਨ ਸੁਣ ਕੇ ਪੁਕਾਰ ਉਠਾਂਗੇ-

'ਬਰਬਾਦੀ-ਏ-ਗੁਲਸ਼ਨ ਕੇ ਲੀਏ ਏਕ ਹੀ ਉਲੂ (ਚਮਚਾ) ਕਾਫੀ ਥਾ,
ਹਰ ਸ਼ਾਖ ਪੇ ਉਲੂ (ਚਮਚਾ) ਬੈਠਾ ਹੈ, ਅੰਜਾਮ-ਏ-ਗੁਲਿਸਤਾਂ ਕਯਾ ਹੋਗਾ?

# ਮੋਦੀ ਤੋਂ ਕਾਬੂ ਨਹੀਂ ਆ ਰਿਹਾ ਅਰਥਚਾਰਾ

ਭਾਰਤੀ ਰਿਜ਼ਰਵ ਬੈਂਕ ਨੇ ਰੈਪੋ ਰੇਟ ਵਿਚ 50 ਅੰਕਾਂ ਦਾ ਵਾਧਾ ਕਰਕੇ ਇਸ ਨੂੰ 4.90 ਫੀਸਦੀ ਕਰ ਦਿੱਤਾ ਹੈ (ਰੈਪੋ ਰੇਟ ਉਹ ਦਰ ਹੈ ਜਿਸ 'ਤੇ ਭਾਰਤੀ ਰਿਜ਼ਰਵ ਬੈਂਕ ਦੂਸਰੇ ਬੈਂਕਾਂ ਨੂੰ ਕਰਜ਼ਾ ਦੇ ਕੇ ਵਿਆਜ ਦਰ ਪ੍ਰਾਪਤ ਕਰਦਾ ਹੈ)। ਇਸ ਵਾਧੇ ਦਾ ਉਦੇਸ਼ ਲਗਾਤਾਰ ਚੱਲ ਰਹੀ ਮਹਿੰਗਾਈ ਜਿਹੜੀ ਹੁਣ 6.7 ਫੀਸਦੀ ਹੈ, ਉੱਤੇ ਰੋਕ ਲਾਉਣਾ ਹੈ ਪਰ ਖਦਸ਼ਾ ਹੈ ਕਿ ਭਾਰਤ ਵਿਚ ਚੱਲ ਰਹੀ ਸਥਿਰ ਰੁਜ਼ਗਾਰ ਪਰ ਮਹਿੰਗਾਈ ਦੀ ਸਥਿਤੀ ਵਿਚ ਥੋੜ੍ਹੀ ਜਿਹੀ ਵਿਆਜ ਦਰ ਦਾ ਵਾਧਾ ਖਪਤ ਘਟਾਉਣ ਲਈ ਸਹਾਇਕ ਨਹੀਂ ਹੋਵੇਗਾ ਪਰ ਇਸ ਦੇ ਨਿਵੇਸ਼ 'ਤੇ ਕੁਝ ਉਲਟ ਪ੍ਰਭਾਵ ਪੈ ਸਕਦੇ ਹਨ। ਅੱਜ ਕੱਲ੍ਹ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 6 ਫੀਸਦੀ ਹੈ ਜਿਹੜੀ ਪਿਛਲੇ 40 ਸਾਲਾਂ ਵਿਚ ਸਭ ਤੋਂ ਵੱਧ ਹੈ। ਬੇਰੁਜ਼ਗਾਰੀ ਘਟਾਉਣ ਲਈ ਵੱਧ ਤੋਂ ਵੱਧ ਨਿਵੇਸ਼ ਹੋਣਾ ਚਾਹੀਦਾ ਹੈ ਜਿਸ ਲਈ 'ਚੋਣਵੀਂ ਮੁਦਰਾ ਨੀਤੀ' ਜ਼ਿਆਦਾ ਠੀਕ ਹੋ ਸਕਦੀ ਹੈ। ਪਿਛਲੇ ਤਿੰਨ ਦਹਾਕਿਆਂ ਵਿਚ ਵਿਆਜ ਦਰ ਵਿਚ



**ਡਾ. ਸ.ਸ. ਛੀਨਾ**

ਕਾਫੀ ਕਮੀ ਕੀਤੀ ਗਈ ਸੀ ਪਰ ਜੇ ਇਸ ਦਾ ਵਿਕਸਿਤ ਦੇਸ਼ਾਂ ਨਾਲ ਮੁਕਾਬਲਾ ਕਰੀਏ ਤਾਂ ਇਹ ਅਜੇ ਵੀ ਜ਼ਿਆਦਾ ਹੈ। ਉਨ੍ਹਾਂ ਵਿਕਸਿਤ ਦੇਸ਼ਾਂ ਵਿਚ ਕਰਜ਼ਾ ਲੈਣਾ ਆਸਾਨ ਵੀ ਹੈ ਅਤੇ ਉਹ ਬਹੁਤ ਘੱਟ ਵਿਆਜ ਦਰ 'ਤੇ ਮਿਲਦਾ ਹੈ। ਇਸ ਕਰਕੇ ਉਨ੍ਹਾਂ ਅਰਥਚਾਰਿਆਂ ਵਿਚ ਜਿੱਥੇ ਖਪਤ ਜ਼ਿਆਦਾ ਹੈ, ਉੱਥੇ ਨਿਵੇਸ਼ ਵੀ ਜ਼ਿਆਦਾ ਹੈ। ਖਪਤ ਕਰਜ਼ਾ ਬਹੁਤ ਆਸਾਨ ਅਤੇ ਸਸਤਾ ਹੋਣ ਕਰਕੇ ਉੱਥੇ ਆਰਥਿਕਤਾ ਵਿਚ ਵੱਧ ਉਤਪਾਦਨ ਲਈ ਉਤੇਜਿਤ ਕਰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਆਜ ਦਰ ਆਰਥਿਕਤਾ ਨੂੰ ਦਿਸ਼ਾ ਦੇਣ ਲਈ ਜ਼ਰੂਰੀ ਹਥਿਆਰ ਹੈ ਪਰ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਜੇ ਕਿਸੇ ਵਿਅਕਤੀ ਨੇ ਘਰੇਲੂ ਲੋੜਾਂ ਪੂਰੀਆਂ ਕਰਨੀਆਂ ਹਨ ਤਾਂ ਉਹ ਕਰਜ਼ੇ 'ਤੇ ਲੱਗੇ ਵਿਆਜ ਦਾ ਜ਼ਿਆਦਾ ਖਿਆਲ ਨਹੀਂ ਕਰਦਾ। ਖਪਤ ਅਤੇ ਨਿਵੇਸ਼ ਵਧਾਉਣ ਲਈ ਅਸਲ ਤੱਤ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਜੇ ਉਤਪਾਦਕ ਨੂੰ ਲਾਭ ਨਜ਼ਰ ਆਉਂਦਾ ਹੋਵੇ ਤਾਂ ਉਹ ਵੱਧ ਵਿਆਜ 'ਤੇ ਵੀ ਕਰਜ਼ਾ ਲੈ ਲੈਂਦਾ ਹੈ। ਇਸ ਤਰ੍ਹਾਂ ਹੀ ਜੇ ਜ਼ਰੂਰਤਾਂ ਪੂਰੀਆਂ ਕਰਨ ਲਈ ਵਸਤੂਆਂ ਦੀ ਲੋੜ ਹੋਵੇ ਤਾਂ ਵਿਆਜ ਦਾ ਤੱਤ ਕੋਈ ਮਹੱਤਤਾ ਨਹੀਂ ਰੱਖਦਾ। ਇਹ ਠੀਕ ਹੈ ਕਿ ਮਹਿੰਗਾਈ 'ਤੇ ਰੋਕ ਲੱਗਣੀ ਚਾਹੀਦੀ ਹੈ ਪਰ ਜ਼ਿਆਦਾ ਜ਼ਰੂਰੀ ਹੈ ਕਿ ਮੰਗ ਵਧੇ ਜਿਹੜੀ ਨਿਵੇਸ਼ ਨੂੰ ਪ੍ਰੇਰੇ ਤਾਂ ਕਿ ਰੁਜ਼ਗਾਰ ਵਧੇ ਜਿਸ ਦੇ ਸਿੱਟੇ ਵਜੋਂ ਆਰਥਿਕਤਾ ਵਿਚ ਤੇਜ਼ੀ ਆਵੇ। ਰਿਜ਼ਰਵ ਬੈਂਕ ਭਾਵੇਂ 7.2 ਫੀਸਦੀ ਵਿਕਾਸ ਦਰ ਦਾ ਦਾਅਵਾ ਕਰਦਾ ਹੈ ਪਰ ਅੱਜ ਦੀ ਧੁੰਦਲਕੇ ਵਾਲੀ ਸਥਿਤੀ ਵਿਚ ਇਹ ਤਾਂ ਸਮਾਂ ਹੀ ਸਾਬਿਤ ਕਰੇਗਾ।

ਪੱਛਮੀ ਅਤੇ ਵਿਕਸਿਤ ਦੇਸ਼ਾਂ ਵਿਚ ਵੀ ਹੁਣ ਵੱਖਰੀ ਤਰ੍ਹਾਂ ਦੀ ਮਹਿੰਗਾਈ ਚੱਲ ਰਹੀ ਹੈ। ਇਹ ਮਹਿੰਗਾਈ ਭਾਰਤ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਦੇਸ਼ਾਂ ਵਿਚ ਹੁਣ ਚੱਲ ਰਹੀ ਮਹਿੰਗਾਈ ਯੂਕਰੇਨ-ਰੂਸ ਜੰਗ ਕਰਕੇ ਹੈ ਜਿਸ ਨਾਲ ਉਨ੍ਹਾਂ ਦੇਸ਼ਾਂ ਵਿਚ ਵਸਤੂਆਂ ਅਤੇ ਸੇਵਾਵਾਂ ਦੀ ਥੁੜ ਪੈਦਾ ਹੋਈ ਹੈ ਪਰ ਭਾਰਤ ਦੀ ਮਹਿੰਗਾਈ ਪਿਛਲੇ 70 ਸਾਲਾਂ ਤੋਂ ਲਗਾਤਾਰ ਚੱਲ ਰਹੀ ਹੈ ਜਿਸ ਦਾ ਸਭ ਤੋਂ ਵੱਡਾ ਕਾਰਨ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਹਨ। ਇਨ੍ਹਾਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਨਾਲ ਉਤਪਾਦਨ ਦੀ ਲਾਗਤ ਅਤੇ ਢੁਆਈ ਦੇ ਖਰਚ ਵਿਚ ਵਾਧਾ ਹੋ ਜਾਂਦਾ ਹੈ ਅਤੇ ਕੀਮਤਾਂ ਵਧ ਜਾਂਦੀਆਂ ਹਨ। ਭਾਰਤ ਆਪਣੀਆਂਪੈਟਰੋਲੀਅਮ ਲੋੜਾਂ ਲਈ 83 ਫੀਸਦੀ ਪੈਟਰੋਲ ਅਤੇ ਡੀਜ਼ਲ ਵਿਦੇਸ਼ਾਂ ਤੋਂ ਦਰਾਮਦ ਕਰਦਾ ਹੈ। ਇਕ ਤਾਂ ਤੇਲ ਦੀ ਵਧਦੀ ਮੰਗ ਕਰਕੇ ਹਰ ਸਾਲ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ, ਫਿਰ ਭਾਰਤ ਨੂੰ ਜ਼ਿਆਦਾਤਰ ਪੈਟਰੋਲ ਲਈ ਡਾਲਰਾਂ ਵਿਚ ਭੁਗਤਾਨ ਕਰਨਾ ਪੈਂਦਾ ਹੈ। ਉਧਰ ਡਾਲਰਾਂ ਦੀ ਕੀਮਤ ਭਾਰਤੀ ਕਰੰਸੀ ਦੇ ਰੂਪ ਵਿਚ ਹਰ ਸਾਲ ਵਧ ਰਹੀ ਹੈ। ਅੱਜਕੱਲ੍ਹ ਡਾਲਰ ਦੀ ਕੀਮਤ ਭਾਰਤੀ ਕਰੰਸੀ ਦੇ ਰੂਪ ਵਿਚ 78 ਰੁਪਏ ਦੇ ਨਜ਼ਦੀਕ ਪਹੁੰਚ ਗਈ ਹੈ। ਇਸ ਲਈ ਵੀ ਭਾਰਤ ਨੂੰ ਜਦੋਂ ਜ਼ਿਆਦਾ ਰੁਪਏ ਭੇਜਣੇ ਪੈਂਦੇ ਹਨ ਤਾਂ ਉਸ ਨਾਲ ਭਾਰਤ ਵਿਚ ਤੇਲ ਕੀਮਤਾਂ



ਦਾ ਵਾਧਾ ਹੋ ਜਾਂਦਾ ਹੈ। ਇਸ ਕਾਰਨ ਆਮ ਕੀਮਤਾਂ ਵਧ ਜਾਂਦੀਆਂ ਹਨ। ਜਿੰਨਾ ਚਿਰ ਤੇਲ ਕੀਮਤਾਂ ਨਹੀਂ ਰੁਕਦੀਆਂ ਓਨਾ ਚਿਰ ਭਾਰਤੀ ਮਹਿੰਗਾਈ ਨਹੀਂ ਰੁਕ ਸਕਦੀ। ਇੱਥੇ ਰੈਪੋ ਰੇਟ ਦੇ ਵਾਧੇ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ।

ਜਦੋਂ ਵਿਆਜ ਦਰ ਵਧੇਗੀ ਤਾਂ ਉਸ ਨਾਲ ਨਿਵੇਸ਼ ਅਤੇ ਖਪਤ ਦੋਵੇਂ ਪ੍ਰਭਾਵਿਤ ਹੋਣਗੇ। ਅਰਥ ਸ਼ਾਸਤਰ ਦਾ ਨਿਯਮ ਹੈ ਕਿ ਮੰਗ ਵਧਣ ਨਾਲ ਪੂਰਤੀ ਆਪਣੇ ਆਪ ਵਧ ਜਾਂਦੀ ਹੈ। ਜੇ ਵਧਦੇ ਰੈਪੋ ਰੇਟ ਜਾਂ ਵਿਆਜ ਦਰ ਨਾਲ ਮੰਗ ਘਟੇਗੀ ਤਾਂ ਉਸ ਨਾਲ ਵਸਤੂਆਂ ਦੀ ਵਿਕਰੀ ਘਟੇਗੀ, ਹੋਰ ਵਸਤੂਆਂ ਬਣਾਉਣ ਦੀ ਲੋੜ ਨਹੀਂ ਪਵੇਗੀ। ਇਸ ਲਈ ਕਿਰਤੀਆਂ ਦੀ ਲੋੜ ਨਹੀਂਹੋਵੇਗੀ, ਰੁਜ਼ਗਾਰ ਨਹੀਂ ਵਧੇਗਾ ਸਗੋਂ ਪਹਿਲਾਂ ਵਾਲਾ ਰੁਜ਼ਗਾਰ ਵੀ ਘਟੇਗਾ। ਲੋਕਾਂ ਦੀਆਂ ਆਮਦਨਾਂ ਘਟਣਗੀਆਂ ਜਿਸ ਨਾਲ ਹੋਰ ਘੱਟ ਖਰੀਦ ਕਰਨ ਅਤੇ ਹੋਰ ਬੇਰੁਜ਼ਗਾਰੀ ਦਾ ਚੱਕਰ ਚੱਲੇਗਾ। ਇਸ ਤਰ੍ਹਾਂ ਦੀ ਹਾਲਤ ਨਾਲ ਰੈਪੋ ਰੇਟ ਨਾਲ ਮਹਿੰਗਾਈ ਹੋਰ ਵਧ ਸਕਦੀ ਹੈ, ਘਟ ਨਹੀਂ ਸਕਦੀ। ਇੱਥੇ 1929 ਵਿਚ ਦੁਨੀਆ ਭਰ ਵਿਚ ਫੈਲੀ ਮਹਾਂ-ਮੰਦੀ ਦੀ ਉਦਾਹਰਣ ਦੇਣੀ ਜ਼ਿਆਦਾ ਯੋਗ ਹੈ। ਉਸ ਵਕਤ ਜਦੋਂ ਪਹਿਲਾਂ ਉਦਯੋਗਿਕ ਵਸਤੂਆਂ ਦੀਆਂ ਕੀਮਤਾਂ ਘਟਣ ਲੱਗੀਆਂ ਤਾਂ ਇਸ ਨਾਲ ਉਦਯੋਗਿਕ ਇਕਾਈਆਂ ਬੰਦ ਹੋਣ ਲੱਗੀਆਂ ਅਤੇ ਕਿਰਤੀਆਂ ਦੀ ਛੁੱਟੀ ਹੋਣੀ ਸ਼ੁਰੂ ਹੋ ਗਈ। ਮੰਗ ਘਟਣ ਦਾ ਪ੍ਰਭਾਵ ਫਿਰ ਖੇਤੀ ਤੇ ਹੋਰ ਖੇਤਰਾਂ 'ਤੇ ਵੀ ਪੈਣ ਲੱਗਿਆ ਅਤੇ ਹੌਲੀ ਹੌਲੀ ਸਾਰੀ ਆਰਥਿਕਤਾ 'ਤੇ ਹੋਣ ਲੱਗ ਪਿਆ। ਇਹ ਅਸਰ ਇਕ ਦੇਸ਼ ਤੋਂ ਦੂਸਰੇ ਦੇਸ਼ ਫੈਲਦਾ ਹੋਇਆ ਸਾਰੀ ਦੁਨੀਆ ਵਿਚ ਹੀ ਫੈਲ ਗਿਆ ਅਤੇ ਬਹੁਤ ਵੱਡੀ ਬੇਰੁਜ਼ਗਾਰੀ ਫੈਲ ਗਈ। ਦੁਨੀਆ ਭਰ ਦੇ ਹਲਕਿਆਂ ਲਈ ਇਹ ਵੱਡੀ ਚਿੰਤਾ ਦੀ ਗੱਲ ਸੀ ਕਿਉਂ ਜੋ ਹਰ ਦੇਸ਼ ਵਿਚ ਇਸ ਨਾਲ ਬੇਚੈਨੀ ਸੀ।

ਉਂਜ, ਉਸ ਸਮੇਂ ਦੁਨੀਆ ਦਾ ਸਿਰਫ ਤੇ ਸਿਰਫ ਇਕ ਦੇਸ਼ ਸੋਵੀਅਤ ਯੂਨੀਅਨ ਹੀ ਅਜਿਹਾ ਦੇਸ਼ ਸੀ ਜਿੱਥੇ ਨਾ ਬੇਰੁਜ਼ਗਾਰੀ ਸੀ, ਨਾ ਕੀਮਤਾਂ ਘਟਣ ਜਾਂ ਵਧਣ ਦੀ ਕੋਈ ਸਮੱਸਿਆ ਸੀ ਕਿਉਂ ਜੋ ਉੱਥੇ ਸਭ ਕੁਝ ਸਰਕਾਰ ਦੇ ਹੱਥ ਸੀ। ਇੱਥੋਂ ਤੱਕ ਕਿ ਰੁਜ਼ਗਾਰ ਦਾ ਅਧਿਕਾਰ ਹਰ ਇਕ ਦਾ ਮੌਲਿਕ ਅਧਿਕਾਰ ਸੀ। ਦੁਨੀਆ ਭਰ ਦੀ ਨਜ਼ਰ ਸੋਵੀਅਤ ਯੂਨੀਅਨ 'ਤੇ ਸੀ ਪਰ ਪੱਛਮੀ ਦੇਸ਼ ਸੋਵੀਅਤ ਯੂਨੀਅਨ ਦਾ ਮਾਡਲ ਨਹੀਂ ਸਨ ਅਪਨਾਉਣਾ ਚਾਹੁੰਦੇ। ਉਸ ਵਕਤ ਉਸ ਵਕਤ ਦੇ ਪ੍ਰਸਿੱਧ ਅਰਥ ਸ਼ਾਸਤਰੀ ਡਾ. ਜੇਮਜ਼ ਕੇਨਜ਼ ਨੇ ਇਸ ਮਹਾਂ-ਮੰਦੀ ਦਾ ਇਹ ਠੀਕ ਕਾਰਨ ਲੱਭਿਆ ਕਿ ਇਹ ਸਭ ਕੁਝ ਮੰਗ ਵਿਚ ਕਮੀ ਆਉਣ ਕਰਕੇ ਹੋਇਆ ਅਤੇ ਮੰਗ ਵਧਾਉਣ ਨਾਲ ਹੀ ਦੁਬਾਰਾ ਉਤਪਾਦਕ ਇਕਾਈਆਂ ਵਿਚ ਕਿਰਤੀਆਂ ਦੀ ਲੋੜ ਵਧੇਗੀ। ਇਸ ਦੇ ਹੱਲ ਵਜੋਂ ਸਰਕਾਰੀ ਨਿਵੇਸ਼ ਵਧਾਉਣ, ਸਸਤਾ ਕਰਜ਼ਾ ਦੇਣ ਅਤੇ ਵਸਤੂਆਂ ਨੂੰ ਕਿਸ਼ਤਾਂ 'ਤੇ ਵੇਚਣ ਦੇ ਸੁਝਾਅ ਦਿੱਤੇ ਗਏ ਜਿਹੜੇ ਠੀਕ ਹੱਲ ਸਾਬਿਤ ਹੋਏ ਅਤੇ ਦੁਨੀਆ ਭਰ ਵਿਚ ਦੁਬਾਰਾ ਆਰਥਿਕ ਤੇਜ਼ੀ ਦਾ ਯੁੱਗ ਸ਼ੁਰੂ ਹੋ ਗਿਆ।

ਅੱਜਕੱਲ੍ਹ ਦੀ ਹਾਲਤ ਵਿਚ ਸਰਕਾਰ ਵੱਲੋਂ ਆਪ ਨਿਵੇਸ਼ ਕਰਨ ਦੀ ਲੋੜ ਹੈ। ਇਹ ਇਸ ਹਾਲਤ ਵਿਚ ਹੋਰ ਵੀ ਅਜੀਬ ਲੱਗਦਾ ਹੈ ਜਦੋਂ ਸਰਕਾਰ ਪਹਿਲਾਂ ਤੋਂ ਚੱਲ ਰਹੀਆਂ ਇਕਾਈਆਂ ਨੂੰ ਵੇਚ ਰਹੀ ਹੈ ਪਰ ਨਿਵੇਸ਼ ਤਾਂ ਨਿਵੇਸ਼ ਹੈ ਭਾਵੇਂ ਨਿੱਜੀ ਹੋਵੇ ਜਾਂ ਸਰਕਾਰੀ। ਜੇ ਨਿੱਜੀ ਨਿਵੇਸ਼ ਨਹੀਂ ਹੋ ਰਿਹਾ ਤਾਂ ਸਰਕਾਰੀ ਨਿਵੇਸ਼ ਹੋਣਾ ਚਾਹੀਦਾ ਹੈ। ਨਵੇਂ ਉੱਦਮੀਆਂ ਨੂੰ ਹੋਰ ਨਿਵੇਸ਼ ਲਈ ਉਤਸ਼ਾਹਿਤ ਕਰਨ ਲਈ ਮਹਿੰਗਾ ਨਹੀਂ ਸਗੋਂ ਸਸਤਾ ਕਰਜ਼ਾ ਮਿਲਣਾ ਚਾਹੀਦਾ ਹੈ।

ਅਸਲ ਵਿਚ ਮੁਦਰਾ ਅਤੇ ਵਿੱਤ ਨੀਤੀ ਦੇ ਜੋੜ ਵਿਚ ਚੋਣਵੇਂ ਢੰਗ ਜ਼ਿਆਦਾ ਠੀਕ ਹੋ ਸਕਦੇ ਹਨ ਜਿਵੇਂ ਕੁਝ ਵਸਤੂਆਂ ਲਈ ਖਪਤ ਕਰਜ਼ੇ 'ਤੇ ਰੋਕ ਪਰ ਕੁਝ ਵਸਤੂਆਂ ਲਈ ਆਸਾਨ ਅਤੇ ਸਸਤਾ। ਵਿਦੇਸ਼ੀ ਦਰਾਮਦ, ਜਿਸ ਨੇ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਦੇ ਨਿਯਮਾਂ ਦੇ ਲਾਗੂ ਹੋਣ ਕਰਕੇ ਭਾਰਤੀ ਵਸਤੂਆਂ ਦੀ ਜਗ੍ਹਾ ਲੈ ਲਈ ਹੈ, ਦਾ ਮੁਕਾਬਲਾ ਕਰਨ ਲਈ ਉਨ੍ਹਾਂ ਬਰਾਮਦ-ਮੁਖੀ ਇਕਾਈਆਂ ਲਈ ਸਸਤਾ ਕਰਜ਼ਾ ਅਤੇ ਟੈਕਸਾਂ ਤੋਂ ਛੋਟ। ਪੇਂਡੂ ਖੇਤਰ ਜਿੱਥੇ ਨਵੇਂ ਨਿਵੇਸ਼ ਦੇ ਬਹੁਤ ਮੌਕੇ ਹਨ ਉਸ ਨਿਵੇਸ਼ ਲਈ ਸਸਤੇ ਕਰਜ਼ੇ ਦੇ ਨਾਲ ਸਬਸਿਡੀ ਦੀ ਵਿਵਸਥਾ ਤਾਂ ਕਿ ਉਨ੍ਹਾਂ ਖੇਤਰਾਂ ਵਿਚ ਰੁਜ਼ਗਾਰ ਅਤੇ ਆਮਦਨ ਵਧੇ ਜਿਸ ਨਾਲ ਮੰਗ ਵਿਚ ਵਾਧਾ ਹੋਵੇ। ਬਰਾਮਦ ਨੂੰ ਦਰਾਮਦ ਤੋਂ ਵੱਧ ਕਰਨ ਨਾਲ ਹੀ ਡਾਲਰਾਂ ਦੀ ਕੀਮਤ ਵਿਚ ਕਮੀ ਆ ਸਕਦੀ ਹੈ। ਇਸ ਲਈ ਬਰਾਮਦ ਵਸਤੂਆਂ ਦੀ ਪਛਾਣ ਅਤੇ ਉਨ੍ਹਾਂ ਦੇ ਵਾਧੇ ਲਈ ਢੁਕਵੀਂਆਂ ਮੁਦਰਾ ਅਤੇ ਵਿੱਤ ਨੀਤੀਆਂ ਦਾ ਜੋੜ, ਬਰਾਮਦ ਵਿਚ ਵਾਧਾ ਕਰ ਸਕਦਾ ਹੈ।

ਤੇਲ ਦੀ ਜਗ੍ਹਾ, ਬਦਲਵੀਂ ਊਰਜਾ ਵਧਾ ਕੇ ਹੀ ਪੈਟਰੋਲ ਅਤੇ ਡੀਜ਼ਲ ਦੀ ਦਰਾਮਦ 'ਤੇ ਘਟਾਈ ਜਾ ਸਕਦੀ ਹੈ। ਭਾਰਤ ਵਿਚ ਬਦਲਵੀਂ ਊਰਜਾ ਸਾਧਨਾਂ ਦੇ ਵਾਧੇ ਲਈ ਸਸਤਾ ਕਰਜ਼ਾ, ਸਬਸਿਡੀ ਅਤੇ ਟੈਕਸਾਂ ਤੋਂ ਛੋਟ ਸਹਾਇਕ ਹੋ ਸਕਦੇ ਹਨ। ਇਸ ਲਈ ਸਸਤਾ ਕਰਜ਼ਾ ਪਹਿਲਾ ਕਦਮ ਹੋ ਸਕਦਾ ਹੈ। ਇਸ ਲਈ ਸੰਦੇਹ ਹੈ ਕਿ ਰੈਪੋ ਰੇਟ ਦਾ ਵਾਧਾ ਮਹਿੰਗਾਈ 'ਤੇ ਰੋਕ ਨਾ ਲਾਵੇ ਪਰ ਇਸ ਨਾਲ ਜੇ ਨਿਵੇਸ਼ ਪ੍ਰਭਾਵਿਤ ਹੋਇਆ ਤਾਂ ਠੀਕ ਨਹੀਂ ਹੋਵੇਗਾ।

# ਆਜ਼ਾਦੀ ਬਨਾਮ ਸਿਆਸਤ

ਕਿਸੇ ਸਿਆਸੀ ਸਮਾਜ ਦੀ ਜ਼ਿੰਦਗੀ ਵਿਚ ਉਦੋਂ ਇਤਿਹਾਸਕ ਪਲ ਆ ਜਾਂਦੇ ਹਨ ਜਦੋਂ ਇਸ ਦੇ ਮੈਂਬਰ ਆਪਣੀ ਜਮਹੂਰੀ ਰਾਜਨੀਤੀ ਦੇ ਬੁਨਿਆਦੀ ਸਿਧਾਂਤਾਂ ਬਾਰੇ ਸੋਚਣਾ, ਵਿਚਾਰਨਾ, ਬਹਿਸ ਕਰਨਾ ਅਤੇ ਚਿੰਤਨ ਕਰਨਾ ਸ਼ੁਰੂ ਕਰ ਦਿੰਦੇ ਹਨ। ਅਜਿਹਾ ਪਹਿਲਾ ਮੌਕਾ ਮੁਲਕ ਵਿਚ ਇੰਦਰਾ ਗਾਂਧੀ ਦੀ ਲਾਈ ਐਮਰਜੈਂਸੀ (1975-77) ਤੋਂ ਬਾਅਦ ਆਇਆ। ਉਦੋਂ ਤੱਕ ਸਾਨੂੰ ਪੂਰਾ ਭਰੋਸਾ ਸੀ ਕਿ ਸਾਡੀਆਂ ਸ਼ਹਿਰੀ ਤੇ ਸਿਆਸੀ ਆਜ਼ਾਦੀਆਂ ਸੁਰੱਖਿਅਤ ਹਨ ਕਿਉਂਕਿ ਆਜ਼ਾਦੀ

**ਨੀਰਾ ਚੰਢੋਕ**

ਸੰਘਰਸ਼ ਦੌਰਾਨ ਇਨ੍ਹਾਂ ਲਈ ਹੀ ਲੜਾਈ ਲੜੀ ਗਈ ਸੀ ਅਤੇ ਇਨ੍ਹਾਂ ਦੀ ਸੰਵਿਧਾਨ ਵਿਚ ਵੀ ਯਕੀਨਦਹਾਨੀ ਕੀਤੀ ਗਈ ਹੈ। ਬੇਸ਼ੱਕ, ਲੱਖਾਂ ਭਾਰਤੀ ਗਰੀਬੀ ਦੀ ਦਲਦਲ ਵਿਚ ਫਸ ਗਏ ਅਤੇ ਮਾੜੀ ਸਿਹਤ, ਬਿਮਾਰੀਆਂ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਗਏ ਪਰ ਸਾਡਾ ਉਦਾਰਵਾਦ ਦੇ ਬੁਨਿਆਦੀ ਸਿਧਾਂਤਾਂ ਵਿਚ ਭਰੋਸਾ ਸੀ ਕਿ ਸਮਾਜਿਕ ਤੇ ਆਰਥਿਕ ਹੱਕਾਂ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ, ਇਕਮੁੱਠ ਹੋਣ ਦੇ ਅਧਿਕਾਰ, ਪੁਰਅਮਨ ਢੰਗ ਨਾਲ ਹਥਿਆਰਾਂ ਤੋਂ ਬਿਨਾਂ ਇਕੱਤਰ ਹੋਣ ਦੇ ਅਧਿਕਾਰ, ਜੀਵਨ ਦੀ ਪਵਿੱਤਰਤਾ ਦੇ ਅਧਿਕਾਰ, ਬਿਨਾ ਕਿਸੇ ਵਾਜਬ ਕਾਰਨ ਦੇ ਗ੍ਰਿਫਤਾਰ ਨਾ ਕੀਤੇ ਜਾਣ ਦੇ ਅਧਿਕਾਰ, ਨਿੱਜਤਾ ਦੇ ਅਧਿਕਾਰ ਅਤੇ ਸਾਰਿਆਂ ਤੋਂ ਵੱਧ ਇਕ ਜਮਹੂਰੀ ਸਰਕਾਰ ਦੀ ਚੋਣ ਲਈ ਵੋਟ ਦੇਣ ਦੇ ਅਧਿਕਾਰ ਦਾ ਪਾਲਣ ਕੀਤਾ ਜਾਵੇਗਾ।

ਐਮਰਜੈਂਸੀ ਦੌਰਾਨ ਬੁਨਿਆਦੀ ਆਜ਼ਾਦੀਆਂ ਉੱਤੇ ਲਾਈਆਂ ਗਈਆਂ ਵਿਆਪਕ ਪਾਬੰਦੀਆਂ ਨੇ ਭਾਰਤ ਨੂੰ ਝੰਜੋੜ ਕੇ ਰੱਖ ਦਿੱਤਾ। ਉਦੋਂ ਸਾਨੂੰ ਅਹਿਸਾਸ ਹੋਇਆ ਕਿ ਮਹਿਜ਼ ਹੱਕ/ਅਧਿਕਾਰ ਦੇ ਦਿੱਤੇ ਜਾਣਾ ਹੀ ਕਾਫੀ ਨਹੀਂ ਹੈ। ਹੱਕਾਂ ਨੂੰ ਲਗਾਤਾਰ ਦੁਹਰਾਉਣ, ਉਨ੍ਹਾਂ ਦਾ ਦਾਅਵਾ ਜਤਾਉਣ ਅਤੇ ਉਨ੍ਹਾਂ ਲਈ ਲੜਨ/ਜੂਝਣ ਦੀ ਲੋੜ ਹੁੰਦੀ ਹੈ। ਨਹੀਂ ਤਾਂ ਅਸੀਮ ਤਾਕਤ ਦੀ ਭੁੱਖੀ ਰਿਆਸਤ/ਸਟੇਟ ਉਨ੍ਹਾਂ ਨੂੰ ਆਪਣੀ ਜਕੜ ਵਿਚ ਲੈ ਲਵੇਗੀ। ਇਹ ਬੜੀ ਅਹਿਮ ਗੱਲ ਹੈ ਕਿ ਐਮਰਜੈਂਸੀ ਦੇ ਖਾਤਮੇ ਨੇ ਭਾਰਤੀ ਸਮਾਜ ਵਿਚ ਬਹੁਤ ਸਾਰੇ ਸੰਘਾਂ/ਜਥੇਬੰਦੀਆਂ ਨੂੰ ਜਨਮ ਦਿੱਤਾ। ਇਸ ਦੌਰਾਨ ਮੁਲਕ ਭਰ ਵਿਚ ਤੇਜ਼ੀ ਨਾਲ ਫੈਲਣ ਵਾਲੀਆਂ ਮੁਹਿੰਮਾਂ ਵਿਚੋਂ ਇਕ ਅਹਿਮ ਮੁਹਿੰਮ ਸ਼ਹਿਰੀ ਆਜ਼ਾਦੀਆਂ ਨੂੰ ਯਕੀਨੀ ਬਣਾਉਣ ਉੱਤੇ ਕੇਂਦਰਿਤ ਸੀ। ਇਸ ਮੁਹਿੰਮ ਦਾ ਫੈਲਾਅ ਮੁੱਖ ਤੌਰ 'ਤੇ ਮੂਲ ਜਥੇਬੰਦੀ ਵਿਚ ਵੰਡੀਆਂ ਪੈਣ ਕਾਰਨ ਹੁੰਦਾ ਗਿਆ। ਸਾਰੀਆਂ ਜਥੇਬੰਦੀਆਂ ਵੱਖ-ਵੱਖ ਸੰਵਿਧਾਨਿਕ ਅਧਿਕਾਰਾਂ ਜਿਵੇਂ ਜਿਊਣ ਅਤੇ ਆਜ਼ਾਦੀ ਦੇ ਅਧਿਕਾਰ, ਬਿਨਾ ਕਿਸੇ ਵਾਜਬ ਕਾਰਨ ਦੇ ਗ੍ਰਿਫਤਾਰ ਨਾ ਕੀਤੇ ਜਾਣ ਦੇ ਅਧਿਕਾਰ, ਤਸ਼ੱਦਦ ਨਾ ਕੀਤੇ ਜਾਣ ਦੇ ਅਧਿਕਾਰ, ਸਰੀਰਕ ਅਖੰਡਤਾ ਦੇ ਅਧਿਕਾਰ, ਬਾਹਰੀ ਰੁਕਾਵਟ ਤੋਂ ਆਜ਼ਾਦੀ ਦੇ ਅਧਿਕਾਰ ਆਦਿ ਦੇ ਟੀਚੇ ਲਈ ਸਮਰਪਿਤ ਸਨ।

ਅੱਜ ਸਾਨੂੰ ਇਨ੍ਹਾਂ ਅਧਿਕਾਰਾਂ ਬਾਰੇ ਮੁੜ ਦੱਸਣ, ਮੁੜ ਜ਼ੋਰ ਦੇਣ, ਉਭਾਰਨ, ਇਨ੍ਹਾਂ ਨੂੰ ਵਾਜਬ ਠਹਿਰਾਉਣ ਅਤੇ ਨਾਲ ਹੀ ਇਨ੍ਹਾਂ ਅਧਿਕਾਰਾਂ ਦਾ ਮੁੜ ਦਾਅਵਾ ਜਤਾਉਣ ਲਈ ਸੰਘਰਸ਼ ਛੇੜਨ ਦੀ ਲੋੜ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ ਵੱਖੋ-ਵੱਖ ਆਜ਼ਾਦੀ ਦੇ ਅਧਿਕਾਰਾਂ ਨੂੰ ਐਮਰਜੈਂਸੀ ਵਾਂਗ ਅੱਜ ਬਾਕਾਇਦਾ ਢੰਗ ਨਾਲ ਮੁਅੱਤਲ ਤਾਂ ਨਹੀਂ ਕੀਤਾ ਗਿਆ ਪਰ ਹਕੀਕਤ ਇਹ ਹੈ ਕਿ ਅੱਜ ਦੇਸ਼ ਦੇ ਨਾਗਰਿਕਾਂ ਨੂੰ ਮਹਿਜ਼ ਇਕ ਟਵੀਟ ਕਰਨ, ਸੋਸ਼ਲ ਮੀਡੀਆ ਪੋਸਟਾਂ, ਸਿਆਸਤਦਾਨਾਂ ਦੀ ਮਾਮੂਲੀ ਜਿਹੀ ਆਲੋਚਨਾ ਕਰਨ, ਅਖਬਾਰ ਵਿਚ ਛਪੇ ਕਿਸੇ ਲੇਖ ਕਾਰਨ ਜਾਂ ਮਹਿਜ਼ ਆਪਣੀ ਤਾਕਤ ਦਾ ਘਟੀਆ ਮੁਜ਼ਾਹਰਾ ਕਰਨ ਲਈ ਹੀ ਆਪਹੁਦਰੇ ਢੰਗ ਨਾਲ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਉੱਥੇ ਉਹ ਬਿਨਾ ਕਿਸੇ ਰਾਹਤ ਦੀ ਸੰਭਾਵਨਾ ਦੇ ਦਿਨ-ਕਟੀ ਕਰਦੇ ਹਨ, ਬਿਨਾ ਇਸ ਉਮੀਦ ਦੇ ਕਿ ਨਿਆਂਪਾਲਿਕਾ, ਇਕ ਤਬਦੀਲੀ ਕਰਦੀ ਹੋਈ, ਅਣਕਿਆਸੀ ਕਾਰਵਾਈ ਤਹਿਤ ਕਾਰਜ ਪਾਲਿਕਾ ਨੂੰ ਨੱਥ ਪਾਵੇਗੀ ਅਤੇ ਬਿਨਾਂ ਕਿਸੇ ਆਸ ਦੇ ਕਿ ਤਾਕਤਵਰ ਮੀਡੀਆ ਉਨ੍ਹਾਂ ਦਾ ਮੁੱਦਾ ਉਠਾਵੇਗਾ ਅਤੇ ਆਪਣੇ ਉਨ੍ਹਾਂ ਹਮਵਤਨਾਂ ਲਈ ਲੜੇਗਾ ਜਿਨ੍ਹਾਂ ਨੂੰ ਅਜਿਹੇ ਕਾਰਨਾਂ ਕਰਕੇ ਬਦਨਾਮ ਭਾਰਤੀ ਜੇਲ੍ਹ ਪ੍ਰਬੰਧ ਦੀਆਂ ਸਲ੍ਹਾਬ ਮਾਰੀਆਂ ਤੇ ਹਨੇਰੀਆਂ ਕਾਲਕੋਠੜੀਆਂ ਵਿਚ ਸੁੱਟ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਕੋਈ ਪਰਪੱਕ ਲੋਕਤੰਤਰ ਗ਼ੌਰ ਕੀਤੇ ਜਾਣ ਯੋਗ ਨਹੀਂ ਸਗੋਂ ਮਹਿਜ਼ ਬਚਗਾਨਾ ਸਮਝੇਗਾ।

ਆਲੋਚਕ ਯਕੀਨਨ ਇਹ ਸਵਾਲ ਪੁੱਛਣਗੇ ਕਿ ਮੀਡੀਆ ਦੇ ਮਾਲਕ ਕਾਰਪੋਰੇਟ ਘਰਾਣਿਆਂ ਨੂੰ ਜੇਲ੍ਹਾਂ ਵਿਚ ਤਾੜੇ ਗਏ ਲੋਕਾਂ ਦੀ ਪਰਵਾਹ ਕਿਉਂ ਕਰਨੀ ਚਾਹੀਦੀ ਹੈ, ਭਾਵੇਂ ਉਨ੍ਹਾਂ ਕੋਈ ਜੁਰਮ ਵੀ ਨਾ ਕੀਤਾ ਹੋਵੇ। ਇਹ ਗੱਲ ਨਹੀਂ ਹੈ। ਸਰਮਾਏਦਾਰਾਨਾ ਸਟੇਟ/ਰਿਆਸਤ ਦਾ ਕੰਮ ਸਰਮਾਏਦਾਰੀ ਨੂੰ ਸਰਮਾਏਦਾਰਾਂ ਤੋਂ ਬਚਾਉਣਾ ਹੈ, ਜਿਵੇਂ ਸਿਆਸੀ ਫਿਲਾਸਫਰ ਨਿਕੋਸ ਪੋਲਨਸਾਸ ਨੇ ਸਿਧਾਂਤ ਦਿੱਤਾ ਹੈ। ਉਨ੍ਹਾਂ ਆਸਰੇ ਛੱਡਣ 'ਤੇ ਸਰਮਾਏਦਾਰਾਂ ਨੇ ਆਪਣੇ ਹੀ ਸਮਾਜ ਦਾ ਖ਼ੂਨ ਚੂਸ ਲਿਆ। ਇਹ ਸਟੇਟ/ਰਿਆਸਤ ਹੀ ਹੈ ਜੋ ਸਿਆਸੀ ਤੇ ਸ਼ਹਿਰੀ ਹੱਕ ਦੇ ਕੇ ਇਨਕਲਾਬਾਂ/ਕ੍ਰਾਂਤੀਆਂ ਨੂੰ ਰੋਕਦੀ ਹੈ। ਸਟੇਟ/ਰਿਆਸਤ ਦੀ ਸੱਤਾ ਚਲਾਉਣ ਵਾਲੇ ਹਾਕਮਾਂ ਨੂੰ ਇਕ ਹੋਰ ਨਾਮੀ ਸਿਆਸੀ ਫਿਲਾਸਫਰ ਐਂਤੋਨੀਓ ਗ੍ਰਾਮਸ਼ੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਸ ਨੂੰ ਮੁਸੋਲਿਨੀ ਨੇ ਜੇਲ੍ਹ ਵਿਚ ਡੱਕ ਦਿੱਤਾ ਸੀ। ਉਸ ਨੇ ਲਿਖਿਆ ਹੈ: ਇਨਕਲਾਬ ਉਦੋਂ ਨਹੀਂ ਆਉਂਦਾ ਜਦੋਂ ਕੋਈ ਸਮਾਜ ਸੱਭਿਅਕ ਸਮਾਜ ਹੁੰਦਾ ਹੈ। ਇਨਕਲਾਬ ਉਦੋਂ ਆਉਂਦਾ ਹੈ, ਜਦੋਂ ਸਟੇਟ/ਰਿਆਸਤ ਵੱਲੋਂ ਅੰਨ੍ਹੀ ਤਾਕਤ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਜ਼ਾਰ ਦੇ ਰੂਸ ਵਿਚ ਸੀ। ਇਸੇ ਲਈ ਅਧਿਕਾਰਾਂ ਦੀ ਲੋੜ ਹੈ।

ਇਕ ਸਮਾਂ ਸੀ ਜਦੋਂ ਅਸੀਂ ਸ਼ੀਤ ਜੰਗ ਦੇ ਦਮਗਜ਼ਿਆਂ ਵਿਚ ਫਸੇ ਹੋਏ ਸਾਂ ਜਿਸ ਨੇ ਇਕ ਪਾਸੇ ਸਿਆਸੀ ਤੇ ਸ਼ਹਿਰੀ ਹੱਕਾਂ ਨੂੰ ਤੇ ਦੂਜੇ ਪਾਸੇ ਸਮਾਜਿਕ ਹੱਕਾਂ ਨੂੰ ਵੰਡ ਕੇ ਰੱਖ ਦਿੱਤਾ ਸੀ। ਇਨ੍ਹਾਂ ਵਿਚੋਂ ਪਹਿਲਾ ਹਿੱਸਾ ਉਦਾਰਵਾਦੀ ਸਰਮਾਏਦਾਰਾਨਾ ਜਮਹੂਰੀਅਤਾਂ ਵਿਚ ਸੀ ਤੇ ਦੂਜਾ ਸੱਚਮੁੱਚ ਦੀ ਹੋਂਦ ਰੱਖਦੇ ਸਮਾਜਵਾਦੀ ਸਮਾਜਾਂ ਵਿਚ ਸੀ। ਸ਼ੁਕਰ ਹੈ ਕਿ ਸ਼ੀਤ ਜੰਗ ਦੇ ਖਾਤਮੇ ਨੇ ਇਸ ਬਣਾਉਟੀ ਵਖਰੇਵੇਂ ਦਾ ਅੰਤ ਕਰ ਦਿੱਤਾ। ਜੇ ਕੋਈ ਇਨਸਾਨ ਭੁੱਖਾ ਹੈ ਤਾਂ ਉਹ ਆਜ਼ਾਦ ਨਹੀਂ ਹੋ ਸਕਦਾ। ਇਹ ਸੱਚ ਹੈ ਪਰ ਅਜਿਹਾ ਰੱਜਿਆ-ਪੁੱਜਿਆ ਵਿਅਕਤੀ ਵੀ ਆਜ਼ਾਦ ਨਹੀਂ ਹੁੰਦਾ ਜਿਸ ਨੂੰ ਆਪਣੀ ਸੋਚ-ਵਿਚਾਰ ਮੁਤਾਬਿਕ ਚੱਲਣ ਦੀ ਖੁੱਲ੍ਹ ਤੋਂ ਮਹਿਰੂਮ ਕਰ ਦਿੱਤਾ ਜਾਵੇ।

ਆਜ਼ਾਦੀ, ਅਧਿਕਾਰਾਂ ਦੇ ਇਕ ਲੈਅਬੱਧ ਸਿਧਾਂਤ ਵਿਚ ਸਮਾਈ ਹੁੰਦੀ ਹੈ। ਬਰਾਬਰੀ, ਇਕ ਕਿਤੇ ਵੱਧ ਕਠਿਨ ਧਾਰਨਾ ਹੈ; ਇਹ ਬਹੁਤ ਜ਼ਿਆਦਾ ਬੌਧਿਕ ਹੈ। ਆਜ਼ਾਦੀ, ਮੁਕਤ ਹੋਣ ਦੇ ਇਕ ਕੁਦਰਤੀ ਮਨੁੱਖੀ ਮਨੋਵੇਗ ਦਾ ਹਿੱਸਾ ਹੈ। ਸਿਆਸੀ ਸ਼ਬਦਾਵਲੀ ਵਿਚ ਆਜ਼ਾਦੀ ਦੇ ਉਭਾਰ ਨੇ ਸਿਆਸੀ ਲੋਕਾਂ ਦੇ ਜੀਵਨ ਵਿਚ ਵਿਗਾੜ ਦਾ ਪ੍ਰਚਾਰ ਕੀਤਾ। ਜੇ.ਐਸ. ਮਿੱਲ ਦੇ ਕਹਿਣ ਅਨੁਸਾਰ ਇਹ ਆਜ਼ਾਦੀ ਅਤੇ ਅਖਤਿਆਰ ਦਰਮਿਆਨ ਟਕਰਾਅ ਨੂੰ ਦਰਸਾਉਂਦਾ ਹੈ। ਆਜ਼ਾਦੀ ਦੀ ਵਿਚਾਰਧਾਰਾ ਨੇ ਲੋਕਾਂ ਨੂੰ ਆਜ਼ਾਦੀ ਤੇ ਦਾਸਤਾ, ਅਧੀਨਤਾ ਤੋਂ ਲੈ ਕੇ ਸਮਾਜਿਕ ਉਚ-ਨੀਚ ਤੱਕ, ਬਸਤੀਵਾਦ ਤੋਂ ਲੈ ਕੇ ਬਸਤੀਵਾਦੀ ਦੌਰ ਤੋਂ ਬਾਅਦ ਦੀਆਂ ਤਾਨਾਸ਼ਾਹ ਹਕੂਮਤਾਂ ਤੱਕ ਤੋਂ ਬਚਾਇਆ ਹੈ।

ਆਜ਼ਾਦੀ ਇਕ ਰੁਮਾਨੀ ਸ਼ਬਦ ਹੈ। ਇਹ ਅਜਿਹੇ ਹਾਲਾਤ ਸਿਰਜਦੀ ਹੈ ਜਿਸ ਵਿਚ ਇਨਸਾਨ ਆਪਣੇ ਵਰਗੇ ਹੋਰਾਂ ਨਾਲ ਮਿਲ ਕੇ ਆਪਣਾ ਸੰਸਾਰ ਬਣਾਉਂਦੇ ਤੇ ਮੁੜ-ਬਣਾਉਂਦੇ ਹਨ। ਅੰਗਰੇਜ਼ੀ ਸ਼ਾਇਰ ਜੌਹਨ ਕੀਟਸ ਆਪਣੀ ਕਵਿਤਾ 'ਸਲੀਪ ਐਂਡ ਪੋਇਟਰੀ' ਵਿਚ ਇਹ ਵਿਚਾਰ ਇੰਝ ਪੇਸ਼ ਕਰਦਾ ਹੈ: "ਭਾਵੇਂ ਕੋਈ ਮਹਾਨ ਵਜ਼ਾਰਤੀ ਕਾਰਨ/ਇਨਸਾਨੀ ਆਤਮਾ ਦੇ ਹਨੇਰੇ ਰਹੱਸਾਂ ਨੂੰ ਸੁਲਝਾਉਂਦਾ ਨਹੀਂ/ਸਪਸ਼ਟ ਸਮਝ: ਤਾਂ ਵੀ ਮੇਰੇ ਅੱਗੇ/ਇਕ ਵਿਆਪਕ ਵਿਚਾਰ ਲਿਆਉਂਦੀ ਏ/ਅਤੇ ਉਦੋਂ ਹੀ ਮੈਂ/ਆਪਣੀ ਆਜ਼ਾਦੀ ਚੁਣਦਾ ਹਾਂ।" ਇਸ ਕਲਪਨਾਸ਼ੀਲ, ਰਚਨਾਤਮਕ, ਸ਼ਾਇਰਾਨਾ ਇਨਸਾਨ ਨੂੰ ਸੈਂਸਰਸ਼ਿਪ ਤੋਂ ਆਜ਼ਾਦੀ ਦੀ ਲੋੜ ਹੈ, ਉਸ ਨੂੰ ਵਾਜਬ ਘੇਰੇ ਵਿਚ ਰਹਿੰਦਿਆਂ ਜੋ ਚਾਹੇ ਉਹ ਕਰਨ ਦੀ ਆਜ਼ਾਦੀ ਚਾਹੀਦੀ ਹੈ ਜੋ ਚਾਹੇ ਉਹ ਪਹਿਨਣ ਜਿਸ ਨਾਲ ਚਾਹੇ ਵਿਆਹ ਕਰਾਉਣ, ਆਪਣੇ ਸੁਪਨਿਆਂ ਦੇ ਫੈਲਾਅ ਨੂੰ ਘੋਖਣ ਦੀ ਆਜ਼ਾਦੀ, ਅਤੇ ਸੰਖੇਪ ਵਿਚ ਅਜਿਹਾ ਇਨਸਾਨ ਬਣਨ ਦੀ ਆਜ਼ਾਦੀ ਜੋ ਆਪਣੀ ਸਮਰੱਥਾ ਦਾ ਅਹਿਸਾਸ ਕਰ ਸਕੇ।

ਸਭ ਕੁਝ ਸਹੀ ਚੱਲਣ ਲਈ ਆਜ਼ਾਦੀ ਪਹਿਲੀ ਸ਼ਰਤ ਹੈ। ਲੋਕਾਂ ਦੀ ਆਜ਼ਾਦੀ ਖੋਹ ਲਵੋ ਤਾਂ ਅਜਿਹੇ ਸਮਾਜ ਕੋਲ ਹੋਰ ਕੁਝ ਨਹੀਂ, ਮਹਿਜ਼ ਨਿਤਾਣੇ ਤੇ ਦਬਾਏ ਹੋਏ ਲੋਕ ਹੀ ਬਚਣਗੇ। ਉਨ੍ਹਾਂ ਦਾ ਇਕੋ-ਇਕ ਸਹਾਰਾ ਸਿਰਫ ਹਿੰਸਾ ਹੋਵੇਗੀ; ਉਹ ਆਜ਼ਾਦ ਹੋਣ ਲਈ ਸਿਰਫ ਹਿੰਸਾ ਹੀ ਕਰ ਸਕਦੇ ਹਨ। ਆਜ਼ਾਦੀ ਕਦੇ ਵੀ ਹਿੰਸਾ ਪੈਦਾ ਨਹੀਂ ਕਰਦੀ ਸਗੋਂ ਆਜ਼ਾਦੀ ਦੀ ਅਣਹੋਂਦ ਨਾਲ ਹੀ ਹਿੰਸਾ ਉਪਜਦੀ/ਭੜਕਦੀ ਹੈ।

# ਆਓ ! ਸੂਰਜ ਨੂੰ ਫੜੀਏ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਸੂਰਜ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਮਨੁੱਖ ਨੂੰ ਬਹੁਤ ਕੁਝ ਸਿੱਖਣ ਦੀ ਲੋੜ ਹੈ। ਲੇਖਕ ਅਨੁਸਾਰ ਸੂਰਜ ਅੰਬਰ ਦੇ ਨਾਲ-ਨਾਲ ਮਨੁੱਖ ਦੀ ਸੋਚ ਵਿਚ ਵੀ ਉਗਣਾ ਚਾਹੀਦਾ ਹੈ, ਕਿਉਂਕਿ ਜਦੋਂ ਇਹ ਮਨੁੱਖ ਦੀ ਸੋਚ ਵਿਚ ਉਗਦਾ ਹੈ ਤਾਂ ਇਹ ਕਰਮ ਵਿਚ ਉਦੈ ਹੋ ਕੇ ਮਨੁੱਖ ਲਈ ਜੀਵਨ-ਜਾਚ ਬਣ ਜਾਂਦਾ ਹੈ। ਸਭ ਤੋਂ ਵੱਡਾ ਅਤੇ ਮਹਾਨ ਸੂਰਜ ਉਹ ਹੁੰਦਾ ਹੈ ਜੋ ਮਨੁੱਖ ਆਪਣੇ ਅੰਤਰੀਵ ਵਿਚ ਉਗਾਉਂਦਾ ਹੈ। ਇਸ ਸੂਰਜ ਦੀ ਰੌਸ਼ਨੀ ਵਿਚ ਉਸਦੀ ਅੰਦਰਲੀ ਕਾਲਖ਼ ਧੋਤੀ ਜਾਂਦੀ ਅਤੇ ਅੰਤਰੀਵ ਵਿਚ ਹੋਇਆ ਉਜਿਆਰਾ ਹੀ ਫਿਰ ਅੰਦਰ ਤੋਂ ਬਾਹਰ ਦੇ ਸਫ਼ਰ ਨੂੰ ਤੁਰਦਾ ਹੈ।***

ਸੂਰਜ, ਰੌਸ਼ਨੀ ਦਾ ਸਮੁੰਦਰ। ਚਾਨਣ ਦਾ ਭਰ ਵਗਦਾ ਦਰਿਆ। ਨਿੱਘ ਦਾ ਦੇਵਤਾ ਤੇ ਜੀਵਨ-ਦਾਨੀ। ਰਾਤ ਦੇ ਮੱਥੇ 'ਤੇ ਦਿਨ ਦਾ ਉਜਿਆਰਾ ਚਮਕਾਉਣ ਵਾਲਾ ਦਾਨੀ।

ਸੂਰਜ, ਅੰਬਰ ਦੇ ਵਿਹੜੇ ਦਗਦਾ ਤਾਰਾ। ਧਰਤੀ ਦੇ ਸਭ ਤੋਂ ਨੇੜੇ ਅਤੇ ਸੂਰਜੀ ਪਰਿਵਾਰ ਦਾ ਪ੍ਰਮੁੱਖ। ਧਰਤੀ 'ਤੇ ਵਸਦਾ-ਰਸਦਾ ਸੁਮੱਚਾ ਆਰ-ਪਰਿਵਾਰ ਅਤੇ ਕੁਦਰਤ ਦਾ ਅਨੰਤ ਪਸਾਰਾ, ਇਸਦਾ ਦੇਣਦਾਰ। ਚੰਦਰਮਾ ਵੀ ਪੁੰਨਿਆ ਦੀ ਰਾਤ ਲਈ ਸੂਰਜ ਤੋਂ ਰੌਸ਼ਨੀ ਉਧਾਰੀ ਮੰਗਦਾ ਅਤੇ ਮੱਸਿਆ ਦੀ ਜੂਹ ਵਿਚ ਚਾਨਣ ਦਾ ਛਿੜਕਾਅ ਕਰਦਾ।

ਸੂਰਜ ਧੁੰਦ ਨੂੰ ਚੀਰਦਾ ਅਤੇ ਸੀਤ ਦੀ ਵੱਖੀ ਵਿਚ ਧੂਣੀ ਬਾਲਦਾ। ਨੂਰ-ਨੂਰ ਕਰਦੇ ਜਿਸਮਾਂ ਲਈ ਤਪਸ਼ ਅਰਪਿਤ ਕਰਦਾ। ਸੂਰਜ ਕਾਰਨ ਹੀ ਸਿਆਲ ਦੀ ਕੋਸੀ ਕੋਸੀ ਧੁੱਪ ਵਿਚ ਬੈਠਣ ਦਾ ਇਲਾਹੀ ਆਨੰਦ ਅਤੇ ਇਸ ਆਨੰਦ ਨੂੰ ਮਾਨਣ ਲਈ ਪ੍ਰਦੇਸੀ ਅਕਸਰ ਹੀ ਸਿਆਲ ਨੂੰ ਆਪਣੇ ਵਤਨ ਪਰਤਦੇ।

ਪਰ ਗਰਮੀਆਂ ਵਿਚ ਸੂਰਜੀ ਤਪਸ਼ ਕਈ ਵਾਰ ਅੱਗ ਵਰ੍ਹਾਉਂਦੀ। ਪਿਆਸ ਵੀ ਤੜਫਦੀ ਅਤੇ ਇਸ ਤੜਫਣੀ ਵਿਚ ਬਹੁਤ ਕੁਝ ਤੜਫ ਕੇ ਰਹਿ ਜਾਂਦਾ। ਇਸ ਆਲਮੀ ਤਪਸ਼ ਦੇ ਕੀਤੇ ਜਾ ਰਹੇ ਰਿਕਾਰਡ ਲਈ ਮਨੁੱਖੀ ਲਾਲਚ ਹੀ ਪ੍ਰਮੁੱਖ ਕਾਰਨ ਕਿਉਂਕਿ ਅਸੀਂ ਕੋਈ ਬਿਰਖ਼ ਹੀ ਨਹੀਂ ਪੰਜਾਬ ਦੀ ਧਰਤ 'ਤੇ ਰਹਿਣ ਦਿੱਤਾ।

ਪਰ ਹਨੇਰਿਆਂ ਨਾਲ ਜੂਝਦੇ ਬੰਦਿਆਂ ਦੇ ਮਨ ਵਿਚ ਸੂਰਜ ਬਣਨ ਦਾ ਵਿਚਾਰ ਗਾਹੇ-ਬਗਾਹੇ ਜ਼ਰੂਰ ਆਉਂਦਾ। ਉਹ ਸੂਰਜ ਬਣ ਕੇ ਇਸਦੀ ਰੌਸ਼ਨੀ ਨੂੰ ਹਨੇਰਿਆਂ ਦੀ ਵੱਖੀ ਵਿਚ ਬੀਜ, ਹਨੇਰੀਆਂ ਬਸਤੀਆਂ ਨੂੰ ਰੁਸ਼ਨਾਉਣ ਲਈ ਤਰੱਦਦ ਕਰਦਾ। ਇਹ ਧਾਰਨਾ ਦਰਅਸਲ ਮਨੁੱਖ ਦੇ ਅੰਦਰ ਵੱਸਦੇ ਉਸ ਇਨਸਾਨ ਦੀ ਹੈ, ਜਿਸ ਨੇ ਖ਼ੁਦ ਨੂੰ ਆਪਣੇ ਅੰਦਰ ਸੂਰਜ ਉਗਾ ਕੇ ਹਨੇਰਿਆਂ ਨੂੰ ਹਰਾਇਆ ਹੋਵੇ ਅਤੇ ਆਪਣੇ ਮਨ ਦਾ ਸੁਪਨਾ ਖ਼ੁਦ ਨਾਲ ਪ੍ਰਣਾਇਆ ਹੋਵੇ।

ਸੂਰਜ ਸਿਰਫ਼ ਅੰਬਰ 'ਤੇ ਹੀ ਨਹੀਂ ਉਗਦਾ ਸਗੋਂ ਸੂਰਜ ਤਾਂ ਬੰਦੇ ਦੀ ਸੋਚ ਵਿਚ ਉਗਣਾ ਚਾਹੀਦਾ। ਜਦ ਸੂਰਜ ਤੁਹਾਡੀ ਸੋਚ ਵਿਚ ਉਗਦਾ ਅਤੇ ਕਰਮ ਵਿਚ ਉਦੈ ਹੋ ਕੇ ਤੁਹਾਡੇ ਲਈ ਜੀਵਨ-ਜਾਚ ਹੀ ਬਣ ਜਾਂਦਾ।

ਅੰਬਰ ਦੇ ਵਿਹੜੇ ਇਕ ਹੀ ਸੂਰਜ ਨਹੀਂ ਸਗੋਂ ਬਹੁਤ ਸਾਰੇ ਸੂਰਜ ਨੇ ਜਿਹੜੇ ਸਾਨੂੰ ਨਜ਼ਰ ਨਹੀਂ ਆਉਂਦੇ। ਸੂਰਜ ਤੋਂ ਵੀ ਬਹੁਤ ਵੱਡੇ ਪਰ ਧਰਤੀ ਦੇ ਵਾਸੀਆਂ ਲਈ ਸਾਡਾ ਆਪਣਾ ਸੂਰਜ ਹੀ ਸਭ ਤੋਂ ਅਹਿਮ ਅਤੇ ਵੱਡਾ। ਅਸੀਂ ਤਾਂ ਮਿਥਿਹਾਸ ਵਿਚ ਇਸਨੂੰ ਦੇਵਤਾ ਦਾ ਵਰ ਦੇ ਕੇ, ਇਸਦੀ ਪੂਜਾ ਅਰਚਨਾ ਵਿਚੋਂ ਖ਼ੁਦ ਨੂੰ ਖ਼ੁਦ ਦੇ ਹੋਰ ਨੇੜੇ ਹੋਣਾ ਮਹਿਸੂਸ ਕਰਦੇ ਹਾਂ।

ਸ਼ਾਮ ਦਾ ਵਕਤ ਹੈ। ਸੂਰਜ ਡੁੱਬ ਰਿਹਾ ਹੈ। ਲਾਲ ਸੂਹਾ ਗੋਲਾ, ਸੁੰਦਰ ਤੇ ਦਿਲਕਸ਼ ਸੂਰਜ ਗੋਡੀ ਮਾਰ ਰਿਹਾ ਏ। ਇਉਂ ਜਾਪਦਾ ਹੈ ਜੀਕਰ ਸੂਰਜ ਧਰਤੀ 'ਤੇ ਡਿੱਗਣ ਵਾਲਾ ਹੈ। ਨਿੱਕਾ ਜੇਹਾ ਬੱਚਾ ਆਪਣੇ ਬਾਪ ਨਾਲ ਇਹ ਸਭ ਕੁਝ ਦੇਖ ਕੇ ਬਹੁਤ ਉਤੇਜਿਤ ਤੇ ਉਤਸੁਕ ਹੋ ਰਿਹਾ ਹੈ। ਉਹ ਭੋਲੇਪਣ ਨਾਲ ਬਾਪ ਨੂੰ ਕਹਿੰਦਾ ਹੈ, 'ਪਾਪਾ! ਦੇਖੋ ਸੂਰਜ ਹੁਣ ਧਰਤੀ 'ਤੇ ਡਿੱਗ ਪਿਆ ਹੈ। ਚੱਲੋ ਦੌੜ ਕੇ ਸੂਰਜ ਨੂੰ ਚੁੱਕ ਲਈਏ ਅਤੇ ਇਸਨੂੰ ਘਰ ਲੈ ਜਾਈਏ। ਮੈਂ ਸੂਰਜ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ। ਇਸਨੂੰ ਆਪਣੇ ਬੁੱਝੇ ਹੋਏ ਦੀਵੇ ਵਿਚ ਧਰਨਾ ਏ ਤਾਂ ਕਿ ਇਹ ਦੀਵੇ ਵਾਂਗ ਬਲੇ। ਇਸਦੀ ਰੌਸ਼ਨੀ ਵਿਚ ਮੈਂ ਗਿਆਨ-ਸਾਗਰ ਵਿਚ ਡੂੰਘੀਆਂ ਤਾਰੀਆਂ ਲਾਵਾਂ। ਇਸ ਸੂਰਜ ਨੂੰ ਆਲੇ ਵਿਚ ਜ਼ਰੂਰ ਧਰਨਾ ਤਾਂ ਕਿ ਕੋਠੜੀ ਵਿਚ ਲੋਅ ਹੋਵੇ। ਇਸਦੀ ਚਾਨਣ ਵਿਚ ਮੈਂ ਛੱਤਾਂ ਵਿਚੋਂ ਕਿਰ ਰਹੀ ਮਿੱਟੀ ਦੇਖ ਸਕਾਂ ਅਤੇ ਮੀਂਹ ਪੈਣ 'ਤੇ ਚੋਂਦੀ ਛੱਤ ਦੇ ਹੇਠਾਂ ਭਾਂਡੇ ਧਰ ਸਕਾਂ। ਇਸਨੂੰ ਮੈਂ ਆਪਣੇ ਬਸਤੇ ਵਿਚ ਪਾ ਕੇ ਸਕੂਲ ਵੀ ਲੈ ਕੇ ਜਾਣਾ ਚਾਹੁੰਦਾ ਤਾਂ ਕਿ ਇਸਦੇ ਸੰਗ-ਸਾਥ ਵਿਚ ਮੈਂ ਆਪਣੇ ਨਿੱਕੇ ਪੈਰਾਂ ਵਿਚ ਲੰਮਾ ਸਫ਼ਰ ਪੈਦਾ ਕਰ ਸਕਾਂ ਅਤੇ ਨਿੱਕੇ-ਨਿੱਕੇ ਸੁਪਨਿਆਂ ਨੂੰ ਅੰਬਰਾਂ ਵਿਚ ਉਡਾਰੀ ਭਰਨ ਲਈ ਪਰ ਦੇ ਸਕਾਂ।" ਬਾਪ ਆਪਣੇ ਪੁੱਤ ਵੰਨੀਂ ਨੀਝ ਨਾਲ ਦੇਖਦਾ ਹੈ ਅਤੇ ਉਸਦੀ ਉਤਸੁਕਤਾ ਨੂੰ ਨਿਹਾਰਦਿਆਂ ਕਹਿੰਦਾ ਹੈ ਕਿ ਪੁੱਤਰਾ ਸੂਰਜ ਕਦੇ ਵੀ ਡਿੱਗਦਾ ਜਾਂ ਡੁੱਬਦਾ ਨਹੀਂ। ਸਗੋਂ ਇਹ ਤਾਂ ਛੁਪਦਾ ਹੈ। ਇਸ ਨੇ ਅਗਲੇ ਦਿਨ ਫਿਰ ਪ੍ਰਗਟ ਹੋ ਜਾਣਾ ਅਤੇ ਇਸਦਾ ਪ੍ਰਗਟ ਹੋਣਾ ਹੀ ਦਿਨ ਦਾ ਆਗਾਜ਼ ਹੁੰਦਾ। ਇਸ ਸੂਰਜ ਨੂੰ ਪਕੜਨ ਦੀ ਬਜਾਏ, ਚਾਹੀਦਾ ਹੈ ਕਿ ਤੂੰ ਵੱਡਾ ਹੋ ਕੇ ਸੂਰਜ ਬਣਨ ਦਾ ਤਹੱਈਆ ਕਰ ਤਾਂ ਕਿ ਤੂੰ ਚਾਨਣ ਦਾ ਵਣਜ ਕਰ ਸਕੇਂ।

ਇਕ ਸੂਰਜ ਅਸੀਂ ਹਰ ਰੋਜ਼ ਅੰਬਰ ਵਿਚ ਦੇਖਦੇ ਹਾਂ ਜੋ ਕੁਝ ਚਿਰ ਲਈ ਬੱਦਲਾਂ ਜਾਂ ਧੁੰਦ ਵਿਚ ਲੁਕ ਸਕਦਾ ਏ। ਪਰ ਇਹ ਕਦੇ ਵੀ ਥੋੜ੍ਹ-ਚਿਰੀਆਂ ਰੁਕਾਵਟਾਂ ਦਾ ਗ਼ੁਲਾਮ ਨਹੀਂ ਹੁੰਦਾ। ਇਨ੍ਹਾਂ ਤੋਂ ਨਾਬਰ ਹੋ ਆਪਣੀ ਹੋਂਦ ਤੇ ਹਸਤੀ ਨੂੰ ਦੁਨੀਆਂ ਸਾਹਵੇਂ ਉਜਾਗਰ ਕਰਨ ਤੋਂ ਗੁਰੇਜ਼ ਨਹੀਂ ਕਰਦਾ।



ਇਕ ਸੂਰਜ ਧਾਰਮਿਕ ਅਸਥਾਨਾਂ ਦੇ ਗਲਿਆਰਿਆਂ ਵਿਚ ਅਣਿਆਈ ਮੌਤੇ ਮਰ ਰਿਹਾ ਏ। ਬਹੁਤ ਥੋੜ੍ਹੇ ਹੀ ਸੰਜੀਦਾ ਧਾਰਮਿਕ ਵਿਅਕਤੀ ਨੇ ਜਿਹੜੇ ਇਸਦੀ ਚਿਰੰਜੀਵਤਾ ਲਈ ਯਤਨਸ਼ੀਲ ਨੇ। ਇਸ ਸੂਰਜ ਦੀ ਮੌਤ ਕਾਰਨ ਬਹੁਤ ਕੁਝ ਮਰ ਰਿਹਾ ਏ। ਸਭ ਤੋਂ ਪਹਿਲਾਂ ਮਾਨਵਤਾ ਅਤੇ ਫਿਰ ਮਨੁੱਖ ਮਰ ਰਿਹਾ ਏ। ਇਸਦਾ ਸੋਗ ਮਨਾਵਣ ਲਈ ਵੀ ਰਾਤ ਨੂੰ ਵੀ ਦਿਨ ਵੇਲੇ ਧਰਤੀ 'ਤੇ ਉਤਰਨਾ ਪੈਂਦਾ ਏ।

ਇਕ ਸੂਰਜ ਪੁਸਤਕਾਂ ਵਿਚ ਉਗਦਾ ਏ। ਇਸ ਕਾਰਨ ਹੀ ਸ਼ਬਦਾਂ ਵਿਚ ਅਰਥਾਂ ਦੀਆਂ ਕਿਰਨਾਂ ਫੁੱਟਦੀਆਂ ਨੇ। ਵਾਕਾਂ ਵਿਚ ਮੋਮਬੱਤੀਆਂ ਜਗਦੀਆਂ ਨੇ ਅਤੇ ਵਰਕਿਆਂ 'ਤੇ ਦੀਵਿਆਂ ਦੀ ਵਰਣਮਾਲਾ ਬਿਰਾਜਮਾਨ ਹੁੰਦੀ ਹੈ। ਇਹ ਸੂਰਜ ਵੀ ਹੁਣ ਹਟਕੋਰੇ ਭਰ ਰਿਹਾ ਹੈ ਕਿਉਂਕਿ ਅਸੀਂ ਪੁਸਤਕ ਪੜ੍ਹਨ ਤੋਂ ਹੀ ਅਵੇਸਲੇ ਹੋ ਰਹੇ ਹਾਂ। ਅਸੀਂ ਸ਼ਬਦਾਂ ਨਾਲ ਸੰਵਾਦ ਰਚਾਉਣ ਤੋਂ ਵਿਰਵੇ ਹੋ ਗਏ ਹਾਂ। ਅਸੀਂ ਮਨੋਭਾਵਾਂ ਨੂੰ ਦਿੱਤੀ ਤਸ਼ਬੀਹ ਵਿਚੋਂ ਇਸਦੀ ਸੁੱਚਤਾ ਨੂੰ ਪ੍ਰਗਟਾਉਣ ਤੋਂ ਉਕਤਾ ਰਹੇ ਹਾਂ। ਅਸੀਂ ਕਲਾ ਵਿਚ ਪਨਪੀ ਕਾਇਆ-ਕਲਪ ਤੋਂ ਅਣਜਾਣ ਹੋਈ ਜਾ ਰਹੇ ਹਾਂ। ਅਸੀਂ ਕੈਨਵਸ 'ਤੇ ਚਿੱਤਰੇ ਸੂਰਜਾਂ ਨਾਲ ਗੱਲ ਕਰਨ ਤੋਂ ਕੰਨੀਂ ਕਤਰਾਉਂਦੇ ਹਾਂ। ਅਸੀਂ ਤਾਂ ਇਨ੍ਹਾਂ ਸੂਰਜਾਂ ਦੀ ਅੱਖ ਵਿਚ ਅੱਖ ਪਾਉਣ ਤੋਂ ਵੀ ਮੁਨਕਰ ਹੋਈ ਜਾ ਰਹੇ ਹਾਂ। ਯਾਦ ਰੱਖਣਾ! ਜਦ ਪੁਸਤਕ ਵਿਚਲਾ ਸੂਰਜ ਉਗਣ ਤੋਂ ਪਹਿਲਾਂ ਸੱਤਮਾਹਿਆ ਹੋ ਕੇ ਦਰਦਾਂ ਦੀ ਗਾਥਾ ਗਾਉਣ ਲੱਗ ਪਵੇ, ਵੈਣ ਪਾਉਣ ਲੱਗ ਪਵੇ ਜਾਂ ਆਪਣਾ ਮਰਸੀਆ ਆਪਣੇ ਹੀ ਹੋਠਾਂ 'ਤੇ ਗੁਣਗੁਣਾਉਣ ਲੱਗ ਪਵੇ ਤਾਂ ਫਿਰ ਪੁਸਤਕ ਦੀ ਮੌਤ ਅਟੱਲ ਹੁੰਦੀ ਹੈ। ਇਸਦੀ ਮੌਤ ਕਾਰਨ ਹੀ ਮਰ ਜਾਂਦੇ ਨੇ ਅੱਖਰ, ਸੁਸਰੀ ਵਾਂਗ ਸੌਂ ਜਾਂਦੇ ਸ਼ਬਦ ਅਤੇ ਕਬਰਾਂ ਦੀ ਕਤਾਰਬੰਦੀ ਬਣ ਜਾਂਦਾ ਹੈ ਵਰਕਿਆਂ 'ਤੇ ਉਕਰੇ ਪਹਿਰਿਆਂ ਦਾ ਰੁਦਨ।

ਇਕ ਸੂਰਜ ਜੋ ਕਦੇ ਬਸਤਿਆਂ ਵਿਚ ਮਘਦਾ ਸੀ, ਜੋ ਕਦੇ ਫੱਟੀਆਂ 'ਤੇ ਆਪਣੇ ਨਕਸ਼ ਉਗਾਤਦਾ ਸੀ ਅਤੇ ਫੱਟੀ ਸੁਕਾਉਣ ਲਈ ਸਾਡੀ ਹਾਕ ਦਾ ਹੁੰਗਾਰਾ ਭਰਦਾ ਸੀ, ਜੋ ਕਦੇ ਪੂਰਨਿਆਂ ਵਿਚ ਆਪਣੀ ਪਹਿਚਾਣ ਸਿਰਜਦਾ ਸੀ, ਜੋ ਨਿੱਕੇ-ਨਿੱਕੇ ਮਨਾਂ ਵਿਚ ਸੁਫਨੇ ਧਰਦਾ ਸੀ ਅਤੇ ਜੋ ਕਦੇ ਤੱਪੜਾਂ 'ਤੇ ਬੈਠਿਆਂ ਦੀ ਮਾਨਸਿਕ ਉਡਾਣ ਵਿਚ ਹਰਦਮ ਭਾਰੂ ਰਹਿੰਦਾ ਸੀ, ਉਹ ਸੂਰਜ ਹੁਣ ਢਲਦੇ ਪ੍ਰਛਾਵਿਆਂ ਦਾ ਸੋਗ ਬਣ ਗਿਆ ਹੈ। ਮਨੁੱਖ ਦਾ ਅੱਖਰ-ਗਿਆਨ ਨੂੰ ਬੇਦਾਵਾ ਦੇਣਾ ਬਹੁਤ ਮਹਿੰਗਾ ਪਵੇਗਾ। ਇਸ ਬੇਦਾਵੇ ਕਾਰਨ ਹੀ ਮਨੁੱਖ ਨੇ ਆਪਣੇ ਰਿਸ਼ਤਿਆਂ ਨੂੰ ਤਿਆਗਣਾ ਹੈ, ਕਦਰਾਂ-ਕੀਮਤਾਂ ਨੂੰ ਗੁਆਉਣਾ ਹੈ, ਆਪਣੇ ਸਰੋਕਾਰਾਂ ਨੂੰ ਸੰਤਾਪਣਾ ਹੈ, ਆਪਣੀਆਂ ਸੰਵੇਦਨਾਵਾਂ ਨੂੰ ਜ਼ੁਬਾਨ ਦੇਣ ਤੋਂ ਵਿਰਵਾ ਹੋਣਾ ਹੈ ਅਤੇ ਪਰਪਸਰ ਸੰਬੰਧਾਂ ਤੇ ਪ੍ਰੇਮ-ਭਾਵਨਾ ਤੋਂ ਵੀ ਕੋਰਾ ਹੋ ਜਾਣਾ ਹੈ। ਜਦ ਜ਼ੁਬਾਨ 'ਤੇ ਬੋਲ ਅਹੁੜਨ ਤੋਂ ਗੁਰੇਜ਼ ਕਰਨ ਲੱਗ ਪੈਣ, ਸੰਬੰਧਾਂ ਵਿਚ ਮੁਕਤਾ ਪੈਦਾ ਹੋ ਜਾਵੇ ਅਤੇ ਖ਼ੁਦ ਨੂੰ ਪ੍ਰਗਟਾਉਣ ਤੋਂ ਵੀ ਸੁਚੇਤ ਨਾ ਹੋਈਏ ਤਾਂ ਫਿਰ ਮਨੁੱਖੀ ਭਾਵਾਂ ਨੇ ਖ਼ੁਦਕੁਸ਼ੀ ਤਾਂ ਕਰਨੀ ਹੀ ਹੁੰਦੀ ਹੈ।

ਸੂਰਜ ਤਾਂ ਰੌਸ਼ਨਦਾਨਾਂ ਅਤੇ ਖਿੜਕੀਆਂ ਰਾਹੀਂ ਕਮਰਿਆਂ ਵਿਚ ਅਕਸਰ ਹੀ ਝਾਤੀਆਂ ਮਾਰਦਾ ਹੁੰਦਾ ਸੀ। ਇਸ ਨਾਲ ਕਮਰੇ ਵਿਚ ਚਾਨਣ ਦਾ ਪ੍ਰਕਾਸ਼ ਹੁੰਦਾ ਸੀ। ਆਪਸੀ ਪ੍ਰੇਮ ਦਾ ਨਿੱਘ ਪਨਪਦਾ ਸੀ। ਹੁਲਾਸ ਅਤੇ ਪੁਰ-ਖੁਲਾਸੀ ਦਾ ਵਾਤਾਵਰਨ ਪੈਦਾ ਹੁੰਦਾ ਸੀ। ਇਹੀ ਸੂਰਜ ਜਦ ਕਮਰੇ ਵਿਚ ਲੇਟੇ ਦੋ ਜਿਸਮਾਂ ਦੀ ਮਾਨਸਿਕ ਤੇ ਭਾਵਨਾਤਮਿਕ ਧਰਾਤਲ ਵਿਚ ਉਗਦਾ ਤਾਂ ਇਹ ਕਈ ਸੂਰਜਾਂ ਦਾ ਜਨਮ-ਦਾਤਾ ਬਣ ਜਾਂਦਾ ਸੀ। ਕਮਰਿਆਂ ਵਿਚ ਚੁੱਪ-ਚੁਪੀਤੇ ਦਸਤਕ ਦੇਣ ਵਾਲਾ ਇਹ ਸੂਰਜ ਵੀ ਹੁਣ ਵੀ ਉਡੀਕ ਕਰਦਾ ਹੈ ਕਿ ਕਦੋਂ ਖਿੜਕੀਆਂ ਖੁੱਲ੍ਹਣਗੀਆਂ, ਕਦੋਂ ਰੌਸ਼ਨਦਾਨਾਂ ਤੋਂ ਪਹਿਰੇ ਹਟਾਏ ਜਾਣਗੇ ਅਤੇ ਕਦੋਂ ਮਨੁੱਖ ਨੂੰ ਪਰਦਾਦਾਰੀ ਤੋਂ ਖਲਾਸੀ ਮਿਲੇਗੀ? ਕਦੋਂ ਬੰਦ ਕਮਰਿਆਂ ਦੇ ਬੂਹੇ ਖੁੱਲ੍ਹਣਗੇ ਅਤੇ ਸੂਰਜ ਨੂੰ ਕਮਰਿਆਂ ਵਿਚ ਵੜਨ ਦੀ ਇਜਾਜ਼ਤ ਹੋਵੇਗੀ ਤਾਂ ਕਿ ਜਿਸਮਾਂ ਵਿਚ ਕੋਸਾਪਣ ਪੈਦਾ ਹੋ ਕੇ, ਨਵੇਂ ਸੂਰਜਾਂ ਲਈ ਸਾਜ਼ਗਾਰ ਮਾਹੌਲ ਅਤੇ ਧਰਾਤਲ ਸਿਰਜੀ ਜਾ ਸਕੇ। ਵਾਸਤਾ ਈ ਬੰਦਿਆ! ਸੂਰਜ ਦੀ ਦਸਤਕ ਦਾ ਜਵਾਬ ਦਿੰਦਾ ਰਹਿ ਤਾਂ ਕਿ ਇਹ ਸੂਰਜ ਤੈਨੂੰ ਹੋਰ ਬਹੁਤ ਸਾਰੇ ਸੂਰਜਾਂ ਦਾ ਵਰਦਾਨ ਦਿੰਦਾ ਰਹੇ। ਪਰ ਅਜੋਕੇ ਸਮਾਜਿਕ ਤਾਣੇ-ਬਾਣੇ ਵਿਚ ਇਹ ਸੂਰਜ ਵੀ ਮਰਨਹਾਰੀ ਰੁੱਤ ਹੰਢਾਉਣ ਲਈ ਮਜਬੂਰ ਏ ਤਾਂ ਹੀ ਹੁਣ ਮਨੁੱਖ ਮਨਸੂਈ ਸੂਰਜਾਂ ਦੀ ਉਤਪਤੀ ਲਈ ਮਜਬੂਰ ਹੋ ਗਿਆ ਏ। ਦਰਾਂ ਤੋਂ ਮੋੜੇ ਸੂਰਜਾਂ ਦਾ ਸਰਾਪ ਤਾਂ ਮਨੁੱਖ ਨੂੰ ਖ਼ੁਦ ਹੀ ਹੰਢਾਉਣਾ ਪਵੇਗਾ।

ਬਹੁਤ ਜ਼ਰੂਰੀ ਹੁੰਦਾ ਏ ਬੱਚੇ ਦੇ ਮਨ ਵਿਚ ਸੂਰਜਾਂ ਵਰਗੇ ਸੁਪਨੇ ਲੈਣ ਦੀ ਤਾਂਘ ਦਾ ਪੈਦਾ ਹੋਣਾ। ਉਨ੍ਹਾਂ ਵਿਚ ਸੂਰਜ ਨੂੰ ਫੜਨ ਦੀ ਜੁਅਰਤ ਪੈਦਾ ਕਰਨਾ। ਅੰਬਰ ਜੇਡੀ ਉਡਾਣ ਭਰਨ ਦਾ ਜੇਰਾ ਪੈਦਾ ਹੋਣਾ। ਸੂਰਜ ਨੂੰ ਫੜਨ ਲਈ ਅੰਬਰ ਨੂੰ ਹੱਥ ਲਾਉਣਾ ਜ਼ਰੂਰੀ ਹੁੰਦਾ ਕਿਉਂਕਿ ਅੰਬਰ ਦੇ ਵਾਸੀ ਹੀ ਸੂਰਜਾਂ ਦੇ ਆੜੀ ਹੁੰਦੇ।

ਬੱਚੇ ਵੀ ਤਾਂ ਨਿੱਕੇ-ਨਿੱਕੇ ਸੂਰਜ ਜੋ ਘਰ ਨੂੰ ਆਪਣੀ ਹੋਂਦ ਨਾਲ ਭਰਦੇ। ਵਿਹੜੇ ਨੂੰ ਭਾਗ ਲਾਉਂਦੇ ਤਾਂ ਹੀ ਇਨ੍ਹਾਂ ਦੀ ਆਮਦ 'ਤੇ ਦਰੀਂ ਪਾਣੀ ਡੋਲ੍ਹਿਆ ਜਾਂਦਾ ਹੈ, ਬਰੂਹਾਂ 'ਤੇ ਤੇਲ ਚੋਇਆ ਜਾਂਦਾ ਅਤੇ ਨਿੰਮ ਦੇ ਪੱਤੇ ਦਰਵਾਜ਼ਿਆਂ 'ਤੇ ਟੰਗੇ ਜਾਂਦੇ। ਇਹ ਨਿੱਕੇ ਨਿੱਕੇ ਸੂਰਜ ਹੀ ਹੌਲੀ ਹੌਲੀ ਵੱਡੇ ਹੋ ਕੇ ਘਰ ਦਾ ਬੋਝ ਮੋਢੇ 'ਤੇ ਉਠਾਉਂਦੇ, ਮਾਪਿਆਂ ਦੇ ਖ਼ੁਆਬਾਂ ਤੇ ਖ਼ਿਆਲਾਂ ਨੂੰ ਅਸਲੀ ਜਾਮਾ ਪਹਿਨਾਉਂਦੇ, ਸੁਪਨਿਆਂ ਦੀ ਤਾਮੀਰਦਾਰੀ ਕਰਦੇ ਅਤੇ ਉਨ੍ਹਾਂ ਦਾ ਸ਼ਮਲਾ ਉਚਾ ਕਰਦੇ। ਫਿਰ ਮਾਵਾਂ ਆਪਣੇ ਬੱਚਿਆਂ ਦੀਆਂ ਪ੍ਰਾਪਤੀਆਂ ਦੇ ਸ਼ਗਨ ਮਨਾਉਂਦੀਆਂ ਤੇ ਗੁਆਂਢ ਵਿਚ ਪਤਾਸੇ ਵੰਡਦੀਆਂ। ਕਿੰਨਾ ਚਾਅ ਹੁੰਦਾ ਸੀ ਸਾਡੀਆਂ ਅਨਪੜ੍ਹ ਮਾਵਾਂ ਨੂੰ ਜਦ ਅਸੀਂ ਕਿਸੇ ਜਮਾਤ ਵਿਚੋਂ ਪਾਸ ਹੋ ਕੇ ਸਕੂਲ ਤੋਂ ਘਰ ਪਰਤਦੇ ਸਾਂ। ਉਨ੍ਹਾਂ ਨੂੰ ਆਸ ਹੁੰਦੀ ਸੀ ਕਿ ਸਾਡੇ ਬੱਚੇ ਪੜ੍ਹ-ਲਿਖ ਕੇ ਘਰ ਦੀ ਜੂਨ ਬਦਲ ਦੇਣਗੇ। ਘਰ ਨੂੰ ਕੰਗਾਲੀ ਤੇ ਗੁਰਬਤ 'ਚੋਂ ਕੱਢਣ ਵਿਚ ਯੋਗਦਾਨ ਪਾਉਣਗੇ। ਇਹ ਬੱਚੇ ਹੀ ਹੁੰਦੇ ਜੋ ਕੁੱਲੀਆਂ ਵਿਚ ਜਗਦੇ ਦੀਵੇ ਹੁੰਦੇ ਜਿਨ੍ਹਾਂ ਦੀ ਰੌਸ਼ਨੀ ਵਿਚ ਕੱਖਾਂ ਦੀ ਕੁੱਲੀ ਵੀ ਮਹਿਲਾਂ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ।

ਸਾਡੇ ਮਾਪੇ, ਅਧਿਆਪਕ ਅਤੇ ਰਹਿਬਰ ਵੀ ਸੂਰਜਾਂ ਦੀ ਸੁੱਚੀ ਤਸ਼ਬੀਹ ਜਿਨ੍ਹਾਂ ਦੇ ਮਾਰਗ-ਦਰਸ਼ਨ ਵਿਚ ਅਸੀਂ ਖ਼ੁਦ ਵੀ ਸੂਰਜੀ ਮਾਰਗ ਦੇ ਪਾਂਧੀ ਬਣਦੇ ਹਾਂ। ਸਾਡੇ ਲਈ ਰਾਹਾਂ ਦੀ ਨਿਸ਼ਾਨਦੇਹੀ ਅਤੇ ਮੰਜ਼ਲਾਂ ਦੇ ਦਿਸਹੱਦਿਆਂ ਦਾ ਸਿਰਨਾਵਾਂ ਭਾਲਣ ਵਿਚ ਮਦਦਗਾਰ ਹੁੰਦੇ। ਉਨ੍ਹਾਂ ਦੀ ਛਤਰ-ਛਾਇਆ ਹੇਠ ਅਨੂਠੀਆਂ ਪ੍ਰਾਪਤੀਆਂ ਦੀ ਰੰਗਣ, ਉਨ੍ਹਾਂ ਲਈ ਵੀ ਸੁਰਫ਼ ਦਾ ਸਬੱਬ ਹੁੰਦੀ। ਸਾਡੀਆਂ ਸੋਚਾਂ ਵਿਚ ਦਗਦੇ ਸੂਰਜਾਂ ਦਾ ਪ੍ਰਕਾਸ਼ਮਾਨ ਹੋਣਾ, ਸਾਡਾ ਸੁਭਾਗ। ਅਸੀਂ ਹੋਰ ਸੂਰਜਾਂ ਦਾ ਜਾਗ ਲਾਉਣ ਲਈ ਆਪਣੀ ਸਮਰੱਥਾ, ਸਾਧਨਾ ਅਤੇ ਸਮਰਪਿਤਾ ਨਾਲ ਇਸ ਅਮੀਰ ਪ੍ਰੰਪਰਾ ਨੂੰ ਜਾਰੀ ਰੱਖਣ ਦਾ ਅਹਿਦਨਾਮਾ ਹੁੰਦੇ।

ਸੂਰਜਾਂ ਦੇ ਸੰਗਮ ਵਿਚ
ਉਗਦੇ ਸੂਰਜਾਂ ਦੇ ਸਿਰਨਾਵੇਂ
ਸੂਰਜਾਂ ਦੀਆਂ ਕਲਮਾਂ ਕਰਦੀਆਂ
ਸੁੱਚਮਾਂ ਅੱਖਰਾਂ ਨਾਵੇਂ
ਸੂਰਜਾਂ ਦੇ ਭਰ ਵਗਦੇ ਦਰਿਆ
ਰਲਦੇ ਵਿਚ ਸਮੁੰਦਰ
ਅਤੇ ਇਨ੍ਹਾਂ ਨਾਲ ਖਲਕਤ ਜੁੜਦੀ
ਆਪੋ-ਆਪਣੇ ਅੰਦਰ
ਸੂਰਜਾਂ ਦੀਆਂ ਫਸਲਾਂ ਜਦ ਵੀ
ਖੇਤਾਂ ਦੇ ਵਿਚ ਉਗੀਆਂ
ਤਦ ਖ਼ੁਦਕੁਸ਼ੀਆਂ ਦੀਆਂ ਚਾਲਾਂ
ਕਦੇ ਨਾ ਪੁੱਗੀਆਂ
ਸੂਰਜਾਂ ਦੇ ਹਾਣੀ ਸਦਾ ਹੀ
ਸੱਚੀ ਜੋਗ ਕਮਾਉਂਦੇ।
ਮੋਢੇ ਲਟਕਾਈ ਬਗਲੀ ਵਿਚੋਂ
ਦਾਤਾਂ ਝੋਲੀ ਪਾਉਂਦੇ
ਆਓ ਸਾਰੇ ਲਹਿੰਦਾ ਸੂਰਜ
ਚੁੱਕ ਕੇ ਘਰੀਂ ਲਿਆਈਏ
ਤੇ ਪਿੰਡ ਦੀ ਹਰ ਜੂਹ-ਚੁਰਸਤੇ
ਇਸ ਦੀਆਂ ਦਾਬਾਂ ਲਾਈਏ।

ਸਾਡੇ ਚੌਗਿਰਦੇ ਵਿਚ ਬਹੁਤ ਸਾਰੇ ਸੂਰਜ ਤਾਂ ਹੁੰਦੇ ਪਰ ਕਈ ਤਾਂ ਬਹੁਤ ਹੀ ਬੁੱਝੇ ਬੁੱਝੇ ਜਿਹੇ ਜਿਨ੍ਹਾਂ ਨੂੰ ਪੂਰਨ ਮਘਣ ਲਈ ਚੰਗਿਆੜੀ ਦੀ ਲੋੜ। ਇਹ ਚੰਗਿਆੜੀ ਕਈ ਵਾਰ ਕਿਸੇ ਪਲ, ਘਟਨਾ, ਜ਼ਿੰਦਗੀ ਦੇ ਕੋਈ ਮੋੜ ਜਾਂ ਕਿਸੇ ਨਿਹੋਰੇ, ਸ਼ਰਮਸਾਰੀ ਜਾਂ ਹੱਠ ਧਰਮੀ ਜਾਂ ਉਲਾਹਮੇ ਵਿਚੋਂ ਪੈਦਾ ਹੋ, ਅਜਿਹੀ ਜ਼ਿੱਦ ਦਾ ਰੂਪ ਧਾਰਦੀ ਕਿ ਫਿਰ ਸੂਰਜ ਸਾਡੇ ਬਨੇਰੇ ਖ਼ੁਦ-ਬ-ਖ਼ੁਦ ਉਤਰ, ਸਾਡੇ ਵਿਹੜੇ ਨੂੰ ਵੀ ਰੁਸ਼ਨਾਉਂਦਾ, ਚੌਕੇ ਵਿਚ ਆ ਚੁੱਲ੍ਹੇ ਨੂੰ ਤਪਾਉਂਦਾ ਅਤੇ ਘਰ ਨੂੰ ਚਾਨਣ ਨਾਲ ਭਰ ਦਿੰਦਾ। ਲੋੜ ਹੈ ਸੂਰਜ-ਪ੍ਰਾਪਤੀ ਲਈ ਇੰਨੀ ਲਗਨ, ਸਿਰੜ, ਸਾਧਨਾ ਅਤੇ ਸਿਦਕ ਨਾਲ ਜੁੜੇ ਰਹੋ ਕਿ ਸੂਰਜ ਮਜਬੂਰ ਹੋ ਜਾਵੇ ਤੁਹਾਡੀਆਂ ਦਹਿਲੀਜ਼ਾਂ 'ਤੇ ਨਤਮਸਤਕ ਹੋਣ ਲਈ।

ਸੂਰਜ ਤਾਂ ਹੋਰ ਵੀ ਬਹੁਤ ਸਾਰੇ ਹੁੰਦੇ। ਕਈ ਵਾਰ ਕੁਝ ਮਨੁੱਖ ਹੀ ਸੂਰਜਾਂ ਵਰਗੇ ਹੁੰਦੇ ਜੋ ਭਲਿਆਈ ਅਤੇ ਬੰਦਗੀ ਨੂੰ ਅਪਨਾਏ, ਕੁਦਰਤੀ ਨਿਆਮਤਾਂ ਦੀ ਸਾਂਭ-ਸੰਭਾਲ ਲਈ ਅਰਪਿਤ ਹੁੰਦੇ। ਜਿਹੜੇ ਅੰਦਰ ਵੱਲ ਨੂੰ ਜਾਂਦੀਆਂ ਪੌੜੀਆਂ ਦਾ ਨਾਮਕਰਨ ਹੁੰਦੇ ਅਤੇ ਜਿਨ੍ਹਾਂ ਦੀ ਪਹਿਰੇਦਾਰੀ ਵਿਚ ਮਾਨਵਤਾ ਵੀ ਸ਼ਰਸ਼ਾਰ ਹੁੰਦੀ। ਇਨ੍ਹਾਂ ਸੂਰਜਾਂ ਦੀ ਬਦੌਲਤ ਹੀ ਸਮਾਜ ਵਿਚ ਕੁਝ ਕੁ ਸੁਖਨ, ਸਹਿਜ, ਸਕੂਨ, ਸੰਤੋਖੀਪੁਣੇ ਅਤੇ ਸੰਤੁਸ਼ਟਤਾ ਦਾ ਵਾਸਾ ਹੈ। ਇਹ ਸੂਰਜ ਜਿਉਂਦੇ ਨੇ ਤਾਂ ਲੋਕਾਈ ਜਿਉਂਦੀ ਏ। ਇਨ੍ਹਾਂ ਨੂੰ ਦੇਖ ਕੇ ਜੇ ਹੋਰ ਵੀ ਸੂਰਜ ਬਣਨ ਲਈ ਅਹੁਲਣ ਲੱਗ ਪੈਣ ਤਾਂ ਸੂਰਜਾਂ ਦਾ ਕਾਫ਼ਲਾ ਨਿਰੰਤਰ ਵਧਦਾ ਜਾਂਦਾ।

ਪਰ ਸਭ ਤੋਂ ਵੱਡਾ ਅਤੇ ਮਹਾਨ ਸੂਰਜ ਉਹ ਹੁੰਦਾ ਹੈ ਜੋ ਮਨੁੱਖ ਆਪਣੇ ਅੰਤਰੀਵ ਵਿਚ ਉਗਾਉਂਦਾ ਹੈ। ਇਸ ਸੂਰਜ ਦੀ ਰੌਸ਼ਨੀ ਵਿਚ ਉਸਦੀ ਅੰਦਰਲੀ ਕਾਲਖ਼ ਧੋਤੀ ਜਾਂਦੀ ਅਤੇ ਅੰਤਰੀਵ ਵਿਚ ਹੋਇਆ ਉਜਿਆਰਾ ਹੀ ਫਿਰ ਅੰਦਰ ਤੋਂ ਬਾਹਰ ਦੇ ਸਫ਼ਰ ਨੂੰ ਤੁਰਦਾ ਹੈ। ਇਹ ਸਫ਼ਰ ਹੀ ਮਨੁੱਖ ਲਈ ਸਭ ਤੋਂ ਪ੍ਰਮੁੱਖ ਹੁੰਦਾ ਏ। ਅੰਦਰ ਤੋਂ ਬਾਹਰ ਦੇ ਯਾਤਰੀ ਬਹੁਤ ਹੀ ਵਿਰਲੇ ਨੇ ਅਤੇ ਇਹ ਵਿਰਲੇ ਹੀ ਸੂਰਜਾਂ ਦੀ ਅਜਿਹੀ ਜਾਤ ਹੁੰਦੀ ਹੈ ਜੋ ਬਹੁਤ ਅਨਮੁੱਲੇ ਅਤੇ ਦੁਰਲੱਭ ਹਨ। ਲੋੜ ਹੈ ਕਿ ਅਸੀਂ ਕਦੇ ਕਦਾਈਂ ਇਸ ਯਾਤਰਾ ਨੂੰ ਆਰੰਭ ਕਰਨ ਦਾ ਵਿਚਾਰ ਮਨ ਵਿਚ ਪੈਦਾ ਕਰੀਏ ਤਾਂ ਕਿ ਅਸੀਂ ਵੀ ਆਪਣੇ ਅੰਤਰੀਵੀ ਚਾਨਣ ਨੂੰ ਅੰਦਰ ਤੋਂ ਬਾਹਰ ਦੇ ਸਫ਼ਰ ਨੂੰ ਤੋਰੀਏ ਜਿਸ ਨਾਲ ਸਾਡੇ ਆਲੇ-ਦੁਆਲੇ ਦੀ ਫਿਜ਼ਾ ਵਿਚ ਚਾਨਣਾ ਦਾ ਜਲੌਅ ਹੋਵੇ। ਇਸ ਜਲੌਅ ਵਿਚ ਹਰ ਵਸਤ ਜਗਮਗ ਕਰਦੀ ਚਾਨਣੀ ਦੀ ਰੰਗਤ ਨੂੰ ਕੁਦਰਤੀ ਪਸਾਰੇ ਦੇ ਵਿਸਥਾਰ ਦਾ ਰੂਪ ਦਿੰਦੀ ਰਹੇ।

# ਮੋ ਯਾਂ ਦੀ ਤਕਰੀਰ

**ਨੋਬੇਲ ਇਨਾਮ ਜੇਤੂ ਚੀਨੀ ਲਿਖਾਰੀ ਮੋ ਯਾਂ ਦੀਆਂ ਰਚਨਾਵਾਂ ਸੱਚ ਅਤੇ ਇਨਸਾਫ ਦੀ ਸਾਖੀ ਸੁਣਾਉਂਦੀਆਂ ਹਨ। ਇਹ ਲਿਖਤ ਨੋਬੇਲ ਇਨਾਮ ਮਿਲਣ ਮੌਕੇ ਉਸ ਦੀ ਕੀਤੀ ਤਕਰੀਰ ਹੈ ਜਿਸ ਦਾ ਅਨੁਵਾਦ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪ੍ਰੋ. ਹਰਪਾਲ ਸਿੰਘ ਪੰਨੂ ਨੇ ਘੱਲਿਆ ਹੈ। ਮੋ ਯਾਂ 21 ਸਾਲ ਦੀ ਉਮਰ ਤੱਕ ਕਦੇ ਪਿੰਡੋਂ ਬਾਹਰ ਨਹੀਂ ਸੀ ਨਿਕਲਿਆ ਪਰ ਜਦੋਂ ਰੋਟੀ-ਰੋਜ਼ੀ ਲਈ ਸ਼ਹਿਰ ਗਿਆ ਤਾਂ ਉਥੇ ਆਰਾ ਮਿੱਲ ਦੀਆਂ ਲੱਕੜਾਂ ਵਿਚ ਹੀ ਗੁਆਚ ਗਿਆ। ਇਸ ਲੇਖ ਵਿਚ ਅਜਿਹੇ ਬਹੁਤ ਸਾਰੇ ਦਿਲਚਸਪ ਅਤੇ ਮਾਰਮਿਕ ਵੇਰਵੇ ਹਨ ਜੋ ਹਰ ਸਾਧਾਰਨ ਸ਼ਖਸ ਆਪਣੇ ਤਨ-ਮਨ 'ਤੇ ਹੰਢਾਉਂਦਾ ਹੈ। ਇਸੇ ਕਰਕੇ ਮੋ ਯਾਂ ਦੀਆਂ ਗੱਲਾਂ ਸਭ ਨੂੰ ਆਪਣੀਆਂ ਲੱਗਦੀਆਂ ਹਨ।**

ਚੀਨੀ ਲੇਖਕ ਮੋ ਯਾਂ ਨੂੰ ਉੱਤਮ ਕਹਾਣੀਕਾਰ ਮੰਨਦਿਆਂ ਸਵਿੱਸ ਅਕਾਦਮੀ ਨੇ ਨੋਬੇਲ ਇਨਾਮ ਨਾਲ ਸਨਮਾਨਿਆ। 7 ਦਸੰਬਰ, 2012 ਨੂੰ ਸਟਾਕਹਾਮ ਵਿਚ ਸ਼ੁਕਰਾਨੇ ਵਜੋਂ ਤਕਰੀਰ ਕਰਦਿਆਂ ਜੋ ਸਿੱਧੇ-ਸਾਦੇ ਲਫ਼ਜ਼ ਉਸ ਨੇ ਕਹੇ, ਮੇਰਾ ਦਿਲ ਕੀਤਾ ਪੰਜਾਬੀ ਪਾਠਕਾਂ ਤਕ ਪਹੁੰਚਾ ਦਿਆਂ। ਨੋਬੇਲ ਫਾਊਂਡੇਸ਼ਨ ਨੇ ਇਸ ਨੂੰ ਅਨੁਵਾਦ ਕਰਨ ਦੀ ਪ੍ਰਵਾਨਗੀ ਦਿੱਤੀ, ਸ਼ੁਕਰਾਨਾ।

'ਸਵੀਡਿਸ਼ ਅਕਾਦਮੀ ਦੇ ਮਾਣਯੋਗ ਸੱਜਣ ਸੱਜਣੀਓ, ਇੰਟਰਨੈਟ ਨੇ ਕੰਮ ਏਨਾ ਸੁਖਾਲਾ ਕਰ ਦਿੱਤਾ, ਸ਼ਾਇਦ ਤੁਸੀਂ ਜਾਣ ਲਿਆ ਹੋਵੇਗਾ ਮੇਰਾ ਗੋਮੀ ਪਿੰਡ ਕਿੱਥੇ ਹੈ। ਤੁਸੀਂ ਮੇਰਾ 90 ਸਾਲ ਦਾ ਪਿਤਾ, ਭਰਾ, ਭੈਣ, ਪਤਨੀ, ਧੀ ਤੇ ਸਵਾ ਸਾਲ ਦੀ ਦੋਹਤੀ ਦੀਆਂ ਫੋਟੋਆਂ ਵੀ ਦੇਖੀਆਂ ਹੋਣਗੀਆਂ। ਇਕ ਜੀਅ ਜਿਹੜਾ ਗੈਰ-ਹਾਜ਼ਰ ਹੈ, ਮੇਰੀ ਮਾਂ ਹੈ। ਜਿਸਦੀ ਹਾਜ਼ਰੀ ਸਭ ਤੋਂ ਵਧੀਕ ਜ਼ਰੂਰੀ, ਉਹੀ ਗੈਰਹਾਜ਼ਰ। ਮੈਨੂੰ ਇਨਾਮ ਮਿਲਿਆ ਜਾਣ ਕੇ ਸਾਰੇ ਖੁਸ਼ ਹੋਏ। ਮਾਂ ਇਸ ਵੇਲੇ ਨਹੀਂ ਰਹੀ ਸੋ ਜਸ਼ਨ ਤੋਂ ਮਹਿਰੂਮ ਰਹੀ।



**ਅਨੁ. ਹਰਪਾਲ ਸਿੰਘ ਪੰਨੂ**
**ਫੋਨ: 94642-51454**

1922 ਵਿਚ ਜਨਮ ਅਤੇ 1994 ਵਿਚ ਮਾਂ ਦਾ ਦੇਹਾਂਤ ਹੋਇਆ। ਪਿੰਡ ਵਿਚ ਆੜੂਆਂ ਦੇ ਬਾਗ ਵਿਚ ਦਫਨਾ ਦਿੱਤੀ। ਪਿਛਲੇ ਸਾਲ ਐਲਾਨ ਹੋਇਆ ਇੱਥੋਂ ਦੀ ਰੇਲ ਲਾਈਨ ਲੰਘੇਗੀ, ਸੋ ਆਪੋ ਆਪਣੇ ਮੁਰਦਿਆਂ ਦਾ ਕਿਧਰੇ ਹੋਰ ਬੰਦੋਬਸਤ ਕਰੋ। ਅਸੀਂ ਕਬਰ ਪੁੱਟੀ, ਵਿਚ ਕੁਝ ਨਹੀਂ ਲੱਭਿਆ, ਮਿੱਟੀ ਨਾਲ ਮਿੱਟੀ ਹੋ ਗਈ। ਅਸੀਂ ਥੋੜੀ ਕੁ ਮਿੱਟੀ ਇੱਥੋਂ ਕੱਢ ਕੇ ਦੂਰ ਟੋਆ ਪੁੱਟ ਕੇ ਦੱਬ ਦਿੱਤੀ। ਕਹਾਣੀ ਸੁਣਾਉਂਦਿਆਂ ਲਿਖਤਾਂ ਵਿਚ ਜਦ ਮੈਨੂੰ ਧਰਤੀ ਨਾਲ ਗੱਲਾਂ ਕਰਦਾ ਦੇਖੋ, ਸਮਝ ਜਾਣਾ ਮਾਂ ਨਾਲ ਗੱਲਾਂ ਕੀਤੀਆਂ।

ਸਾਰਿਆਂ ਤੋਂ ਛੋਟਾ ਸਾਂ। ਸਭ ਤੋਂ ਪਹਿਲੀ ਘਟਨਾ ਜਿਹੜੀ ਮੈਨੂੰ ਯਾਦ ਹੈ, ਪਾਣੀ ਭਰਨ ਗਿਆ, ਮਟਕੀ ਟੁੱਟ ਗਈ। ਖਾਣਾ ਘੱਟ ਮਿਲਣ ਕਰਕੇ ਕਮਜ਼ੋਰੀ ਕਾਰਨ ਚੱਕਰ ਖਾ ਕੇ ਡਿੱਗ ਪਿਆ। ਮਾਂ ਮਾਰੇਗੀ, ਘੱਟੋ-ਘੱਟ ਝਿੜਕੇਗੀ ਜ਼ਰੂਰ, ਮੈਂ ਡਰ ਕੇ ਬਾਜਰੇ ਦੇ ਛੌਰ ਵਿਚ ਲੁਕ ਗਿਆ, ਸਾਰਾ ਦਿਨ ਨਾ ਨਿਕਲਿਆ। ਸ਼ਾਮ ਪਈ, ਮਾਂ ਨੇ ਮੇਰਾ ਛੋਟਾ ਨਾਮ ਲੈ ਕੇ ਵਾਜਾਂ ਮਾਰੀਆਂ, ਸਹਿਮਿਆ ਹੋਇਆ ਬਾਹਰ ਨਿਕਲਿਆ ਤੇ ਨੀਵੀਂ ਪਾ ਕੇ ਮਾਰ ਖਾਣ ਲਈ ਤਿਆਰ ਹੋ ਗਿਆ। ਨਾ ਮਾਰਿਆ, ਨਾ ਝਿੜਕਿਆ, ਮੇਰਾ ਸਿਰ ਪਲੋਸਿਆ, ਹਉਕਾ ਲਿਆ ਬਸ।

ਗਰੀਬ ਬੰਦੇ ਅਕਸਰ ਕਣਕ ਦੀਆਂ ਅਧਪੱਕੀਆਂ ਬੱਲੀਆਂ ਮਾਲਕ ਦੇ ਖੇਤ ਵਿਚੋਂ ਚੋਰੀ ਕਰ ਕੇ ਹੋਲਾਂ ਭੁੰਨ ਕੇ ਖਾਂਦੇ। ਬਾਕੀਆਂ ਨਾਲ ਮਾਂ ਵੀ ਸੀ। ਚੌਕੀਦਾਰ ਦੇਖ ਕੇ ਬਾਕੀ ਸਭ ਭੱਜ ਗਏ। ਡੁੱਡੇ ਪੈਰਾਂ ਕਾਰਨ ਮਾਂ ਦੌੜ ਨਾ ਸਕੀ। ਕਦਾਵਰ ਮੁਸ਼ਟੰਡੇ ਨੇ ਏਨਾ ਜ਼ੋਰ ਦੀ ਘਸੁੰਨ ਮਾਰਿਆ, ਬੁੱਲ੍ਹ ਫਟ ਗਿਆ, ਖੂਨ ਵਗਿਆ, ਮਾਂ ਦਾ ਲਾਚਾਰ ਮੂੰਹ ਦੇਖਿਆ। ਮੁੱਦਤ ਬਾਅਦ ਮੈਂ ਅਤੇ ਮਾਂ ਬਾਜ਼ਾਰ ਗਏ, ਚੌਕੀਦਾਰ ਦਿਸਿਆ, ਵਾਲ ਸਫੈਦ ਹੋ ਗਏ ਸਨ। ਮੈਨੂੰ ਗੁੱਸਾ ਚੜ੍ਹ ਗਿਆ, ਮੈਂ ਉਸ ਵਲ ਜਾਣ ਲੱਗਾ ਤਾਂ ਮਾਂ ਨੇ ਮੇਰਾ ਹੱਥ ਫੜ ਲਿਆ, ਕਿਹਾ, 'ਇਹ ਉਹ ਆਦਮੀ ਨਹੀਂ ਪੁੱਤਰ। ਜਿਸ ਨੇ ਮੇਰੇ ਥੱਪੜ ਮਾਰਿਆ ਉਹ ਕੋਈ ਹੋਰ ਸੀ। ਹੁਣ ਮੈਂ ਵੀ ਤਾਂ ਕੋਈ ਹੋਰ ਆਂ।'

ਪੂਰਨਮਾਸ਼ੀ ਦਾ ਤਿਉਹਾਰ ਮੇਰੀ ਯਾਦ ਵਿਚ ਮੌਜੂਦ ਹੈ। ਸਾਰਿਆਂ ਨੂੰ ਇਕ ਇਕ ਕਟੋਰਾ ਖੀਰ ਦਾ ਮਿਲਦਾ, ਆਮ ਦਿਨੀਂ ਉਬਲੇ ਆਲੂ ਖਾਂਦੇ। ਮੰਗਤਾ ਦਰਵਾਜ਼ੇ ਵਿਚ ਆ ਖਲੋਤਾ। ਮੈਂ ਆਲੂ ਦੇਣ ਗਿਆ ਤਾਂ ਗੁੱਸੇ ਨਾਲ ਬੋਲਿਆ, 'ਆਪ ਖੀਰ ਖਾਉ ਤੇ ਮੈਨੂੰ ਆਲੂ'? ਮੈਂ ਕਿਹਾ- 'ਲਿਜਾਣੇ ਨੇ ਲੈ ਜਾ ਨਹੀਂ ਦਫਾ ਹੋ'। ਮਾਂ ਉਠੀ, ਜਿਹੜਾ ਆਪਣੇ ਖਾਣ ਲਈ ਰੱਖਿਆ ਸੀ ਉਸ ਕਟੋਰੇ ਵਿਚੋਂ ਅੱਧੀ ਖੀਰ ਮੰਗਤੇ ਦੇ ਕਟੋਰੇ ਵਿਚ ਪਾ ਦਿੱਤੀ।

ਭੁੱਖ, ਗਰੀਬੀ, ਫੇਫੜਿਆਂ ਦੀ ਬਿਮਾਰੀ ਕਾਰਨ ਕਮਜ਼ੋਰ ਹੋ ਗਈ ਸੀ। ਪੰਦਰਾਂ ਸੋਲਾਂ ਸਾਲ ਦਾ ਹੋ ਗਿਆ ਸਾਂ, ਮੈਂ ਜਦੋਂ ਘਰ ਆਉਂਦਾ, ਸਭ ਤੋਂ ਪਹਿਲਾਂ ਮਾਂ ਨੂੰ ਵਾਜ ਮਾਰਦਾ। ਡਰ ਲੱਗਿਆ ਰਹਿੰਦਾ ਕਿਤੇ ਮਰ ਤਾਂ ਨਹੀਂ ਗਈ। ਇਕ ਸ਼ਾਮ ਘਰ ਆਇਆ, ਵਾਜਾਂ ਮਾਰੀਆਂ, ਦੋ-ਤਿੰਨ ਥਾਂ ਦੌੜ ਕੇ ਗਿਆ, ਕਿਤੇ ਨਾ ਦਿਸੀ। ਉਚੀ ਉਚੀ ਰੋਣ ਲੱਗ ਗਿਆ। ਆਪਣੀ ਪਿੱਠ ਉਤੇ ਲੱਕੜਾਂ ਲੱਦੀ ਆਈ, ਲੱਕੜਾਂ ਸੁੱਟ ਕੇ ਮੈਨੂੰ ਜੱਫੀ ਵਿਚ ਲੈ ਕੇ ਕਿਹਾ- 'ਮੈਂ ਨੀਂ ਕਿਤੇ ਜਾਂਦੀ ਤੈਨੂੰ ਛੱਡ ਕੇ'।

ਸਾਰੇ ਟੱਬਰ ਵਿਚੋਂ ਬਦਸ਼ਕਲ ਮੈਂ ਸਾਂ। ਸਾਰੇ ਜਣੇ ਮੇਰੇ 'ਤੇ ਹੱਸਦੇ। ਮਾਂ ਕਿਹਾ ਕਰਦੀ- ਕਿਉਂ? ਤੇਰੇ ਨੱਕ, ਕੰਨ, ਅੱਖਾਂ, ਲੱਤਾਂ, ਬਾਹਾਂ ਸਭ ਠੀਕ ਤਾਂ ਹਨ। ਚੰਗੇ ਕੰਮ ਕਰੇਂਗਾ ਸਭ ਨੂੰ ਤੇਰੀ ਸ਼ਕਲ ਪਿਆਰੀ ਲੱਗੇਗੀ। ਪੰਜਵੀਂ ਪਾਸ ਕਰ ਕੇ ਹਟ ਗਿਆ। ਅਗਲੇ ਡੰਗ ਖਾਣ ਨੂੰ ਕੁਝ ਮਿਲੇਗਾ ਪਤਾ ਨਹੀਂ, ਪਰ ਕਿਤਾਬ ਖਰੀਦਣ ਲਈ ਮਾਂ ਤੋਂ ਪੈਸੇ ਮੰਗਦਾ, ਨਾਂਹ ਨਾ ਕਰਦੀ। ਅਨਪੜ੍ਹ ਮਾਂ ਪੜ੍ਹੇ ਲਿਖਿਆਂ ਦਾ ਪੂਰਾ ਆਦਰ ਕਰਦੀ। ਜਦੋਂ ਮੈਂ ਕਿਤਾਬ ਵਿਚ ਸਿਰ ਘਸੋਇਆ ਹੁੰਦਾ, ਮੈਨੂੰ ਕੰਮ ਕਰਨ ਲਈ ਵਾਜ ਨਾ ਮਾਰਦੀ। ਇਕ ਵਾਰ ਇਕ ਕਥਾ-ਵਾਚਕ ਪਿੰਡ ਆਇਆ, ਅੱਖ ਬਚਾ ਕੇ ਮੈਂ ਵੀ ਚਲਾ ਗਿਆ। ਕਥਾ ਸੁਣ ਕੇ ਘਰ ਆਇਆ ਤਾਂ ਦੀਵੇ ਨੇੜੇ ਬੈਠੀ ਉਹ ਸਾਡੇ ਕੱਪੜਿਆਂ ਨੂੰ ਟਾਕੀਆਂ ਲਾ ਰਹੀ ਸੀ। ਜੋ ਸੁਣ ਕੇ ਆਇਆ, ਮਾਂ ਨੂੰ ਸਾਰਾ ਪਾਠ ਸੁਣਾ ਦਿੱਤਾ। ਜੋ ਸੁਣਦਾ, ਉਹ ਘਰ ਆ ਕੇ ਸੁਣਾਉਂਦਾ, ਮੈਨੂੰ ਕਹਾਣੀ ਸੁਣਾਉਣ ਦਾ ਤਰੀਕਾ ਆ ਗਿਆ। ਗੁਆਂਢੀ ਵੀ ਸੁਣਨ ਲੱਗ ਜਾਂਦੇ। ਮਾਂ ਖੁਸ਼ ਹੁੰਦੀ ਪਰ ਕਿਹਾ ਕਰਦੀ- ਕਹਾਣੀਆਂ ਰੋਟੀ ਨੀ ਦਿੰਦੀਆਂ।

ਅਖਾਣ ਹੈ- ਦਰਿਆ ਦਾ ਵਹਿਣ ਬਦਲਾਣਾ ਸੌਖਾ, ਬੰਦੇ ਦਾ ਸੁਭਾਅ ਬਦਲਣਾ ਔਖਾ। ਮੇਰੇ ਨਾਮ ਮੋ ਯਾਂ ਦਾ ਅਰਥ ਹੈ- ਚੁਪ ਰਹਿ। ਮੇਰਾ ਨਾਮ ਮੇਰੇ ਸੁਭਾਅ ਦੇ ਐਨ ਉਲਟ ਹੈ। ਪੜ੍ਹਨੋਂ ਹਟਿਆ ਤਾਂ ਪਸ਼ੂ ਚਾਰਨ ਲੱਗਾ। ਕਹਾਣੀਆਂ ਵਿਚ ਸੁਣਿਆ ਸੀ ਜੰਗਲ ਵਿਚ ਲੂੰਬੜਾਂ ਹੁੰਦੀਆਂ ਨੇ ਜੋ ਰੂਪ ਵਟਾ ਕੇ ਪਰੀਆਂ ਬਣ ਜਾਂਦੀਆਂ ਨੇ। ਪਰੀਆਂ ਮੁੰਡਿਆਂ ਦੀਆਂ ਸਹੇਲੀਆਂ ਬਣ ਕੇ ਨਾਲ ਪਸ਼ੂ ਚਾਰਦੀਆਂ ਨੇ ਨਾਲੇ ਗੀਤ ਗਾਉਂਦੀਆਂ ਨੇ। ਇਕ ਦਿਨ ਜੰਗਲ ਕਿਨਾਰੇ ਪਸ਼ੂ ਚਾਰ ਰਿਹਾ ਸਾਂ ਕਿ ਭੱਜੀ ਆਉਂਦੀ ਲਾਲ ਗੁਸੈਲੀ ਲੂੰਬੜ ਮੇਰੇ ਉਪਰ ਦੀ ਛਾਲ ਮਾਰ ਕੇ ਲੰਘ ਗਈ, ਮੈਂ ਦੇਰ ਤਕ ਕੰਬਦਾ ਰਿਹਾ। ਪਸ਼ੂ ਚਰਦੇ ਰਹਿੰਦੇ, ਦੂਰ ਤੱਕ ਫੈਲੇ ਘਾਹ ਅਤੇ ਨੀਲੇ ਆਕਾਸ਼ ਵੱਲ ਦੇਰ ਤਕ ਦੇਖਦਾ ਰਹਿੰਦਾ। ਮਨੁੱਖਾਂ ਦੀਆਂ ਨਹੀਂ, ਪਸ਼ੂਆਂ ਪੰਛੀਆਂ ਦੀਆਂ ਆਵਾਜ਼ਾਂ ਸੁਣਦਾ, ਪੰਛੀਆਂ ਦੇ ਬੋਲਾਂ ਦੀ ਨਕਲ ਕਰਦਾ ਰਹਿੰਦਾ। ਪੰਛੀਆਂ ਅਤੇ ਰੁੱਖਾਂ ਨਾਲ ਗੱਲਾਂ ਕਰਦਾ। ਉਹ ਮੈਨੂੰ ਸੁਣਦੇ ਈ ਨਾ। ਜਦੋਂ ਮੇਰੇ ਨਾਵਲ ਛਪਣ ਲੱਗੇ ਤਾਂ ਪਾਠਕ, ਆਲੋਚਕ ਪੁੱਛਦੇ- ਅਜਿਹੇ ਵਚਿੱਤਰ ਨਜ਼ਾਰੇ ਤੈਨੂੰ ਕਿਵੇਂ ਸੁਝਦੇ ਨੇ? ਮੈਂ ਕੀ ਦੱਸਾਂ, ਹੱਸ ਪੈਨਾ।

ਸਕੂਲੋਂ ਹਟਿਆਂ ਜੀਵਨ ਦੀ ਕਿਤਾਬ ਪੜ੍ਹਨ ਲੱਗਾ। ਬਚਪਨ ਵਿਚ ਕਥਾਵਾਚਕ ਤੋਂ ਸੁਣੇ ਬੋਲ ਇਸ ਕਿਤਾਬ ਦਾ ਪਹਿਲਾ ਵਰਕਾ ਹੈ। ਕਹਾਣੀਆਂ ਸੁਣ ਕੇ ਸੁਣਾਉਣੀਆਂ ਮੇਰਾ ਨਿੱਤ ਦਿਨ ਦਾ ਕੰਮ ਸੀ, ਮੈਂ ਆਪਣੇ ਆਪ ਕਦੀ ਕਹਾਣੀਆਂ ਘੜ ਲਿਆ ਕਰਾਂਗਾ ਇਹ ਨਹੀਂ ਪਤਾ ਸੀ। ਮੰਨੋ, ਮੈਂ ਬਚਪਨ ਤੋਂ ਹੀ ਧਾਰਮਿਕ ਹਾਂ ਕਿਉਂਕਿ ਮੈਨੂੰ ਹਰੇਕ ਦਿਸਦੀ ਚੀਜ਼ ਵਿਚ ਰੂਹ ਦਿਸਦੀ ਤੇ ਮੈਨੂੰ ਲਗਦਾ ਚਮਤਕਾਰ ਹੋਇਆ ਕਰਦੇ ਹਨ। ਬਹੁਤ ਬੁੱਢੇ ਦਰਖਤ ਕੋਲੋਂ ਦੀ ਲੰਘਦਾ ਤਾਂ ਉਸ ਨੂੰ ਮੱਥਾ ਟੇਕ ਦਿੰਦਾ। ਪੰਛੀ ਨੂੰ ਦੇਖ ਕੇ ਸੋਚਦਾ- ਜਦੋਂ ਚਾਹੇ ਇਹ ਮਨੁੱਖ ਬਣ ਸਕਦੈ, ਅਜਨਬੀ ਨੂੰ ਦੇਖ ਕੇ ਸੋਚਦਾ- ਇਹ ਜਾਨਵਰ ਹੁਣੇ ਬੰਦਾ ਬਣਿਐ। ਰਾਤ ਦੇ ਹਨੇਰੇ ਵਿਚ ਮੇਰੀ ਕਲਪਨਾ ਮੈਨੂੰ ਡਰਾਉਣ ਲੱਗਦੀ ਤਾਂ ਮੈਂ ਉਚੀ ਉਚੀ ਗੀਤ ਗਾਉਣ ਲੱਗਦਾ। ਮੇਰੀ ਖਰ੍ਹਵੀ ਆਵਾਜ਼ ਲੋਕਾਂ ਨੂੰ ਬੁਰੀ ਲਗਦੀ।

21 ਸਾਲ ਦੀ ਉਮਰ ਤੱਕ ਪਿੰਡੋਂ ਬਾਹਰ ਨਹੀਂ ਗਿਆ। ਪਹਿਲੀ ਵਾਰ ਰੇਲ 'ਤੇ ਸਵਾਰ ਹੋ ਕੇ ਕੰਮ ਦੀ ਤਲਾਸ਼ ਵਿਚ ਕਿੰਦੋ ਸ਼ਹਿਰ ਗਿਆ, ਆਰਾ ਮਿੱਲ ਦੀਆਂ ਲੱਕੜਾਂ ਵਿਚ ਮੈਂ ਗੁੰਮ ਹੀ ਹੋ ਗਿਆ। ਪਿੰਡ ਆਇਆ, ਮਾਂ ਨੇ ਪੁੱਛਿਆ- ਸ਼ਹਿਰ ਵਿਚ ਕੀ ਕੀ ਦੇਖਿਆ? ਮੈਂ ਕਿਹਾ- ਲੱਕੜਾਂ ਦੇ ਪਹਾੜ।

ਫਰਵਰੀ 1976 ਵਿਚ ਫੌਜ ਵਿਚ ਸਿਪਾਹੀ ਭਰਤੀ ਹੋ ਗਿਆ। ਪਤਾ ਲੱਗਾ, ਦੂਰ ਉੱਤਰ ਵੱਲ ਜਾਣਾ ਪਏਗਾ। ਮਾਂ ਨੂੰ ਕਿਹਾ- ਕਿਤਾਬਾਂ ਬਿਨਾ ਮੇਰਾ ਸਮਾਂ ਨੀਂ ਲੰਘਣਾ। ਮਾਂ ਨੇ ਆਪਣਾ ਆਖਰੀ ਗਹਿਣਾ ਵੇਚ ਕੇ ਪੈਸੇ ਦਿੱਤੇ ਤਾਂ ਚਾਰ ਜਿਲਦਾਂ ਵਿਚ ਚੀਨ ਦਾ ਇਤਿਹਾਸ ਖਰੀਦ ਗੱਡੀ 'ਤੇ ਸਵਾਰ ਹੋ ਗਿਆ। ਜੇ ਕਿਤੇ ਚੀਨ ਆਪਣੇ ਦਰਵਾਜ਼ੇ



ਬਾਹਰਲੇ ਦੇਸਾਂ ਵੱਲ ਨਾ ਖੋਲ੍ਹਦਾ, ਮੈਂ ਲੇਖਕ ਨਾ ਹੁੰਦਾ। ਮੈਂ ਵਿਦੇਸ਼ੀ ਲੇਖਕਾਂ ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਮੈਨੂੰ ਲੱਗਾ ਮੈਂ ਪੰਜਵੀਂ ਪਾਸ ਅਵਾਰਾ ਛੋਕਰਾ ਅਨਪੜ੍ਹ ਨਹੀਂ। ਪਿੰਡ ਵਿਚ ਬਿਤਾਏ ਵੀਹ ਵਰ੍ਹੇ ਵੱਖਰੀ ਕਿਸਮ ਦੀ ਵਿੱਦਿਆ ਸੀ ਜਿਹੜੀ ਸਕੂਲੋਂ ਨਾ ਮਿਲਦੀ। ਮੈਂ ਸੋਚਿਆ ਕਰਦਾ ਜਿਹੜੇ ਲੋਕ ਮਹਾਨ ਹੁੰਦੇ ਨੇ, ਨੇਕ ਹੁੰਦੇ ਨੇ, ਬਸ ਉਨ੍ਹਾਂ ਦੀਆਂ ਕਹਾਣੀਆਂ ਹੋਇਆ ਕਰਦੀਆਂ ਨੇ। ਇਸੇ ਕਰਕੇ ਮੇਰੀਆਂ ਪਹਿਲੀਆਂ ਕਹਾਣੀਆਂ ਬੇਸੁਆਦੀਆਂ ਨੇ।

1984 ਵਿਚ ਮੈਨੂੰ ਸਾਹਿਤ ਮਹਿਕਮੇ ਨੇ ਮੈਂਬਰ ਬਣਾ ਲਿਆ ਜਿੱਥੇ ਪ੍ਰਸਿੱਧ ਲੇਖਕ ਜ਼ੂ ਹੂਜੋਂਗ ਨੇ ਮੇਰੀ ਨਿਗਰਾਨੀ ਸ਼ੁਰੂ ਕੀਤੀ। ਜਿਵੇਂ ਬੇਜ਼ਮੀਨਾ ਕਿਸਾਨ ਆਪਣੇ ਲਈ ਵਾਹੀ ਯੋਗ ਜ਼ਮੀਨ ਦਾ ਟੁਕੜਾ ਹਾਸਲ ਕਰਨਾ ਚਾਹੇ, ਮੈਂ ਸਾਹਿਤ ਦੀ ਜ਼ਮੀਨ ਵਿਚ ਆਪਣਾ ਰਕਬਾ ਲੱਭਣ ਲੱਗਾ ਜਿੱਥੇ ਬਸ ਮੇਰੀ ਮਾਲਕੀ ਹੋਵੇ। ਅਮਰੀਕਣ ਨਾਵਲਕਾਰ ਵਿਲੀਅਮ ਫਾਕਨਰ ਅਤੇ ਕੋਲੰਬੀਅਨ ਜਬਰੀਲ ਗਾਰਸ਼ੀਆ ਮੇਰੇ ਪ੍ਰੇਰਨਾ ਸਰੋਤ ਹੋ ਗਏ। ਸੁਖੀ ਜੀਵਨ ਬਿਤਾਉਣ ਲਈ ਨਿਮਰਤਾ ਹੋਣੀ ਅਤੇ ਸਮਝੌਤਾ ਕਰਨਾ ਜ਼ਰੂਰੀ ਹੈ ਪਰ ਸਿਰਜਣਾਤਮਕ ਸਾਹਿਤ ਵਿਚ ਆਤਮ ਵਿਸ਼ਵਾਸ ਨਾਲ ਆਪਣਾ ਰਸਤਾ ਤੈਅ ਕਰਨਾ ਹੁੰਦਾ ਹੈ। ਇਥੇ ਰਾਜ਼ੀਨਾਵਾਂ ਨਹੀਂ ਚੱਲਦਾ। ਦੋ ਸਾਲ ਮੈਂ ਇਨ੍ਹਾਂ ਲੇਖਕਾਂ ਦਾ ਪਿਛਲੱਗ ਬਣਿਆ ਰਿਹਾ। ਫਿਰ ਮੈਨੂੰ ਅਕਲ ਆਈ ਕਿ ਇਹ ਤਾਂ ਦੋ ਭੱਠੇ ਨੇ ਤੇ ਮੈਂ ਬਰਫ ਦੀ ਸੇਲੀ। ਇਨ੍ਹਾਂ ਤੋਂ ਪਰੇ ਨਾ ਹਟਿਆ ਤਾਂ ਭਾਫ ਬਣ ਕੇ ਉਡ ਜਾਵਾਂਗਾ।

ਮੇਰੀਆਂ ਮੁੱਢਲੀਆਂ ਕਹਾਣੀਆਂ ਉਸ ਤਰ੍ਹਾਂ ਦੀਆਂ ਹਨ ਜਿਸ ਤਰ੍ਹਾਂ ਮੈਂ ਆਪਣੇ ਪਰਿਵਾਰ ਅਤੇ ਗਵਾਂਢੀਆਂ ਨੂੰ ਸੁਣਾਇਆ ਕਰਦਾ ਸਾਂ। 'ਸੁੱਕੀ ਨਦੀ' ਅਤੇ 'ਪਾਰਦਰਸ਼ੀ ਗਾਜਰ' ਇਸੇ ਤਰ੍ਹਾਂ ਦੀਆਂ ਕਹਾਣੀਆਂ ਹਨ। ਫਿਰ ਮੈਂ ਜਾਣਿਆ ਕਿ ਹੱਡ-ਬੀਤੀ ਚਾਹੇ ਕਿੰਨੀ ਅਦਭੁਤ ਹੋਵੇ ਤਾਂ ਵੀ ਕਲਪਨਾ ਦੀ ਲੋੜ ਪਏਗੀ। ਫੋਟੋਗ੍ਰਾਫੀ ਨਹੀਂ ਕਰਨੀ, ਕਹਾਣੀ ਲਿਖਣੀ ਹੈ। ਲੇਖਕ ਜਿੰਨੇ ਮਰਜ਼ੀ ਪਾਤਰ ਘੜੇ, ਉਨ੍ਹਾਂ ਵਿਚੋਂ ਇਕ ਸਭ ਤੋਂ ਉਚੀ ਥਾਂ 'ਤੇ ਰਹਿੰਦਾ ਹੈ। ਪਾਰਦਰਸ਼ੀ ਗਾਜਰ ਵਿਚਲਾ ਗੁੰਗਾ ਮੁੰਡਾ ਸਬਰ ਸ਼ੁਕਰ ਕਰ ਕੇ ਜੀਵਨ ਦੇ ਦੁੱਖ ਝੱਲਦਾ ਹੈ।

ਆਪਣੇ ਤਜਰਬੇ ਮੁੱਕ ਜਾਣ ਤਾਂ ਹੋਰਨਾਂ ਦੇ ਸਰੋਤੇ ਬਣੇ ਰਹੋ। ਦਾਦੀ-ਨਾਨੀ ਤੋਂ ਲੈ ਕੇ ਦੋਹਤੀ ਤਕ ਮੈਂ ਸਭ ਦੀਆਂ ਕਹਾਣੀਆਂ ਲਿਖੀਆਂ ਕਿਉਂਕਿ ਮੈਂ ਇਨ੍ਹਾਂ ਦਾ ਸਰੋਤਾ ਸਾਂ। ਮੇਰੇ ਆਖਰੀ ਨਾਵਲ 'ਡੱਡੂ' ਦੀ ਨਾਇਕਾ ਮੇਰੀ ਚਾਚੀ ਹੈ। ਜਦੋਂ ਨੋਬੇਲ ਇਨਾਮ ਦੀ ਖਬਰ ਪਿੰਡ ਵਿਚ ਪੁੱਜੀ, ਪੱਤਰਕਾਰ ਤੇ ਟੀਵੀ ਵਾਲੇ ਕੈਮਰੇ ਲੈ ਕੇ ਚਾਚੀ ਦੇ ਘਰ ਚਲੇ ਗਏ। ਉਹ ਅੱਖ ਬਚਾ ਕੇ ਭੱਜ ਗਈ ਤੇ ਗੱਡੀ ਚੜ੍ਹ ਕੇ ਸਾਹ ਲਿਆ। ਮੇਰੀ ਚਾਚੀ ਦਿਆਲੂ ਔਰਤ ਹੈ ਪਰ ਨਾਵਲ ਵਿਚ ਮੈਂ ਉਸ ਨੂੰ ਬੁਰੀ ਦਿਖਾ ਦਿੱਤਾ ਤਾਂ ਵੀ ਉਹ ਨਾਰਾਜ਼ ਨਹੀਂ ਹੋਈ। ਫਿਰ ਆਪਣੀ ਮ੍ਰਿਤਕ ਮਾਂ ਨੂੰ ਕੇਂਦਰ ਵਿਚ ਰੱਖ ਕੇ ਜਦੋਂ ਨਾਵਲ ਲਿਖਣ ਲੱਗਾ ਤਾਂ ਏਨਾ ਜਜ਼ਬਾਤੀ ਹੋ ਗਿਆ ਕਿ ਪੰਜ ਲੱਖ ਲਫ਼ਜ਼ 83 ਦਿਨਾਂ ਵਿਚ ਲਿਖ ਦਿੱਤੇ। ਇਸ ਨਾਵਲ ਵਿਚੋਂ ਤੁਸੀਂ ਚੀਨ ਦੀ ਨਹੀਂ, ਜਹਾਨ ਦੀ ਹਰੇਕ ਮਾਂ ਦੇਖੋਗੇ। 'ਲਸਣ ਦੇ ਗੀਤ' ਨਾਵਲ ਵਿਚ ਮੈਂ ਅਸਲ ਬੰਦੇ ਦਾ ਨਾਮ ਲਿਖ ਦਿੱਤਾ। ਕਈ ਕਹਾਣੀਆਂ ਦੇ ਪਾਤਰ ਅਸਲੀ ਨਾਮ ਦੇ ਹਨ। ਇਸ ਨਾਲ ਬੜੀਆਂ ਨਾਰਾਜ਼ਗੀਆ ਝੱਲੀਆਂ। ਅਸਲੀ ਨਾਮ ਵਰਤੇ ਬਿਨਾ ਮੈਨੂੰ ਕਹਾਣੀ ਨਕਲੀ ਲੱਗਦੀ ਤੇ ਸ਼ੁਰੂ ਵਿਚ ਸੋਚਦਾ ਕਿ ਮੁਕੰਮਲ ਹੋਣ 'ਤੇ ਨਾਮ ਬਦਲ ਦਿਆਂਗਾ। ਜਦੋਂ ਨਾਮ ਬਦਲ ਦਿੰਦਾ, ਮੈਨੂੰ ਲੱਗਦਾ ਇਹ ਉਹ ਕਹਾਣੀ ਰਹੀ ਹੀ ਨਹੀਂ ਇਹ ਤਾਂ ਨਕਲੀ ਚੀਜ਼ ਹੋ ਗਈ, ਫਿਕੀ ਫਿਕੀ। ਬਦਨਾਮੀ ਮਹਿਸੂਸ ਕਰਦਿਆਂ ਇਹ ਲੋਕ ਸਾਡੇ ਘਰ ਲੜਨ ਲਈ ਆਉਂਦੇ ਤਾਂ ਅੱਬੂ ਕਿਤਾਬ ਚੁੱਕ ਕੇ ਇਕ ਵਾਕ ਦਿਖਾਉਂਦਾ- ਆਹ ਦੇਖੋ, ਮੇਰੇ ਬਾਰੇ ਲਿਖਿਆ ਹੈ ਮੈਂ ਬਦਮਾਸ਼ ਦਾ ਤੁਖਮ ਹਾਂ। ਛੱਡੋ, ਦਫਾ ਕਰੋ ਇਹਨੂੰ। ਮੈਂ ਗਾਲ੍ਹਾਂ ਬਰਦਾਸ਼ਤ ਕਰ ਲੈਨਾ, ਤੈਸ਼ ਵਿਚ ਨਾ ਆਓ।

ਸਰਕਾਰਾਂ ਚਾਹਿਆ ਕਰਦੀਆਂ ਹਨ ਲੇਖਕ ਨਾਵਲਾਂ ਵਿਚ ਸਮਕਾਲੀ ਸੰਕਟ ਦਾ ਵਰਣਨ ਕਰਨ ਦੀ ਥਾਂ ਸਿਆਸੀ ਰਿਪੋਰਟਾਂ ਲਿਖਿਆ ਕਰਨ। ਮੈਂ ਸਿਆਸਤ ਤੋਂ ਮੁਕਤ ਰਿਹਾ। ਜਿੰਨੀਆਂ ਮੁਸੀਬਤਾਂ ਵਿਚੋਂ ਲੰਘੋਗੇ, ਓਨਾ ਸੁਹਣਾ ਲਿਖੋਗੇ। ਤੁਸੀਂ ਅੱਕ ਗਏ ਹੋਣੇ ਕਿ ਮੈਂ ਆਪਣੀਆਂ ਗੱਲਾਂ ਕਰੀ ਜਾਨਾ। ਹੋਰ ਮੈਂ ਕੀ ਕਰਾਂ। ਮੇਰੀਆਂ ਲਿਖਤਾਂ ਮੇਰੀ ਜ਼ਿੰਦਗੀ ਦੇ ਵਾਕਿਆਤ ਹੀ ਤਾਂ ਹਨ। ਮੈਨੂੰ ਪਤੈ ਤੁਸੀਂ ਦਰਿਆ ਦਿਲ ਹੋ, ਮੈਨੂੰ ਖਿਮਾ ਕਰ ਦਿਓਗੇ।

ਮੁੱਢਲੀਆਂ ਲਿਖਤਾਂ ਵਿਚ ਮੈਂ ਆਪਣੀ ਕਹਾਣੀ ਆਪਣੇ ਆਪ ਨੂੰ ਸੁਣਾਈ। 'ਸੰਦਲੀ ਮੌਤ' ਅਜਿਹਾ ਨਾਵਲ ਹੈ ਜਿਹੜਾ ਮੈਂ ਭੀੜ ਵਿਚਕਾਰ ਖਲੋਤਾ ਸੁਣਾ ਰਿਹਾ ਹਾਂ। ਸ਼ੁਰੂ ਵਿਚ ਪੱਛਮੀ ਤਕਨੀਕਾਂ ਦੀ ਵਰਤੋਂ ਕੀਤੀ ਪਰ ਕਾਮਯਾਬੀ ਉਦੋਂ ਮਿਲੀ ਜਦੋਂ ਦੇਸੀ ਚੀਨੀ ਸੁਰ ਵਿਚ ਗੀਤ ਗਾਇਆ। ਬਾਂਦਰ ਟਪੂਸੀਆਂ ਨਾਲ ਗੱਲ ਨੀਂ ਬਣਦੀ।

'ਜੀਵਨ ਮੌਤ ਲੋਪ ਹੋਏ' ਨਾਵਲ ਦਾ ਸਿਰਲੇਖ ਬੋਧ ਗ੍ਰੰਥ ਵਿਚੋਂ ਲਿਆ ਹੈ। ਮੈਨੂੰ ਬੋਧ ਗ੍ਰੰਥਾਂ ਅਤੇ ਧਰਮ ਦੀ ਮਾਮੂਲੀ ਜਾਣਕਾਰੀ ਹੈ ਤਾਂ ਵੀ ਮੈਨੂੰ ਲੱਗਦਾ ਹੈ ਬੁੱਧ ਮੱਤ ਦੁਨੀਆ ਦੇ ਦਿਲ ਦੀ ਗੱਲ ਕਰਦਾ ਹੈ, ਬੁੱਧ ਮੱਤ ਸਾਹਮਣੇ ਸਭ ਸੰਕਟ ਫਜ਼ੂਲ ਹਨ। ਮੇਰੇ ਇਸ ਨਾਵਲ ਵਿਚ ਕਿਧਰੇ ਧਰਮ ਪ੍ਰਚਾਰ ਨਹੀਂ ਲੱਭੇਗਾ, ਮੈਂ ਤਾਂ ਆਦਮੀ ਦੀ ਸੀਮਾ, ਜਜ਼ਬੇ, ਦੁੱਖ, ਦਇਆ ਅਤੇ ਹੋਣੀ ਬਾਰੇ ਲਿਖਿਆ ਹੈ। ਇਸ ਨਾਵਲ ਦਾ ਹੀਰੋ ਮੇਰੇ ਪਿੰਡ ਦਾ ਕਿਸਾਨ ਲਾ ਲੀਆਂ ਹੈ। ਨਿਕਾ ਹੁੰਦਾ ਹਰ ਸਵੇਰ ਦੇਖਦਾ ਉਹ ਲੱਕੜ ਦੇ ਗੱਡੇ ਨੂੰ ਧੱਕਾ ਲਾਉਂਦਾ ਤੁਰਿਆ ਜਾਂਦਾ ਜਿਸ ਅੱਗੇ ਲੰਗੜਾ ਖੋਤਾ ਜੁੜਿਆ ਹੁੰਦਾ। ਉਸ ਦੀ ਡੁੱਡੇ ਪੈਰਾਂ ਵਾਲੀ ਔਰਤ ਨਾਲ ਤੁਰੀ ਜਾਂਦੀ। ਇਨ੍ਹਾਂ ਕਾਰਟੂਨਾਂ ਨੂੰ ਦੇਖ ਦੇਖ ਅਸੀਂ ਬੱਚੇ ਖੂਬ ਹਸਦੇ। ਇਹ ਗਰੀਬ ਕਿਸਾਨ ਵੱਡੇ ਵੱਡੇ ਖੱਬੀਖਾਨਾ ਨਾਲ ਆਢਾ ਲਾ ਲੈਂਦਾ। ਸਾਲ 2005, ਮੈਂ ਬੋਧ ਮੰਦਰ ਗਿਆ, ਉਥੇ ਇਕ ਤਸਵੀਰ ਦੇਖੀ- ਸੰਸਾਰ ਦੇ ਛੇ ਪੜਾਅ। ਦੇਖਣ ਸਾਰ ਮੈਨੂੰ ਸਮਝ ਆ ਗਈ ਕਿਸਾਨ ਨੂੰ ਕਿਵੇਂ ਚਿਤਰਨਾ ਹੈ।

ਨੋਬੇਲ ਇਨਾਮ ਮਿਲਣ ਪਿਛੋਂ ਵਾਦ-ਵਿਵਾਦ ਦੀਆਂ ਹਨੇਰੀਆਂ ਝੁੱਲੀਆਂ। ਥਿਏਟਰ ਵਿਚ ਬੈਠੇ ਦਰਸ਼ਕ ਵਾਂਗ ਮੈਂ ਇਹ ਹਨੇਰੀਆਂ ਦੇਖੀਆਂ। ਇਨਾਮ ਯਾਫਤਾ ਬੰਦੇ ਉਪਰ ਫੁੱਲਾਂ ਦੀ ਬਾਰਸ਼ ਦੇਖਦਾ, ਪਥਰਾਉ ਹੁੰਦਾ ਦੇਖਦਾ ਤੇ ਚਿੱਕੜ ਉਛਾਲਿਆ ਜਾਂਦਾ ਦੇਖਦਾ। ਕਦੀ ਕਦੀ ਮੈਂ ਡਰਿਆ ਵੀ, ਕਿਤੇ ਪੱਥਰਾਂ ਦੀ ਮਾਰ ਨਾਲ ਉਹ ਮਰ ਤਾਂ ਨਹੀਂ ਜਾਏਗਾ? ਪਰ ਭਾਈ, ਨਾ ਫੁੱਲਾਂ ਦੀ ਮਾਰ ਨਾਲ ਨਾ ਪੱਥਰਾਂ ਦੀ ਬੁਛਾੜ ਵਿਚ ਉਹ ਮਰਿਆ ਨਾ। ਚਿੱਕੜ ਅਤੇ ਫੁੱਲ ਝਾੜ-ਝੂੜ ਕੇ ਉਹ ਫਿਰ ਲਿਖਣ ਬੈਠ ਗਿਆ। ਮੈਂ ਭਾਸ਼ਣ ਨਹੀਂ ਕੀਤੇ। ਭਾਸ਼ਣ ਹਵਾ ਵਿਚ ਉਡ ਜਾਂਦੇ ਹਨ। ਅੱਖਰ ਨਹੀਂ ਖੁਰਦੇ। ਸ਼ਾਂਤ ਚਿਤ ਮੇਰੀਆਂ ਲਿਖਤਾਂ ਪੜ੍ਹੋ, ਉਨ੍ਹਾਂ ਬਾਰੇ ਰਾਵਾਂ ਨਾ ਦਿਓ, ਸਲਾਹਾਂ ਨਾ ਦਿਓ। ਮੈਂ ਉਸ ਮਿੱਟੀ ਦਾ ਨਹੀਂ ਬਣਿਆ ਜਿਹੜੀ ਢਲ ਜਾਵੇ।

ਤੁਸੀਂ ਮੰਨ ਲਿਆ ਮੈਂ ਕਹਾਣੀਕਾਰ ਹਾਂ, ਫਿਰ ਕਹਾਣੀ ਸੁਣਾਏ ਬਗੈਰ ਕਿਵੇਂ ਰਹਿ ਸਕਦਾ ਹਾਂ? ਲਓ ਜੀ ਸੁਣੋ:

ਸਾਲ 1960, ਤੀਜੀ ਜਮਾਤ ਵਿਚ ਸਾਂ, ਸਾਨੂੰ ਪਿੰਡ ਵਿਚ ਜਾ ਕੇ ਨਾਟਕ ਕਰਨ ਲਈ ਕਿਹਾ। ਇਕ ਦ੍ਰਿਸ਼ ਵਿਚ ਰੋ ਕੇ ਦਿਖਾਉਣਾ ਸੀ। ਕਈਆਂ ਦੇ ਹੰਝੂ ਨਿਕਲ ਵੀ ਆਏ ਪਰ ਬਹੁਤਿਆਂ ਨੇ ਥੁੱਕ ਲਾ ਲਿਆ। ਇਕ ਤਰੀਕਾ ਇਹ ਵੀ ਸੀ ਕਿ ਰੋਂਦੇ ਰੋਂਦੇ ਚਿਹਰਾ ਹੱਥਾਂ ਨਾਲ ਢੱਕ ਲਵੋ, ਜਿਵੇਂ ਹੱਥਾਂ ਹੇਠ ਹੰਝੂ ਵਹਿ ਰਹੇ ਹੋਣ। ਮੈਂ ਦੇਖਿਆ ਸਾਡੇ ਵਿਚ ਇਕ ਮੁੰਡਾ ਚੁੱਪਚਾਪ ਖਲੋਤਾ ਰਿਹਾ, ਨਾ ਚੀਕਿਆ, ਨਾ ਹੰਝੂ ਵਹਾਏ ਨਾ ਗੱਲ੍ਹਾਂ 'ਤੇ ਥੁੱਕ ਲਾਇਆ। ਮੈਂ ਉਸ ਦੀ ਸ਼ਿਕਾਇਤ ਲਾ ਦਿੱਤੀ। ਮਾਸਟਰ ਨੇ ਝਿੜਕਿਆ। ਇਕ ਦਿਨ ਮਾਸਟਰ ਜੀ ਮਿਲੇ, ਮੈਂ ਉਨ੍ਹਾਂ ਨਾਲ ਪੁਰਾਣੀ ਯਾਦ ਸਾਂਝੀ ਕੀਤੀ। ਕਹਿੰਦੇ- ਹਾਂ, ਦਸ ਵਿਦਿਆਰਥੀ ਹੁਕਮ ਮੰਨ ਕੇ ਉਵੇਂ ਕਰਦੇ ਰਹੇ ਜਿਵੇਂ ਮੈਂ ਕਿਹਾ, ਕੇਵਲ ਇਕ ਸੀ ਜਿਸ ਨੇ ਹੁਕਮ ਅਦੂਲੀ ਕੀਤੀ। ਦਸ ਸਾਲ ਪਹਿਲਾਂ ਇਸ ਮੁੰਡੇ ਦੀ ਮੌਤ ਹੋ ਗਈ। ਇਸ ਜਮਾਤੀ ਨੂੰ ਮਿਲ ਕੇ ਮੈਂ ਕਹਿਣਾ ਸੀ ਜਦੋਂ ਆਲੇ-ਦੁਆਲੇ ਸਭ ਰੋ ਰਹੇ ਹੋਣ ਤਾਂ ਖਾਮੋਸ਼, ਸ਼ਾਂਤ ਖੜ੍ਹੇ ਰਹਿਣ ਦਾ ਤੇਰਾ ਹੱਕ ਹੈ। ਜਦੋਂ ਹੰਝੂ, ਚੀਕਾਂ ਦਿਖਾਵੇ ਮਾਤਰ ਹੋਣ, ਉਦੋਂ ਤਾਂ ਸ਼ਾਂਤ ਖੜ੍ਹੇ ਰਹਿਣ ਦਾ ਤੂੰ ਵਧੀਕ ਹੱਕਦਾਰ ਹੈਂ।

ਦੂਜੀ ਕਹਾਣੀ ਤੀਹ ਸਾਲ ਪਹਿਲਾਂ ਦੀ ਹੈ। ਮੈਂ ਫੌਜੀ ਸਾਂ ਤੇ ਆਪਣੀ ਬੈਰਕ ਵਿਚ ਬੈਠਾ ਕਿਤਾਬ ਪੜ੍ਹ ਰਿਹਾ ਸਾਂ। ਸਾਡਾ ਅਫਸਰ ਅੰਦਰ ਆਇਆ ਤੇ ਗੱਜ ਕੇ ਪੁੱਛਿਆ- ਇੱਥੇ ਕੋਈ ਨਹੀਂ? ਕਿਧਰ ਮਰ ਗਏ ਸਾਰੇ? ਸਤਿਕਾਰ ਵਜੋਂ ਮੈਨੂੰ ਖੜ੍ਹਾ ਤਾਂ ਹੋਣਾ ਪਿਆ ਪਰ ਗੁੱਸਾ ਮੈਨੂੰ ਵੀ ਆ ਗਿਆ, ਮੈਂ ਕਿਹਾ- ਤੈਨੂੰ ਮੈਂ ਦਿਸਦਾ ਨੀਂ? ਤੂੰ ਕਹਿਨੈ ਇੱਥੇ ਕੋਈ ਨੀਂ ਹੈ, ਮੈਂ ਕੋਈ ਨੀਂ ਆਂ? ਉਸ ਦਾ ਮੂੰਹ ਲਾਲ ਹੋ ਗਿਆ ਪਰ ਚਲਾ ਗਿਆ। ਮੈਨੂੰ ਆਪਣੀ ਨਿਡਰਤਾ ਉਪਰ ਫਖਰ ਹੋਇਆ। ਕਈ ਸਾਲ ਬਾਅਦ ਫਖਰ ਦਾ ਫਤੂਰ ਖਤਮ ਹੋਇਆ ਤੇ ਸ਼ਾਂਤ ਆਤਮਾ ਨਸੀਬ ਹੋਈ।

ਹੁਣ ਤਕ ਸੁਣਦੇ ਰਹੇ, ਕਿਰਪਾ ਕਰ ਕੇ ਮੇਰੀ ਆਖਰੀ ਕਹਾਣੀ ਵੀ ਬਰਦਾਸ਼ਤ ਕਰ ਲਵੋ। ਮੁੱਦਤ ਪਹਿਲਾਂ ਮੇਰੇ ਬਾਬੇ ਨੇ ਇਹ ਕਹਾਣੀ ਆਪਣੀ ਗੋਦ ਵਿਚ ਬਿਠਾ ਕੇ ਮੈਨੂੰ ਸੁਣਾਈ ਸੀ।

ਅੱਠ ਪਥੇਰੇ ਭੱਠੇ ਉਪਰ ਕੰਮ ਕਰ ਰਹੇ ਸਨ। ਹਨੇਰੀ ਆਈ, ਘਟਾ ਛਾਈ, ਪਹਿਲਾਂ ਮੀਂਹ ਫਿਰ ਗੜ੍ਹੇ ਪੈਣ ਲੱਗੇ। ਭੱਜ ਕੇ ਸਾਰੇ ਜਣੇ ਇਕ ਉਜੜੇ ਪੁਰਾਣੇ ਮੰਦਰ ਵਿਚ ਜਾ ਲੁਕੇ। ਬਿਜਲੀ ਇਉਂ ਕੜਕਣ ਲੱਗੀ ਜਿਵੇਂ ਮੰਦਰ ਉਪਰ ਡਿੱਗੀ ਕਿ ਡਿੱਗੀ। ਲੱਗਾ ਜਿਵੇਂ ਆਲੇ-ਦੁਆਲੇ ਪ੍ਰੇਤ ਚੰਘਾੜ ਰਹੇ ਹੋਣ। ਸਾਰੇ ਭੈਭੀਤ ਹੋ ਗਏ, ਚਿਹਰੇ ਪੀਲੇ ਪੈ ਗਏ। ਇਕ ਨੇ ਕਿਹਾ- ਸਾਡੇ ਵਿਚ ਕੋਈ ਹੈ ਜਿਸ ਨੇ ਪਾਪ ਕੀਤਾ ਹੈ, ਤਾਂ ਹੀ ਦੇਵਤੇ ਨਾਰਾਜ਼ ਹਨ। ਜਿਸ ਨੇ ਪਾਪ ਕੀਤਾ ਹੈ ਉਹ ਆਪੇ ਮੰਦਰੋਂ ਬਾਹਰ ਚਲਾ ਜਾਵੇ, ਬਾਕੀ ਨਿਰਦੋਸ਼ ਬਚ ਜਾਣ। ਕੋਈ ਬਾਹਰ ਜਾਣ ਲਈ ਤਿਆਰ ਨਾ ਹੋਇਆ। ਇਕ ਬੰਦਾ ਬੋਲਿਆ- ਇਉਂ ਕਰਦੇ ਹਾਂ, ਦੇਖੋ ਅਹੁ ਉਪਰ ਝਰੋਖਾ ਹੈ, ਆਪੋ ਆਪਣੀਆਂ ਟੋਪੀਆਂ ਉਸ ਵਿਚੋਂ ਬਾਹਰ ਵਗਾਹੋ, ਜਿਸ ਦੀ ਟੋਪੀ ਬਾਹਰ ਚਲੀ ਗਈ, ਉਹੀ ਪਾਪੀ। ਸੱਤ ਜਣਿਆਂ ਦੀਆਂ ਟੋਪੀਆਂ ਅੰਦਰ ਗਿਰੀਆਂ ਇਕ ਜਣੇ ਦੀ ਬਾਹਰ ਨਿਕਲ ਗਈ। ਜਿਸ ਦੀ ਟੋਪੀ ਬਾਹਰ ਡਿਗੀ ਸੱਤੇ ਉਸ ਨੂੰ ਬਾਹਰ ਨਿਕਲਣ ਲਈ ਕਹਿਣ। ਉਹ ਨਾ ਮੰਨਿਆ ਤਾਂ ਸੱਤਾਂ ਨੇ ਲੱਤਾਂ ਬਾਹਾਂ ਫੜ ਕੇ ਬਾਹਰ ਵਗਾਹ ਮਾਰਿਆ। ਗੜਿਆਂ ਤੋਂ ਬਚਣ ਲਈ ਭੱਜ ਕੇ ਉਹ ਵੱਡੇ ਦਰਖਤ ਹੇਠ ਜਾ ਖਲੋਤਾ।

ਮੇਰੇ ਨਾਲ ਸ਼ਰਤ ਲਾ ਲਓ ਬੇਸ਼ਕ, ਤੁਹਾਨੂੰ ਪਤੈ ਕਹਾਣੀ ਦਾ ਅੰਤ ਕੀ ਹੋਇਆ। ਜਦੋਂ ਸੱਤਾਂ ਨੇ ਮਾਸੂਮ ਨੂੰ ਬਾਹਰ ਸੁੱਟਿਆ, ਬਿਜਲੀ ਮੰਦਰ 'ਤੇ ਡਿਗੀ, ਸੱਤੇ ਮਲਬੇ ਹੇਠ ਦੱਬ ਕੇ ਮਰ ਗਏ।

ਮੈਂ ਕਥਾਕਾਰ ਹਾਂ।

ਕਹਾਣੀਆਂ ਸੁਣ ਕੇ ਤੁਸੀਂ ਮੈਨੂੰ ਨੋਬੇਲ ਇਨਾਮ ਦੇ ਦਿੱਤਾ।

**ਇਨਾਮ ਤੋਂ ਪਹਿਲਾਂ ਬੜੀਆਂ ਦਿਲਚਸਪ ਘਟਨਾਵਾਂ ਘਟੀਆਂ। ਮੈਂ ਜਾਣ ਗਿਆ ਕਿ ਸੱਚ ਅਤੇ ਇਨਸਾਫ ਜਿਉਂਦੇ ਰਹਿਣਗੇ। ਸੁਣਾਉਂਦਾ ਰਹਾਂਗਾ ਆਉਂਦੇ ਦਿਨੀਂ ਤੁਹਾਨੂੰ ਹੋਰ ਕਹਾਣੀਆਂ ਵੀ। ਸਾਰਿਆਂ ਦਾ ਸ਼ੁਕਰਾਨਾ।**

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-12

# ਫਿਰਕੂ ਦੰਗੇ ਅਤੇ ਪੁਲਿਸ ਦਾ ਵਿਹਾਰ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ 12ਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਤੱਥਾਂ ਦੀ ਰਿਪੋਰਟਿੰਗ ਕਰਦੇ ਸਮੇਂ ਵੀ ਪੁਲਿਸ ਦੇ ਵਰਤਾਓ ਦਾ ਅਜਿਹਾ ਪਹਿਲੂ ਉਜਾਗਰ ਹੁੰਦਾ ਹੈ ਜਿਸ ਉੱਪਰ ਫਿਰਕੂ ਪੂਰਵ ਧਾਰਨਾਵਾਂ ਦੀ ਛਾਪ ਬੜੀ ਸਾਫ ਦਿਖਾਈ ਦਿੰਦੀ ਹੈ। ਇਹ ਰਿਪੋਰਟਿੰਗ ਕਈ ਪੜਾਵਾਂ 'ਤੇ ਹੁੰਦੀ ਹੈ। ਥਾਣਿਆਂ ਤੋਂ ਲੈ ਕੇ ਖੁਫੀਆ ਵਿਭਾਗ ਵਲੋਂ ਤਿਆਰ ਹੋਣ ਵਾਲੇ ਰਿਕਾਰਡ ਅਤੇ ਉੱਚ ਅਧਿਕਾਰੀਆਂ ਅਤੇ ਪ੍ਰਸ਼ਾਸਨ ਨੂੰ ਭੇਜੀ ਜਾਣ ਵਾਲੀ ਰਿਪੋਰਟ ਤੱਕ ਸੂਚਨਾਵਾਂ ਇਕੱਠੀਆਂ ਕਰਨ ਅਤੇ ਪ੍ਰਕਾਸ਼ਿਤ ਕਰਨ ਤੱਕ ਕਈ ਪੜਾਅ ਹਨ ਜਿੱਥੇ ਇਹ ਪੂਰਵ ਧਾਰਨਾਵਾਂ ਕੰਮ ਕਰਦੀਆਂ ਹਨ। ਉਦਾਹਰਨ ਦੇ ਤੌਰ 'ਤੇ ਉੱਤਰ ਪ੍ਰਦੇਸ਼ ਪੁਲਿਸ ਵਿਚ ਰਹਿੰਦੇ ਹੋਏ, ਮੈਨੂੰ ਵੱਖ-ਵੱਖ ਪੜਾਵਾਂ 'ਤੇ ਰੱਖੇ ਜਾਣ ਵਾਲੇ ਫਿਰਕੂ ਤੱਤਾਂ ਨਾਲ ਸਬੰਧਤ ਰਿਕਾਰਡਾਂ ਵਿਚ ਦਿਲਚਸਪ ਚੀਜ਼ ਦੇਖਣ ਨੂੰ ਮਿਲੀ।

ਬਹੁਤੇ ਪੜਾਵਾਂ ਵਿਚ ਫਿਰਕੂ ਗੁੰਡਿਆਂ ਜਾਂ ਫਿਰਕਾਪ੍ਰਸਤੀ ਫੈਲਾਉਣ ਵਾਲੇ ਅਨਸਰਾਂ ਦੀ ਸੂਚੀ ਦਾ ਮਤਲਬ, ਮੁਸਲਿਮ ਫਿਰਕੂ ਲੋਕ ਹੀ ਹਨ। ਉਨ੍ਹਾਂ ਦਿਨਾਂ ਵਿਚ ਰਾਮ ਜਨਮ ਭੂਮੀ ਅੰਦੋਲਨ ਰਾਹੀਂ ਵੱਡੇ ਪੈਮਾਨੇ 'ਤੇ ਹਿੰਦੂ ਫਿਰਕੂ ਸ਼ਕਤੀਆਂ ਉਤੇਜਿਤ ਸਨ। ਸਮਾਜ ਵਿਰੋਧੀ ਅਨਸਰਾਂ ਦੀਆਂ ਸੂਚੀਆਂ ਵਿਚ ਹਿੰਦੂ ਫਿਰਕੂ ਤੱਤਾਂ ਦਾ ਨਾਮ ਮੁਸ਼ਕਿਲ ਨਾਲ ਹੀ ਦਿਖਾਈ ਦਿੰਦਾ ਸੀ। ਸ਼ਾਇਦ ਇਸ ਦੇ ਪਿੱਛੇ ਵੀ ਅਜਿਹੀ ਭਾਵਨਾ ਹੈ ਜਿਸ ਤਹਿਤ ਇਹ ਮੰਨਿਆ ਜਾਂਦਾ ਹੈ ਕਿ ਫਿਰਕੂ ਹੋਣਾ ਮੁਸਲਮਾਨਾਂ ਦਾ ਵਿਸ਼ੇਸ਼ ਅਧਿਕਾਰ ਹੈ ਅਤੇ ਹਿੰਦੂ, ਹਿੰਦੂ ਤਾਂ ਆਮ ਤੌਰ 'ਤੇ ਅਫਿਰਕੂ ਹੁੰਦਾ ਹੈ।

ਰਿਪੋਰਟਿੰਗ ਸਮੇਂ ਪੂਰਵ ਧਾਰਨਾਵਾਂ ਪੇਸ਼ੇਵਰ ਨਿਪੁੰਨਤਾ ਨੂੰ ਕਿੰਨੀ ਹਾਨੀ ਪਹੁੰਚਾਉਂਦੀਆਂ ਹਨ, ਇਸ ਦੀ ਸਭ ਤੋਂ ਵੱਡੀ ਉਦਾਹਰਨ ਬਾਬਰੀ ਮਸਜਿਦ ਢਾਹੁਣ ਵੇਲੇ ਮਿਲਦੀ ਹੈ। ਸੀ.ਬੀ.ਆਈ. ਦੁਆਰਾ ਦਾਇਰ ਚਾਰਜਸ਼ੀਟ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਸਜਿਦ ਤੋੜਨ ਲਈ ਪਹਿਲਾਂ ਨਾ ਕੇਵਲ ਯੋਜਨਾ ਬਣਾਈ ਗਈ ਸੀ ਬਲਕਿ ਤਿਆਰੀਆਂ ਵੀ ਕੀਤੀਆਂ ਗਈਆਂ ਸਨ। ਪੁਲਿਸ ਦੀ ਧਾਰਨਾ ਸੀ ਕਿ ਹਿੰਦੂਤਵੀ ਕਾਰ ਸੇਵਕ ਮਸਜਿਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ ਸਗੋਂ ਇਹ ਕਾਰ ਸੇਵਾ ਸੰਕੇਤਕ ਹੀ ਹੋਵੇਗੀ।

ਤੱਥਾਂ ਨੂੰ ਛੁਪਾਉਣ ਲਈ ਅਤੇ ਤੋੜ-ਮਰੋੜ ਕੇ ਪੇਸ਼ ਕਰਨ ਦੀ ਘਿਨਾਉਣੀ ਉਦਾਹਰਨ ਸਾਨੂੰ ਭਾਗਲਪੁਰ (1989) ਦੇ ਦੰਗਿਆਂ ਸਮੇਂ ਮਿਲਦੀ ਹੈ। 27 ਅਕਤੂਬਰ 1989 ਨੂੰ ਲੋਗਾਏਂ ਪਿੰਡ ਵਿਚ 116 ਮੁਸਲਮਾਨ ਮਾਰੇ ਗਏ। ਇਨ੍ਹਾਂ ਸਾਰਿਆਂ ਦੀ ਜ਼ਾਲਮਾਨਾ ਤਰੀਕੇ ਨਾਲ ਹੱਤਿਆ ਲੋਗਾਏਂ ਪਿੰਡ ਅਤੇ ਨੇੜੇ-ਤੇੜੇ ਦੇ ਪਿੰਡਾਂ ਤੋਂ ਆਏ ਹਿੰਦੂਆਂ ਨੇ ਕੀਤੀ। ਇਹ ਪਿੰਡ ਭਾਗਲਪੁਰ ਜ਼ਿਲ੍ਹਾ ਮੁੱਖ ਦਫਤਰ ਤੋਂ ਲਗਭਗ 26 ਕਿਲੋਮੀਟਰ ਅਤੇ ਆਪਣੇ ਥਾਣੇ ਜਗਦੀਸ਼ਪੁਰ ਤੋਂ ਲਗਭਗ 4 ਕਿਲੋਮੀਟਰ ਦੂਰ ਹੈ। ਮਾਰੇ ਗਏ 116 ਮੁਸਲਮਾਨਾਂ ਨੂੰ ਅਲੱਗ-ਅਲੱਗ ਟੋਏ ਪੁੱਟ ਕੇ ਦੱਬ ਦਿੱਤਾ ਗਿਆ। ਪਿੰਡ ਵਿਚ ਕੁੱਲ 181 ਦੀ ਮੁਸਲਿਮ ਆਬਾਦੀ ਵਿਚੋਂ ਜਿਉਂਦੇ ਬਚੇ 65 ਲੋਕ ਜਾਨ ਬਚਾ ਕੇ ਅਲੱਗ-ਅਲੱਗ ਥਾਵਾਂ ਵੱਲ ਭੱਜ ਗਏ ਜਿਨ੍ਹਾਂ ਵਿਚੋਂ ਕੁਝ ਭਾਗਲਪੁਰ ਸ਼ਹਿਰ ਪਹੁੰਚ ਗਏ। ਹਮਲਾਵਰ ਵੀ ਵੱਖ-ਵੱਖ ਥਾਵਾਂ ਤੋਂ ਆਏ ਸਨ। ਉਹ ਵੀ ਹੱਤਿਆ ਕਾਂਡ ਤੋਂ ਬਾਅਦ ਵੱਖ-ਵੱਖ ਥਾਵਾਂ 'ਤੇ ਪਹੁੰਚ ਗਏ। ਦੋਵਾਂ ਵਰਗਾਂ ਦੇ ਖਿੰਡਣ ਨਾਲ ਇਸ ਦੀਆਂ ਮਨ ਨੂੰ ਝੰਜੋੜਨ ਵਾਲੀਆਂ ਖਬਰਾਂ ਵੀ ਸਥਾਨਕ ਅਤੇ ਰਾਸ਼ਟਰੀ ਅਖਬਾਰਾਂ ਵਿਚ ਛਪੀਆਂ। ਇਸ ਦੇ ਬਾਵਜੂਦ ਭਾਗਲਪੁਰ ਦਾ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਕਿਸੇ ਘਟਨਾ ਵਾਪਰਨ ਤੋਂ ਇਨਕਾਰ ਕਰਦਾ ਰਿਹਾ, ਜਦੋਂ ਤੱਕ ਅਜੀਤ ਦੱਤ ਨਾਮੀ ਇਕ ਪੁਲਿਸ ਅਫਸਰ ਨੇ ਗੋਭੀ ਬੀਜੇ ਖੇਤ ਵਿਚੋਂ 8 ਦਸੰਬਰ 1989 ਨੂੰ (ਡੇਢ ਮਹੀਨੇ ਬਾਅਦ) ਲਾਸ਼ਾਂ ਕੱਢਣ ਦਾ ਕੰਮ ਸ਼ੁਰੂ ਨਹੀਂ ਕਰ ਦਿੱਤਾ।

ਭਿਵੰਡੀ, ਜਲਗਾਉਂ (1970) ਦੇ ਦੰਗਿਆਂ ਦੀ ਜਾਂਚ ਕਰ ਰਹੇ ਜਸਟਿਸ ਮਦਾਨ ਨੇ ਆਪਣੀ ਰਿਪੋਰਟ ਵਿਚ ਫਿਰਕੂ ਮਾਨਸਿਕਤਾ ਦੇ ਕਈ ਉਦਾਹਰਨ ਗਿਣਾਏ ਹਨ। ਭਿਵੰਡੀ ਵਿਚ ਦੰਗਾ ਭੜਕ ਉੱਠਣ ਤੋਂ ਬਾਅਦ ਵੀ ਜਲਗਾਉਂ ਅੰਦਰ ਲੋੜੀਂਦੀ ਸਾਵਧਾਨੀ ਨਾ ਵਰਤੇ ਜਾਣ ਦੇ ਸਬੰਧ ਵਿਚ ਮਦਾਨ ਕਮਿਸ਼ਨ ਦੀ ਰਾਏ ਬਹੁਤ ਸਪਸ਼ਟ ਹੈ: "ਅਧਿਕਾਰੀਆਂ ਦੁਆਰਾ ਉਠਾਏ ਗਏ ਕਦਮਾਂ ਦੀ ਕਮੀ ਦੇ ਪਿੱਛੇ ਮੁੱਖ ਕਾਰਨ ਕੁਝ ਅਧਿਕਾਰੀਆਂ ਦੀ ਫਿਰਕੂ ਮਨੋਬਿਰਤੀ ਅਤੇ ਕੁਝ ਦੀ ਨਲਾਇਕੀ ਸੀ। ਬਦਕਿਸਮਤੀ ਨਾਲ ਪੁਲਿਸ ਅਫਸਰ ਐੱਸ.ਟੀ. ਰਮਨ ਦਾ ਦਿਮਾਗ ਫਿਰਕਾਪ੍ਰਸਤੀ ਨਾਲ ਭਰਿਆ ਹੋਇਆ ਸੀ ਅਤੇ ਜਾਪਦਾ ਹੈ ਕਿ ਉਹ ਜਨ ਸੰਘ ਤੋਂ ਪ੍ਰਭਾਵਤ ਸੀ। ਉਸ ਦੀਆਂ ਆਪਣੀਆਂ ਰਿਪੋਰਟਾਂ ਅਤੇ ਜਲਗਾਉਂ ਸਿਟੀ ਪੁਲਿਸ ਦੇ ਥਾਣੇਦਾਰ ਸਾਵੰਤ ਦੀਆਂ ਰਿਪੋਰਟਾਂ ਤੇ ਉਸ ਦੀਆਂ ਟਿੱਪਣੀਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਹ ਮਾਮਲੇ ਦੀ ਨਜ਼ਾਕਤ ਤੋਂ ਪੂਰੀ ਤਰ੍ਹਾਂ ਵਾਕਫ ਸਨ। ਇਸ ਦੇ ਬਾਵਜੂਦ ਉਸ ਨੇ ਅੱਖਾਂ ਬੰਦ ਰੱਖਣਾ ਠੀਕ ਸਮਝਿਆ। ਇੱਥੋਂ ਤੱਕ ਕਿ 29 ਮਾਰਚ 1979 ਨੂੰ ਆਪਣੀ ਰਿਪੋਰਟ ਭੇਜ ਕੇ ਸਰਕਾਰ ਅਤੇ ਉੱਚ ਪੁਲਿਸ ਅਧਿਕਾਰੀਆਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ" (ਮਦਾਨ ਕਮਿਸ਼ਨ ਰਿਪੋਰਟ ਪੰਨਾ 160)

ਰਿਪੋਰਟਿੰਗ ਵਿਚ ਇਸ ਤਰ੍ਹਾਂ ਦਾ ਫਿਰਕੂ ਭੇਦ-ਭਾਵ ਡੀ.ਐੱਸ.ਪੀ. ਭਾਲੇਰਾਵ ਦੀ ਰਿਪੋਰਟ ਵਿਚ ਅਤੇ ਉਸ ਦੇ ਵਿਹਾਰ ਵਿਚ ਨੋਟ ਕੀਤਾ ਗਿਆ। ਇਸੇ ਕਾਰਨ ਹਿੰਦੂਆਂ ਵਲੋਂ ਪਥਰਾਓ ਦੀਆਂ ਘਟਨਾਵਾਂ ਥਾਣਿਆਂ ਵਿਚ ਦਰਜ ਨਾ ਹੋ ਸਕੀਆਂ। ਖੁਫੀਆ ਵਿਭਾਗ ਦੇ ਅਧਿਕਾਰੀਆਂ ਨੇ ਵੀ ਇਸ ਦੰਗੇ ਨੂੰ ਲੈ ਕੇ ਅਜਿਹੀ ਮਨੋਬਿਰਤੀ ਦਾ ਇਜ਼ਹਾਰ ਕੀਤਾ। ਡੀ.ਐੱਸ.ਪੀ. ਬਡਗੁਜਰ ਨੇ ਡੀ.ਆਈ.ਜੀ. ਆਈ.ਐੱਨ.ਟੀ.ਟੀ. ਨੂੰ ਭੇਜੀ ਰਿਪੋਰਟ ਵਿਚ ਇਕਦਮ ਗ਼ਲਤ ਤੱਥ ਲਿਖ ਦਿੱਤਾ, ਕਿ "ਦੰਗੇ ਮੁਸਲਮਾਨਾਂ ਵਲੋਂ ਹਿੰਦੂਆਂ ਦੇ ਘਰਾਂ 'ਤੇ ਬਲਦੀਆਂ ਮਸ਼ਾਲਾਂ ਸੁੱਟਣ ਨਾਲ ਸ਼ੁਰੂ ਹੋਏ।"

ਅਹਿਮਦਾਬਾਦ (1969) ਵਿਚ ਮੁਸਲਮਾਨਾਂ ਦੇ ਨੁਕਸਾਨ ਦਾ ਅੰਦਾਜ਼ਾ ਸਿਰਫ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਅਧਿਕਾਰਕ ਤੌਰ 'ਤੇ ਕੁਲ 512 ਮਰਨ ਵਾਲਿਆਂ ਵਿਚ 430 ਮੁਸਲਮਾਨ ਅਤੇ 24 ਹਿੰਦੂ ਸਨ। ਇਸ ਤਰ੍ਹਾਂ ਦੰਗੇ ਅੰਦਰ ਨਸ਼ਟ ਹੋਣ ਵਾਲੀਆਂ 7000 ਦੁਕਾਨਾਂ ਵਿਚੋਂ 6500 ਤੋਂ ਵੱਧ ਮੁਸਲਮਾਨਾਂ ਦੀਆਂ ਸਨ। ਸੁਭਾਵਿਕ ਸੀ ਕਿ ਮੁਸਲਮਾਨਾਂ ਦਾ ਇੰਨਾ ਵੱਡਾ ਨੁਕਸਾਨ ਕਰਨ ਲਈ ਫਿਰਕੂ ਹਿੰਦੂ ਸੰਗਠਨਾਂ ਨੇ ਕਾਫੀ ਪਹਿਲਾਂ ਤੋਂ ਤਿਆਰੀ ਕੀਤੀ ਹੋਵੇਗੀ। ਦੰਗਿਆਂ ਨਾਲ ਸਬੰਧਤ ਮੁਕੱਦਮਿਆਂ ਦੀ ਤਫਤੀਸ਼ ਕਰਨ ਵਾਲੀਆਂ ਏਜੰਸੀਆਂ ਦੇ ਆਚਰਣ ਤੋਂ ਵੀ ਫਿਰਕੂ ਪੂਰਵ ਧਾਰਨਾਵਾਂ ਦੀ ਪਰਵਿਰਤੀ ਸਾਫ ਨਜ਼ਰ ਆਉਂਦੀ ਹੈ। ਉੱਪਰ ਹਾਸ਼ਿਮਪੁਰਾ ਮੇਰਠ (1989) ਦਾ ਜ਼ਿਕਰ ਆਇਆ ਹੈ ਜਿਸ ਵਿਚ ਇਕ ਬਹੁਤ ਹੀ ਜ਼ਾਲਮਾਨਾਂ ਅਤੇ ਪੇਸ਼ੇਵਰ ਮੰਦ ਭਾਵਨਾ ਨਾਲ ਦਰਜ ਮਾਮਲੇ ਦੀ ਤਫਤੀਸ਼ ਕਰਨ ਲਈ ਉੱਤਰ ਪ੍ਰਦੇਸ਼ ਦੇ ਸੀ.ਆਈ.ਡੀ. ਵਿਭਾਗ ਨੂੰ ਅੱਠ ਸਾਲ ਲੱਗ ਗਏ। 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਦੀ ਤਫਤੀਸ਼ ਫਿਰਕੂ ਪੂਰਵ ਧਾਰਨਾਵਾਂ ਦੇ ਦੂਜੇ ਰੂਪ ਵਿਚ ਦੇਖੀ ਜਾ ਸਕਦੀ ਹੈ। ਇਨ੍ਹਾਂ ਵਿਚ ਜ਼ਿਆਦਾਤਰ ਵਿਚ ਵੱਖ-ਵੱਖ ਰਾਜਾਂ ਦੀਆਂ ਪੁਲਿਸ ਸੰਸਥਾਵਾਂ ਦੋਸ਼ੀਆਂ ਵਿਰੁੱਧ ਮੁਕੱਦਮੇ ਚਲਾਉਣ ਵਿਚ ਅਸਫਲ ਸਿੱਧ ਹੋਈਆਂ।

ਇਸ ਸਬੰਧ ਵਿਚ ਲਾਲ ਬਹਾਦਰ ਸ਼ਾਸਤਰੀ ਰਾਸ਼ਟਰੀ ਪ੍ਰਸ਼ਾਸਨਿਕ ਅਕੈਡਮੀ, ਮਸੂਰੀ ਦਾ ਅਧਿਐਨ ਬਹੁਤ ਹੀ ਦਿਲਚਸਪ ਹੈ। ਮੇਰਠ (1982) ਵਿਚ ਦੰਗਿਆਂ ਦੌਰਾਨ ਜੋ ਐੱਫ.ਆਈ.ਆਰ. ਦਰਜ ਹੋਈਆਂ, ਉਨ੍ਹਾਂ ਵਿਚ 18 ਕਤਲ ਜਾਂ ਇਰਾਦਾ ਕਤਲ ਨਾਲ ਸਬੰਧਤ ਸਨ। ਇਹ ਸਭ ਤੋਂ ਗੰਭੀਰ ਧਾਰਾਵਾਂ ਮੰਨੀਆਂ ਜਾ ਸਕਦੀਆਂ ਹਨ ਕਿਉਂਕਿ ਬਾਕੀ ਮੁਕੱਦਮੇ ਮੁਕਾਬਲਤਨ ਛੋਟੇ ਅਪਰਾਧਾਂ ਨਾਲ ਸਬੰਧਤ ਹੁੰਦੇ ਹਨ। ਇਨ੍ਹਾਂ 18 ਐੱਫ.ਆਈ.ਆਰ. ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਇਕ ਭਾਗ ਵਿਚ ਮੁਸਲਮਾਨ ਹਮਲਾਵਰ ਅਤੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਅਤੇ ਦੂਜੇ ਭਾਗ ਵਿਚ ਹਿੰਦੂ ਹਮਲਾਵਰ ਅਤੇ ਉਨ੍ਹਾਂ ਦਾ ਵੇਰਵਾ ਇਸ ਲੇਖ ਨਾਲ ਦਿੱਤੇ ਚਾਰਟ ਵਿਚ ਦਿਖਾਇਆ ਗਿਆ ਹੈ।

| ਮੁਸਲਮਾਨ ਹਮਲਾਵਰ | | | | ਹਿੰਦੂ ਹਮਲਾਵਰ | | | |
|---|---|---|---|---|---|---|---|
| ਗ੍ਰਿਫਤਾਰ | | ਮਰੇ | | ਗ੍ਰਿਫਤਾਰ | | ਮਰੇ | |
| ਹਿੰਦੂ | ਮੁਸਲਿਮ | ਹਿੰਦੂ | ਮੁਸਲਿਮ | ਹਿੰਦੂ | ਮੁਸਲਿਮ | ਹਿੰਦੂ | ਮੁਸਲਿਮ |
| 23 | 232 | 2 | 0 | 0 | 0 | 0 | 7 |



*1970 ਵਿਚ ਭਿਵੰਡੀ (ਜਲਗਾਓਂ, ਮਹਾਰਾਸ਼ਟਰ) ਵਿਚ ਦੰਗਿਆਂ ਦੌਰਾਨ ਹੁੜਦੰਗ ਮਚਾ ਰਹੇ ਦੰਗਾਕਾਰੀ।*

ਮਦਾਨ ਕਮਿਸ਼ਨ ਨੇ ਭਿਵੰਡੀ ਦੇ ਦੰਗਿਆਂ ਦੀ ਤਫਤੀਸ਼ ਕਰਨ ਵਾਲੇ ਵਿਸ਼ੇਸ਼ ਤਫਤੀਸ਼ ਦਲ ਨੂੰ ਫਿਰਕੂ ਪੂਰਵ ਧਾਰਨਾਵਾਂ ਦਾ ਜਿਉਂਦਾ ਜਾਗਦਾ ਉਦਾਹਰਨ ਦੱਸਿਆ। ਇਸ ਦਲ ਨੇ ਦੰਗਿਆਂ ਪਿੱਛੇ ਮੁਸਲਮਾਨਾਂ ਦੀ ਸਾਜ਼ਿਸ਼ ਦੇ ਦੋਸ਼ਾਂ ਦਾ ਮਖੌਲ ਉਡਾਉਂਦੇ ਹੋਏ ਉਨ੍ਹਾਂ ਤੱਥਾਂ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਨ ਯੋਗ ਪਾਇਆ। ਕਮਿਸ਼ਨ ਨੂੰ ਇਹੋ ਜਿਹੇ ਬਹੁਤ ਸਾਰੇ ਉਦਾਹਰਨ ਮਿਲੇ ਜਿਨ੍ਹਾਂ ਵਿਚ ਪੜਤਾਲ ਕਰਨ ਵਾਲਿਆਂ ਨੇ ਹਿੰਦੂ ਅਪਰਾਧੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਮੁਸਲਮਾਨਾਂ ਖਿਲਾਫ ਝੂਠੇ ਸਬੂਤ ਘੜਨ ਦੀ ਕੋਸ਼ਿਸ਼ ਕੀਤੀ। ਕਮਿਸ਼ਨ ਨੂੰ ਬਹੁਤ ਸਾਰੇ ਅਜਿਹੇ ਉਦਾਹਰਨ ਵੀ ਮਿਲੇ ਸਨ ਜਿਨ੍ਹਾਂ ਵਿਚ ਦੁਰਭਾਵਨਾ ਤਹਿਤ ਸਰਕਾਰੀ ਦਸਤਾਵੇਜ਼ਾਂ ਨਾਲ ਛੇੜ-ਛਾੜ ਕੀਤੀ ਗਈ ਸੀ।

ਗ੍ਰਿਫਤਾਰ ਵਿਅਕਤੀਆਂ ਨਾਲ ਕੀਤੇ ਗਏ ਵਰਤਾਓ ਵਿਚ ਵੀ ਸਰਕਾਰੀ ਏਜੰਸੀਆਂ ਦੇ ਆਚਰਨ ਵਿਚ ਕਾਫੀ ਫਿਰਕੂ ਪੂਰਵ ਦੁਰਭਾਵਨਾ ਝਲਕਦੀ ਹੈ। ਕਿਸੇ ਵੀ ਸੱਭਿਆ ਸਮਾਜ ਵਿਚ ਇਹ ਇਕ ਮੰਨੀ ਹੋਈ ਪਰੰਪਰਾ ਹੈ ਕਿ ਜਦੋਂ ਵੀ ਕੋਈ ਵਿਅਕਤੀ ਗ੍ਰਿਫਤਾਰ ਕੀਤਾ ਜਾਂਦਾ ਹੈ, ਇਹ ਰਾਜ ਦਾ ਕਰਤੱਵ ਬਣ ਜਾਂਦਾ ਹੈ ਕਿ ਉਹ ਉਸ ਦੇ ਜੀਵਨ ਦੀ ਰੱਖਿਆ ਕਰੇ ਅਤੇ ਉਸ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਉਸ ਨੂੰ ਉਹ ਸਾਰੀਆਂ ਸਹੂਲਤਾਂ ਮੁਹੱਈਆ ਕਰੇ ਜਿਨ੍ਹਾਂ ਦਾ ਉਹ ਹੱਕਦਾਰ ਹੈ। ਇਹ ਮੰਦਭਾਗਾ ਤੱਥ ਹੈ ਕਿ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਵਲੋਂ ਕੈਦੀਆਂ ਦੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਦੇ ਬੇਸ਼ੁਮਾਰ ਉਦਾਹਰਨ ਮਿਲਦੇ ਹਨ। ਇਹ ਉਲੰਘਣਾ ਕੇਵਲ ਫਿਰਕੂ ਮੱਤਭੇਦਾਂ ਕਾਰਨ ਹੀ ਸੰਭਵ ਹੁੰਦੀ ਹੈ। ਇਸ ਤੱਥ ਨੂੰ ਸਾਬਤ ਕਰਨ ਲਈ ਕੁਝ ਉਦਾਹਰਨਾਂ ਹੀ ਕਾਫੀ ਹਨ।

ਉੱਪਰ ਹਾਸ਼ਿਮਪੁਰਾ ਦੇ ਦੰਗਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਉਨ੍ਹਾਂ ਦੰਗਿਆਂ (ਕਤਲੇਆਮ) ਵਿਚ ਹਿਰਾਸਤ ਵਿਚ ਲਏ ਗਏ ਬਹੁਤ ਸਾਰੇ ਲੋਕਾਂ ਦੀ ਬੇਰਹਿਮੀ ਨਾਲ ਹੱਤਿਆ, ਪੀ.ਏ.ਸੀ. ਵਲੋਂ ਕੇਵਲ ਇਸ ਲਈ ਕਰ ਦਿੱਤੀ ਗਈ ਕਿਉਂਕਿ ਉਹ ਮੁਸਲਮਾਨ ਸਨ। ਮੇਰਠ ਦੇ ਉਨ੍ਹਾਂ ਦੰਗਿਆਂ ਦੌਰਾਨ ਜਦੋਂ ਗ੍ਰਿਫਤਾਰ ਮੁਸਲਮਾਨਾਂ ਨੂੰ ਕੇਂਦਰੀ ਜੇਲ੍ਹ (1987) ਫਤਿਹਗੜ੍ਹ ਲੈ ਕੇ ਜਾਇਆ ਗਿਆ ਤਾਂ ਉਨ੍ਹਾਂ ਉੱਤੇ ਜੇਲ੍ਹ ਦੇ ਕਰਮਚਾਰੀਆਂ ਅਤੇ ਉੱਥੇ ਬੰਦ ਦੂਸਰੇ ਕੈਦੀਆਂ ਵਲੋਂ ਹਮਲਾ ਕਰ ਦਿੱਤਾ ਗਿਆ। ਜਿਸ ਵਿਚ ਛੇ ਮੁਸਲਮਾਨ ਮਾਰੇ ਗਏ। ਕੋਈ ਇਹ ਵਿਸ਼ਵਾਸ ਕਿਵੇਂ ਕਰੇਗਾ ਕਿ ਇਨ੍ਹਾਂ ਬੇਸਹਾਰਾ ਕੈਦੀਆਂ 'ਤੇ ਜੇਲ੍ਹ ਦੇ ਕੈਦੀਆਂ ਵਲੋਂ ਹਮਲਾ ਜੇਲ੍ਹ ਕਰਮਚਾਰੀਆਂ ਦੇ ਭੜਕਾਉਣ ਤੋਂ ਬਗੈਰ ਕੀਤਾ ਗਿਆ ਹੋਵੇਗਾ।

ਕੈਦੀਆਂ ਦੇ ਨਾਲ ਵਰਤਾਓ ਵਿਚ ਫਿਰਕੂ ਦੁਰਭਾਵਨਾ ਨੂੰ ਸਮਝਣ ਲਈ ਮਦਾਨ ਕਮਿਸ਼ਨ ਦੀ ਰਿਪੋਰਟ ਦੇ ਕੁਝ ਅੰਸ਼ ਇਕ ਵਾਰ ਪੜ੍ਹਨਾ ਠੀਕ ਰਹੇਗਾ। ਇਸ ਕਮਿਸ਼ਨ ਦੇ ਸਾਹਮਣੇ ਜੋ ਗਵਾਹੀਆਂ ਹੋਈਆਂ ਉਨ੍ਹਾਂ ਤੋਂ ਕਮਿਸ਼ਨ ਹੇਠਾਂ ਦਿੱਤੇ ਨਤੀਜਿਆਂ 'ਤੇ ਪਹੁੰਚਿਆ।

1. ਕੁਝ ਮੁਸਲਮਾਨ ਕੈਦੀਆਂ ਦੀ ਗ੍ਰਿਫਤਾਰੀ ਸਮੇਂ ਅਤੇ ਬਾਅਦ ਵਿਚ ਪੁਲਿਸ ਹਿਰਾਸਤ ਸਮੇਂ ਕੁੱਟਮਾਰ ਕੀਤੀ ਗਈ।

2. ਸੱਤ ਅਤੇ ਅੱਠ ਮਈ 1970 ਨੂੰ ਕੈਦੀਆਂ ਨੂੰ ਖਾਣਾ ਅਤੇ ਪਾਣੀ ਨਹੀਂ ਦਿੱਤਾ ਗਿਆ।

3. ਮੁਸਲਿਮ ਸੰਗਠਨਾਂ ਵਲੋਂ ਦੋਸ਼ ਲਗਾਏ ਗਏ ਕਿ ਇਨ੍ਹਾਂ ਕੈਦੀਆਂ ਨੂੰ ਭਿਵੰਡੀ ਥਾਣੇ ਦੇ ਬਾਹਰ ਸੜਕ 'ਤੇ ਬਿਨਾਂ ਕਿਸੇ ਛਾਂ ਦੇ ਮਈ ਜੂਨ ਦੀ ਧੁੱਪ ਵਿਚ ਬੈਠਣ ਲਈ ਮਜਬੂਰ ਕੀਤਾ ਗਿਆ।

4. ਖਾਣਾ ਅਤੇ ਪਾਣੀ ਵੰਡਣ ਸਮੇਂ ਹਿੰਦੂ ਅਤੇ ਮੁਸਲਿਮ ਕੈਦੀਆਂ ਵਿਚ ਭੇਦ-ਭਾਵ ਕੀਤਾ ਗਿਆ। ਅਧਿਕਾਰੀਆਂ ਵਲੋਂ ਫਾਇਰ ਬ੍ਰਿਗੇਡ ਦੇ ਪਾਣੀ ਟੈਂਕਰਾਂ ਨੂੰ ਕੈਦੀਆਂ ਦੇ ਲਈ ਪਾਣੀ ਲਿਆਉਣ ਲਈ ਇਸਤੇਮਾਲ ਨਾ ਕਰਨ ਪਿੱਛੇ ਜੋ ਸੋਚ ਕੰਮ ਕਰ ਰਹੀ ਸੀ, ਉਹ ਸੀ ਕਿ ਕੈਦੀਆਂ ਵਿਚ ਜ਼ਿਆਦਾ ਮੁਸਲਮਾਨ ਸਨ। ਤਾਲੁਕਾ ਥਾਣੇ ਵਿਚ ਲੱਗੇ ਨਲਕੇ ਤੋਂ ਪਾਣੀ ਪੀਣ ਲਈ ਹਿੰਦੂ ਕੈਦੀਆਂ ਨੂੰ ਪੂਰੀ ਆਜ਼ਾਦੀ ਦਿੱਤੀ ਗਈ।

ਡੇਲੀ ਦੇਰੀ ਦੰਗੇ (1971) ਦੀ ਜਾਂਚ ਕਰਨ ਵਾਲੇ ਜਸਟਿਸ ਜੋਸਫ ਵਿਥਾਯਥਲ ਨੇ ਆਪਣੀ ਜਾਂਚ ਰਿਪੋਰਟ ਵਿਚ ਦੰਗਿਆਂ ਨਾਲ ਨਜਿੱਠਣ ਵਾਲੇ ਪੁਲਿਸ ਕਰਮਚਾਰੀਆਂ ਦੇ ਆਚਰਣ ਵਿਚ ਫਿਰਕੂ ਮਾੜੇ ਭਾਵਾਂ ਨੂੰ ਵਿਸਥਾਰ ਸਹਿਤ ਰੇਖਾਂਕਿਤ ਕੀਤਾ ਹੈ। ਉਨ੍ਹਾਂ ਦੀਆਂ ਕੁਝ ਟਿੱਪਣੀਆਂ ਨੂੰ ਬਗੈਰ ਕਿਸੇ ਵਿਆਖਿਆ ਦੇ ਦਿੱਤਾ ਜਾ ਰਿਹਾ ਹੈ:

(ਰਿਪੋਰਟ ਪੇਜ਼ 236) ਡੀ.ਐੱਸ.ਪੀ. ਦੀ ਚੌਕਸੀ ਦਾ ਦੂਜਾ ਕਾਰਨ ਵੀ ਹੋ ਸਕਦਾ ਹੈ। ਉਸ ਨੂੰ ਮੁਸਲਮਾਨਾਂ ਪ੍ਰਤੀ, ਹਿੰਦੂ ਪੁਲਿਸ ਕਰਮਚਾਰੀਆਂ ਦੀ ਸੋਚ ਦਾ ਪਤਾ ਸੀ। ਆਪਣੇ ਬਿਆਨ ਵਿਚ ਉਸ ਨੇ ਕਿਹਾ ਕਿ ਗਸ਼ਤ ਲਗਾਉਣ ਸਮੇਂ ਜੇ ਕੁਝ ਪੁਲਿਸ ਕਰਮਚਾਰੀ ਉਸ ਸਮੇਂ ਰੋਕਣ ਦੀ ਕੋਸ਼ਿਸ਼ ਕਰਦੇ ਤਾਂ ਉਹ ਮੁਸਲਮਾਨਾਂ ਨੂੰ ਦੇਖ ਕੇ ਆਪਣਾ ਆਪਾ ਹੀ ਖੋ ਦਿੰਦੇ ਸਨ। ਉਸ ਸਮੇਂ ਉਨ੍ਹਾਂ ਨੂੰ ਕਾਬੂ ਵਿਚ ਰੱਖਣ ਲਈ ਯਤਨ ਕਰਨੇ ਪੈਂਦੇ ਸਨ। ਡਿਪਟੀ ਕਮਿਸ਼ਨਰ ਨੇ ਇਸ ਤਰ੍ਹਾਂ ਦਾ ਬਿਆਨ ਦਿੱਤਾ ਹੈ (ਪੀ.ਆਈ.ਐੱਸ.ਡਬਲਿਊ. 1. ਪੀ.13)। ਕੁਝ ਗਵਾਹਾਂ ਨੇ ਦੱਸਿਆ ਕਿ ਸੜਕ 'ਤੇ ਮੌਜੂਦ ਮੁਸਲਮਾਨਾਂ ਨੂੰ ਖਦੇੜਨ ਸਮੇਂ ਕੁਝ ਪੁਲਿਸ ਕਰਮਚਾਰੀਆਂ ਨੇ ਉਨ੍ਹਾਂ ਨੂੰ ਪਾਕਿਸਤਾਨ ਜਾਣ ਲਈ ਲਲਕਾਰਿਆ। ਮੱਟਾਮਬਰਮ ਵਿਚ ਕੁਝ ਪੁਲਿਸ ਕਰਮਚਾਰੀ ਮਸਜਿਦ ਵਿਚ ਘੁਸ ਗਏ ਅਤੇ ਨਾ ਕੇਵਲ ਉਨ੍ਹਾਂ ਨੇ ਬਹੁਤ ਸਨਮਾਨਿਤ ਵਿਅਕਤੀ ਉਸਮਾਨ ਕੁੱਟੀ ਹਾਜੀ (ਪੀ.ਡਬਲਿਊ. 6) ਦੀ ਕੁੱਟਮਾਰ ਕੀਤੀ ਸਗੋਂ ਮਸਜਿਦ ਦੀ

**(ਬਾਕੀ ਅਗਲੇ ਸਫੇ 'ਤੇ)**

### ਵੱਡੀ ਵੰਗਾਰ

***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***


***-ਵਿਭੂਤੀ ਨਰਾਇਣ ਰਾਏ***

# ਵਿਦਿਆ ਵੀਚਾਰੀ: ਅਣਹੋਇਆਂ ਦੀ ਹੋਣੀ

## ਪੰਜਾਬੀ ਯੂਨੀਵਰਸਿਟੀ, ਉੱਚ ਸਿੱਖਿਆ ਅਤੇ ਸਰਕਾਰਾਂ ਦੀ ਜ਼ਿੰਮੇਵਾਰੀ

***ਪੰਜਾਬ ਵਿਚ ਸਿੱਖਿਆ ਅਤੇ ਉੱਚ-ਸਿੱਖਿਆ ਦੇ ਮਿਆਰ ਬਾਰੇ ਅਕਸਰ ਗੱਲ ਚੱਲਦੀ ਹੈ। 1991 ਵਿਚ ਨਵੀਆਂ ਆਰਥਿਕ ਨੀਤੀਆਂ ਤਹਿਤ ਜਦੋਂ ਪ੍ਰਾਈਵੇਟ ਵਿਦਿਅਕ ਅਦਾਰੇ ਹੋਂਦ ਵਿਚ ਆਉਣੇ ਸ਼ੁਰੂ ਹੋਏ ਤਾਂ ਸਿੱਖਿਆ ਨਾਲ ਮੁਨਾਫਾ ਵੀ ਜੁੜ ਗਿਆ ਅਤੇ ਸਿੱਖਿਆ ਹੋਰ ਕਾਰੋਬਾਰਾਂ ਵਾਂਗ ਵਪਾਰ ਬਣ ਗਈ। ਉੱਘੇ ਪੱਤਰਕਾਰ, ਦਸਤਾਵੇਜ਼ੀ ਫਿਲਮਸਾਜ਼ ਅਤੇ ਅੱਜ ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਨੇ ਪੰਜਾਬੀ ਯੂਨੀਵਰਸਿਟੀ ਦੇ ਹਵਾਲੇ ਨਾਲ ਸਿੱਖਿਆ ਦੇ ਸਮੁੱਚੇ ਅਤੇ ਬੁਨਿਆਦੀ ਮਾਹੌਲ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਵਿਦਿਅਕ ਅਦਾਰਿਆਂ ਦਾ ਮਨੁੱਖੀ ਸੱਭਿਅਤਾ ਦੇ ਵਿਗਾਸ ਅਤੇ ਸਮੁੱਚੇ ਵਿਕਾਸ ਵਿਚ ਯੋਗਦਾਨ ਕਿਸੇ ਵੀ ਬਹਿਸ ਦੇ ਘੇਰੇ ਤੋਂ ਬਾਹਰ ਹੈ ਅਤੇ ਹਰ ਸਮਝ, ਸੂਝ, ਸ਼ਊਰ, ਸੋਚ ਦੇ ਤਰਜਮਾਨ ਇਨ੍ਹਾਂ ਦੀ ਅਹਿਮੀਅਤ ਦੀ ਤਸਦੀਕ ਕਰਦੇ ਹਨ। ਇੱਕ ਪਾਸੇ ਵਿਦਿਆ ਦਾ ਪਸਾਰਾ ਅਤੇ ਦੂਜੇ ਪਾਸੇ ਇਸ ਦੇ ਮਿਆਰ ਵਿਚ ਵਾਧਾ ਵਿਦਿਅਕ ਅਦਾਰਿਆਂ ਦਾ ਮਨੋਰਥ ਹੈ ਜਿਸ ਬਾਰੇ ਤਕਰੀਬਨ ਸਰਬਸੰਮਤੀ ਬਣ ਚੁੱਕੀ ਹੈ। ਇਹ ਲੇਖ ਇਸੇ ਸਮਝ ਨਾਲ ਪੰਜਾਬੀ ਯੂਨੀਵਰਸਿਟੀ ਦੇ ਖਾਸੇ ਅਤੇ ਯੋਗਦਾਨ ਦੇ ਨਾਲ-ਨਾਲ ਮੌਜੂਦਾ ਅਹਿਮੀਅਤ ਨੂੰ ਸਮਝਣ ਦਾ ਉਪਰਾਲਾ ਹੈ।



**ਦਲਜੀਤ ਅਮੀ**
ਫੋਨ: +91-72919-77145

ਬਸਤਾਨੀ ਦੌਰ ਤੋਂ ਬਾਅਦ ਉਸਾਰੇ ਗਏ ਅਦਾਰਿਆਂ ਵਿਚ ਪੰਜਾਬੀ ਯੂਨੀਵਰਸਿਟੀ ਸ਼ਾਮਿਲ ਸੀ ਜੋ ਪੰਜਾਬ (ਮੌਜੂਦਾ ਹਰਿਆਣਾ, ਹਿਮਾਚਲ ਅਤੇ ਪੂਰਬੀ ਪੰਜਾਬ ਦਾ ਸਮੁੱਚਾ ਖਿੱਤਾ) ਵਿਚ ਬਣੀ ਸੂਬੇ ਦੀ ਪਹਿਲੀ ਸਰਕਾਰੀ ਯੂਨੀਵਰਸਿਟੀ ਹੈ। ਇਹ ਕਾਲਜਾਂ (ਤਕਰੀਬਨ ਤਿੰਨ ਸੌ) ਅਤੇ ਵਿਦਿਆਰਥੀਆਂ (ਤਕਰੀਬਨ ਸਵਾ ਦੋ ਲੱਖ) ਦੀ ਗਿਣਤੀ ਪੱਖੋਂ ਮੌਜੂਦਾ ਪੂਰਬੀ ਪੰਜਾਬ ਦੀ ਸਭ ਤੋਂ ਵੱਡੀ ਸਰਕਾਰੀ ਯੂਨੀਵਰਸਿਟੀ ਹੈ। ਇਸ ਦਾ ਵਸੀਹ ਪਨ੍ਹਾ (ਘੇਰਾ) ਕਾਲਜਾਂ ਅਤੇ ਹੋਰ ਅਦਾਰਿਆਂ ਰਾਹੀਂ ਆਨੰਦਪੁਰ ਸਾਹਿਬ ਤੋਂ ਜੈਤੋਂ ਤੱਕ, ਅੰਧਰੇਟੇ ਤੋਂ ਦੇਹਰਾਦੂਨ ਤੱਕ ਫੈਲਿਆ ਹੈ ਪਰ ਵਿਦਿਆਰਥੀਆਂ ਦੇ ਹਵਾਲੇ ਨਾਲ ਇਸ ਤੋਂ ਜ਼ਿਆਦਾ ਮੋਕਲਾ ਹੈ। ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਮਾਲਵਾ ਇਲਾਕੇ ਵਿਚੋਂ ਹਨ ਪਰ ਪੰਜਾਬ ਸਮੇਤ ਦੂਜਿਆਂ ਸੂਬਿਆਂ ਦੇ ਵਿਦਿਆਰਥੀ ਇੱਥੇ ਪੜ੍ਹਨ ਆਉਂਦੇ ਹਨ। ਇਸ ਵੇਲੇ ਬਾਈ ਮੁਲਕਾਂ ਦੇ ਤਕਰੀਬਨ ਸਾਢੇ ਤਿੰਨ ਸੌ ਵਿਦਿਆਰਥੀ ਇਸ ਯੂਨੀਵਰਸਿਟੀ ਵਿਚ ਪੜ੍ਹਾਈ/ਖੋਜ ਕਰ ਰਹੇ ਹਨ। ਯੂਨੀਵਰਸਿਟੀ ਵਿਚ ਬੋਲੀ, ਸਾਹਿਤ, ਸਮਾਜ ਸ਼ਾਸਤਰ, ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਸੱਠ ਤੋਂ ਜ਼ਿਆਦਾ ਮਜ਼ਮੂਨ ਪੜ੍ਹਾਏ ਜਾਂਦੇ ਹਨ ਅਤੇ ਇਨ੍ਹਾਂ ਉੱਤੇ ਖੋਜ ਕੀਤੀ ਜਾਂਦੀ ਹੈ।

ਯੂਨੀਵਰਸਿਟੀ ਬਣਾਉਣ ਵਾਲੇ ਵਿਧਾਨ ਸਭਾ ਦੇ ਐਕਟ ਅਤੇ ਬਾਅਦ ਦੀਆਂ ਯੂਨੀਵਰਸਿਟੀ ਦੀਆਂ ਸਾਲਾਨਾ ਰਪਟਾਂ ਵਿਚ ਇਸ ਦੇ ਮਨੋਰਥ ਉਘੜਵੇਂ ਰੂਪ ਵਿਚ ਦਰਜ ਹਨ। ਇੱਕ ਪਾਸੇ ਪੰਜਾਬੀ ਬੋਲੀ ਦਾ ਵਧਾਰਾ/ਪਸਾਰਾ ਅਤੇ ਦੂਜੇ ਪਾਸੇ ਮਾਨਵੀ ਅਤੇ ਵਿਗਿਆਨਕ ਸਿੱਖਿਆ ਮੁਹੱਈਆ ਕਰਵਾਉਣਾ ਇਸ ਦੇ ਮੁੱਖ ਮਕਸਦ ਹਨ ਜਿਨ੍ਹਾਂ ਦੀ ਵਿਆਖਿਆ ਵਸੀਹ ਹੈ। ਪੰਜਾਬੀ ਬੋਲੀ ਨੂੰ ਸਮੇਂ ਦੇ ਹਾਣ ਦੀ ਬਣਾਉਣਾ ਇਸ ਦਾ ਟੀਚਾ ਰਿਹਾ ਹੈ ਜਿਸ ਵਿਚ ਗਿਆਨ/ਵਿਗਿਆਨ ਦੇ ਮਜ਼ਮੂਨਾਂ ਦਾ ਪੰਜਾਬੀ ਵਿਚ ਉਲੱਥਾ ਕਰਨਾ ਅਹਿਮ ਹੈ। ਦੂਜੀਆਂ ਬੋਲੀਆਂ ਨਾਲ ਉਲੱਥੇ ਰਾਹੀਂ ਸਾਂਝ ਦੇ ਪੁੱਲ ਉਸਾਰਨਾ ਇਸ ਅਦਾਰੇ ਦਾ ਕੰਮ ਹੈ। ਨਤੀਜੇ ਵਜੋਂ ਇਹ ਬਹੁ-ਮਜ਼ਮੂਨੀ ਅਤੇ ਬਹੁ-ਭਾਸ਼ਾਈ ਅਦਾਰਾ ਹੈ।

ਬਸਤਾਨੀ ਦੌਰ ਤੋਂ ਬਾਅਦ ਹੋਈ 'ਮੁਲਕ ਉਸਾਰੀ' ਲਈ ਬਣੇ ਅਦਾਰਿਆਂ ਦੀਆਂ ਨਿਸ਼ਾਨੀਆਂ ਪੰਜਾਬੀ ਯੂਨੀਵਰਸਿਟੀ ਵਿਚ ਵੀ ਦਰਜ ਹਨ। ਵੱਖ-ਵੱਖ ਵਿਭਾਗਾਂ ਅਤੇ ਖੋਜ ਸਹੂਲਤਾਂ ਦੇ ਇਤਿਹਾਸ ਵਿਚ ਦਰਜ ਹੈ ਕਿ ਇਹ ਯੂਨੀਵਰਸਿਟੀ ਕਿਸ ਤਰ੍ਹਾਂ ਦੇ ਦੌਰ ਵਿਚ ਗੁਜ਼ਰੀ ਅਤੇ ਇਸ ਦੀ ਬਣਤਰ ਵਿਚ ਕਿਸ ਤਰ੍ਹਾਂ ਦੀਆਂ ਅੱਚਵੀਆਂ ਅਤੇ ਆਸਾਂ ਸ਼ਾਮਿਲ ਰਹੀਆਂ ਹਨ। ਮਿਸਾਲ ਵਜੋਂ ਉੱਤਰੀ ਭਾਰਤ ਦੀ ਗੁੰਬਦ ਵਾਲੀ ਸਭ ਤੋਂ ਵੱਡੀ ਰਸਦਗਾਹ ਇਸ ਯੂਨੀਵਰਸਿਟੀ ਵਿਚ ਹੈ ਜੋ ਤਾਰਾਮੰਡਲ ਦੀ ਸਰਗਰਮੀ ਨੂੰ ਦੇਖਣ/ਪਰਖਣ ਦੀ ਅਹਿਮ ਸਹੂਲਤ ਹੈ। ਇਸੇ ਤਰ੍ਹਾਂ ਮੁੱਢਲੇ ਦੌਰ ਵਿਚ ਪੰਜਾਬੀ ਦੇ ਵਿਕਾਸ ਲਈ ਕੀਤੀ ਵਿਉਂਤਬੰਦੀ ਹੈ ਜਿਸ ਤਹਿਤ ਵੱਖ-ਵੱਖ ਬੋਲੀਆਂ ਨਾਲ ਸਾਂਝ ਪਾਉਣ ਦੇ ਸਰਗਰਮ ਉਪਰਾਲੇ ਕੀਤੇ ਗਏ/ਜਾਣੇ ਸਨ। ਪੰਜਾਬੀ ਬੋਲੀ ਦੇ ਭੰਡਾਰੇ ਭਰਨ ਅਤੇ ਮਨੁੱਖ ਦੇ ਸੁਰਤ-ਸੰਭਾਲੇ ਦਾ ਤਰੱਦਦ 'ਮਾਨਵੀ ਅਤੇ ਵਿਗਿਆਨਕ ਸਿੱਖਿਆ' ਰਾਹੀਂ ਕੀਤਾ ਜਾਣਾ ਸੀ।



ਮਾਲਵਾ ਇਲਾਕਾ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ ਮੇਲ ਦਾ ਸਮਾਜਿਕ, ਆਰਥਿਕ, ਵਿਦਿਅਕ ਖਾਸਾ ਬਿਆਨ ਹੁੰਦਾ ਹੈ। ਇਹ ਇਲਾਕਾ ਪੰਜਾਬ ਦੀ ਵਿਧਾਨ ਸਭਾ ਦੇ 117 ਵਿਧਾਇਕਾਂ ਵਿਚੋਂ 69 ਵਿਧਾਇਕ ਭੇਜਦਾ ਹੈ, 23 ਜ਼ਿਲ੍ਹਿਆਂ ਵਿਚੋਂ 15 ਜ਼ਿਲ੍ਹੇ ਇਸ ਇਲਾਕੇ ਵਿਚ ਹਨ। ਪੰਜਾਬ ਸਰਕਾਰ ਦੇ ਅਧਿਐਨ ਮੁਤਾਬਕ 2000-2015 ਵਿਚ ਖੇਤੀ ਸੰਕਟ ਦੇ ਕਾਰਨ 16606 ਪੰਜਾਬੀਆਂ ਨੇ ਆਪਣੀ ਜਾਨ ਆਪ ਲਈ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਇਨ੍ਹਾਂ ਖੁਦਕੁਸ਼ੀਆਂ ਵਿਚੋਂ 97.45 ਫੀਸਦੀ ਮਾਲਵੇ ਵਿਚ ਹੋਈਆਂ ਹਨ। ਸਾਖਰਤਾ ਪੱਖੋਂ ਪੰਜਾਬ ਦੇ ਹੇਠਲੇ ਤਿੰਨ ਜ਼ਿਲ੍ਹੇ; ਮਾਨਸਾ, ਬਰਨਾਲਾ ਅਤੇ ਬਠਿੰਡਾ ਇਸੇ ਇਲਾਕੇ ਵਿਚ ਪੈਂਦੇ ਹਨ। ਗਰੀਬ ਤਬਕੇ ਦੇ ਵਿਦਿਆਰਥੀਆਂ ਵਿਚ ਜ਼ਿਆਦਾਤਰ ਕੁੜੀਆਂ ਹਨ। ਦਲਿਤ ਤਬਕੇ ਦੀ ਚੋਖੀ ਨੁਮਾਇੰਦਗੀ ਹੈ। ਵੱਡੀ ਗਿਣਤੀ ਵਿਚ ਵਿਦਿਆਰਥੀਆਂ ਉਹ ਹਨ ਜੋ ਆਪਣੇ ਪਰਿਵਾਰਾਂ ਵਿਚ ਉੱਚ-ਵਿਦਿਆ ਹਾਸਿਲ ਕਰਨ ਵਾਲੀ ਪਹਿਲੀ ਪੀੜ੍ਹੀ ਹਨ। ਇਹ ਵਿਦਿਆਰਥੀ ਆਪਣੀ ਹੱਡੀਂ-ਹੰਢਾਏ ਤਜਰਬੇ ਅਤੇ ਅੱਚਵੀਆਂ ਸਮੇਤ ਪੜ੍ਹਨ ਆਏ ਹਨ ਅਤੇ ਉਨ੍ਹਾਂ ਨੇ ਆਪਣੀ ਉਮੀਦ ਪੰਜਾਬੀ ਯੂਨੀਵਰਸਿਟੀ ਉੱਤੇ ਟਿਕਾਈ ਹੋਈ ਹੈ।

ਆਪਣੀ ਰੋਜ਼ੀ ਦਾ ਬੰਦੋਬਸਤ ਕਰਨ ਦੇ ਨਾਲ-ਨਾਲ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀਆਂ ਕਹਾਣੀਆਂ ਇਸ ਯੂਨੀਵਰਸਿਟੀ ਦੀ ਅਹਿਮੀਅਤ ਨੂੰ ਉਘਾੜਦੀਆਂ ਹਨ। ਕੋਈ ਵਿਦਿਆਰਥੀ ਖੇਤਾਂ ਵਿਚ ਦਿਹਾੜੀਆਂ ਕਰ ਕੇ ਆਪਣੀ ਫੀਸ ਦਾ ਇੰਤਜ਼ਾਮ ਕਰਦੀ ਹੈ। ਕੋਈ ਵਿਦਿਆਰਥੀ ਸੁਰੱਖਿਆ ਗਾਰਦ ਦਾ ਕੰਮ ਕਰਦਾ ਹੋਇਆ ਆਪਣੀ ਪੜ੍ਹਾਈ ਦਾ ਬੰਦੋਬਸਤ ਕਰ ਰਿਹਾ ਹੈ। ਕੋਈ ਗਰਮੀਆਂ ਦੇ ਲੰਬੇ ਦਿਨਾਂ ਵਿਚ ਫਾਕਾਕਸ਼ੀ ਕਰਦੀ/ਕਰਦਾ ਹੋਈ/ਹੋਇਆ ਆਪਣੇ ਸੁਫਨਿਆਂ ਦਾ ਪਿੱਛਾ ਕਰ ਰਹੀ/ਰਿਹਾ ਹੈ। ਇਹ ਕਹਾਣੀਆਂ ਪੰਜਾਬੀ ਯੂਨੀਵਰਸਿਟੀ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹਨ ਜਿਨ੍ਹਾਂ ਦੀ ਸਮਾਜਿਕ ਰਸਾਈ ਤਨਖਾਹਦਾਰ ਮੁਲਜ਼ਮਾਂ ਦੀਆਂ ਤਰਸ ਨਾਲ ਲਬਰੇਜ਼ ਮਿਹਰਬਾਨੀਆਂ ਵਿਚੋਂ ਤਾਂ ਹੁੰਦੀ ਹੈ ਪਰ ਇਨ੍ਹਾਂ ਦੇ ਹੱਡੀਂ ਹੰਢਾਏ ਤਜਰਬੇ ਨਾਲ ਮੁੱਖ ਧਾਰਾ ਦੇ ਬਿਰਤਾਂਤ ਵਿਚੋਂ ਮਨਫੀ ਰਹਿੰਦੀ ਹੈ। ਇਨ੍ਹਾਂ ਮਿਹਰਬਾਨੀਆਂ ਦੀ ਐਨਕ ਦਾ ਟੀਰ ਹੈ ਕਿ ਇਹ ਕਹਾਣੀਆਂ ਇੱਕਾ-ਦੁੱਕਾ ਹੋ ਕੇ ਤਰਸ ਦਾ ਪਾਤਰ ਬਣਦੀਆਂ ਹਨ, ਇਹ ਹਕੀਕੀ ਰੁਝਾਨ ਵਜੋਂ ਦਰਜ ਨਹੀਂ ਹੁੰਦੀਆਂ। ਬਸਤਾਨੀ ਦੌਰ ਤੋਂ ਬਾਅਦ ਇਹ ਰੁਝਾਨ ਮੁਲਕ ਉਸਾਰੀ ਦੀ ਮਸ਼ਕ ਵਿਚ ਬਣੇ ਅਦਾਰਿਆਂ ਦੀ ਅਹਿਮੀਅਤ ਅਤੇ ਨਾਕਾਮਯਾਬੀ ਦਾ ਪੇਚੀਦਾ ਖਾਸਾ ਬਿਆਨ ਕਰਦਾ ਹੈ। ਇਹ ਪੱਖ ਵੱਖਰੇ ਲੇਖ ਦੀ ਮੰਗ ਕਰਦਾ ਹੈ ਪਰ ਇੱਕ ਵਾਰ ਜ਼ਿਕਰ ਅੱਗੇ ਆਉਣ ਵਾਲਾ ਹੈ।

***ਇਸ ਵੇਲੇ ਜੇ ਯੂਨੀਵਰਸਿਟੀ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਆਪਣੇ ਵਸੀਲੇ ਆਪ ਜੋੜੇ ਤਾਂ ਇਹ ਅਦਾਰਾ ਭਾਵੇਂ ਪਟਿਆਲੇ ਹੀ ਰਹੇ ਪਰ ਇਸ ਦੇ ਵਿਦਿਆਰਥੀ ਮੇਲ ਦਾ ਖਾਸਾ ਬਦਲ ਜਾਵੇਗਾ। ਇਸ ਅਦਾਰੇ ਲਈ ਵਸੀਲਿਆਂ ਦਾ ਇੰਤਜ਼ਾਮ ਕਰਨ ਵਾਲਾ ਵਿਦਿਆਰਥੀ/ਖਰੀਦਦਾਰ ਸਤੌਜ ਦੇ ਸਕੂਲ ਅਧਿਆਪਕ ਦੀ ਧੀ/ਪੁੱਤ ਨਹੀਂ ਹੋ ਸਕਦਾ। ਉਹ ਫਾਕਾਕਸ਼ੀ ਕਰ ਕੇ ਉਮੀਦਾਂ ਦੀ ਪੜ੍ਹਾਈ ਕਰ ਰਿਹਾ ਦਿਹਾੜੀਦਾਰ ਨਹੀਂ ਹੋ ਸਕਦਾ। ਉਹ ਚੱਪਲਾਂ ਪਾ ਕੇ ਦੇਵੀਗੜ੍ਹ ਤੋਂ ਬੱਸ ਚੜ੍ਹ ਕੇ ਆਉਣ ਵਾਲੀ ਖੇਤ ਮਜ਼ਦੂਰ ਨਹੀਂ ਹੋ ਸਕਦੀ। ਉਹ ਖੇਤੀ ਸੰਕਟ ਵਿਚ ਖੁਦਕੁਸ਼ੀਆਂ ਕਰ ਗਏ 'ਅਣਹੋਇਆਂ' ਦੇ ਬੱਚੇ ਨਹੀਂ ਹੋ ਸਕਦੇ।***

ਹਰ ਅਦਾਰੇ ਵਾਂਗ ਪੰਜਾਬੀ ਯੂਨੀਵਰਸਿਟੀ ਦੇ ਮਨੋਰਥ ਅਤੇ ਕਾਰਗੁਜ਼ਾਰੀ ਦੀ ਪੜਚੋਲ ਹੋਣੀ ਬਣਦੀ ਹੈ ਅਤੇ ਸੱਠ ਸਾਲ ਪੁਰਾਣੇ ਅਦਾਰੇ ਕੋਲ ਪੜਚੋਲੀਆ ਬਿਆਨੀਆ ਹੋਣਾ ਚਾਹੀਦਾ ਹੈ। ਅਦਾਰੇ ਦੀ ਕਾਰਗੁਜ਼ਾਰੀ ਨੂੰ ਦਲੀਲਾਂ, ਸਬੂਤਾਂ ਅਤੇ ਗਵਾਹਾਂ ਦੀ ਸਾਣ ਉੱਤੇ ਪਰਖਿਆ ਜਾਣਾ ਚਾਹੀਦਾ ਹੈ। ਇਸੇ ਪੜਚੋਲ ਨਾਲ ਅਦਾਰੇ ਦੀ ਅਗਲੀ ਵਿਉਂਤਬੰਦੀ ਹੋ ਸਕਦੀ ਹੈ। ਇਸ ਅਦਾਰੇ ਦੀ ਸਿੱਕੇਬੰਦ ਪੜਚੋਲ ਨਹੀਂ ਹੋਈ ਪਰ ਇਸ ਦੀ ਅਹਿਮੀਅਤ ਇਸ ਦੇ ਵਿਦਿਆਰਥੀ ਮੇਲ ਦੇ ਖਾਸੇ ਵਿਚ ਨਿਹਿਤ ਹੈ। ਪੜਚੋਲ ਦੇ ਮਨਫੀ ਹੋਣ ਦਾ ਇੱਕ ਕਾਰਨ ਤਾਂ ਇਹੋ ਹੈ ਕਿ ਜਿਨ੍ਹਾਂ ਦੀ ਕਾਰਗੁਜ਼ਾਰੀ ਦੀ ਪੜਚੋਲ ਹੋਣੀ ਹੈ, ਇਹ ਉਨ੍ਹਾਂ ਦੇ ਕੀਤੇ ਉੱਤੇ ਪਰਦਾ ਪਾਉਣ ਦੀ ਮਸ਼ਕ ਹੋ ਨਿਬੜਦੀ ਹੈ। ਸਿਆਸੀ ਸਰਪ੍ਰਸਤੀ ਅਤੇ ਸਫੇਦਪੋਸ਼ੀਆਂ ਦੀ ਰਹਿਮਤ ਨਾਲ ਜੁੜਿਆ 'ਪੜਚੋਲੀਆ ਮੇਲ' ਆਪਣੀ ਹੀ ਕਲਾਣ ਪੜ੍ਹਨ ਵਿਚ ਲੱਗਿਆ ਰਹਿੰਦਾ ਹੈ। ਦੂਜੇ ਪਾਸੇ ਅਦਾਰਾ ਅਜਿਹੇ ਸੰਕਟ ਦੇ ਸ਼ਿਕਾਰ ਹੈ ਜੋ ਸਰਕਾਰਾਂ ਦੀ ਇਮਦਾਦ ਤੋਂ ਬਿਨਾ ਹੱਲ ਨਹੀਂ ਹੋਣਾ ਅਤੇ ਸਰਕਾਰਾਂ ਨੇ ਵਿਦਿਆ ਨੂੰ ਸੰਵਿਧਾਨਕ ਜ਼ਿੰਮੇਵਾਰੀ ਦੇ ਖਾਨੇ ਵਿਚੋਂ ਕੱਢ ਕੇ 'ਮਿਹਰਬਾਨੀਆਂ' ਦੇ ਖਾਤੇ ਪਾਉਣ ਦਾ ਅਮਲ ਪੱਕੇ ਪੈਰੀਂ ਕਰ ਲਿਆ ਹੈ। ਇਸ ਹਾਲਤ ਵਿਚ ਕਾਰਗੁਜ਼ਾਰੀ ਦੀ ਪੇਸ਼ਕਾਰੀ ਇੰਤਜ਼ਾਮੀਆ ਹੁਨਰ ਬਣ ਕੇ ਰਹਿ ਜਾਂਦੀ ਹੈ।

ਪੰਜਾਬੀ ਯੂਨੀਵਰਸਿਟੀ ਨੂੰ ਆਪਣੇ ਮਨੋਰਥ ਨਾਲ ਜੁੜ ਕੇ ਕੰਮ ਕਰਨ ਵਿਚ ਸ਼ੁਰੂ ਤੋਂ ਹੀ ਮੁਸ਼ਕਿਲਾਂ ਆਈਆਂ ਹਨ। ਇਨ੍ਹਾਂ ਮੁਸ਼ਕਿਲਾਂ ਨੂੰ ਸਿਆਸੀ ਦਖਲਅੰਦਾਜ਼ੀ ਅਤੇ ਰਸੂਖਦਾਰਾਂ ਦੀਆਂ ਮੁਲਾਹਜ਼ੇਦਾਰੀਆਂ ਨੇ ਵਧਾਇਆ ਹੈ। ਉਪਰੋਂ ਨਿੱਜੀਕਰਨ ਦੇ ਰੁਝਾਨ ਵਿਚ ਇਹ ਦਲੀਲ ਸਰਕਾਰਾਂ ਅਤੇ ਸਫੇਦਪੋਸ਼ ਤਨਖਾਹਦਾਰਾਂ ਦੇ ਮੂੰਹ ਚੜ੍ਹ ਗਈ ਹੈ ਕਿ ਅਦਾਰਿਆਂ ਨੂੰ ਆਪਣੇ ਵਸੀਲੇ ਆਪ ਜੋੜਨੇ ਚਾਹੀਦੇ ਹਨ। ਇਹ ਸੁਆਲ ਆਮ ਹੋ ਗਿਆ ਹੈ ਕਿ ਸਰਕਾਰਾਂ ਕਿੰਨੀ ਦੇਰ ਤੱਕ ਇਹ ਬੋਝ ਚੁੱਕ ਸਕਦੀਆਂ ਹਨ। ਨਤੀਜੇ ਵਜੋਂ ਪੰਜਾਬੀ ਯੂਨੀਵਰਸਿਟੀ ਦੇ ਅਹਿਮ ਅਹੁਦਿਆਂ ਦੇ ਹੱਥ ਬੰਨ੍ਹੇ ਹੋਏ ਹਨ। ਉਨ੍ਹਾਂ ਤੋਂ ਤਵੱਕੋ ਇਹ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਵਿਦਿਆ ਦੇ ਮਾਮਲੇ ਵਿਚ ਸੇਧ ਦੇਣ, ਆਪਣੇ ਅਦਾਰਿਆਂ ਦਾ ਪੜਚੋਲੀਆ ਬਿਆਨੀਆ ਤਿਆਰ ਕਰਨ ਅਤੇ ਅਗਲੀ ਵਿਉਂਤਬੰਦੀ ਕਰਨ। ਅਖਬਾਰਾਂ ਅਤੇ ਜਨਤਕ ਬਹਿਸਾਂ ਵਿਚ ਇਨ੍ਹਾਂ ਅਹੁਦਿਆਂ ਦੀ ਕਾਰਗੁਜ਼ਾਰੀ ਇਨ੍ਹਾਂ ਤੱਥਾਂ ਨਾਲ ਜੋੜ ਕੇ ਪਰਖੀ ਜਾਂਦੀ ਹੈ ਕਿ ਇਨ੍ਹਾਂ ਦੀ ਸਰਕਾਰ, ਮੰਤਰੀਆਂ, ਅਫਸਰਸ਼ਾਹੀ ਨਾਲ ਕਿੰਨੀ ਸਾਂਝ ਹੈ। ਇਹ ਕਿੰਨੀਆਂ ਗਰਾਂਟਾਂ ਲਿਆ ਕੇ ਡੰਗ ਸਾਰ ਸਕਦੇ ਹਨ। ਨਤੀਜਾ ਇਹ ਹੈ ਕਿ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਬੋਲਾਂ ਵਾਲੀ ਯੂਨੀਵਰਸਿਟੀ ਦੀ ਧੁਨੀ ਹਰ ਸਮਾਗਮ ਨੂੰ ਸੋਗਵਾਰ ਕਰਦੀ ਹੈ। ਰਿਆਇਤਾਂ ਅਤੇ ਮਿਹਰਬਾਨੀਆਂ ਦੇ ਗਜ ਨਾਲ ਇੰਤਜ਼ਾਮੀਆ ਹੁਨਰ ਤਾਂ ਨਾਪੇ ਜਾ ਸਕਦੇ ਸਨ, ਵਿਦਿਅਕ ਅਦਾਰੇ ਦੇ ਮਿਆਰ ਅਤੇ ਮਨੋਰਥ ਨਹੀਂ ਨਾਪੇ ਜਾ ਸਕਦੇ।

ਇਸ ਵੇਲੇ ਯੂਨੀਵਰਸਿਟੀ ਤਕਰੀਬਨ ਡੇਢ ਸੌ ਕਰੋੜ ਦੇ ਕਰਜ਼ੇ ਹੇਠ ਹੈ ਜਿਸ ਦਾ ਵਿਆਜ ਦੇਣਾ ਪੈਂਦਾ ਹੈ। ਹਰ ਮਹੀਨੇ ਤਨਖਾਹ ਦਾ ਸੰਕਟ ਖੜ੍ਹਾ ਰਹਿੰਦਾ ਹੈ। ਇਸ ਤੋਂ ਬਿਨਾਂ ਤਕਰੀਬਨ ਦੋ ਸੌ ਕਰੋੜ ਦੀਆਂ ਦੇਣਦਾਰੀਆਂ ਹਨ। ਹਰ ਇਮਾਰਤ ਦੀ ਹਾਲਤ ਖਸਤਾ ਹੈ ਅਤੇ ਹਰ ਕੰਧ ਮੁਰੰਮਤ ਅਤੇ ਕਲੀ/ਰੰਗ ਦੀ ਮੰਗ ਕਰ ਰਹੀ ਹੈ।

ਇਸ ਵੇਲੇ ਜੇ ਅਦਾਰੇ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਆਪਣੇ ਵਸੀਲੇ ਆਪ ਜੋੜੇ ਤਾਂ ਇਹ ਅਦਾਰਾ ਭਾਵੇਂ ਪਟਿਆਲੇ ਹੀ ਰਹੇ ਪਰ ਇਸ ਦੇ ਵਿਦਿਆਰਥੀ ਮੇਲ ਦਾ ਖਾਸਾ ਬਦਲ ਜਾਵੇਗਾ। ਇਸ ਅਦਾਰੇ ਲਈ ਵਸੀਲਿਆਂ ਦਾ ਇੰਤਜ਼ਾਮ ਕਰਨ ਵਾਲਾ ਵਿਦਿਆਰਥੀ/ਖਰੀਦਦਾਰ ਸਤੌਜ ਦੇ ਸਕੂਲ ਅਧਿਆਪਕ ਦੀ ਧੀ/ਪੁੱਤ ਨਹੀਂ ਹੋ ਸਕਦਾ। ਉਹ ਫਾਕਾਕਸ਼ੀ ਕਰ ਕੇ ਉਮੀਦਾਂ ਦੀ ਪੜ੍ਹਾਈ ਕਰ ਰਿਹਾ ਦਿਹਾੜੀਦਾਰ ਨਹੀਂ ਹੋ ਸਕਦਾ। ਉਹ ਚੱਪਲਾਂ ਪਾ ਕੇ ਦੇਵੀਗੜ੍ਹ ਤੋਂ ਬੱਸ ਚੜ੍ਹ ਕੇ ਆਉਣ ਵਾਲੀ ਖੇਤ ਮਜ਼ਦੂਰ ਨਹੀਂ ਹੋ ਸਕਦੀ। ਉਹ ਖੇਤੀ ਸੰਕਟ ਵਿਚ ਖੁਦਕੁਸ਼ੀਆਂ ਕਰ ਗਏ 'ਅਣਹੋਇਆਂ' ਦੇ ਬੱਚੇ ਨਹੀਂ ਹੋ ਸਕਦੇ।

ਬਦਤਰ ਹਾਲਾਤ ਦੇ ਬਾਵਜੂਦ ਪੰਜਾਬੀ ਯੂਨੀਵਰਸਿਟੀ ਨੇ ਪਿਛਲੇ ਸਾਲ ਵਿਚ ਜ਼ਿਕਰ ਗੋਚਰੀਆਂ ਪਹਿਲਕਦਮੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਪੰਜ ਸਾਲਾਂ ਕੋਰਸ ਸ਼ੁਰੂ ਕਰਨਾ, 'ਵਣ-ਤ੍ਰਿਣ ਜੀਵ-ਜੰਤ ਸੰਤੁਲਨ ਬਹਾਲੀ ਕੇਂਦਰ' ਅਤੇ 'ਪੇਂਡੂ ਕਾਰੋਬਾਰ ਅਤੇ ਹੁਨਰ ਵਿਕਾਸ ਕੇਂਦਰ' ਸਥਾਪਿਤ ਕਰਨਾ ਸ਼ਾਮਿਲ ਹੈ। ਆਪਣੀ ਜ਼ਿੰਮੇਵਾਰੀ ਦੇ ਘੇਰੇ ਵਿਚ ਰਹਿ ਕੇ ਯੂਨੀਵਰਸਿਟੀ ਕੋਲ ਇਸ ਸੰਕਟ ਵਿਚੋਂ ਨਿਕਲਣ ਦਾ ਇੱਕੋ ਹੱਲ ਹੈ ਕਿ ਸਰਕਾਰ ਇਸ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਵਜੋਂ ਬਚਾਵੇ ਅਤੇ ਆਪਣੇ ਮਨੋਰਥ ਵਾਲੇ ਪਾਸੇ ਤੁਰਨ ਲਈ ਸਮਰੱਥ ਕਰੇ। ਰੋਜ਼ਾਨਾ ਹੋਂਦ ਦੀ ਲੜਾਈ ਲੜ ਰਿਹਾ ਅਦਾਰਾ ਆਪਣੇ ਮਨੋਰਥ ਬਾਬਤ ਸ਼ਿੱਦਤ ਨਾਲ ਸੋਚ ਨਹੀਂ ਸਕਦਾ। ਇਤਮਾਦ ਭਰਪੂਰ ਅਦਾਰਾ ਆਪਣੇ ਮਨੋਰਥ ਬਾਬਤ ਸੋਚ ਸਕਦਾ ਹੈ ਅਤੇ ਜੁਆਬਦੇਹ ਹੋ ਸਕਦਾ ਹੈ ਕਿ ਉਸ ਤੋਂ ਪੜਚੋਲੀਆ ਬਿਆਨੀਆ ਹੱਕ ਨਾਲ ਮੰਗਿਆ ਜਾ ਸਕਦਾ ਹੈ। ਇਹ ਪੜਚੋਲੀਆ ਬਿਆਨੀਆ ਮੰਗਣ ਅਤੇ ਪੇਸ਼ ਕਰਨ ਦੀ ਮਸ਼ਕ ਤਾਂ ਹੀ ਨੇਪਰੇ ਚੜ੍ਹ ਸਕਦੀ ਹੈ ਜੇ ਇਸ ਅਦਾਰੇ ਦੀ ਹੋਂਦ ਰਿਆਇਤਾਂ, ਰਸੂਖਦਾਰੀਆਂ ਅਤੇ ਸਿਆਸੀ ਸਰਪ੍ਰਸਤੀਆਂ ਦੀ ਥਾਂ ਸੰਵਿਧਾਨਕ/ਮਨੁੱਖਾ ਜ਼ਿੰਮੇਵਾਰੀ ਨਾਲ ਜੋੜੀ ਜਾਵੇ। ਇਹ ਫੈਸਲਾ ਹਰ ਦੌਰ ਵਿਚ ਹੋਣਾ ਹੈ ਕਿ ਅਦਾਰਿਆਂ ਦੀ ਖਾਸਾ ਕੀ ਹੈ, ਇਨ੍ਹਾਂ ਦੇ ਬੂਹੇ ਕਿਨ੍ਹਾਂ ਲਈ ਖੁੱਲ੍ਹੇ ਹਨ, ਇਹ ਆਪਣੇ ਮਨੋਰਥ ਲਈ ਕਿੰਨੇ ਸੁਹਿਰਦ ਹਨ। ਇਹ ਸੁਆਲ ਵੀ ਪੁੱਛੇ ਜਾਣੇ ਹਨ ਕਿ ਕੀ ਅਦਾਰੇ ਰਿਆਇਤਾਂ ਨਾਲ ਚੱਲ ਰਹੇ ਹਨ ਜਾਂ ਮੁਨਾਫਾਮੁਖੀ ਹਨ ਜਾਂ ਮਨੁੱਖੀ ਜਗਿਆਸਾ ਅਤੇ ਆਸਾਂ ਦੀ ਫਸਲ ਪਾਲ਼ ਰਹੇ ਹਨ, ਇਹ ਵਪਾਰ ਕਰ ਰਹੇ ਹਨ ਜਾਂ ਸਮਾਜ ਦੇ ਸੁਰਤ-ਸੰਭਾਲੇ ਦੇ ਆਹਰ ਲੱਗੇ ਹਨ।

# ਫਿਰਕੂ ਦੰਗੇ ਅਤੇ ਪੁਲਿਸ ਦਾ ਵਿਹਾਰ

*ਪਿਛਲੇ ਸਫੇ ਦੀ ਬਾਕੀ*

ਟਿਊਬ ਲਾਈਟ ਅਤੇ ਝਾੜ ਫਨੂਸ ਵੀ ਤੋੜ ਦਿੱਤੇ। ਉਨ੍ਹਾਂ ਦੀ ਦਰਿੰਦਗੀ ਨੂੰ ਨਿਆਂਸੰਗਤ ਠਹਿਰਾਉਣ ਦੇ ਪੱਖ ਵਿਚ ਕੋਈ ਤੱਥ ਸਾਹਮਣੇ ਨਹੀਂ ਆਇਆ।

(ਰਿਪੋਰਟ ਪੇਜ਼ 245) ਦੰਗਿਆਂ ਦੇ ਤੀਜੇ ਦੌਰ ਦੇ ਕੁਝ ਪੀੜਤਾਂ ਅਤੇ ਮੌਕੇ ਦੇ ਗਵਾਹਾਂ ਨੇ ਸਹੁੰ ਚੁੱਕ ਕੇ ਇਹ ਬਿਆਨ ਦਿੱਤੇ ਕਿ ਜਦੋਂ ਇਹ ਦੰਗਾ ਹੋਇਆ ਤਾਂ ਕੋਲ ਖੜ੍ਹੇ ਪੁਲਿਸ ਕਰਮਚਾਰੀਆਂ ਨੇ ਦੰਗਾ ਰੋਕਣ ਜਾਂ ਉਸ ਵਿਚ ਭਾਗ ਲੈਣ ਵਾਲਿਆਂ ਨੂੰ ਗ੍ਰਿਫਤਾਰ ਕਰਨ ਲਈ ਕੁਝ ਵੀ ਨਹੀਂ ਕੀਤਾ। (ਪੀ.ਡਬਲਿਊ.1)। ਕੇ.ਪੀ. ਕਾਦਰ ਦਾ ਕਹਿਣਾ ਸੀ ਕਿ ਜਦੋਂ ਉਸ ਦੇ ਘਰ 'ਤੇ ਹਮਲਾ ਕੀਤਾ ਗਿਆ ਅਤੇ ਲੁੱਟ ਮਾਰ ਚੱਲ ਰਹੀ ਸੀ ਤਾਂ ਉਸ ਸਥਾਨ ਤੋਂ ਦਸ ਪੰਦਰਾਂ ਗਜ਼ ਦੀ ਦੂਰੀ 'ਤੇ ਚਾਰ ਪੰਜ ਪੁਲਿਸ ਕਰਮਚਾਰੀ ਸੜਕ 'ਤੇ ਖੜ੍ਹੇ ਸਨ। (ਪੀ.ਡਬਲਿਊ. 2) ਕੇ.ਆਰ. ਰਾਘਵਨ ਨੇ ਦੱਸਿਆ ਕਿ ਦੁਪਹਿਰ ਸਮੇਂ ਜਦੋਂ ਪੈਨਿਯਮ ਵਿਚ ਮੁਸਲਿਮ ਘਰਾਂ 'ਤੇ ਹਮਲਾ ਹੋਇਆ ਤਾਂ ਉਸ ਨੇ ਪਾਨੁਰ ਥਾਣੇ ਵਿਚ ਜਾ ਕੇ ਸੂਚਨਾ ਦਿੱਤੀ, ਪ੍ਰੰਤੂ ਪੁਲਿਸ ਘਟਨਾ ਵਾਲੀ ਥਾਂ 'ਤੇ 5 ਵਜੇ ਪਹੁੰਚੀ। ਉਸ ਵੇਲੇ ਤੱਕ ਸੜਕ ਦੇ ਕਿਨਾਰੇ ਦੇ ਸਾਰੇ ਮੁਸਲਿਮ ਘਰ ਲੁੱਟੇ ਜਾ ਚੁੱਕੇ ਸਨ। (ਪੀ. ਡਬਲਿਊ. 1) ਸ੍ਰੀ ਰਾਮਦਾਸ ਨੇ ਦੱਸਿਆ ਕਿ ਜਦੋਂ ਉਸ ਨੇ ਥਿਰੂਵਾੜਗੜ੍ਹ ਦੀ ਆਇਸ਼ਾ ਮੰਜ਼ਿਲ 'ਤੇ ਹਮਲਾ ਹੁੰਦੇ ਦੇਖਿਆ ਤਾਂ ਉਸ ਨੇ ਪੁਲਿਸ ਨੂੰ ਫੋਨ ਕੀਤਾ ਪਰ ਕੋਈ ਪੁਲਿਸ ਦਲ ਘਟਨਾ ਵਾਲੀ ਥਾਂ 'ਤੇ ਨਹੀਂ ਪਹੁੰਚਿਆ। ਜਦੋਂ ਪੀ.ਪੀ. ਮੰਜ਼ਿਲ ਸੜ ਕੇ ਸੁਆਹ ਹੋ ਰਹੀ ਸੀ ਤਾਂ ਜੀਪ ਵਿਚ ਸਵਾਰ ਕੁਝ ਪੁਲਿਸ ਕਰਮਚਾਰੀ ਉੱਥੇ ਆਏ। ਗਵਾਹਾਂ ਨੇ ਉਨ੍ਹਾਂ ਨੂੰ ਜੀਪ ਰੋਕ ਕੇ ਸੜੇ ਹੋਏ ਮਕਾਨਾਂ ਦਾ ਮੁਆਇਨਾ ਕਰਨ ਲਈ ਕਿਹਾ। ਉਨ੍ਹਾਂ ਨੇ ਜੀਪ ਰੋਕਣ ਤੋਂ ਇਨਕਾਰ ਕਰ ਦਿੱਤਾ। ਮਦਾਨ ਕਮਿਸ਼ਨ ਅਤੇ ਜੋਸਫ ਵਿਥਾਯਥਲ ਜਾਂਚ ਕਮਿਸ਼ਨ ਦੇ ਇਹ ਨਤੀਜੇ ਮੰਦਭਾਗੇ ਫਿਰਕੂ ਤਣਾਓ ਦੀਆਂ ਬਹੁਤੀਆਂ ਸਥਿਤੀਆਂ 'ਤੇ ਲਾਗੂ ਹੁੰਦੇ ਹਨ। ਕੇਵਲ ਇਹ ਕਾਮਨਾ ਹੀ ਕੀਤੀ ਜਾ ਸਕਦੀ ਹੈ ਕਿ ਫਿਰਕੂ ਪੂਰਵ ਧਾਰਨਾਵਾਂ ਦੀਆਂ ਇਹ ਸਾਰੀਆਂ ਘਟਨਾਵਾਂ ਕਾਨੂੰਨ ਵਿਵਸਥਾ ਲਾਗੂ ਕਰਨ ਵਾਲੀ ਮਸ਼ੀਨਰੀ ਦੇ ਆਚਰਣ ਵਿਚ ਇਕ ਸਹਿਜ ਆਮ ਤੱਥ ਦੀ ਥਾਂ ਉਲਟ ਆਚਰਣ ਦੀ ਪੁਸ਼ਟੀ ਕਰਦੀਆਂ ਹਨ। ***(ਚੱਲਦਾ)***

# ਰਿਪੁਦਮਨ ਸਿੰਘ ਮਲਿਕ ਨੂੰ ਝੂਠਾ ਨਾਇਕ ਨਾ ਬਣਾਓ

**ਰਿਪੁਦਮਨ ਸਿੰਘ ਮਲਿਕ ਉਪਰ ਉਨ੍ਹਾਂ ਲੋਕਾਂ ਨੂੰ ਫੰਡ ਦੇਣ ਦੇ ਦੋਸ਼ ਲੱਗੇ ਜਿਨ੍ਹਾਂ ਦਾ ਏਅਰ ਇੰਡੀਆ ਦੇ ਦੋ ਜਹਾਜ਼ਾਂ ’ਚ ਬੰਬ ਰੱਖਣ ਦੀ ਸਾਜ਼ਿਸ਼ ਪਿੱਛੇ ਹੱਥ ਸੀ। ਉਸ ਦੇ ਬਰੀ ਹੋਣ ਨਾਲ ਸਿੱਖ ਭਾਈਚਾਰੇ ਦੇ ਇਕ ਹਿੱਸੇ ’ਚ ਜਸ਼ਨ ਦਾ ਮਾਹੌਲ ਪੈਦਾ ਹੋ ਗਿਆ ਜੋ ਸਮਝਦੇ ਸਨ ਕਿ ਉਨ੍ਹਾਂ ਦੀ ਗੱਲ ਸਹੀ ਸਾਬਤ ਹੋਈ ਹੈ। ਵਿਆਪਕ ਭਾਵਨਾਵਾਂ ਇਹ ਸਨ ਕਿ ਆਲਮੀ ਪੱਧਰ ‘ਤੇ ਸਿੱਖਾਂ ਦਾ ਅਕਸ ਵਿਗਾੜਨ ਅਤੇ ਵੱਖਰੇ ਸਿੱਖ ਹੋਮਲੈਂਡ ਖਾਲਿਸਤਾਨ ਲਈ ਅੰਦੋਲਨ ਨੂੰ ਬਦਨਾਮ ਕਰਨ ਲਈ ਹਵਾਈ ਜਹਾਜ਼ ‘ਚ ਦਹਿਸ਼ਤੀ ਕਾਂਡ ਕੀਤਾ ਗਿਆ ਸੀ।...**

**ਗੁਰਪ੍ਰੀਤ ਸਿੰਘ ਕੈਨੇਡਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੈਨੂੰ ਅੱਜ ਵੀ ਯਾਦ ਹੈ ਕਿ ਇਕ ਸਿੱਖ ਕਾਰਕੁਨ ਰੇਡੀਓ ਇੰਡੀਆ ਸਟੂਡੀਓ ਵਿਚ ਆਇਆ ਸੀ ਜਿੱਥੇ ਮੈਂ 2005 ‘ਚ ਕੰਮ ਕਰਦਾ ਸੀ। ਉਹ ਮੈਨੂੰ ਚਿਤਾਵਨੀ ਦੇਣ ਆਇਆ ਸੀ ਕਿ ਮੈਨੂੰ ਏਅਰ ਇੰਡੀਆ ਕਾਂਡ ਦੇ ਸਾਬਕਾ ਸ਼ੱਕੀ ਦੀ ਆਲੋਚਨਾ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਉਹ ਹੁਣ ਬਰੀ ਹੋ ਚੁੱਕੇ ਹਨ। ਇਨ੍ਹਾਂ ਸਾਬਕਾ ਸ਼ੱਕੀਆਂ ਵਿਚੋਂ ਇਕ, ਵੈਨਕੂਵਰ ਦਾ



ਕਰੋੜਪਤੀ ਰਿਪੁਦਮਨ ਸਿੰਘ ਮਲਿਕ ਸੀ ਜਿਸ ਨੂੰ 14 ਜੁਲਾਈ ਨੂੰ ਸਰੀ ਵਿਚ ਗੋਲੀ ਮਾਰ ਕੇ ਦਿੱਤਾ ਗਿਆ, ਤੇ ਦੂਜਾ ਸਿੱਖ ਇੰਤਹਾਪਸੰਦ ਸਮੂਹ ਬੱਬਰ ਖਾਲਸਾ ਦਾ ਕੈਮਲੂਪਸ ਆਧਾਰਿਤ ਆਗੂ ਅਜੈਬ ਸਿੰਘ ਬਾਗੜੀ ਸੀ ਜੋ ਹੁਣ ਪਾਬੰਦੀਸ਼ੁਦਾ ਗਰੁੱਪ ਹੈ।

ਦੋਵਾਂ ਨੂੰ ਅਦਾਲਤਾਂ ਨੇ ਉਸ ਸਾਲ ਮਾਰਚ ਵਿਚ ਸਬੂਤਾਂ ਦੀ ਘਾਟ ਕਾਰਨ ਰਿਹਾਅ ਕਰ ਦਿੱਤਾ ਸੀ। ਉਨ੍ਹਾਂ ਉੱਪਰ 23 ਜੂਨ 1985 ਨੂੰ ਏਅਰ ਇੰਡੀਆ ਦੇ ਦੋ ਜਹਾਜ਼ਾਂ ‘ਚ ਬੰਬ ਰੱਖਣ ਦੀ ਸਾਜ਼ਿਸ਼ ‘ਚ ਸ਼ਾਮਿਲ ਹੋਣ ਦਾ ਦੋਸ਼ ਸੀ ਜਿਸ ਕਾਰਨ 331 ਲੋਕ ਮਾਰੇ ਗਏ ਸਨ। ਜੁਰਮ ਦਾ ਦੋਸ਼ ਬੱਬਰ ਖਾਲਸਾ ‘ਤੇ ਲੱਗਿਆ ਸੀ ਜਿਸ ਬਾਰੇ ਕਿਹਾ ਗਿਆ ਕਿ ਇਹ 1984 ਵਿਚ ਭਾਰਤ ਸਰਕਾਰ ਵੱਲੋਂ ਸਿੱਖਾਂ ਉੱਪਰ ਜਬਰ ਦਾ ਬਦਲਾ ਲੈਣ ਲਈ ਕੀਤਾ ਗਿਆ ਸੀ। ਮਲਿਕ ਉੱਪਰ ਉਨ੍ਹਾਂ ਲੋਕਾਂ ਨੂੰ ਫੰਡ ਦੇਣ ਦੇ ਦੋਸ਼ ਲੱਗੇ ਜਿਨ੍ਹਾਂ ਦਾ ਇਸ ਸਾਜ਼ਿਸ਼ ਪਿੱਛੇ ਹੱਥ ਸੀ। ਉਸ ਦੇ ਬਰੀ ਹੋਣ ਨਾਲ ਸਿੱਖ ਭਾਈਚਾਰੇ ਦੇ ਇਕ ਹਿੱਸੇ ‘ਚ ਜਸ਼ਨ ਦਾ ਮਾਹੌਲ ਪੈਦਾ ਹੋ ਗਿਆ ਜੋ ਸਮਝਦੇ ਸਨ ਕਿ ਉਨ੍ਹਾਂ ਦੀ ਗੱਲ ਸਹੀ ਸਾਬਤ ਹੋਈ ਹੈ। ਵਿਆਪਕ ਭਾਵਨਾਵਾਂ ਇਹ ਸਨ ਕਿ ਆਲਮੀ ਪੱਧਰ ‘ਤੇ ਸਿੱਖਾਂ ਦਾ ਅਕਸ ਵਿਗਾੜਨ ਅਤੇ ਵੱਖਰੇ ਸਿੱਖ ਹੋਮਲੈਂਡ ਖਾਲਿਸਤਾਨ ਲਈ ਅੰਦੋਲਨ ਨੂੰ ਬਦਨਾਮ ਕਰਨ ਲਈ ਹਵਾਈ ਜਹਾਜ਼ ‘ਚ ਦਹਿਸ਼ਤੀ ਕਾਂਡ ਕੀਤਾ ਗਿਆ ਸੀ।

ਮਲਿਕ ਦੇ ਖਾਸ ਤੌਰ ‘ਤੇ ਵੱਡੀ ਤਾਦਾਦ ‘ਚ ਹਮਾਇਤੀ ਸਨ ਕਿਉਂਕਿ ਖਾਲਸਾ ਸਕੂਲ ਅਤੇ ਖਾਲਸਾ ਕ੍ਰੈਡਿਟ ਯੂਨੀਅਨ ਦੀ ਸਥਾਪਨਾ ਕਰਨ ਪਿੱਛੇ ਉਸੇ ਦਾ ਹੱਥ ਸੀ- ਦੋ ਸੰਸਥਾਵਾਂ ਜਿਨ੍ਹਾਂ ਨੇ ਸਿੱਖਾਂ ਨੂੰ ਪੜ੍ਹਾਈ ਅਤੇ ਵਿੱਤੀ ਸਥਿਰਤਾ ਰਾਹੀਂ ਸ਼ਕਤੀਕਰਨ ਦੀ ਭਾਵਨਾ ਦਿੱਤੀ। ਇਨ੍ਹਾਂ ਹਮਾਇਤੀਆਂ ਵਿਚੋਂ ਕੋਈ ਵੀ ਉਸ ਦੇ ਖਿਲਾਫ ਕੁਝ ਵੀ ਸੁਣਨ ਲਈ ਤਿਆਰ ਨਹੀਂ ਸੀ।

ਮੈਨੂੰ ਚਿਤਾਵਨੀ ਦੇਣ ਵਾਲਾ ਚਾਹੁੰਦਾ ਸੀ ਕਿ ਮੈਂ ਆਲੋਚਨਾ ਕਰਨੀ ਬੰਦ ਕਰ ਦੇਵਾਂ ਨਹੀਂ ਤਾਂ ਮੇਰੇ ‘ਤੇ ਸਰੀਰਕ ਹਮਲਾ ਕੀਤਾ ਜਾ ਸਕਦਾ ਹੈ। ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਪਰ ਕਿਸੇ ਉੱਪਰ ਦੋਸ਼ ਨਹੀਂ ਲਗਾਏ ਗਏ।

2012 ਵਿਚ, ਅਦਾਲਤਾਂ ਨੇ ਮਲਿਕ ਦੀ ਆਪਣੇ ਕਾਨੂੰਨੀ ਖਰਚੇ ਦਾ ਹਰਜਾਨਾ ਦੇਣ ਦੀ ਬੇਨਤੀ ਇਹ ਕਹਿੰਦੇ ਹੋਏ ਰੱਦ ਕਰ ਦਿੱਤੀ ਕਿ “ਦੋਸ਼ੀ ਨਹੀਂ ਦਾ ਫੈਸਲਾ” ਉਸ ਦੇ ਨਿਰਦੋਸ਼ ਹੋਣ ਦਾ ਐਲਾਨ ਨਹੀਂ ਸੀ। ਇੱਥੋਂ ਦੇ ਮਲਿਕ ਪੱਖੀ ਪੰਜਾਬੀ ਭਾਸ਼ਾਈ ਮੀਡੀਆ ਨੇ ਇਸ ਕਹਾਣੀ ਨੂੰ ਲੱਗਭੱਗ ਖਤਮ ਹੀ ਕਰ ਦਿੱਤਾ ਹੈ। ਅਤੇ ਭਾਈਚਾਰੇ ਦੇ ਬਹੁਤ ਸਾਰੇ ਲੋਕ ਅਜੇ ਵੀ ਇਹ ਮੰਨਦੇ ਹਨ ਕਿ ਉਸ ‘ਤੇ ਗਲਤ ਦੋਸ਼ ਲਗਾਇਆ ਗਿਆ ਸੀ।

ਉਸ ਦੇ ਕਤਲ ਤੋਂ ਬਾਅਦ ਉਸ ਦੇ ਪਰਿਵਾਰ ਸਮੇਤ ਬਹੁਤ ਸਾਰੇ ਲੋਕਾਂ ਨੇ ਇਨ੍ਹਾਂ ਕਠੋਰ ਤੱਥਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਸਮਝ ਆਉਂਦੀ ਹੈ ਕਿਉਂਕਿ ਇਹ ਉਨ੍ਹਾਂ ਲਈ ਔਖਾ ਸਮਾਂ ਹੈ ਪਰ ਉਸ ਦੇ ਕਤਲ ਦੇ ਆਲੇ-ਦੁਆਲੇ ਦੇ ਹਾਲਾਤ ਦੇ ਇਰਦ-ਗਿਰਦ ਸਿਰਜੀ ਜਾ ਰਹੀ ਕਹਾਣੀ ਵਿਚ ਇਕ ਸਮੱਸਿਆ ਹੈ। ਇਹ ਨਾ ਸਿਰਫ ਸਮੇਂ ਤੋਂ ਪਹਿਲਾਂ ਕਿਸੇ ਨਤੀਜੇ ‘ਤੇ ਪਹੁੰਚਣਾ ਹੈ ਸਗੋਂ ਇਸ ਦਾ ਮਨੋਰਥ ਪੂਰੇ ਘਟਨਾਕ੍ਰਮ ਦਾ ਸਿਆਸੀਕਰਨ ਕਰਨਾ ਅਤੇ ਭਾਈਚਾਰੇ ਦੀ ਪਾਲਾਬੰਦੀ ਕਰਨਾ ਵੀ ਹੈ।

ਆਓ ਇਸ ਦਾ ਸਾਹਮਣਾ ਕਰਦੇ ਹਾਂ: ਮਰਹੂਮ ਮਲਿਕ ਭਾਰਤ ਦੇ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹਮਾਇਤੀ ਬਣ ਗਿਆ ਸੀ। ਮੋਦੀ ਦੇ ਰਾਜ ਵਿਚ, ਧਾਰਮਿਕ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਅਤੇ ਵੱਖਰੇ ਵਿਚਾਰਾਂ ਵਾਲਿਆਂ ਅਤੇ ਰਾਜਨੀਤਕ ਤੌਰ ‘ਤੇ ਅਸੰਤੁਸ਼ਟ ਹਿੱਸਿਆਂ ਵਿਰੁੱਧ ਹਮਲਿਆਂ ‘ਚ ਵਾਧਾ ਹੋਇਆ ਹੈ। 2019 ਵਿਚ ਮੋਦੀ ਦੀ ਸਰਕਾਰ ਨੇ ਨਾ ਸਿਰਫ ਮਲਿਕ ਨੂੰ ਆਪਣੇ ਦੇਸ਼ ਪਰਤਣ ਲਈ ਵੀਜ਼ਾ ਦਿੱਤਾ ਸਗੋਂ ਉਸਦੇ ਪਰਿਵਾਰ ਦੀ ਭਾਰਤ ਦੀ ਜਾਸੂਸੀ ਏਜੰਸੀ, ਰਿਸਰਚ ਐਂਡ ਇੰਟੈਲੀਜੈਂਸ ਵਿੰਗ (ਆਰ.ਏ.ਡਬਲਿਊ.) ਦੇ ਮੁਖੀ ਤੱਕ ਪਹੁੰਚ ਵੀ ਕਰਵਾ ਦਿੱਤੀ ਗਈ। ਇਸ ਨੇ ਏਅਰ ਇੰਡੀਆ ਬੰਬ ਕਾਂਡ ਦੇ ਪਿੱਛੇ ਸਾਜ਼ਿਸ਼ ਦਾ ਹੱਥ ਹੋਣ ਦੇ ਸਿਧਾਂਤਾਂ ਨੂੰ ਹੋਰ ਬਲ ਬਖਸ਼ਿਆ। ਮਲਿਕ ਨੇ ਬਾਅਦ ਵਿਚ ਮੋਦੀ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਸਿੱਖ ਭਾਈਚਾਰੇ ਨਾਲ ਸਾਂਝ ਦਾ ਪੁਲ ਬਣਾਉਣ ਲਈ ਉਸ ਦੀ ਸ਼ਲਾਘਾ ਕੀਤੀ।

### ਸਥਾਨਕ ਸਰਗਰਮੀਆਂ ਨਾਲ ਨਵਾਂ ਵਿਵਾਦ ਛਿੜਿਆ

ਜਿਵੇਂ ਇਹ ਕਾਫੀ ਨਹੀਂ ਸੀ, ਮਲਿਕ ਗਰੇਟਰ ਵੈਨਕੂਵਰ ਵਿਚ ਸਿੱਖਾਂ ਦੇ ਧਾਰਮਿਕ ਗ੍ਰੰਥ ਨੂੰ



ਛਾਪਣ ਦੇ ਹੱਕ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਕਾਰਨ ਖਾਲਿਸਤਾਨ ਦੇ ਹਮਾਇਤੀਆਂ ਸਮੇਤ ਕਈ ਧਾਰਮਿਕ ਸਮੂਹ ਨਾਰਾਜ਼ ਹੋ ਗਏ। ਉਨ੍ਹਾਂ ਦੇ ਦਬਾਅ ਕਾਰਨ ਸਿੱਖਾਂ ਦੇ ਸਰਵਉੱਚ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਖੀ ਗਿਆਨੀ ਹਰਪ੍ਰੀਤ ਸਿੰਘ ਨੇ ਪਿੱਛੇ ਜਿਹੇ ਆਪਣੀ ਕੈਨੇਡਾ ਦੀ ਫੇਰੀ ਰੱਦ ਕਰ ਦਿੱਤੀ ਸੀ ਜਿਸ ਵਿਚ ਮਲਿਕ ਦੇ ਸਰੀ ਵਿਚਲੇ ਖਾਲਸਾ ਸਕੂਲ ਵਿਚ ਠਹਿਰਨਾ ਵੀ ਸ਼ਾਮਲ ਹੋਣਾ ਸੀ।

ਸੂਤਰਾਂ ਅਨੁਸਾਰ ਮਲਿਕ ਆਪਣੇ ਹਮਾਇਤੀਆਂ ਦੀ ਮਦਦ ਨਾਲ ਇਸ ਸਮੇਂ ਸਰੀ-ਡੈਲਟਾ ਗੁਰਦੁਆਰਾ ਸਾਹਿਬ ਦੀਆਂ ਹੋਣ ਜਾ ਰਹੀਆਂ ਚੋਣਾਂ ਵਿਚ ਖਾਲਿਸਤਾਨ ਪੱਖੀ ਮੈਨੇਜਮੈਂਟ ਵਿਰੁੱਧ ਆਪਣੇ ਸਮਰਥਕਾਂ ਦੀ ਮਦਦ ਨਾਲ ਆਪਣੀ ਟੀਮ ਲਿਆਉਣ ਦੀ ਯੋਜਨਾ ਬਣਾ ਰਿਹਾ ਸੀ। ਉਸ ਸੂਰਤ ‘ਚ, ਉਸ ਨੂੰ ਸਿੱਖ ਭਾਈਚਾਰੇ ਦੇ ਭਾਰਤ ਪੱਖੀ ਉਦਾਰਵਾਦੀ ਹਿੱਸੇ ਦੀ ਹਮਾਇਤ ਮਿਲ ਜਾਣ ਦੀ ਸੰਭਾਵਨਾ ਸੀ।

ਨਤੀਜੇ ਵਜੋਂ, ਸਿੱਖ ਭਾਈਚਾਰੇ ਅੰਦਰਲੇ ਉਸ ਦੇ ਪੈਰੋਕਾਰ ਅਤੇ ਮੋਦੀ ਦੇ ਹਮਾਇਤੀ ਹੁਣ ਉਸ ਦੀ ਹੱਤਿਆ ਲਈ ਸਿੱਖ ਕੱਟੜਪੰਥੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰ ਰਹੇ ਹਨ- ਇੱਥੋਂ ਤੱਕ ਕਿ ਸੋਸ਼ਲ ਮੀਡੀਆ ਉੱਪਰ ਸੱਜੇ-ਪੱਖੀ ਹਿੰਦੂ ਟਰੋਲ ਵੀ ਉਸ ਦੀ ਮੌਤ ਉੱਪਰ ਖੁਸ਼ੀ ਮਨਾ ਰਹੇ ਹਨ ਕਿ ਏਅਰ ਇੰਡੀਆ ਦਹਿਸ਼ਤੀ ਕਾਂਡ ਵਿਚ ਆਪਣੀ ਕਥਿਤ ਸ਼ਮੂਲੀਅਤ ਕਾਰਨ ਉਹ ਇਸੇ ਦਾ ਹੱਕਦਾਰ ਸੀ। ਇਹ ਨਜ਼ਰੀਆ ਨਵੀਂ ਦਿੱਲੀ ਵਿਚ ਸੱਤਾਧਾਰੀ ਮੋਦੀ ਸਰਕਾਰ ਨਾਲ ਉਸ ਦੇ ਨਿੱਘੇ ਸਬੰਧਾਂ ਦੀ ਹਕੀਕਤ ਨੂੰ ਸੌਖਿਆਂ ਹੀ ਨਜ਼ਰਅੰਦਾਜ਼ ਕਰ ਦਿੰਦਾ ਹੈ।

ਇਹ ਇਸ ਤੱਥ ਦੇ ਬਾਵਜੂਦ ਹੈ ਕਿ ਹਾਲ ਹੀ ਦੇ ਸਾਲਾਂ ਵਿਚ ਨਾ ਸਿਰਫ ਮਲਿਕ ਨੇ ਸਗੋਂ ਉਸ ਵਰਗੇ ਹੋਰਾਂ ਨੇ ਆਪਣੀਆਂ ਵਫਾਦਾਰੀਆਂ ਬਦਲ ਲਈਆਂ ਸਨ- ਜਿਵੇਂ ਉਹ ਜੋ ਮੈਨੂੰ ਚਿਤਾਵਨੀ ਦੇਣ ਆਇਆ ਸੀ। ਆਖਿਰਕਾਰ, ਸਿੱਖਾਂ ਉੱਪਰ ਜਬਰ ਇਕ ਹੋਰ ਹਕੂਮਤ ਦੇ ਰਾਜ ‘ਚ ਕੀਤਾ ਗਿਆ ਸੀ, ਤੇ ਉਹ ਆਪਣੇ ਸੌੜੇ ਨਜ਼ਰੀਏ ਨਾਲ ਮੋਦੀ ਨੂੰ ਸੰਗੀ ਵਜੋਂ ਦੇਖਦੇ ਸਨ, ਜਦੋਂ ਕਿ ਕੱਟੜ ਖਾਲਸਤਾਨੀ ਭਾਰਤੀ ਸਟੇਟ ਨਾਲ ਕਦੇ ਵੀ ਸਮਝੌਤਾ ਨਹੀਂ ਕਰਨਗੇ, ਭਾਵੇਂ ਕੋਈ ਵੀ ਸੱਤਾ ਵਿਚ ਹੋਵੇ।

ਬੇਸ਼ੱਕ, ਮਲਿਕ ਦੀਆਂ ਆਪਣੀਆਂ ਵਿਰੋਧਤਾਈਆਂ ਸਨ ਜਿਵੇਂ ਸਾਡੇ ਸਾਰਿਆਂ ਦੀਆਂ ਹਨ। ਉਸ ਦੀ ਨਿੱਜੀ ਜ਼ਿੰਦਗੀ ਦੇ ਚੰਗੇ ਅਤੇ ਮਾੜੇ, ਦੋਵੇਂ ਪੱਖ ਸਨ। ਜਦੋਂ ਮੈਂ ਫਿਰੋਜ਼ਪੁਰ ਵਿਚ ਟ੍ਰਿਬਿਊਨ ਦੇ ਸਟਾਫ ਰਿਪੋਰਟਰ ਵਜੋਂ ਕੰਮ ਕਰ ਰਿਹਾ ਸੀ ਤਾਂ ਮੈਨੂੰ ਉੱਥੇ ਉਸ ਦੇ ਜੱਦੀ ਪਿੰਡ ‘ਚ ਉਸ ਦੀ ਇਕ ਰਿਸ਼ਤੇਦਾਰ ਨੂੰ ਅਤੇ ਉਸ ਦੇ ਕਾਲਜ ਦੇ ਸਾਥੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਇਹ ਉਦੋਂ ਦੀ ਗੱਲ ਹੈ ਜਦੋਂ 2000 ਵਿਚ ਕੈਨੇਡਾ ਵਿਚ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਉਨ੍ਹਾਂ ਦੇ ਦੱਸਣ ਅਨੁਸਾਰ, 1984 ਦੀਆਂ ਘਿਨਾਉਣੀਆਂ ਘਟਨਾਵਾਂ ਤੋਂ ਪਹਿਲਾਂ ਉਹ ਕੋਈ ਬਹੁਤਾ ਧਾਰਮਿਕ ਵਿਅਕਤੀ ਨਹੀਂ ਸੀ ਅਤੇ ਕਿਸੇ ਵੀ ਆਮ ਸਿੱਖ ਵਾਂਗ ਉਹ ਉਸ ਤੋਂ ਬਾਅਦ ਹੀ ਬਦਲਿਆ ਸੀ। ਉਹ ਭਾਵੇਂ ਆਪਣੀ ਸਿੱਖ ਪਛਾਣ ਪ੍ਰਤੀ ਸੁਚੇਤ ਸੀ ਅਤੇ ਸਿੱਖਾਂ ਬਾਰੇ ਚੁਟਕਲਿਆਂ ਤੋਂ ਉਸ ਨੂੰ ਗੁੱਸਾ ਆਉਂਦਾ ਸੀ ਪਰ ਉਸ ਨੇ 1984 ਤੋਂ ਬਾਅਦ ਹੀ ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਡੂੰਘੀ ਦਿਲਚਸਪੀ ਲੈਣੀ ਸ਼ੁਰੂ ਕੀਤੀ। ਉਸ ਦੇ ਬਰੀ ਹੋਣ ਤੋਂ ਬਾਅਦ ਮੈਨੂੰ ਕਈ ਮੌਕਿਆਂ ‘ਤੇ ਉਸ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਅਤੇ ਮੈਂ ਦੇਖਿਆ ਕਿ ਬਾਗੜੀ ਦੇ ਉਲਟ ਉਹ ਮਿਲਣਸਾਰ ਸ਼ਖਸੀਅਤ ਸੀ। ਬਾਗੜੀ ਨੇ ਤਾਂ ਮੇਰੇ ਨਾਲ ਗੱਲ ਕਰਨ ਤੋਂ ਹੀ ਸਾਫ ਇਨਕਾਰ ਕਰ ਦਿੱਤਾ ਸੀ।

ਪਿਛਲੀ ਵਾਰ ਜਦੋਂ ਮੈਂ ਮਲਿਕ ਨਾਲ ਗੱਲ ਕੀਤੀ ਸੀ ਤਾਂ ਗਿਆਨੀ ਹਰਪ੍ਰੀਤ ਸਿੰਘ ਨੇ ਆਪਣਾ ਦੌਰਾ ਰੱਦ ਕਰ ਦਿੱਤਾ ਸੀ। ਮਲਿਕ ਖਾਲਿਸਤਾਨੀਆਂ ਦੇ ਪ੍ਰਤੀਕਰਮ ਤੋਂ ਬਹੁਤ ਪਰੇਸ਼ਾਨ ਨਜ਼ਰ ਆਏ ਪਰ ਉਨ੍ਹਾਂ ਨੇ ਕਦੇ ਵੀ ਇਹ ਪ੍ਰਭਾਵ ਨਹੀਂ ਦਿੱਤਾ ਕਿ ਉਸ ਨੂੰ ਕਿਸੇ ਤੋਂ ਖਤਰਾ ਹੈ। ਦਰਅਸਲ, ਇਕ ਹੋਰ ਮੌਕੇ ‘ਤੇ ਜਦੋਂ ਮੈਂ ਉਸ ਨੂੰ ਸਿੱਧਾ ਸਵਾਲ ਕੀਤਾ ਕਿ ਜੇ ਉਹ ਏਅਰ ਇੰਡੀਆ ਬੰਬ ਕਾਂਡ ਵਿਚ ਸ਼ਾਮਲ ਨਹੀਂ ਸੀ ਤਾਂ ਉਹ ਬੱਬਰ ਖਾਲਸਾ ਨੂੰ ਪੈਸਾ ਦੇਣ ਨੂੰ ਕਿਵੇਂ ਜਾਇਜ਼ ਠਹਿਰਾ ਸਕਦਾ ਹੈ, ਤਾਂ ਉਸ ਨੇ ਕਿਹਾ ਕਿ ਇਹ ਉਦੋਂ ਪਾਬੰਦੀਸ਼ੁਦਾ ਜਥੇਬੰਦੀ ਨਹੀਂ ਸੀ।

ਆਮ ਸੂਝ ਮੰਗ ਕਰਦੀ ਹੈ ਕਿ ਅਸੀਂ ਜਾਂਚ ਕਰ ਰਹੀ ਪੁਲਿਸ ਨੂੰ ਉਸ ਦੇ ਕਤਲ ਦੇ ਪਿੱਛੇ ਕੰਮ ਕਰਦੇ ਹਰ ਸੰਭਵ ਐਂਗਲ ਦੀ ਛਾਣਬੀਣ ਕਰਨ ਦੇਈਏ ਅਤੇ ਅਸੀਂ ਆਪਣੀਆਂ ਹੀ ਧਾਰਨਾਵਾਂ ਦੇ ਆਧਾਰ ‘ਤੇ ਅੰਦਾਜ਼ੇ ਨਾ ਲਗਾਈਏ। ਕਿਸੇ ਨੂੰ ਵੀ ਇਸ ਬੇਹੱਦ ਚਰਚਿਤ ਕਤਲ ਦਾ ਫਾਇਦਾ ਨਹੀਂ ਉਠਾਉਣਾ ਚਾਹੀਦਾ ਅਤੇ ਐਨੀ ਵਿਵਾਦਪੂਰਨ ਸ਼ਖਸੀਅਤ ਨੂੰ ਝੂਠਾ ਨਾਇਕ ਨਹੀਂ ਬਣਾਉਣਾ ਚਾਹੀਦਾ। ਸਾਨੂੰ ਇੰਤਜ਼ਾਰ ਕਰਨੀ ਚਾਹੀਦੀ ਹੈ ਅਤੇ ਇਹ ਦੇਖਣਾ ਚਾਹੀਦਾ ਹੈ ਕਿ ਇਸ ਤੋਂ ਕੌਣ ਫਾਇਦਾ ਉਠਾਉਂਦਾ ਹੈ।

ਅਜਿਹੀ ਸਥਿਤੀ ਵਿਚ, ਸਿੱਖਾਂ ਨੂੰ ਰੈਡੀਕਲ ਕਰਾਰ ਦੇਣਾ ਬਹੁਤ ਸੌਖਾ ਕੰਮ ਹੈ ਜਿਨ੍ਹਾਂ ਨੇ ਉਸ ਪ੍ਰਤੀ ਦੁਸ਼ਮਣੀ ਦੀ ਭਾਵਨਾ ਬਣਾ ਲਈ ਸੀ ਪਰ ਜਦੋਂ ਦਾ 2014 ‘ਚ ਭਾਜਪਾ ਦਾ ਆਗੂ ਪ੍ਰਧਾਨ ਮੰਤਰੀ ਬਣਿਆ ਹੈ, ਉਦੋਂ ਲੈ ਕੇ ਕੈਨੇਡਾ ਵਿਚ ਹੋਰ ਜਾਣੇ-ਪਛਾਣੇ ਮੋਦੀ ਹਮਾਇਤੀਆਂ ਨੂੰ ਕਿੰਨੀ ਕੁ ਨਿਸ਼ਾਨਾ ਬਣਾਇਆ ਗਿਆ ਹੈ? 2015 ਵਿਚ ਵੈਨਕੂਵਰ ਵਿਚ ਕਈ ਹਿੰਦੂ ਅਤੇ ਸਿੱਖ ਆਗੂਆਂ ਨੇ ਮੋਦੀ ਦਾ ਸਵਾਗਤ ਕੀਤਾ ਸੀ ਪਰ ਉਸ ਵਿਰੁੱਧ ਪ੍ਰਦਰਸ਼ਨਾਂ ਤੋਂ ਸਿਵਾਇ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਵਾਪਰੀ।

ਮੀਡੀਆ ਵਿਚ ਉਸ ਵੱਲੋਂ ਮੋਦੀ ਨੂੰ ਲਿਖੀ ਚਿੱਠੀ ਨੂੰ ਵਾਰ-ਵਾਰ ਸਾਹਮਣੇ ਲਿਆਂਦੇ ਜਾਣ ਅਤੇ ਹੋਰ ਸੰਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਤੋਂ ਇਹ ਸੋਚਣਾ ਵਾਜਬ ਹੈ ਕਿ ਖਾਸ ਤਾਕਤਾਂ ਲੋਕਾਂ ਦੇ ਇਕ ਸਮੂਹ ਵਿਰੁੱਧ ਹੋਰ ਵਧੇਰੇ ਨਫਰਤ ਭੜਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

---

# ਆਜ਼ਾਦ ਖਿਆਲੀ ਅਤੇ ਸਮਾਜ

**ਅਵਿਜੀਤ ਪਾਠਕ**

ਇਕ ਸਮਾਜ ਦੇ ਤੌਰ ‘ਤੇ ਕੀ ਅਸੀਂ ਕੁਝ ਜ਼ਿਆਦਾ ਹੀ ਅਸੁਰੱਖਿਅਤ ਮਹਿਸੂਸ ਅਤੇ ਆਜ਼ਾਦ ਖਿਆਲੀ ਤੋਂ ਡਰਨ ਲੱਗ ਪਏ ਹਾਂ? ਕਿਸੇ ‘ਅਕੀਦੇ’ ਦੇ ਨਾਂ ‘ਤੇ ਕੀ ਅਸੀਂ ਆਤਮ ਗਿਆਨ ਅਤੇ ਚੇਤਨਾ ਦੀਆਂ ਖਿੜਕੀਆਂ ਬੰਦ ਕਰ ਰਹੇ ਹਾਂ ਅਤੇ ਇਹ ਗੱਲ ਸਵੀਕਾਰ ਕਰਨ ਤੋਂ ਇਨਕਾਰੀ ਹੋ ਰਹੇ ਹਾਂ ਕਿ ਹਕੀਕਤ ਨੂੰ ਦੇਖਣ ਦੇ ਹੋਰ ਕਈ ਢੰਗ ਤਰੀਕੇ ਹੋ ਸਕਦੇ ਹਨ। ਜੇ ਇੰਝ ਨਹੀਂ ਹੈ ਤਾਂ ਤੁਸੀਂ ਇਕ ਸੰਸਥਾਈ ਧਰਮ ਅੰਦਰਲੇ ਵਿਸ਼ਵਾਸਾਂ ਅਤੇ ਵਿਧੀਆਂ ‘ਤੇ ਕਿੰਤੂ ਕਰਨ ਵਾਲੇ ਕਿਸੇ ਖਾਸ ਸਵਾਲ ਦੀ ਵਰਜਨਾ ਦੇ ਨੇਮ ਦਾ ਖੁਲਾਸਾ ਕਿੰਝ ਕਰੋਗੇ?

ਜੇ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਕਿਸੇ ਸਾਰਥਕ ਬਹਿਸ ਵਿਚ ਪੈਣ ਅਤੇ ਧਿਆਨ ਚਿੰਤਨ ਵਿਚ ਭਾਗ ਲੈਣ ਦੀ ਬਜਾਇ ਅਸੀਂ ਪੁਲਿਸ ਸਟੇਸ਼ਨਾਂ ਵਿਚ ਐੱਫ.ਆਈ.ਆਰ. ਦਰਜ ਕਰਾਉਣ ਨੂੰ ਤਰਜੀਹ ਦਿੰਦੇ ਹਾਂ ਤਾਂ ਦੁਨੀਆ ਨੂੰ ਅਸੀਂ ਕਿਹੋ ਜਿਹਾ ਸੰਦੇਸ਼ ਦੇ ਰਹੇ ਹਾਂ? ਜੇ ਫ੍ਰੈਡਰਿਕ ਨੀਤਸ਼ੇ ਅੱਜ ਦੇ ਭਾਰਤ ਵਿਚ ਆ ਕੇ ਆਖੇ ਕਿ ‘ਰੱਬ ਫ਼ੌਤ ਹੋ ਗਿਆ ਹੈ’ ਜਾਂ ਕਾਰਲ ਮਾਰਕਸ ‘ਧਰਮ ਨੂੰ ਲੋਕਾਂ ਲਈ ਅਫ਼ੀਮ’ ਦੀ ਤਸ਼ਬੀਹ ਦੇਵੇ ਜਾਂ ਕਬੀਰ ਸਾਨੂੰ ਇਹ ਸੰਦੇਸ਼ ਦੇਵੇ ਕਿ ‘ਨਾ ਰੱਬ ਕਾਬੇ ਵਿਚ ਹੈ ਤੇ ਨਾ ਹੀ ਕੈਲਾਸ਼ ‘ਤੇ’ ਤਾਂ ਉੱਤਰ ਪ੍ਰਦੇਸ਼ ਜਾਂ ਗੁਜਰਾਤ ਦਾ ਕੋਈ ਪੁਲਿਸ ਅਫ਼ਸਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਆ ਧਮਕੇਗਾ!

ਮੈਂ ਇਹ ਨਹੀਂ ਕਹਿ ਰਿਹਾ ਕਿ ਕਿਸੇ ਦੇ ਧਾਰਮਿਕ ਵਿਸ਼ਵਾਸ ਤੇ ਰਹੁ-ਰੀਤਾਂ ਨੂੰ ਜ਼ਰੂਰੀ ਨਿੰਦਣਾ ਜ਼ਰੂਰੀ ਹੈ, ਨਾ ਹੀ ਮੈਂ ਇਹ ਧਰਮ ਨਿਰਪੱਖ ਬੌਧਿਕ ਤਬਕੇ ਵਲੋਂ ਕਿਸੇ ਧਰਮ ਦੇ ਸ਼ਰਧਾਵਾਨਾਂ ਨੂੰ ਇਕ ਖ਼ਾਸ ਖਾਨੇ ਵਿਚ ਰੱਖ ਕੇ ਤਿਰਸਕਾਰ ਕਰਨ ਦੀ ਵਕਾਲਤ ਕਰਦਾ ਹਾਂ ਸਗੋਂ ਮੈਂ ਉਸ ਮਾਹੌਲ ਦੀ ਗੱਲ ਕਰ ਰਿਹਾ ਹਾਂ ਜੋ ਹਰ ਚੀਜ਼ ਭਾਵੇਂ ਵਿਗਿਆਨ ਹੋਵੇ ਜਾਂ ਧਰਮ, ਨੂੰ ਤਾਜ਼ਗੀ ਤੇ ਖੁੱਲ੍ਹੇਪਣ ਦੇ ਜ਼ਾਵੀਏ ਤੋਂ ਦੇਖਣ ਦੀ ਆਗਿਆ ਦਿੰਦਾ ਹੈ। ਲਿਹਾਜ਼ਾ, ਰਚਨਾਤਮਿਕ ਤੇ ਖਾਸ ਚਿੰਤਨ-ਮੰਥਨ ਨੂੰ ਕਿਸੇ ਸਿਹਤਮੰਦ ਤੇ ਲੋਕਰਾਜੀ ਸਮਾਜ ਦਾ ਇਕ ਖ਼ਾਸ ਪਹਿਲੂ ਦੇ ਤੌਰ ‘ਤੇ ਦੇਖਣਾ ਜ਼ਰੂਰੀ ਹੈ।

ਜ਼ਿੰਮੇਵਾਰ ਆਲੋਚਕ ਕਦੇ ਵੀ ਨਫ਼ਰਤੀ ਭਾਸ਼ਣਾਂ ਨੂੰ ਹੱਲਾਸ਼ੇਰੀ ਨਹੀਂ ਦਿੰਦਾ ਤੇ ਨਾ ਹੀ ਜ਼ਹਿਰੀਲੇ ਸੋਸ਼ਲ ਮੀਡੀਆ ਦੇ ਸੰਦੇਸ਼ਾਂ ਜਾਂ ਕਿਸੇ ਤਰ੍ਹਾਂ ਦੇ ਪ੍ਰਚਾਰ ਪ੍ਰਸਾਰ ਜ਼ਰੀਏ ਦੂਜਿਆਂ ਨੂੰ ਠੇਸ ਪਹੁੰਚਾ ਕੇ ਕਿਸੇ ਤਰ੍ਹਾਂ ਦਾ ਕੋਈ ਨਾਗਵਾਰ ਜਿਹਾ ਸੁਖਦ ਅਹਿਸਾਸ ਲੈ ਸਕਦਾ ਹੈ। ਇਸ ਦੀ ਬਜਾਏ ਉਹ ਸਾਨੂੰ ਇਹ ਮਹਿਸੂਸ ਕਰਾਉਂਦਾ ਹੈ ਕਿ ਸਿਰਫ ਹਿੰਦੂ, ਮੁਸਲਮਾਨ ਜਾਂ ਇਸਾਈ ਹੋਣ ਨਾਲੋਂ ਆਪਣੇ ਆਪ ਨੂੰ ਜਗਿਆਸੂ ਅਤੇ ਫਿਰਤੂ ਦੇ ਤੌਰ ‘ਤੇ ਮੁੜ ਪਰਿਭਾਸ਼ਤ ਕਰਨਾ ਪਵੇਗਾ ਤਾਂ ਕਿ ਅਸੀਂ ਆਪਣੇ ਮਨ ਦੀਆਂ ਗੰਢਾਂ ਖੋਲ੍ਹਣ ਅਤੇ ਦੁਨੀਆ ਨੂੰ ਰਚਨਾਤਮਿਕ ਬਹੁਤਾਤ ਦੀ ਨਜ਼ਰ ਤੋਂ ਦੇਖਣ ਦਾ ਯਤਨ ਕਰਦੇ ਰਹੀਏ ਅਤੇ ਗੀਤਾ, ਪੁਰਾਣ, ਬਾਈਬਲ ਜਾਂ ਕੁਰਾਨ ਦੇ ਜਮੇ ਹੋਏ ਸ਼ਬਦਾਂ ਦੇ ਹਵਾਲੇ ਦੇਣ ਦੀ ਬਜਾਇ ਆਪਣੇ ਅਨੁਭਵ ਦੀ ਸਜੀਵਤਾ ‘ਤੇ ਭਰੋਸਾ ਕਰ ਸਕੀਏ।

ਇਹੀ ਉਹ ਅਲੋਕਾਰੀ ਉਦਮ ਹੈ ਜਿਸ ਨੂੰ ਸੰਸਥਾਈ ਧਰਮ ਅਕਸਰ ਖਤਮ ਕਰ ਦਿੰਦਾ ਹੈ ਅਤੇ ਅਸੀਂ ਵੱਖੋ-ਵੱਖਰੇ ਨਾਵਾਂ ਤੇ ਰੰਗਾਂ ਵਾਲੇ ਹਜੂਮ ਦਾ ਅੰਗ ਬਣ ਜਾਂਦੇ ਹਾਂ।

ਬਿਨਾ ਸ਼ੱਕ, ਈਸਾ ਨੇ ਪਿਆਰ ਦੀ ਕ੍ਰਿਸ਼ਮਈ ਤਾਕਤ ਦਾ ਅਨੁਭਵ ਕੀਤਾ ਹੋਵੇਗਾ। ਉਂਝ, ਸਵਾਲ ਇਹ ਹੈ ਕਿ ਕੀ ਤੁਸੀਂ ਈਸਾਈ ਹੋਣ ਦੇ ਨਾਤੇ ਪਰਬਤ ਉਪਰ ਈਸਾ ਦੇ ਗਾਏ ਸ਼ਬਦ ਦਾ ਗਹਿਰੇ ਰਹੱਸ ਦਾ ਅਨੁਭਵ ਕੀਤਾ ਹੈ? ਜਾਂ ਫਿਰ ਤੁਹਾਡਾ ਵਿਹਾਰਾ ਈਸਾ ਦੀ ਜੀਵਨ ਜਾਚ ਦੀ ਬਜਾਇ ਧਨ ਦੀ ਤਾਕਤ ਦੀ ਪੂਜਾ ਕਰਦਾ ਹੈ?

ਜਦੋਂ ਸੰਸਥਾਈ ਧਰਮ ਜਾਂ ਰਹੁ-ਰੀਤਾਂ ਦੀ ਮਕਾਨਕੀ ਸਾਨੂੰ ਸਵੈ-ਅਨੁਭਵ ਦੇ ਅਮਲ ਵਿਚੋਂ ਲੰਘਣ ਤੋਂ ਡੱਕ ਦਿੰਦੀ ਹੈ ਤੇ ਇੰਝ ਅਸੀਂ ਪਛਾਣ ਦੇ ਨਿਰਮਾਣਕਾਰਾਂ ਦਾ ਭਾਰੀ ਬੋਝ ਢੋਂਦੇ ਰਹਿੰਦੇ ਹਾਂ। ਸਾਡੇ ਧਾਰਮਿਕ ਅਮਲ ਰੋਜ਼ ਪੰਜ ਵਕਤ ਨਮਾਜ਼ ਅਦਾ ਕਰਨ ਜਾਂ ਐਤਵਾਰ ਨੂੰ ਗਿਰਜਾਘਰ ਵਿਚ ਪ੍ਰਾਰਥਨਾ ਕਰਨ ਤਕ ਮਹਿਦੂਦ ਰਹਿੰਦਾ ਹੈ। ਇਹ ਸਭ ਕੁਝ ਅੰਤਰੀਵ ਬਹੁਤਾਤ ਦੀ ਬਜਾਇ ਕਿਸੇ ਗੁਨਾਹ ਦੇ ਡਰ ‘ਤੇ ਆਧਾਰਿਤ ਹੁੰਦਾ ਹੈ।


ਇਹੀ ਨਹੀਂ ਸਗੋਂ ਅੰਦਰੂਨੀ ਖਾਲੀਪਣ ਅਤੇ ਗਹਿਰੇ ਅਹਿਸਾਸ ਤੋਂ ਬਿਨਾ ਸਾਨੂੰ ਇਹ ਯਕੀਨ ਨਹੀਂ ਹੁੰਦਾ ਕਿ ‘ਚੇਤਨਾ’ ਜਾਂ ‘ਮੋਕਸ਼’ ਜਾਂ ਸਵਰਗ ਦੀ ਸਲਤਨਤ ਕੀ ਹੁੰਦੀ ਹੈ (ਸਾਡੇ ਵਿਚੋਂ ਬਹੁਤਿਆਂ ਲਈ ਇਹ ਕੁਝ ਰਟੇ ਰਟਾਏ ਸ਼ਬਦ ਮਾਤਰ ਹਨ) ਜਿਸ ਕਰ ਕੇ ਅਸੀਂ ਨਿਰੰਤਰ ਨਿਤਾਣੇ ਤੇ ਅਸੁਰੱਖਿਅਤ ਬਣੇ ਰਹਿੰਦੇ ਹਾਂ। ਇਸ ਕਰ ਕੇ ਕੋਈ ਆਲੋਚਕ ਸਾਨੂੰ ਝੰਜੋੜ ਦਿੰਦਾ ਹੈ ਅਤੇ ਅਸੀਂ ਇਸ ਪ੍ਰਤੀ ਹਿੰਸਕ ਢੰਗ ਨਾਲ ਪੇਸ਼ ਆਉਂਦੇ ਹਾਂ। ਇਸ ਦੇ ਉਲਟ, ਸੱਚਾ ਸੁੱਚਾ ਜਗਿਆਸੂ ਬਿਲਕੁਲ ਵੱਖਰੇ ਢੰਗ ਨਾਲ ਵਿਹਾਰ ਕਰਦਾ ਹੈ। ਜੇ ਕੋਈ ਗੌਤਮ ਬੁੱਧ ਦੀ ਚੇਤਨਾ ‘ਤੇ ਯਕੀਨ ਨਹੀਂ ਕਰਦਾ ਤਾਂ ਉਹ ਉਸ ਦੇ ਖਿਲਾਫ਼ ਥਾਣੇ ਵਿਚ ਕੇਸ ਦਰਜ ਕਰਾਉਣ ਨਹੀਂ ਜਾਂਦੇ ਸਗੋਂ ਉਹ ਉਸ ਸ਼ੰਕਾ ਕਰਨ ਵਾਲੇ ‘ਤੇ ਕਰੁਣਾਮਈ ਮੁਸਕਰਾਹਟ ਨਾਲ ਤੱਕਦੇ ਜਿਸ ਦਾ ਕੋਈ ਮਤਲਬ ਹੁੰਦਾ। ਫਿਲਮਕਾਰ ਲੀਨਾ ਮਨੀਮੇਕਲਾਈ ਅਤੇ ਸਿਆਸਤਦਾਨ ਮਹੂਆ ਮੋਇਤਰਾ ਜਿਸ ਢੰਗ ਨਾਲ ਦੇਵੀ ਕਾਲੀ ਨੂੰ ਦੇਖਦੀਆਂ ਹਨ, ਰਾਮਕ੍ਰਿਸ਼ਨ ਨੇ ਉਨ੍ਹਾਂ ਖਿਲਾਫ਼ ਨਫ਼ਰਤੀ ਮੁਹਿੰਮ ਚਲਾਉਣ ਦੀ ਪੈਰਵੀ ਨਹੀਂ ਕਰਨੀ ਸੀ। ਸੰਭਵ ਹੈ ਕਿ ਉਹ ਉਨ੍ਹਾਂ ਨੂੰ ਇਹ ਕਹਿ ਕੇ ਆਸ਼ੀਰਵਾਦ ਦਿੰਦੇ ਕਿ: “ਮੇਰੇ ਲਈ ਤੁਸੀਂ ਵੀ ਕਾਲੀ ਹੀ ਹੋ; ਮੈਂ ਤੁਹਾਡੇ ਅੰਦਰ ਵੀ ਦੈਵੀ ਝਲਕਾਰੇ ਦੇਖਦਾ ਹਾਂ।” ਤੇ ਕਬੀਰ, ਰੂਮੀ ਅਤੇ ਨਿਜ਼ਾਮੂਦੀਨ ਔਲੀਆ ਜਿਹੇ ਮਹਾਪੁਰਸ਼ ਨੂਪੁਰ ਸ਼ਰਮਾ, ਸਲਮਾਨ ਰਸ਼ਦੀ ਤੇ ਐੱਮ.ਐੱਫ. ਹੁਸੈਨ ਵਰਗਿਆਂ ਦੇ ਮਾਮਲਿਆਂ ਨੂੰ ਪੁਲਿਸ ਇੰਸਪੈਕਟਰਾਂ, ਸ਼ੋਰੀਲੇ ਟੀ.ਵੀ. ਐਂਕਰਾਂ, ਕਾਨੂੰਨੀ ਮਾਹਿਰਾਂ ਤੇ ਜੱਜਾਂ ਦੇ ਉਲਟ ਕਿਤੇ ਜ਼ਿਆਦਾ ਵਡੱਪਣ ਤੇ ਸਾਰਥਿਕਤਾ ਨਾਲ ਲੈਂਦੇ। ਕੀ ਸੰਸਥਾਈ ਧਰਮਾਂ ਦੇ ਪੁਜਾਰੀਆਂ, ਮੁੱਲਿਆਂ ਤੇ ਸਿਆਸੀ ਗੁਰੂ-ਘੰਟਾਲਾਂ ਨੇ ਗਿਣ ਮਿੱਥ ਕੇ ਪਿਆਰ, ਕਰੁਣਾ ਤੇ ਅੰਦਰੂਨੀ ਅਨੁਭਵ ਦੀ ਧਾਰਮਿਕਤਾ ਦਾ ਗਲਾ ਘੁੱਟ ਦਿੱਤਾ ਹੈ? ਕੀ ਇਹੀ ਕਾਰਨ ਹੈ ਕਿ ਅਖੌਤੀ ਈਸਾਈ, ਇਸਲਾਮੀ, ਬੌਧ ਤੇ ਹਿੰਦੂ ਰਾਜ ਅਕਸਰ ਜੰਗਬਾਜ਼ੀ, ਖ਼ੂਨ ਖਰਾਬੇ ਤੇ ਹਿੰਸਾ ਵਿਚ ਗਲਤਾਨ ਰਹਿੰਦੇ ਹਨ?

ਬਤੌਰ ਅਧਿਆਪਕ ਮੈਂ ਅਕਸਰ ਆਪਣੇ ਆਪ ਤੋਂ ਪੁੱਛਦਾ ਹਾਂ: ਸਾਡੇ ਬੱਚਿਆਂ ਦਾ ਅਜਿਹੇ ਸਮਾਜ ਅੰਦਰ ਪਲ ਕੇ ਵੱਡੇ ਹੋਣ ਦਾ ਕੀ ਮਤਲਬ ਹੈ ਜੋ ਖੁੱਲ੍ਹ ਕੇ ਸਵਾਲ ਪੁੱਛਣ ਦੀ ਭਾਵਨਾ ਨੂੰ ਬਰਦਾਸ਼ਤ ਨਹੀਂ ਕਰਦਾ? ਜਦੋਂ ਉਹ ਸਾਧੂਆਂ ਦੇ ਭੇਸ ਵਿਚ ਗੁੰਡੇ ਬਦਮਾਸ਼ਾਂ, ਰੋਜ਼ਮੱਰਾ ਜ਼ਿੰਦਗੀ ਵਿਚ ਜ਼ਹਿਰੀਲੇ ਸ਼ਬਦਾਂ ਦਾ ਇਲਹਾਮ ਅਤੇ ਧਾਰਮਿਕ ਕਰਮ ਵਿਚ ਹਿੰਸਾ ਦਾ ਮਹਿਮਾ ਮੰਡਨ ਹੁੰਦਾ ਦੇਖਦੇ ਹਨ ਤਾਂ ਉਹ ਕਿਸ ਕਿਸਮ ਦੀ ਵਿਸ਼ਵਦ੍ਰਿਸ਼ਟੀ ਗ੍ਰਹਿਣ ਕਰਦੇ ਹਨ? ਇਸ ਤਰ੍ਹਾਂ ਦੇ ਬਦਬਖ਼ਤ ਰਾਜ ਜਾਂ ਸਮਾਜ ਦੀ ਕਲਪਨਾ ਮਾਤਰ ਹੀ ਮੈਨੂੰ ਝੰਜੋੜ ਕੇ ਰੱਖ ਦਿੰਦੀ ਹੈ।

# ਭਗਤ ਸਿੰਘ ਦਾ ਬਿਰਤਾਂਤ ਬਨਾਮ ਸਿਮਰਨਜੀਤ ਸਿੰਘ ਮਾਨ ਦਾ ਬਿਆਨ

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਸਿੱਖ ਮਸਲਿਆਂ ਬਾਰੇ ਅਕਸਰ ਟਿੱਪਣੀਆਂ ਕਰਦੇ ਰਹਿੰਦੇ ਹਨ। ਇਸ ਵਾਰ ਜਦੋਂ ਸ਼ਹੀਦ ਭਗਤ ਸਿੰਘ ਬਾਰੇ ਚਰਚਾ ਚੱਲੀ ਹੈ ਤਾਂ ਉਨ੍ਹਾਂ ਇਕ ਖਾਸ ਨਜ਼ਰੀਏ ਤੋਂ ਇਸ ਮਸਲੇ ਦੀ ਪੁਣ-ਛਾਣ ਵੀ ਕੀਤੀ ਹੈ ਅਤੇ ਉਨ੍ਹਾਂ ਸਮਿਆਂ ਤੇ ਅੱਜ ਦੇ ਸਮਿਆਂ ਦੇ ਹਵਾਲੇ ਨਾਲ ਇਹ ਟੀਕਾ-ਟਿੱਪਣੀ ਕੀਤੀ ਹੈ।***

ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਦਿੱਤੇ ਬਿਆਨ ਨੂੰ ਬੜੀ ਗੰਭੀਰਤਾ ਅਤੇ ਧੀਰਜ ਨਾਲ ਲੈਣਾ ਚਾਹੀਦਾ ਹੈ ਪਰ ਅਜੇ ਅਸੀਂ ਇਸ ਪਾਸੇ ਵੱਲ ਵਿਹਲ ਨਹੀਂ ਕੱਢ ਸਕੇ। ਇਹ ਬਿਆਨ ਹੁਣ ਅਕਾਦਮਿਕ ਖੇਤਰ ਦੇ ਵਿਦਵਾਨਾਂ ਦੀਆਂ ਮਹਿਫਲਾਂ ਵਿਚ ਵਿਚਾਰਿਆ ਜਾਣਾ ਬਣਦਾ ਹੈ; ਹਾਲਾਂਕਿ ਚਲੰਤ ਮਾਹੌਲ ਮੁਤਾਬਕ ਉਨ੍ਹਾਂ ਮਹਿਫਲਾਂ ਵਿਚ ਵੀ ਅਜੇ ਇਕ ਪਾਸੜ ਵਿਦਵਤਾ ਦੇ ਦ੍ਰਿਸ਼ ਹੀ ਵੇਖਣ ਨੂੰ ਮਿਲਣਗੇ। ਆਮ ਆਦਮੀ ਪਾਰਟੀ ਦੇ ਆਗੂ, ਸਿਮਰਨਜੀਤ ਸਿੰਘ ਮਾਨ ਦੀ ਟਿੱਪਣੀ ਬਾਰੇ ਜੁਆਕਾਂ ਵਾਂਗ ਅਨਾੜੀ ਕਿਸਮ ਦੇ ਕੱਚੇ ਪਿੱਲੇ ਬਿਆਨ ਜਾਰੀ ਕਰ ਰਹੇ ਹਨ। ਇਹੋ ਹਾਲ ਕਾਂਗਰਸੀ ਆਗੂਆਂ ਦਾ ਹੈ ਅਤੇ ਦਿਲਚਸਪ ਹਕੀਕਤ ਇਹ ਹੈ ਕਿ ਕਿਤਾਬਾਂ ਦੀ ਦੁਨੀਆ ਤੋਂ ਦੂਰ ਰਹਿਣ ਵਾਲਾ ਬਾਦਲ-



**ਕਰਮਜੀਤ ਸਿੰਘ**
**ਫੋਨ: 99150-91063**

ਕਲਚਰ ਅਤੇ ਅਕਾਲੀ-ਕਲਚਰ ਵੀ ਹੁਣ ਇਨ੍ਹਾਂ ਤੋਂ ਵੱਖਰਾ ਨਹੀਂ।

ਜਦੋਂ ਇਨ੍ਹਾਂ ਆਗੂਆਂ ਦੇ ਬਿਆਨ ਪੜ੍ਹਦੇ ਹਾਂ ਤਾਂ ਹਾਸਾ ਅਤੇ ਰੋਣ ਇੱਕੋ ਸਮੇਂ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਨਸੀਹਤ ਇਹ ਕਹਿੰਦੀ ਹੈ ਕਿ 'ਰਖਿ ਰਖਿ ਚਰਨਿ ਧਰੇ ਵਿਚਾਰੀ' (ਅੰਗ 685), ਅਰਥਾਤ ਵਿਦਵਾਨ ਮਨੁੱਖ ਬੜੀ ਸੋਚ ਸਮਝ ਕੇ ਆਪਣੇ ਕਦਮ ਪੁੱਟਦਾ ਹੈ ਪਰ ਸੋਚ ਵਿਚਾਰ ਦਾ ਅੰਮ੍ਰਿਤ ਵੇਲਾ ਅਜੇ ਸਾਡੀ ਕੌਮ ਉੱਤੇ ਚੜ੍ਹਨਾ ਹੈ।

ਪੰਜਾਬੀ ਦੇ ਚੈਨਲਾਂ ਵਿਚ ਚਲਦੀ ਬਹਿਸ ਅਤੇ ਐਂਕਰ ਵੀ ਗਿੱਟੇ-ਗਿੱਟੇ ਪਾਣੀਆਂ ਵਿਚ ਤਰਨ ਦੀ ਜਾਚ ਸਿਖ ਰਹੇ ਹਨ। ਨੈਸ਼ਨਲ ਆਖੇ ਜਾਂਦੇ ਚੈਨਲਾਂ ਅਤੇ ਗੋਦੀ ਮੀਡੀਆ ਵੀ ਹਲਕੀ ਕਿਸਮ ਦੇ ਮਨੋਰੰਜਨ ਕਰਨ ਦੀਆਂ ਤਿਆਰੀਆਂ ਕੱਸ ਰਹੇ ਜਾਪਦੇ ਹਨ ਅਤੇ ਬਹਿਸ ਦੌਰਾਨ ਮਾਨ ਸਾਹਿਬ ਨੂੰ ਮਜ਼ਾਕ ਦਾ ਕੇਂਦਰ ਬਣਾ ਸਕਦੇ ਹਨ ਪਰ ਅਸੀਂ ਢੁੱਕਵਾਂ ਜਵਾਬ ਦੇਣ ਲਈ ਗੰਭੀਰ ਨਹੀਂ।

ਦੋਸਤੋ, ਸਿਮਰਨਜੀਤ ਸਿੰਘ ਮਾਨ ਦੇ ਬਿਆਨ ਮਗਰੋਂ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਇਤਿਹਾਸ ਨੂੰ ਅਸੀਂ ਵੇਖਣਾ ਕਿਵੇਂ ਹੈ? ਖਾਸ ਕਰਕੇ ਸਿੱਖ ਵਿਦਵਾਨਾਂ ਅਤੇ ਸਿੱਖ ਇਤਿਹਾਸਕਾਰਾਂ ਨੇ ਇਸ ਸਵਾਲ ਦੇ ਜਵਾਬ ਤਲਾਸ਼ ਕਰਨੇ ਹਨ। ਸਾਨੂੰ ਇਹ ਵੀ ਵੇਖਣਾ ਪੈਣਾ ਹੈ ਕਿ ਇਤਿਹਾਸ ਬਾਰੇ ਸਾਡੀ ਆਪਣੀ, ਹਾਂ ਆਪਣੀ, ਮੌਲਿਕ ਸਮਝ ਨੇ ਕਿੰਨੀ ਕੁ ਤਰੱਕੀ ਕੀਤੀ ਹੈ। ਉਸ ਸਮਝ ਦਾ ਪੱਧਰ ਕੀ ਹੈ। ਇਹ ਵੀ ਵੇਖਣਾ ਪੈਣਾ ਹੈ ਕਿ ਸਾਡੀ ਸਮਝ 'ਕਿਸੇ ਹੋਰ' ਦੀ ਸਮਝ ਦੇ ਅਧੀਨ ਤਾਂ ਨਹੀਂ ਚੱਲ ਰਹੀ?

ਸਾਨੂੰ ਉਸ ਦੌਰ ਵਿਚ ਜਾਣਾ ਪੈਣਾ ਹੈ ਜਦੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਕਥਿਤ ਆਜ਼ਾਦੀ ਦੀ ਜੰਗ ਲੜ ਰਹੇ ਸਨ- ਇਕ ਅਜਿਹੀ ਲੜਾਈ ਜਿਸ ਬਾਰੇ ਤੀਜੇ ਘੱਲੂਘਾਰੇ ਤੋਂ ਪਿੱਛੋਂ ਹੁਣ ਸੋਝੀ ਆ ਰਹੀ ਹੈ, ਅੱਖਾਂ ਖੁੱਲ੍ਹ ਰਹੀਆਂ ਹਨ ਕਿ ਉਹ ਲੜਾਈ ਸਾਡੀ ਆਪਣੀ ਨਹੀਂ ਸੀ। ਉਹ ਅਸਲ ਵਿਚ ਹਿੰਦੂ ਰਾਸ਼ਟਰਵਾਦ ਦੀ ਆਜ਼ਾਦੀ ਦੀ ਜੰਗ ਸੀ ਜਿਸ ਵਿਚ ਅਸੀਂ ਚਾਹੇ-ਅਣਚਾਹੇ ਝੋਕ ਦਿੱਤੇ ਗਏ ਸੀ। ਸੱਚ ਤਾਂ ਇਹ ਹੈ ਕਿ ਸ਼ਹੀਦ ਭਗਤ ਸਿੰਘ ਵੀ ਉਸੇ ਲੜਾਈ ਵਿਚ ਸਰਗਰਮ ਰੋਲ ਨਿਭਾ ਰਹੇ ਸਨ।

ਸਾਨੂੰ ਉਸ ਦੌਰ ਦਾ ਵੀ ਗੰਭੀਰ ਮੁਤਾਲਿਆ ਕਰਨਾ ਚਾਹੀਦਾ ਹੈ, ਜਦੋਂ ਗਦਰ ਪਾਰਟੀ ਦੇ ਸੂਰਬੀਰ ਸਿੱਖ ਯੋਧੇ ਫਾਂਸੀਆਂ ਦੇ ਰੱਸੇ ਚੁੰਮ ਰਹੇ ਸਨ, ਜਦੋਂ ਅਕਾਲੀ ਲਹਿਰ ਭਰ ਜੋਬਨ ਤੇ ਸਮੁੱਚੇ ਖਾਲਸਾ ਪੰਥ ਦੇ ਜਜ਼ਬਿਆਂ ਦੀ ਹਾਣੀ ਬਣ ਰਹੀ ਸੀ, ਜਦੋਂ ਬੱਬਰ ਅਕਾਲੀ ਦਲ ਦੇ ਯੋਧਿਆਂ ਨੂੰ ਹਥਿਆਰਬੰਦ ਜੰਗ ਦਾ ਰਾਹ ਚੁਣਨਾ ਪੈ ਗਿਆ ਸੀ।

ਸਾਨੂੰ ਉਸ ਤੋਂ ਵੀ ਪਿਛਾਂਹ ਵੱਲ ਪਰਤਣਾ ਪਵੇਗਾ ਜਦੋਂ ਭਾਈ ਮਹਾਰਾਜ ਸਿੰਘ ਅੰਗਰੇਜ਼ਾਂ ਨੂੰ ਕੱਢਣ ਲਈ ਗੁਪਤ ਸਰਗਰਮੀਆਂ ਰਾਹੀਂ ਖਾਲਸਾ ਪੰਥ ਦੇ ਖੁੱਸ ਚੁੱਕੇ ਰਾਜ ਨੂੰ ਫਿਰ ਬਹਾਲ ਕਰਨਾ ਚਾਹੁੰਦੇ ਸਨ। ਇੱਕ ਤਰ੍ਹਾਂ ਨਾਲ ਨਾਮਧਾਰੀ ਲਹਿਰ ਵੀ ਇਹੋ ਕੰਮ ਕਰ ਰਹੀ ਸੀ; ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਉਹ ਲਹਿਰ ਵੀ ਓੜਕ ਨੂੰ ਹਿੰਦੂ ਰਾਸ਼ਟਰਵਾਦ ਨੇ ਆਪਣੇ ਅੰਦਰ ਜਜ਼ਬ ਕਰ ਲਈ।

ਜਦੋਂ ਜਦੋਂ ਵੀ ਸ਼ਹੀਦ ਭਗਤ ਸਿੰਘ ਵਰਤਾਰੇ ਬਾਰੇ ਗੱਲ ਤੁਰਦੀ ਹੈ ਜਾਂ ਸਾਡੇ ਕੁਝ ਵਿਦਵਾਨ ਸ਼ਹੀਦ ਭਗਤ ਸਿੰਘ ਬਾਰੇ ਆਪਣੀ ਆਜ਼ਾਦ ਟਿੱਪਣੀ ਕਰਦੇ ਹਨ ਜੋ ਖੱਬੇ ਅਤੇ ਸੱਜੇ ਪੱਖੀ ਭਰਾਵਾਂ ਵਲੋਂ ਸਿਰਜੇ ਬਿਰਤਾਂਤ ਨਾਲ ਮੇਲ ਨਹੀਂ ਖਾਂਦੀ ਤਾਂ ਬੇਸਮਝ ਰੌਲਾ ਮਹਿਫਲ 'ਤੇ ਕਬਜ਼ਾ ਕਰ ਲੈਂਦਾ ਹੈ, ਜਿਵੇਂ ਸਿਮਰਨਜੀਤ ਸਿੰਘ ਮਾਨ ਦੇ ਬਿਆਨ ਤੇ ਸਭ ਅੱਡੀਆਂ ਚੁੱਕ ਕੇ ਰੌਲਾ ਪਾ ਰਹੇ ਹਨ।

ਵੈਸੇ ਇਹ ਬੁੱਝਣਾ ਵੀ ਔਖਾ ਨਹੀਂ ਹੈ ਕਿ ਸਾਡੀ ਆਪਣੀ ਸਮਝ ਵਿਚ ਵੀ ਬਿਗਾਨੀ ਸਮਝ ਦਾ ਵੱਡਾ ਰਲਾ ਪੈ ਚੁੱਕਾ ਹੈ।

ਸਾਨੂੰ ਇਹ ਵੇਖਣਾ ਪੈਣਾ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀ ਉਸ ਇਤਿਹਾਸਕ ਦੌਰ ਵਿਚ ਕੀ ਕਰ ਰਹੇ ਸਨ। ਅਕਾਲੀ ਲਹਿਰ ਬਾਰੇ ਉਨ੍ਹਾਂ ਦੀ ਸਮਝ ਵਿਚ ਕਿੰਨੀ ਕੁ ਸੰਜੀਦਗੀ ਅਤੇ ਇਮਾਨਦਾਰੀ ਸੀ? ਮਾਂ-ਬੋਲੀ ਦੀ ਮਹਾਨਤਾ ਅਤੇ ਮਹੱਤਤਾ ਉਨ੍ਹਾਂ ਦੇ ਜਜ਼ਬਿਆਂ ਵਿਚੋਂ ਗੁੰਮ ਕਿਉਂ ਸੀ? ਕਿਉਂ ਉਹ ਸਾਰੇ ਭਾਰਤ ਵਿਚ ਹਿੰਦੀ ਲਾਗੂ ਕਰਨ ਦੀ ਵਕਾਲਤ ਕਰ ਰਹੇ ਸਨ ਜਦਕਿ ਦਰਾਵੜ-ਕਲਚਰ ਵਾਲੇ ਆਪਣੀ ਬੋਲੀ ਦੀ ਰਾਖੀ ਲਈ ਜਾਨਾਂ ਵਾਰ ਦਿੰਦੇ ਹਨ? ਆਰੀਆ ਸਮਾਜ ਨਾਲ ਉਨ੍ਹਾਂ ਦੀ ਨੇੜਤਾ ਕਿਸ ਤਰ੍ਹਾਂ ਦੀ ਸੀ? ਖਾਲਸਾ ਪੰਥ ਦਾ ਖੁੱਸ ਚੁੱਕਾ ਰਾਜ ਉਨ੍ਹਾਂ ਅੰਦਰ ਕੋਈ ਵੱਡੀ ਹਿਲਜੁਲ ਅਤੇ ਹਲਚਲ ਕਿਉਂ ਨਹੀਂ ਸੀ ਮਚਾਉਂਦਾ? ਜਦੋਂ ਫਾਂਸੀ ਦੇ ਰੱਸੇ ਚੁੰਮਣ ਵਾਲੇ ਗਦਰ ਪਾਰਟੀ ਦੇ ਯੋਧੇ ਥੋਕ ਵਿਚ ਸਿੰਘ ਹੀ ਸਨ ਤਾਂ ਇਹ ਸਿੰਘ-ਆਦਰਸ਼ ਅਤੇ ਇਸ ਆਦਰਸ਼ ਦੇ ਪਵਿੱਤਰ ਸੋਮੇ ਉਨ੍ਹਾਂ ਦੀਆਂ ਲਿਖਤਾਂ ਵਿਚ ਵੱਡੀ ਥਾਂ ਕਿਉਂ ਨਹੀਂ ਸੀ ਬਣਾ ਸਕੇ? ਫਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਦੀ ਆਖਰੀ ਚਿੱਠੀ (ਜੇ ਇਹ ਉਨ੍ਹਾਂ ਦੀ ਹੀ ਸੀ) ਵਿਚ ਸਿੱਖ-ਯਾਦ ਗੁਰੂ-ਪਿਆਰ ਦੀਆਂ ਧੁੰਦਲੀਆਂ ਜਿਹੀਆਂ ਝਲਕਾਂ ਵੀ ਸ਼ਾਮਲ ਕਿਉਂ ਨਾ ਹੋ ਸਕੀਆਂ; ਹਾਲਾਂਕਿ 'ਬੰਦੀ ਜੀਵਨ' ਦੇ ਮਹਾਨ ਲੇਖਕ ਸਚਿੰਦਰ ਨਾਥ ਸਨਿਆਲ ਜੀ ਸਿੱਖਾਂ ਦੀਆਂ ਕੁਰਬਾਨੀਆਂ ਦੀ ਕਿੰਨੀ ਵਾਹ ਵਾਹ ਕਰਦੇ ਹਨ। ਕੀ ਕਾਰਨ ਹੈ ਕਿ ਸ਼ਹੀਦ ਭਗਤ ਸਿੰਘ ਦੀ ਜਥੇਬੰਦੀ ਉਸ ਦੌਰ ਵਿਚ ਕਿਸੇ ਵੱਡੇ ਸਿੱਖ ਸੁਲਝੇ ਨੌਜਵਾਨ ਨੂੰ ਆਪਣੇ ਅੰਦਰ ਵੱਲ ਨਹੀਂ ਖਿੱਚ ਸਕੀ?

ਦੋਸਤੋ, ਉਸ ਦੌਰ ਦੀ ਸੋਝੀ ਅਤੇ ਵਿਸ਼ੇਸ਼ ਕਰਕੇ ਪੰਥਕ ਸੋਝੀ ਹੋਣੀ ਬਹੁਤ ਜ਼ਰੂਰੀ ਹੈ। ਸਿਮਰਨਜੀਤ ਸਿੰਘ ਮਾਨ ਇਸੇ ਇਤਿਹਾਸ ਵਿਚੋਂ ਬੋਲ ਰਹੇ ਹਨ। ਉਹ ਪੰਥਕ ਸੋਝੀ ਨੂੰ ਸੰਨ੍ਹ ਲਾਉਣ ਦੀ ਇਜਾਜ਼ਤ ਨਹੀਂ ਦੇ ਸਕਦੇ। ਵਰਤਮਾਨ ਨੂੰ ਇਤਿਹਾਸ ਦੀ ਰੌਸ਼ਨੀ ਵਿਚ ਉਹ ਵੇਖ ਰਹੇ ਹਨ। ਅਤੀਤ ਨਾਲ ਜੋੜ ਕੇ ਸ਼ਹੀਦ ਭਗਤ ਸਿੰਘ ਬਾਰੇ ਜ਼ਿੰਮੇਵਾਰਾਨਾ ਬਿਆਨ ਦਿੰਦੇ ਹਨ। ਇਹ ਹੀ ਇਤਿਹਾਸਕ ਯਥਾਰਥ ਹੈ। ਉਨ੍ਹਾਂ ਦੇ ਬਿਆਨ ਉੱਤੇ ਪਹਿਰਾ ਦੇਣ ਲਈ ਚਿੰਤਨਸ਼ੀਲ ਨੌਜਵਾਨਾਂ ਦਾ ਸੋਸ਼ਲ ਮੀਡੀਆ ਉੱਤੇ ਹੜ੍ਹ ਆ ਗਿਆ ਹੈ ਜਦਕਿ ਸਾਡੀਆਂ ਯੂਨੀਵਰਸਿਟੀਆਂ ਦੇ ਇਤਿਹਾਸਕਾਰ ਖਾਮੋਸ਼ ਹਨ। ਕੀ ਇਉਂ ਨਹੀਂ ਲੱਗਦਾ ਕਿ ਸਾਡੀ ਸਮਝ ਇੱਕ ਤਰ੍ਹਾਂ ਨਾਲ ਹਿੰਦੋਸਤਾਨ ਦੀ ਬਹੁਗਿਣਤੀ ਦੀ ਸਮਝ ਦੀ ਵਿਰਾਸਤ ਹੀ ਬਣ ਗਈ ਹੈ। ਫਿਰ ਇਸ ਹਾਲਤ ਵਿਚ ਸਿਮਰਨਜੀਤ ਸਿੰਘ ਮਾਨ ਦੀ ਸ਼ਹੀਦ ਭਗਤ ਸਿੰਘ ਬਾਰੇ ਸਮਝ ਨਾਲ ਸਾਡੀ ਸਾਂਝ ਬਣ ਹੀ ਨਹੀਂ ਸਕਦੀ। ਇਹ ਸਾਡਾ ਦੁਖਾਂਤ ਹੈ।

ਜਦੋਂ ਮੈਂ ਚਿੰਤਨਸ਼ੀਲ ਨੌਜਵਾਨਾਂ ਬਾਰੇ ਗੱਲ ਕਰਦਾ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਨੌਜਵਾਨਾਂ ਨੇ ਉਸ ਇਤਿਹਾਸਕ ਦੌਰ ਬਾਰੇ ਕਾਫੀ ਕੁਝ ਪੜ੍ਹਿਆ ਹੈ ਅਤੇ ਆਪਣੀ ਇੱਕ ਸੁਤੰਤਰ ਰਾਇ ਬਣਾਈ ਹੈ। ਉਹ ਸੁਲਝੀਆਂ ਹੋਈਆਂ ਪੋਸਟਾਂ ਪਾ ਰਹੇ ਹਨ, ਜਦਕਿ ਇਨ੍ਹਾਂ ਪੋਸਟਾਂ ਦੇ ਹੇਠਾਂ ਕਈ ਨੌਜਵਾਨ ਇਹੋ ਜਿਹੀਆਂ ਟਿੱਪਣੀਆਂ ਕਰ ਰਹੇ ਹਨ ਜਿਸ ਤੋਂ ਨਵੇਂ ਚਿੰਤਨ ਦੀ ਇੱਕ ਨਿੱਕੀ ਜਿਹੀ ਸਿਧਾਂਤਕ ਲਹਿਰ ਤਾਂ ਸ਼ੁਰੂ ਹੋ ਹੀ ਗਈ ਹੈ। ਇਹ ਟਿੱਪਣੀਆਂ ਪੜ੍ਹ ਕੇ ਹੈਰਾਨੀ ਵੀ ਹੁੰਦੀ ਅਤੇ ਖੁਸ਼ੀ ਵੀ ਕਿਉਂਕਿ ਆਜ਼ਾਦ ਸੋਝੀ ਸਥਾਪਤ ਕਰਨ ਦੀ ਨਵੀਂ ਪ੍ਰਭਾਤ, ਨਵੀਂ ਸਮਝ ਸਿੱਖ ਪੰਥ ਦੇ ਆਕਾਸ਼ ਉੱਤੇ ਚੜ੍ਹੀ ਹੈ। ਇਹ ਆਜ਼ਾਦ ਰਾਇ ਚਲੰਤ ਮਾਹੌਲ ਵਿਚ ਚੱਲ ਰਹੇ ਬੇਬੁਨਿਆਦ ਰੌਲੇ ਦਾ ਹਿੱਸਾ ਨਹੀਂ ਬਣ ਰਹੀ



ਅਸੀਂ ਜਾਣਦੇ ਹਾਂ ਕਿ ਖੱਬੇ ਪੱਖੀ ਵੀਰਾਂ ਅਤੇ ਵਿਦਵਾਨਾਂ ਨੂੰ ਆਪਣੀ ਜੱਦੋ-ਜਹਿਦ ਨੂੰ ਅੱਗੇ ਵੱਲ ਲਿਜਾਣ ਲਈ ਕੋਈ ਆਈਕੋਨ ਨਹੀਂ ਸੀ ਮਿਲ ਰਿਹਾ ਅਤੇ ਉਨ੍ਹਾਂ ਨੇ ਆਪਣੀ ਸਮਝ ਮੁਤਾਬਕ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਈਕੋਨ ਮੰਨ ਲਿਆ ਪਰ ਸਿੱਖ ਨੌਜਵਾਨ ਨੇ ਸੋਸ਼ਲ ਮੀਡੀਆ ਉੱਤੇ ਬੜੀ ਦਿਲਚਸਪ ਟਿੱਪਣੀ ਕੀਤੀ ਹੈ ਕਿ ਸਿਮਰਨਜੀਤ ਸਿੰਘ ਮਾਨ ਨੇ ਇੱਕੋ ਝਟਕੇ ਨਾਲ ਭਗਤ ਸਿੰਘ ਨੂੰ ਡੀ-ਆਈਕੋਨਾਈਜ਼ ਕਰ ਦਿੱਤਾ ਅਤੇ ਹੁਣ ਖੱਬੇ-ਸੱਜੇ ਪੱਖੀਆਂ ਦਾ ਚੀਕ ਚਿਹਾੜਾ ਪੈ ਰਿਹਾ ਹੈ।

ਸਿੱਖ ਪੰਥ ਵਿਚ ਨਵੇਂ ਚਿੰਤਨ ਦੀ ਸਿਧਾਂਤਕ ਲਹਿਰ ਤਾਂ ਸ਼ੁਰੂ ਹੋ ਹੀ ਗਈ ਹੈ ਪਰ ਸਾਡੇ ਇਨ੍ਹਾਂ ਤਮਾਮ ਸਿੱਖ ਆਗੂਆਂ ਨੂੰ ਇਹ ਟਿੱਪਣੀਆਂ ਅਤੇ ਇਹ ਪੋਸਟਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਆਪਣੇ ਬਿਆਨਾਂ ਦੀ ਪੱਧਰ ਅਤੇ ਸਤਹ ਪਧਰ ਦੀ ਜਾਣਕਾਰੀ ਉੱਤੇ ਥੋੜ੍ਹੀ ਬਹੁਤੀ ਸੰਗ ਸ਼ਰਮ ਆ ਸਕੇ। ਅਹਿਮ ਕਿਤਾਬਾਂ ਵੀ ਪੜ੍ਹਨ ਦੀ ਲੋੜ ਹੈ ਤਾਂ ਜੋ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਅਤੇ ਉਸ ਦੌਰ ਵਿਚ ਚੱਲ ਰਹੀਆਂ ਰਾਜਨੀਤਕ ਲਹਿਰਾਂ ਅਤੇ ਸਿੱਖ ਕੌਮ ਦੀਆਂ ਕੁਰਬਾਨੀਆਂ ਬਾਰੇ ਉਹ ਆਪਣੀ ਸੁਤੰਤਰ ਰਾਇ ਬਣਾ ਸਕਣ ਪਰ ਇਨ੍ਹਾਂ ਕਿਤਾਬਾਂ ਨੂੰ ਪੜ੍ਹ ਕੇ, ਸਮਝ ਕੇ ਅਤੇ ਮਹਿਸੂਸ ਕਰਕੇ ਜਦੋਂ ਉਹ ਕੋਈ ਬਿਆਨ ਵੀ ਦੇਣਗੇ ਅਤੇ ਉਹ ਬਿਆਨ ਭਾਵੇਂ ਸਿਮਰਨਜੀਤ ਸਿੰਘ ਮਾਨ ਦੇ ਬਿਰਤਾਂਤ ਨਾਲ ਇੱਕਸੁਰ ਨਾ ਵੀ ਹੋਵੇ ਤਾਂ ਵੀ ਇਕ ਇਕ ਉੱਚੀ ਪੱਧਰ ਦੀ ਅਸਹਿਮਤੀ ਦੇ ਜਸ਼ਨ ਨੂੰ ਸਾਂਝੀ ਥਾਂ ਅਤੇ ਮਨਾਉਣ ਦਾ ਇਕ ਮਾਹੌਲ ਤਾਂ ਤਿਆਰ ਹੋ ਹੀ ਜਾਵੇਗਾ ਪਰ ਹੁਣ ਕੀ ਹੋ ਰਿਹਾ ਹੈ? ਸਾਡੇ ਬਹੁਤੇ ਆਗੂ ਅਤੇ ਚੈਨਲ ਬੇਬੁਨਿਆਦ ਰੌਲੇ ਵਿਚ ਹੁੰਮ-ਹੁਮਾ ਕੇ ਸ਼ਾਮਲ ਹੋ ਰਹੇ ਹਨ।

ਦਿਲਚਸਪ ਸੱਚਾਈ ਇਹ ਹੈ ਕਿ ਵਿਚਾਰਾਂ ਦੀ ਗਰਾਊਂਡ ਦੇ ਬਾਹਰ ਤਾਂ ਰੌਲਾ ਪੈ ਹੀ ਰਿਹਾ ਹੈ ਪਰ ਗਰਾਊਂਡ ਦੇ ਅੰਦਰਲੇ ਖਿਡਾਰੀ ਵੀ ਰੌਲਾ ਪਾ ਰਹੇ ਹਨ।


ਮੁੱਕਦੀ ਗੱਲ ਇਹ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀ ਸ਼ਹੀਦ ਹਨ ਪਰ ਬਦਕਿਸਮਤੀ ਨਾਲ ਹਿੰਦੂ ਰਾਸ਼ਟਰਵਾਦ ਦੇ ਸ਼ਹੀਦ ਹਨ। ਸਿੱਖ ਕੌਮ ਦੇ ਅੰਦਰ ਉਨ੍ਹਾਂ ਨੂੰ ਸ਼ਹਾਦਤ ਦਾ ਰੁਤਬਾ ਨਹੀਂ ਦਿੱਤਾ ਜਾਵੇਗਾ। ਗਦਰ ਪਾਰਟੀ ਦੇ ਸਿੰਘ ਸਾਡੇ ਸ਼ਹੀਦ ਹਨ। ਅਕਾਲੀ ਲਹਿਰ ਦੇ ਸਾਡੇ ਸ਼ਹੀਦ ਹਨ। ਵਰਤਮਾਨ ਇਤਿਹਾਸ ਦੇ ਨਾਇਕ ਸਾਡੇ ਸ਼ਹੀਦ ਹਨ। ਦਰਬਾਰ ਸਾਹਿਬ ਵਿਚ ਭਾਰਤੀ ਫੌਜ ਦਾ ਮੁਕਾਬਲਾ ਕਰਨ ਵਾਲੇ ਸਾਡੇ ਸ਼ਹੀਦ ਹਨ। ਇੱਥੋਂ ਤਕ ਕਿ ਸਾਰਾਗੜ੍ਹੀ ਦੇ ਸ਼ਹੀਦ ਵੀ ਸਾਡੇ ਸ਼ਹੀਦਾਂ ਨੇ ਕਿਉਂਕਿ ਉਹ ਸਾਰੇ ਸਿੱਖ ਜਜ਼ਬੇ ਨੂੰ ਆਪਣੇ ਸੀਨੇ ਵਿਚ ਰੱਖ ਕੇ ਸ਼ਹੀਦ ਹੋਏ। ਇਸੇ ਜਜ਼ਬੇ ਨੂੰ ਹੀ ਆਪਣੇ ਦਿਲ ਵਿਚ ਰੱਖ ਕੇ ਇਤਿਹਾਸ ਨੂੰ ਵੇਖਣਾ ਚਾਹੀਦਾ ਹੈ ਅਤੇ ਇਤਿਹਾਸ ਬਾਰੇ ਆਪਣਾ ਮੌਲਿਕ ਨਜ਼ਰੀਆ ਬਣਾਉਣਾ ਚਾਹੀਦਾ ਹੈ। ਖੋਜ, ਇਤਿਹਾਸ ਤੇ ਜਜ਼ਬੇ ਨਾਲ ਡੂੰਘੀ ਅਤੇ ਸਹਿਜ-ਸਾਂਝ ਪਾ ਕੇ ਹੀ ਸਿਮਰਜੀਤ ਸਿੰਘ ਮਾਨ ਦੇ ਬਿਆਨ ਨੂੰ ਸਮਝਿਆ ਜਾ ਸਕਦਾ ਹੈ। 'ਰਖਿ ਰਖੀ ਚਰਿਨ ਧਰੇ ਵੀਚਾਰੀ' ਦਾ ਗੁਰੂ-ਸੰਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ।

ਸਿਮਰਨਜੀਤ ਸਿੰਘ ਮਾਨ ਦੀ ਸ਼ਹੀਦ ਭਗਤ ਸਿੰਘ ਬਾਰੇ ਸਿਰਜੇ ਬਿਰਤਾਂਤ ਦੀ ਆਖਿਰਕਾਰ ਵੱਡੀ ਅਤੇ ਅਕਾਦਮਿਕ ਪ੍ਰਾਪਤੀ ਕੀ ਹੈ? ਮਾਨ ਸਾਹਿਬ ਨੇ ਸ਼ਹੀਦ ਭਗਤ ਸਿੰਘ ਬਾਰੇ ਖੱਬੇ ਪੱਖੀਆਂ ਵੱਲੋਂ ਦਹਾਕਿਆਂ ਤੋਂ ਸਿਰਜੇ ਬਿਰਤਾਂਤ ਵਿਚ ਵੱਡੀ ਤਰੇੜ ਪਾ ਦਿੱਤੀ ਹੈ ਜਾਂ ਇਉਂ ਕਹਿ ਲਵੋ ਕਿ 'ਸਥਾਪਤ ਸਮਝ' ਨੂੰ 'ਇਕ ਸਥਿਤੀ' ਨੂੰ, 'ਬਣਾਏ ਹਾਲਾਤ' ਨੂੰ ਡੀ-ਆਈਕੋਨਾਈਜ਼ ਅਤੇ ਡਿਸਮੈਂਟਲ ਕਰ ਦਿੱਤਾ ਅਤੇ 'ਫਾਰ ਰਾਈਟ ਅਤੇ ਫਾਰ ਲੈਫਟ' ਦੇ ਹਲਕਿਆਂ ਨੂੰ ਬਹਿਸ ਲਈ ਸੱਦਾ ਦਿੱਤਾ ਹੈ। ਹੁਣ ਜੇ ਇੱਕ ਧਿਰ ਦੇ ਆਰਟੀਕਲਾਂ ਦੀ ਭਰਮਾਰ ਹੋਵੇਗੀ ਤਾਂ ਦੂਜੀ ਧਿਰ ਕੋਲ ਵੀ ਜਵਾਬ ਦੇਣ ਲਈ ਵੱਡੇ ਤਰਕ ਅਤੇ ਸਵਾਲ ਹੋਣਗੇ। ਇਸ ਨਾਲ ਡਾਇਸਪੋਰਾ ਵਿਚ ਵੀ ਬਹਿਸ ਛਿੜ ਸਕਦੀ ਹੈ। ਇਹੋ ਬਹਿਸ ਇਹ ਨਿਬੇੜਾ ਵੀ ਕਰੇਗੀ ਕਿ ਕਿਹੜੇ ਹੁੰਦੇ ਹਨ ਡੂੰਘੀਆਂ ਜੜ੍ਹਾਂ ਵਾਲੇ ਦਰੱਖਤ ਅਤੇ ਉਨ੍ਹਾਂ ਦਰਖਤਾਂ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ?

## ਬੇਟੇ ਦੀ ਚਿੰਤਾ

### *ਹਿੰਦੀ ਮਿੰਨੀ ਕਹਾਣੀ*

ਰਾਜੇਸ਼ ਅੱਜ ਆਪਣੇ ਮਾਂ-ਪਿਓ ਨੂੰ ਓਲਡ ਏਜ ਹੋਮ ਵਿਚ ਇਹ ਕਹਿ ਕੇ ਛੱਡ ਆਇਆ ਕਿ ਇੱਥੇ ਤੁਹਾਨੂੰ ਦੋਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਇੱਥੇ ਤੁਹਾਨੂੰ ਤੁਹਾਡੀ ਉਮਰ ਦੇ ਦੋਸਤ ਵੀ ਮਿਲ ਜਾਣਗੇ ਗੱਲਬਾਤ ਕਰਨ ਲਈ।



ਕੁਝ ਦਿਨਾਂ ਤੋਂ ਘਰ ਵਿਚ ਨੀਤਾ ਅਤੇ ਰਾਜੇਸ਼ ਦੀ ਮਾਂ ਵਿਚ ਝਗੜੇ ਕੁਝ ਜ਼ਿਆਦਾ ਹੀ ਵਧ ਗਏ ਸਨ। ਰਾਜੇਸ਼ ਬੜਾ ਪ੍ਰੇਸ਼ਾਨ ਹੋ ਗਿਆ ਸੀ। ਪਤਨੀ ਵੱਲੋਂ ਬੋਲਦਾ ਤਾਂ ਮੁਸ਼ਕਿਲ ਅਤੇ ਮਾਂ ਵੱਲੋਂ ਬੋਲਦਾ ਤਾਂ ਮੁਸ਼ਕਿਲ। ਆਖਰ ਉਹਨੇ ਪਤਨੀ ਵੱਲੋਂ ਬੋਲਣ ਦਾ ਫ਼ੈਸਲਾ ਕਰ ਲਿਆ ਅਤੇ ਆਪਣੇ ਮਾਂ-ਪਿਉ ਨੂੰ ਬਜ਼ੁਰਗ ਆਸ਼ਰਮ ਛੱਡ ਆਇਆ।

**ਮੂਲ: ਤਾਰਾਵਤੀ ਸੈਣੀ 'ਨੀਰਜ'**
**ਅਨੁ: ਪ੍ਰੋ. ਨਵ ਸੰਗੀਤ ਸਿੰਘ**
**91+94176-92015**

ਬਿਨਾਂ ਇਹ ਸੋਚਿਆਂ ਕਿ ਪਰਿਵਾਰ ਵੱਡਾ ਸੰਸਾਰ ਹੁੰਦਾ ਹੈ। ਸਾਨੂੰ ਸਾਰਿਆਂ ਲਈ ਉਸ ਵਿਚ ਸੁਮੇਲ ਬਿਠਾਉਣਾ ਪੈਂਦਾ ਹੈ। ਆਪਣੀਆਂ ਖੁਸ਼ੀਆਂ ਦਾ ਕਈ ਵਾਰ ਗਲਾ ਵੀ ਘੁੱਟਣਾ ਪੈਂਦਾ ਹੈ। ਕਦੇ ਖ਼ੁਸ਼ੀ, ਕਦੇ ਗ਼ਮ; ਕਦੇ ਲੜਾਈ ਤੇ ਕਦੇ ਪਿਆਰ ਚੱਲਦਾ ਰਹਿੰਦਾ ਹੈ। ਕਈ ਵਾਰ ਪਰਿਵਾਰ ਦੇ ਝਗੜੇ ਬੈਠ ਕੇ ਇਕ-ਦੂਜੇ ਨੂੰ ਸਮਝਾ ਕੇ ਵੀ ਖ਼ਤਮ ਜਾਂ ਘੱਟ ਕੀਤੇ ਜਾ ਸਕਦੇ ਹਨ। ਪਰ ਰਾਜੇਸ਼ ਨੇ ਤਾਂ ਕੁਝ ਸੋਚਿਆ ਹੀ ਨਹੀਂ ਅਤੇ ਉਹਨੇ ਇਸ ਘਰ ਵਿਚ ਝਗੜੇ ਦੀ ਜੜ੍ਹ ਨੂੰ ਖ਼ਤਮ ਕਰ ਦਿੱਤਾ। ਝਗੜਾ ਕੀ ਸੀ- ਰਾਜੇਸ਼ ਦੀ ਮਾਂ ਨੀਤਾ ਨੂੰ ਕਹਿੰਦੀ, "ਬੇਟਾ, ਬਾਬੂ ਜੀ ਨੂੰ ਸਵੇਰੇ ਛੇਤੀ ਦਵਾਈ ਲੈਣੀ ਪੈਂਦੀ ਹੈ, ਤੂੰ ਖਾਣਾ ਛੇਤੀ ਬਣਾ ਦਿਆ ਕਰ।" ਪਰ ਨੀਤਾ ਉਨ੍ਹਾਂ ਦੀ ਕੋਈ ਗੱਲ ਨਾ ਸੁਣਦੀ।

ਅਜਿਹੀਆਂ ਗੱਲਾਂ 'ਤੇ ਲੜਾਈ ਸ਼ੁਰੂ ਹੋ ਜਾਂਦੀ। ਨੀਤਾ ਨੇ ਕਈ ਵਾਰ ਆਤਮ-ਹੱਤਿਆ ਕਰਨ ਦੀ ਧਮਕੀ ਵੀ ਦੇ ਦਿੱਤੀ। ਰਾਜੇਸ਼ ਨੇ ਆਖ਼ਰ ਫ਼ੈਸਲਾ ਲੈ ਲਿਆ। ਨੀਤਾ ਤਾਂ ਕਦੇ ਆਪਣੇ ਸੱਸ-ਸਹੁਰੇ ਨੂੰ ਮਿਲਣ ਬਜ਼ੁਰਗ ਆਸ਼ਰਮ ਨਹੀਂ ਗਈ। ਰਾਜੇਸ਼ ਨੂੰ ਸਮਾਂ ਨਾ ਮਿਲਦਾ। ਆਖ਼ਰ ਪਤਾ ਨਹੀਂ ਕਦੋਂ ਸਮਾਂ ਲੰਘ ਗਿਆ।

ਉਹਦੇ ਮਾਪੇ ਕਿਵੇਂ ਰਹਿੰਦੇ ਹੋਣਗੇ। ਉਨ੍ਹਾਂ ਨੂੰ ਉਹਦੀ, ਉਹਦੇ ਬੱਚਿਆਂ ਦੀ ਕਿੰਨੀ ਯਾਦ ਆਉਂਦੀ ਹੋਵੇਗੀ- ਸਭ ਭੁੱਲ ਹੀ ਗਿਆ। ਆਪਣੇ ਕੰਮ ਵਿਚ ਰੁੱਝਿਆ ਰਿਹਾ।

ਇੱਕ ਦਿਨ ਉਹਨੂੰ ਖ਼ਬਰ ਮਿਲੀ ਕਿ ਉਹਦੇ ਪਿਤਾ ਜੀ ਮਰ ਗਏ ਹਨ ਤੇ ਉਨ੍ਹਾਂ ਦੇ ਗ਼ਮ ਵਿਚ ਮਾਂ ਵੀ ਚੱਲ ਵਸੀ ਹੈ; ਉਹ ਉਨ੍ਹਾਂ ਦੇ ਮ੍ਰਿਤਕ ਸਰੀਰ ਲੈਣ ਆ ਜਾਵੇ। ਉਸ ਦਿਨ ਰਾਜੇਸ਼ ਕੁਝ ਦੁਖੀ ਹੋਇਆ। ਉਸ ਨੂੰ ਆਪਣੇ ਮਾਪਿਆਂ ਦਾ ਖਿਆਲ ਆਇਆ। ਉਹ ਉਨ੍ਹਾਂ ਦੇ ਮ੍ਰਿਤਕ ਸਰੀਰ ਲੈਣ ਲਈ ਬਜ਼ੁਰਗ ਆਸ਼ਰਮ ਪਹੁੰਚਿਆ। ਉਹਦੇ ਮਾਂ-ਪਿਓ ਦੇ ਸਰੀਰ ਨੂੰ ਜਦੋਂ ਐਂਬੂਲੈਂਸ ਵਿਚ ਰੱਖਿਆ ਜਾ ਰਿਹਾ ਸੀ, ਤਾਂ ਉਥੇ ਕੰਮ ਕਰਨ ਵਾਲੀ ਔਰਤ ਰਾਜੇਸ਼ ਕੋਲ ਆਈ ਅਤੇ ਬੋਲੀ- "ਤੂੰ ਹੈ ਰਾਜੇਸ਼?"

ਉਹਨੇ ਕਿਹਾ-"ਹਾਂ।"

"ਹੇ ਰੱਬਾ! ਕਿੰਨਾ ਨਿਰਦਈ' ਕਿੰਨਾ ਪੱਥਰ-ਦਿਲ ਹੈਂ। ਆਪਣੇ ਮਾਂ-ਪਿਓ ਨੂੰ ਮਿਲਣ ਤੱਕ ਨਹੀਂ ਆਇਆ। ਉਹ ਤੈਨੂੰ ਕਿੰਨਾ ਯਾਦ ਕਰਦੇ ਸਨ। ਉਨ੍ਹਾਂ ਨੇ ਤੈਨੂੰ ਕਿੰਨੇ ਲਾਡਾਂ ਨਾਲ ਪਾਲਿਆ ਸੀ। ਉਹ ਸਭ ਭੁੱਲ ਗਿਆ? ਘਰ ਵਿਚ ਲੜਾਈ-ਝਗੜੇ ਤਾਂ ਹੁੰਦੇ ਹੀ ਰਹਿੰਦੇ ਹਨ। ਤੂੰ ਉਨ੍ਹਾਂ ਨੂੰ ਇੱਥੇ ਛੱਡ ਗਿਆ ਪਰ ਮਿਲਣ ਤਾਂ ਆ ਸਕਦਾ ਸੀ? ਮੈਂ ਤੈਨੂੰ ਇੱਕ ਗੱਲ ਕਹਾਂ- ਅੱਜ ਮੈਨੂੰ ਕੋਈ ਅਫ਼ਸੋਸ ਨਹੀਂ ਕਿ ਮੇਰੇ ਕੋਈ ਸੰਤਾਨ ਨਹੀਂ ਹੈ। ਕਿਉਂਕਿ ਤੇਰੇ ਵਰਗੀ ਸੰਤਾਨ ਹੋਣ ਨਾਲੋਂ ਤਾਂ ਬਾਂਝ ਹੋਣਾ ਚੰਗਾ ਹੈ। ਜੋ ਵੀ ਹੈ, ਮੈਂ ਤਾਂ ਤੈਨੂੰ ਇਹ ਚਿੱਠੀ ਦੇਣ ਆਈ ਹਾਂ, ਜੋ ਤੇਰੀ ਮਾਂ ਨੇ ਮੈਨੂੰ ਦਿੱਤੀ ਸੀ।"

ਰਾਜੇਸ਼ ਨੇ ਚਿੱਠੀ ਖੋਲ੍ਹੀ। ਉਸ ਵਿਚ ਲਿਖਿਆ ਸੀ,

"ਬੇਟਾ, ਮੈਂ ਬਜ਼ੁਰਗ ਆਸ਼ਰਮ ਵਿਚ ਆਪਣੇ ਪੈਸਿਆਂ ਨਾਲ ਸਾਰਿਆਂ ਲਈ ਸੁੱਖ-ਸਹੂਲਤਾਂ ਕਰਵਾ ਦਿੱਤੀਆਂ ਹਨ ਤਾਂ ਕਿ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਬੇਟਾ, ਮੈਨੂੰ ਤੇਰੀ ਬੜੀ ਚਿੰਤਾ ਹੈ। ਕਿਉਂਕਿ ਤੈਨੂੰ ਫਿਲਟਰ ਪਾਣੀ ਦੀ ਆਦਤ ਹੈ; ਤੂੰ ਏ ਸੀ ਤੋਂ ਬਿਨਾਂ ਨਹੀਂ ਸੌਂ ਸਕਦਾ; ਤੂੰ ਸਰਦੀਆਂ ਵਿਚ ਗੀਜ਼ਰ ਦੇ ਪਾਣੀ ਨਾਲ ਨਹਾਉਂਦਾ ਹੈਂ। ਇਸ ਲਈ ਮੈਂ ਇੱਥੇ ਸਾਰੀਆਂ ਸਹੂਲਤਾਂ ਕਰਵਾ ਦਿੱਤੀਆਂ ਹਨ। ਬੇਟਾ, ਕੱਲ੍ਹ ਨੂੰ ਤੇਰੇ ਬੱਚੇ ਤੈਨੂੰ ਇਸੇ ਬਜ਼ੁਰਗ ਆਸ਼ਰਮ ਵਿਚ ਛੱਡ ਕੇ ਜਾਣਗੇ, ਤਾਂ ਤੈਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ।

-ਤੇਰੀ ਮਾਂ।"

# ਆਰ.ਐੱਸ.ਐੱਸ. ਅਤੇ ਨਫਰਤ ਫੈਲਾਉਂਦੇ ਭਾਸ਼ਣ

**ਵਾਪੱਲਾ ਬਾਲਚੰਦਰਨ**

ਪਹਿਲੀ ਜੁਲਾਈ ਨੂੰ ਆਰ.ਐੱਸ.ਐੱਸ. ਦੇ ਇੱਕ ਪ੍ਰਮੁੱਖ ਅਹੁਦੇਦਾਰ ਨੇ ਸੁਪਰੀਮ ਕੋਰਟ ਦੇ ਉਸ ਫੈਸਲੇ 'ਤੇ ਅਸਹਿਮਤੀ ਜਤਾਈ ਜਿਸ ਵਿਚ ਅਦਾਲਤ ਨੇ ਨੂਪੁਰ ਸ਼ਰਮਾ ਨੂੰ ਮੁਲਕ ਵਿਚ ਵਾਪਰ ਰਹੀਆਂ ਘਟਨਾਵਾਂ ਲਈ ਵਿਅਕਤੀਗਤ ਤੌਰ 'ਤੇ ਸਭ ਤੋਂ ਵੱਡੀ ਕਸੂਰਵਾਰ ਠਹਿਰਾਇਆ ਸੀ। ਉਦੈਪੁਰ ਦੇ ਇੱਕ ਦਰਜ਼ੀ ਕਨ੍ਹੱਈਆ ਲਾਲ ਤੇਲੀ ਦੀ ਬੇਕਿਰਕ ਹੱਤਿਆ ਦਾ ਹਵਾਲਾ ਦਿੰਦਿਆਂ ਆਰ.ਐੱਸ.ਐੱਸ. ਅਹੁਦੇਦਾਰ ਨੇ ਆਖਿਆ, "ਤਾਲਿਬਾਨ ਤਰਜ਼ ਵਾਲੀ ਇਹ ਘਟਨਾ ਕਿਸੇ ਭੜਕਾਹਟ ਦੇ ਪ੍ਰਤੀਕਰਮ ਵਜੋਂ ਨਹੀਂ ਵਾਪਰੀ ਸਗੋਂ ਖਾਸ ਮਨੋਦਸ਼ਾ ਅਤੇ ਵਿਸ਼ਵਾਸ ਤੰਤਰ ਕਰ ਕੇ ਵਾਪਰੀ ਸੀ।"

ਕੀ ਇਸੇ ਸੂਬੇ ਵਿਚ ਸਾਲ 2017 ਵਿਚ ਤਾਲਿਬਾਨ/ਇਸਲਾਮਿਕ ਸਟੇਟ ਦੀ ਤਰਜ਼ 'ਤੇ ਕੀਤੀ ਗਈ ਘੱਟਗਿਣਤੀ ਭਾਈਚਾਰੇ ਦੇ 48 ਸਾਲਾ ਮਜ਼ਦੂਰ ਦੀ ਹੱਤਿਆ ਬਾਰੇ ਵੀ ਉਹ ਆਰ.ਐੱਸ.ਐੱਸ. ਆਗੂ ਇਹੀ ਗੱਲ ਆਖ ਸਕੇਗਾ? 8 ਦਸੰਬਰ 2017 ਨੂੰ ਰਾਜਸਥਾਨ ਦੇ ਰਾਜਸਮੰਦ ਸ਼ਹਿਰ ਵਿਚ ਸ਼ੰਭੂ ਲਾਲ ਰੈਗਰ ਨੇ ਇੱਕ ਪਰਵਾਸੀ ਮਜ਼ਦੂਰ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਤੇ ਫਿਰ ਲਾਸ਼ ਅੱਗ ਲਾ ਕੇ ਸਾੜ ਦਿੱਤੀ ਸੀ। ਬਾਅਦ ਵਿਚ ਪਤਾ ਲੱਗਿਆ ਸੀ ਕਿ ਮਰਨ ਵਾਲਾ ਮਜ਼ਦੂਰ ਤਿੰਨ ਧੀਆਂ ਦਾ ਪਿਓ ਸੀ ਅਤੇ 12 ਸਾਲਾਂ ਤੋਂ ਰਾਜਸਥਾਨ ਵਿਚ ਰਹਿ ਰਿਹਾ ਸੀ। ਉਹ ਆਪਣੀ ਧੀ ਦੇ ਵਿਆਹ ਦਾ ਕਾਜ ਰਚਾਉਣ ਲਈ ਪੱਛਮੀ ਬੰਗਾਲ ਵਾਪਸ ਜਾਣ ਦੀ ਤਿਆਰੀ ਕਰ ਰਿਹਾ ਸੀ। ਇਸਲਾਮਿਕ ਸਟੇਟ ਦੇ ਕਾਤਲਾਂ ਵਾਂਗ ਹੀ ਸ਼ੰਭੂ ਲਾਲ ਰੈਗਰ ਨੇ ਆਪਣੇ ਇੱਕ ਭਤੀਜੇ ਦੀ ਮਦਦ ਨਾਲ ਇਸ ਘਿਨਾਉਣੀ ਹੱਤਿਆ ਦੀ ਵੀਡੀਓ ਬਣਵਾਈ ਅਤੇ ਫਿਰ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਜਿਸ ਵਿਚ ਰੈਗਰ ਉਸ ਮਜ਼ਦੂਰ 'ਤੇ ਲਵ ਜਹਾਦ ਵਿਚ ਸ਼ਾਮਲ ਹੋਣ ਦੇ ਦੋਸ਼ ਲਾਉਂਦਾ ਸੁਣਾਈ ਦਿੰਦਾ ਹੈ ਜਦੋਂਕਿ ਉਹ ਮਜ਼ਦੂਰ ਉਸ ਦੇ ਸਾਹਮਣੇ ਰਹਿਮ ਦੀ ਭੀਖ ਮੰਗ ਰਿਹਾ ਸੀ।

ਮੀਡੀਆ ਰਾਹੀਂ ਇਹ ਵੀ ਪਤਾ ਲੱਗਿਆ ਹੈ ਕਿ ਰੈਗਰ ਨੇ ਜੋਧਪੁਰ ਕੇਂਦਰੀ ਜੇਲ੍ਹ 'ਚੋਂ ਨਫਰਤੀ ਸੰਦੇਸ਼ਾਂ ਵਾਲੀਆਂ ਦੋ ਹੋਰ ਵੀਡੀਓਜ਼ ਵੀ ਸਰਕੁਲੇਟ ਕੀਤੀਆਂ ਸਨ ਜਿਨ੍ਹਾਂ ਵਿਚ ਹਿੰਦੂਆਂ ਨੂੰ ਜਹਾਦੀਆਂ ਖਿਲਾਫ ਇਕਜੁੱਟ ਹੋਣ ਲਈ ਕਿਹਾ ਗਿਆ ਹੈ। ਕੀ ਕੋਈ ਵੀ ਇਹ ਕਹਿ ਸਕਦਾ ਹੈ ਕਿ ਇਹ ਹੱਤਿਆ ਵੀ ਕਿਸੇ ਵਿਸ਼ਵਾਸ ਤੰਤਰ ਕਰ ਕੇ ਵਾਪਰੀ ਸੀ?

46 ਸਾਲਾਂ ਤੋਂ ਦਹਿਸ਼ਤਵਾਦ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਇਹ ਆਖ ਸਕਦਾ ਹਾਂ ਕਿ ਇਸ ਗੱਲ ਦੇ ਪ੍ਰਮਾਣਿਕ ਸਬੂਤ ਮਿਲੇ ਹਨ ਕਿ ਨਫਰਤ ਭਰੇ ਭਾਸ਼ਣਾਂ ਦਾ ਦਹਿਸ਼ਤਗਰਦੀ ਦੇ ਕਾਰਿਆਂ 'ਤੇ ਸਿੱਧਾ ਅਸਰ ਪੈਂਦਾ ਹੈ। 2006 ਵਿਚ ਅਮਰੀਕੀ ਪੱਤਰਕਾਰ ਜੇਮਸ ਕਿਟਫੀਲਡ ਨੇ ਪੈਂਟਾਗਨ ਦੇ ਸੀਨੀਅਰ ਅਧਿਕਾਰੀ ਮਾਰੀਓ ਮੈਨਕੁਸੋ ਦੇ ਹਵਾਲੇ ਨਾਲ ਨੈਸ਼ਨਲ ਜਰਨਲ ਵਿਚ ਲੇਖ 'ਅਲ-ਕਾਇਦਾਜ਼ ਪੈਂਡੈਮਿਕ' (ਅਲ-ਕਾਇਦਾ ਦੀ ਮਹਾਮਾਰੀ) ਲਿਖਿਆ ਸੀ ਜਿਸ ਵਿਚ ਕਿਹਾ ਗਿਆ ਸੀ: "ਦੁਨੀਆ ਭਰ ਵਿਚ ਅਤਿਵਾਦ ਉਸਾਮਾ-ਬਿਨ-ਲਾਦਿਨ ਦੀ ਕੱਟੜ ਵਿਚਾਰਧਾਰਾ 'ਤੇ ਲਗਭਗ ਉਸੇ ਤਰ੍ਹਾਂ ਪ੍ਰਤੀਕਿਰਿਆ ਦਿੰਦਾ ਹੈ, ਜਿਵੇਂ ਦੂਰ-ਦਰਾਜ਼ ਤੋਂ ਵੱਖੋ-ਵੱਖਰੇ ਦਿਸਦੇ ਪ੍ਰਕਾਸ਼ ਕਣ ਕਿਸੇ ਅਣਦਿਸਦੀ ਤਰੰਗ ਨਾਲ ਮਿਲ ਕੇ ਚੱਲਦੇ ਹਨ।" ਬਾਅਦ ਵਿਚ ਦਹਿਸ਼ਤਗਰਦੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਲਈ ਉਕਸਾਹਟ ਦਾ ਸਬਬ ਲਾਦਿਨ ਦੀਆਂ ਨਫਰਤੀ ਤਕਰੀਰਾਂ ਸਨ।

ਸਟੀਵ ਕੌਲ ਨੇ ਇਹ ਖੁਲਾਸਾ ਕੀਤਾ ਸੀ ਕਿ ਉਸਾਮਾ-ਬਿਨ-ਲਾਦਿਨ ਜ਼ਿਆਦਾਤਰ ਵਿਦੇਸ਼ੀ ਅਧਿਆਪਕਾਂ ਵਾਲੇ ਜੱਦਾ ਦੇ ਸਭ ਤੋਂ ਮਸ਼ਹੂਰ ਅੰਗਰੇਜ਼ੀ ਸਕੂਲ ਵਿਚ ਪੜ੍ਹਦਾ ਸੀ ਅਤੇ ਕਿਵੇਂ ਉਹ ਦਹਿਸ਼ਤਗਰਦੀ ਦੇ ਪ੍ਰਚਾਰਕ ਦੇ ਰੂਪ ਵਿਚ ਤਬਦੀਲ ਹੋ ਗਿਆ। ਕੌਲ ਨੇ ਦੁਨੀਆ ਭਰ ਵਿਚ ਕੀਤੀਆਂ ਉਸ ਦੀਆਂ ਤਬਾਹਕੁਨ ਸਰਗਰਮੀਆਂ ਦਾ ਲੇਖਾ ਜੋਖਾ ਕੀਤਾ ਸੀ। ਦਹਿਸ਼ਤਗਰਦੀ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਦਹਿਸ਼ਤਗਰਦ ਕੋਈ ਪਾਗਲ ਜਾਂ ਮਾਨਸਿਕ ਰੋਗਾਂ ਵਾਲੇ ਬੇਥਵੀਆਂ ਮਾਰਨ ਵਾਲੇ ਲੋਕ ਨਹੀਂ ਹੁੰਦੇ।

2004 ਵਿਚ ਸਾਊਥ ਫਲੋਰਿਡਾ ਯੂਨੀਵਰਸਿਟੀ ਨੇ 'ਦਹਿਸ਼ਤਵਾਦ ਦੇ ਮਨੋਵਿਗਿਆਨ' ਬਾਰੇ ਵਿਆਪਕ ਅਧਿਐਨ ਸ਼ੁਰੂ ਕਰਵਾਇਆ ਜਿਸ ਵਿਚ ਵੱਖੋ-ਵੱਖਰੇ ਮੁਲਕਾਂ ਤੋਂ ਵੱਖੋ-ਵੱਖਰੇ ਵਿਸ਼ਿਆਂ ਦੇ 9 ਮਾਹਿਰ ਸ਼ਾਮਲ ਕੀਤੇ ਗਏ। ਉਨ੍ਹਾਂ ਕਿਤਾਬਾਂ, ਖੋਜ ਪੱਤਰ, ਐੱਫ.ਬੀ.ਆਈ. ਦੀਆਂ ਲੱਭਤਾਂ ਸਣੇ 324 ਵੰਨਗੀਆਂ ਵਾਲੇ ਵਿਸ਼ਾਲ ਡੇਟਾ ਸਮੂਹ ਦੇ ਆਧਾਰ 'ਤੇ ਆਪਣੇ ਸਿੱਟੇ ਕੱਢੇ ਜਿਨ੍ਹਾਂ ਤੋਂ ਪਤਾ ਲੱਗਿਆ ਕਿ ਬਹੁਤ ਸਾਰੇ ਦਹਿਸ਼ਤਗਰਦਾਂ ਨੂੰ ਕਿਸੇ ਸਾਂਝੀ ਸ਼ਖਸੀ ਪਛਾਣ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਸਗੋਂ ਦਹਿਸ਼ਤਗਰਦ ਆਮ ਵਿਅਕਤੀਆਂ ਦੀ ਤਰ੍ਹਾਂ ਹੀ ਵਿਚਰਦੇ ਹਨ ਜੋ ਕੁਝ ਖਾਸ ਕਾਰਨਾਂ ਕਰ ਕੇ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋ ਜਾਂਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਦਾ ਖਿਆਲ ਹੁੰਦਾ ਹੈ ਕਿ ਉਨ੍ਹਾਂ ਨੂੰ ਚੁਣੌਤੀ ਦੇਣਾ ਲਾਜ਼ਮੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਅਜਿਹਾ ਧਾਰਮਿਕ ਅਕੀਦੇ ਕਰ ਕੇ ਹੋਵੇ।



ਇਹ ਦਿਲਚਸਪ ਥਿਊਰੀ ਵੀ ਸਾਹਮਣੇ ਆਈ ਹੈ: ਜ਼ਰੂਰੀ ਨਹੀਂ ਕਿ ਦਹਿਸ਼ਤਗਰਦਾ ਦਾ ਮੰਤਵ ਸੱਤਾ ਪ੍ਰਾਪਤੀ ਹੋਵੇ ਸਗੋਂ ਇਹ 'ਸਿਆਸੀ ਸੰਚਾਰ' ਦਾ ਰੂਪ ਹੁੰਦਾ ਹੈ। ਬਾਅਦ ਵਿਚ ਸਾਹਮਣੇ ਆਏ ਦਹਿਸ਼ਤਗਰਦੀ ਦੇ ਕਈ ਮਾਮਲਿਆਂ ਤੋਂ ਇਹ ਗੱਲ ਸੱਚ ਸਾਬਿਤ ਹੋਈ। 9/11 ਸਾਕੇ ਦਾ ਪ੍ਰਮੁੱਖ ਮਿਸਰੀ ਦਹਿਸ਼ਤਗਰਦ ਮੁਹੰਮਦ ਅਤਾ ਜਿਸ ਨੇ ਹੈਮਬਰਗ ਯੂਨੀਵਰਸਿਟੀ ਆਫ ਟੈਕਨੋਲੋਜੀ ਵਿਚ ਪੜ੍ਹਾਈ ਕੀਤੀ ਸੀ, ਕਾਹਿਰਾ ਵਿਚ ਪੱਛਮ ਦੀ ਤਰਜ਼ 'ਤੇ ਬਣੀਆਂ ਬਹੁ-ਮੰਜ਼ਲਾ ਇਮਾਰਤਾਂ ਪ੍ਰਤੀ ਨਾਪਸੰਦਗੀ ਦਾ ਇਜ਼ਹਾਰ ਕਰ ਕੇ ਦਹਿਸ਼ਤਗਰਦੀ ਦੇ ਰਾਹ ਵੱਲ ਆਇਆ ਸੀ। ਉਹ ਰਵਾਇਤੀ ਅਰਬੀ ਇਮਾਰਤਾਂ ਦੇਖਣ ਦਾ ਚਾਹਵਾਨ ਸੀ।

ਦੋ ਹੋਰ ਕੇਸਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਦੋਂ ਅਲ-ਕਾਇਦਾ ਨੇ ਉਨ੍ਹਾਂ ਨੂੰ ਭਰਤੀ ਨਹੀਂ ਕੀਤਾ ਸੀ। ਉਨ੍ਹਾਂ ਨੇ 'ਸੰਦੇਸ਼' ਦੇਣ ਲਈ ਆਪਣੇ ਤੌਰ 'ਤੇ ਹੀ ਕਾਰਵਾਈ ਕਰਨ ਦੀ ਪੇਸ਼ਕਸ਼ ਕੀਤੀ ਸੀ। ਇਸ ਦਾ ਉਨ੍ਹਾਂ ਦੇ ਧਰਮ ਜਾਂ ਅਕੀਦੇ ਨਾਲ ਕੋਈ ਵਾਸਤਾ ਨਹੀਂ ਸੀ।

ਦਸੰਬਰ 2009 ਵਿਚ ਕ੍ਰਿਸਮਸ ਦੀ ਪੂਰਬਲੀ ਸ਼ਾਮ 23 ਸਾਲਾ ਨਾਇਜੀਰੀਆਈ ਯੁਵਕ ਉਮਰ ਅਬਦੁਲ ਮੁਤੱਲਬ ਨੇ ਐਮਸਟਰਡਮ ਤੋਂ ਡਿਟਰਾਇਟ ਦਾ ਹਵਾਈ ਸਫਰ ਕਰਦਿਆਂ ਨੌਰਥਵੈਸਟ 253 ਉਡਾਣ ਵਿਚ 'ਅੰਡਰਵੀਅਰ ਬੰਬ' ਧਮਾਕਾ ਕਰਨ ਦਾ ਯਤਨ ਕੀਤਾ ਸੀ। ਉਸ ਦਾ ਪਿਤਾ ਬਹੁਤ ਅਮੀਰ ਨਾਇਜੀਰੀਆਈ ਬੈਂਕਰ ਸੀ। ਉਮਰ ਵਕਾਰੀ ਯੂਨੀਵਰਸਿਟੀ ਕਾਲਜ (ਲੰਡਨ) ਵਿਚ ਪੜ੍ਹਿਆ ਸੀ। ਉਹ ਨਫਰਤ ਦੇ ਪ੍ਰਚਾਰਕ ਅਨਵਰ-ਅਲ-ਅਵਲਾਕੀ ਦੇ ਅਸਰ ਹੇਠ ਦਹਿਸ਼ਤਗਰਦੀ ਖਿਲਾਫ ਅਮਰੀਕਾ ਦੀ ਜੰਗ ਪ੍ਰਤੀ ਰੋਸ ਵਜੋਂ ਹਿੰਸਾ ਦੇ ਰਾਹ 'ਤੇ ਚੱਲ ਪਿਆ ਸੀ। ਇਸੇ ਤਰ੍ਹਾਂ, ਪਾਕਿਸਤਾਨੀ ਮੂਲ ਦੇ ਅਮਰੀਕੀ ਨਾਗਰਿਕ ਫੈਜ਼ਲ ਸ਼ਾਹਜ਼ਾਦ ਨੇ ਪਹਿਲੀ ਮਈ, 2010 ਨੂੰ ਨਿਊ ਯਾਰਕ ਦੇ ਟਾਈਮਜ਼ ਸਕੁਏਅਰ ਵਿਚ ਬੰਬ ਫਿੱਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਫੈਜ਼ਲ ਏਅਰ ਵਾਈਸ ਮਾਰਸ਼ਲ ਬਹਿਰੁਲ ਹੱਕ (ਸੇਵਾਮੁਕਤ) ਦਾ ਪੁੱਤਰ ਹੈ। ਪਾਕਿਸਤਾਨੀ ਸੂਤਰ ਨੇ ਫੈਜ਼ਲ ਜਾਂ ਉਸ ਦੇ ਪਰਿਵਾਰ ਦਾ ਦਹਿਸ਼ਤਗਰਦੀ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਹੋਣ ਦਾ ਖੰਡਨ ਕੀਤਾ ਸੀ। 9 ਅਕਤੂਬਰ, 2010 ਨੂੰ ਅਖਬਾਰ 'ਗਾਰਡੀਅਨ' (ਯੂਕੇ) ਦੀ ਰਿਪੋਰਟ ਸੀ ਕਿ ਪਾਕਿਸਤਾਨ ਦੇ ਕਬਾਇਲੀ ਵਜ਼ੀਰਿਸਤਾਨ ਇਲਾਕੇ ਵਿਚ ਅਮਰੀਕੀ ਡਰੋਨ ਹਮਲਿਆਂ ਜਿਨ੍ਹਾਂ 'ਚ 411 ਲੋਕ ਮਾਰੇ ਗਏ ਸਨ, ਤੋਂ ਫੈਜ਼ਲ ਬਹੁਤ ਗੁੱਸੇ ਵਿਚ ਸੀ।

ਇਸਲਾਮਿਕ ਸਟੇਟ ਦੀ ਹਿੰਸਾ ਦੇ ਤਫਸੀਲੀ ਅਧਿਐਨ ਤੋਂ ਵੀ ਪਤਾ ਲੱਗਿਆ ਹੈ ਕਿ ਧਰਮ ਦੀ ਬਜਾਇ ਉਨ੍ਹਾਂ ਦਾ ਪ੍ਰਾਪੇਗੰਡਾ ਇੰਨਾ ਦਿਲਕਸ਼ ਸੀ ਜਿਸ ਦੇ ਆਧਾਰ 'ਤੇ ਸੌਖਿਆਂ ਭਰਤੀ ਹੁੰਦੀ ਸੀ। 2020 ਵਿਚ ਇੰਟਰਨੈਸ਼ਨਲ ਸੈਂਟਰ ਫਾਰ ਦਿ ਸਟੱਡੀ ਆਫ ਵਾਇਲੈਂਟ ਐਕਸਟ੍ਰੀਮਿਜ਼ਮ ਵੱਲੋਂ 'ਜਰਨਲ ਆਫ ਸਟ੍ਰੈਟਿਜਿਕ ਸਕਿਓਰਿਟੀ' ਵਿਚ ਵੱਖ ਵੱਖ ਮੁਲਕਾਂ ਵਿਚ ਇਸਲਾਮਿਕ ਸਟੇਟ ਤੋਂ ਭਗੌੜੇ ਹੋਏ ਅਤੇ ਇਸ ਦੀ ਕੈਦ ਵਿਚ ਰਹੇ 220 ਵਿਅਕਤੀਆਂ ਬਾਰੇ ਲੇਖ ਪ੍ਰਕਾਸ਼ਤ ਕੀਤਾ ਗਿਆ ਸੀ। 2015 ਤੋਂ 2019 ਵਿਚਕਾਰ 41 ਨਸਲੀ ਸਮੂਹਾਂ ਦੇ ਇਸ ਅਧਿਐਨ ਤੋਂ ਇਹ ਸੰਕੇਤ ਮਿਲਿਆ ਸੀ ਕਿ ਜ਼ਿਆਦਾ ਬੇਰੁਜ਼ਗਾਰੀ ਵਾਲੇ ਮੁਲਕਾਂ, ਅਪਰਾਧਿਕ ਪਿਛੋਕੜ, ਨਸ਼ਿਆਂ ਦਾ ਸੇਵਨ, ਪਰਿਵਾਰਕ ਉਲਝਣਾਂ ਜਾਂ ਕਲੇਸ਼, ਮਾਪਿਆਂ ਵੱਲੋਂ ਬੇਧਿਆਨੀ, ਵਿਤਕਰਾ ਅਤੇ ਪੱਛਮੀ ਸਮਾਜਾਂ ਅੰਦਰ ਪਰਵਾਸੀਆਂ ਪ੍ਰਤੀ ਤ੍ਰਿਸਕਾਰ ਜਿਹੇ ਕਾਰਕਾਂ ਕਰ ਕੇ 'ਆਈਐੱਸ' ਵਿਚ ਜ਼ਿਆਦਾ ਭਰਤੀ ਹੋਈ ਸੀ। ਇਸ ਤਰ੍ਹਾਂ ਦੇ ਬਹੁਤ ਸਾਰੇ ਲੋਕ ਇਸਲਾਮਿਕ ਸਟੇਟ ਦੇ ਨਫਰਤ ਭਰੇ ਪ੍ਰਾਪੇਗੰਡਾ ਦਾ ਸ਼ਿਕਾਰ ਬਣ ਗਏ। ਇਸ ਕਰ ਕੇ ਹੀ ਸੰਯੁਕਤ ਰਾਸ਼ਟਰ ਨੇ ਮਈ 2019 ਵਿਚ ਨਫਰਤੀ ਭਾਸ਼ਣ ਬਾਰੇ ਰਣਨੀਤੀ ਅਤੇ ਕਾਰਜ ਯੋਜਨਾ ਉਲੀਕੀ ਸੀ। ਸਕੱਤਰ ਜਨਰਲ ਨੇ ਆਖਿਆ ਸੀ ਕਿ ਦੁਨੀਆ ਅੰਦਰ ਦੂਜੇ ਭਾਈਚਾਰਿਆਂ ਪ੍ਰਤੀ ਡਰ, ਨਸਲਪ੍ਰਸਤੀ ਤੇ ਅਸਹਿਣਸ਼ੀਲਤਾ ਦਾ ਵੱਡਾ ਉਭਾਰ ਦੇਖਣ ਨੂੰ ਮਿਲ ਰਿਹਾ ਹੈ ਜਿਸ ਤਹਿਤ ਯਹੂਦੀਆਂ ਤੇ ਮੁਸਲਮਾਨਾਂ ਪ੍ਰਤੀ ਨਫਰਤ ਅਤੇ ਈਸਾਈਆਂ ਖਿਲਾਫ ਅਤਿਆਚਾਰ ਵਿਚ ਵਾਧਾ ਹੋ ਰਿਹਾ ਹੈ।

ਅਖਬਾਰ ਨੇ ਲਿਖਿਆ ਕਿ ਕੌਮਾਂਤਰੀ ਕਾਨੂੰਨ ਤਹਿਤ ਵਿਤਕਰੇ, ਵੈਰ-ਭਾਵ ਤੇ ਹਿੰਸਾ ਨੂੰ ਉਕਸਾਉਣ ਦੀ ਮਨਾਹੀ ਹੈ। ਇਸ ਤੋਂ ਇਲਾਵਾ ਨਫਰਤੀ ਭਾਸ਼ਣ ਬਹੁਤ ਜ਼ਿਆਦਾ ਖਤਰਨਾਕ ਹੁੰਦਾ ਹੈ ਕਿਉਂਕਿ ਇਸ ਨਾਲ ਵਿਤਕਰੇ, ਵੈਰ-ਭਾਵ ਅਤੇ ਹਿੰਸਾ ਨੂੰ ਜਾਣ-ਬੁੱਝ ਕੇ ਭੜਕਾਇਆ ਜਾਂਦਾ ਹੈ ਜਿਸ ਤਹਿਤ ਦਹਿਸ਼ਤਗਰਦੀ ਦੇ ਦਮਨਕਾਰੀ ਅਪਰਾਧ ਵੀ ਆਉਂਦੇ ਹਨ। ਸੰਯੁਕਤ ਰਾਸ਼ਟਰ ਦੀ ਕਾਰਜ ਯੋਜਨਾ ਦੇ 13 ਨੁਕਤੇ ਹਨ ਜਿਨ੍ਹਾਂ 'ਤੇ ਸੰਯੁਕਤ ਰਾਸ਼ਟਰ ਅਤੇ ਇਸ ਦੇ ਮੈਂਬਰ ਮੁਲਕਾਂ ਨੂੰ ਕਾਰਵਾਈ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਵਿਚ ਪੀੜਤਾਂ ਲਈ ਇਨਸਾਫ ਦੀ ਪੈਰਵੀ ਅਤੇ ਰਸਾਈ ਜ਼ਰੀਏ ਨਫਰਤੀ ਭਾਸ਼ਣ ਦੇ ਅਸਰ ਨੂੰ ਘਟਾਉਣਾ ਸ਼ਾਮਲ ਹੈ। ਇਸ ਮੁਤੱਲਕ ਮਨ ਵਿਚ ਇੱਕ ਖਿਆਲ ਉੱਠਦਾ ਹੈ: ਦਿੱਲੀ ਪੁਲੀਸ ਨੂਪੁਰ ਸ਼ਰਮਾ ਖਿਲਾਫ ਕਾਰਵਾਈ ਕਰਨ ਤੋਂ ਕਿਉਂ ਝਿਜਕ ਰਹੀ ਹੈ? ਹਾਲਾਂਕਿ ਸਰਕਾਰ ਉਸ ਨਾਲੋਂ ਆਪਣਾ ਨਾਤਾ ਤੋੜ ਚੁੱਕੀ ਹੈ?

# ਨਫਰਤ ਦੀ ਸਿਆਸਤ ਅਤੇ ਵਿਹਾਰ

**ਰਾਜੇਸ਼ ਰਾਮਚੰਦਰਨ**

ਠੇਸ ਪਹੁੰਚਾਉਣ/ਬੇਇੱਜ਼ਤ ਕਰਨ ਦਾ ਹੱਕ ਅਤੇ ਬੇਇੱਜ਼ਤੀ/ਠੇਸ ਦਾ ਸ਼ਿਕਾਰ ਹੋਣ ਦਾ ਹੱਕ ਸਾਡੇ ਸੰਵਿਧਾਨ ਦੀ ਬੁਨਿਆਦੀ ਹੱਕਾਂ ਬਾਰੇ ਮਜ਼ਬੂਤ ਸੂਚੀ ਵਿਚੋਂ ਦੋ ਗਾਇਬ ਇੰਦਰਾਜ ਹਨ; ਇਸ ਦੇ ਬਾਵਜੂਦ ਇਹ ਦੋਵੇਂ ਬੀਤੇ ਕੁਝ ਹਫਤਿਆਂ ਤੋਂ ਸਾਡੇ ਜਨਤਕ ਵਿਖਿਆਨ ਵਿਚ ਪੂਰੀ ਤਰ੍ਹਾਂ ਛਾਏ ਹੋਏ ਹਨ। ਕਿਸੇ ਵੀ ਤਰ੍ਹਾਂ ਦਾ ਕੋਈ ਵੀ ਸਮਾਜਿਕ ਗਰੁੱਪ ਠੇਸ ਪਹੁੰਚਾਉਣ ਅਤੇ ਠੇਸ ਦਾ ਸ਼ਿਕਾਰ ਹੋਣ ਲਈ ਕਾਹਲਾ ਹੈ, ਜਿਵੇਂ ਇਸ ਦੀ ਮੂਲ ਹੋਂਦ ਹੀ ਫਿਰਕੂ ਬੇਅਦਬੀ ਦੇ ਇਨ੍ਹਾਂ ਦੋ ਗੁਣਾਂ ਤੋਂ ਤੈਅ ਹੁੰਦੀ ਹੈ। ਇਨ੍ਹਾਂ ਦੋਵਾਂ ਗੁਣਾਂ ਵਿਚੋਂ ਪਹਿਲਾ, ਭਾਵ ਠੇਸ ਪਹੁੰਚਾਉਣਾ ਹਰ ਤਰ੍ਹਾਂ ਦੀ ਨਫਰਤੀ ਬਿਆਨਬਾਜ਼ੀ ਤੇ ਬੋਲ-ਬਾਣੀ ਦਾ ਸੋਮਾ ਹੈ ਜਿਸ ਦਾ ਮਕਸਦ ਦੂਜਿਆਂ ਨੂੰ ਠੇਸ ਪਹੁੰਚਾਉਣਾ ਤੇ ਦੁਖੀ ਕਰਨਾ ਹੈ ਅਤੇ ਦੂਜਾ ਗੁਣ ਭਾਵਨਾਵਾਂ ਨੂੰ ਠੇਸ ਪਹੁੰਚਣ ਕਾਰਨ ਦੁਖੀ ਕਰਦਾ ਹੈ।

ਇਸ ਲਈ, ਸਮੂਹ ਪਛਾਣ ਦੇ ਮਕਸਦ ਨਾਲ ਫਰਜ਼ੀ ਠੇਸ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵਿਚ ਗ਼ੈਰ-ਰਸਮੀ ਸਬੰਧ ਹੈ। ਦੋਵਾਂ ਨੇ ਹੀ ਹੁਣ ਅਦਾਕਾਰੀ ਕਲਾ ਦਾ ਦਰਜਾ ਹਾਸਲ ਕਰ ਲਿਆ ਹੈ ਜਿਸ ਨੂੰ ਬਾਕਾਇਦਾ ਪਟਕਥਾ ਤਿਆਰ ਕਰ ਕੇ ਉਸ ਮੁਤਾਬਕ ਨਿਊਜ਼ ਐਂਕਰਾਂ ਵੱਲੋਂ ਟੈਲੀਵਿਜ਼ਨ ਚੈਨਲਾਂ ਉਤੇ ਅਦਾਕਾਰੀ/ਪੇਸ਼ਕਾਰੀ ਕਰਦਿਆਂ ਆਪਣੇ ਨਫਰਤ-ਭਰੇ ਦਰਸ਼ਕਾਂ ਸਾਹਮਣੇ ਪਰੋਸਿਆ ਜਾਂਦਾ ਹੈ ਅਤੇ ਇਹ ਦਰਸ਼ਕ ਬਦਲੇ ਵਿਚ ਇਨ੍ਹਾਂ ਚੈਨਲਾਂ ਨੂੰ ਟੈਲੀਵਿਜ਼ਨ ਰੇਟਿੰਗ ਪੁਆਇੰਟਸ (ਟੀ.ਆਰ.ਪੀ.) ਦਿੰਦੇ ਹਨ ਤਾਂ ਕਿ ਨਿਊਜ਼ ਚੈਨਲ ਇਸ਼ਤਿਹਾਰਾਂ ਤੇ ਸਪਾਂਸਰਸ਼ਿਪਾਂ ਰਾਹੀਂ ਇਸ ਨਫਰਤ ਤੋਂ ਕਮਾਈ ਕਰਨ ਦੇ ਸਮਰੱਥ ਹੋ ਸਕਣ।

ਇਹ ਸਮਾਜਿਕ ਖਰਾਬੀ ਯੂ.ਪੀ.ਏ. ਹਕੂਮਤ ਦੌਰਾਨ ਭ੍ਰਿਸ਼ਟ ਕੇਂਦਰ ਸਰਕਾਰ ਖਿਲਾਫ (ਨਾਲ ਹੀ ਕੁਝ ਦਾਗ਼ੀ ਤੇ ਸਮਝੌਤਾਵਾਦੀ ਪੱਤਰਕਾਰਾਂ ਖਿਲਾਫ ਜਿਹੜੇ ਰਾਡੀਆ ਟੇਪਸ ਵਿਚ ਫਸ ਗਏ ਸਨ) ਸੱਚੀ ਨਾਰਾਜ਼ਗੀ ਵਜੋਂ ਸ਼ੁਰੂ ਹੋਈ ਪਰ ਹੌਲੀ ਹੌਲੀ ਇਹ ਨੈਤਿਕਤਾਵਾਦੀ ਰੋਹ ਸਿਆਸੀ ਰੂਪ ਧਾਰ ਗਿਆ ਅਤੇ ਫਿਰ ਫਿਰਕੂ ਹੋ ਗਿਆ ਜਿਥੇ ਗੱਲਬਾਤ ਦੇ ਸਾਰੇ ਸੱਭਿਅਕ ਨੇਮ ਤਾਕ ਉਤੇ ਰੱਖ ਦਿੱਤੇ ਗਏ ਹਨ, ਖਾਸਕਰ ਖਬਰੀ ਚੈਨਲਾਂ ਉਤੇ, ਜਿਥੇ ਧੱਕੇਸ਼ਾਹੀ ਆਮ ਨਿਯਮ ਬਣ ਗਈ ਹੈ ਅਤੇ ਅਹਿਮਕਾਨਾ ਤੇ ਉੱਚੀ ਆਵਾਜ਼ ਵਿਚ ਇਕ-ਦੂਜੇ ਨੂੰ ਧਮਕੀਆਂ ਦੇਣ ਤੇ ਖੁੱਲ੍ਹ ਕੇ ਗਾਲੀ-ਗਲੋਚ ਵਾਲੀ ਭਾਸ਼ਾ ਦੇ ਇਸਤੇਮਾਲ ਨੂੰ ਹੀ ਬਹਿਸ ਆਖਿਆ ਜਾਂਦਾ ਹੈ।

ਇਸ ਸਿੱਧੇ ਪ੍ਰਸਾਰਨ ਤਹਿਤ ਦਿਖਾਈ ਜਾਂਦੀ ਬਹਿਸ ਵਿਚ ਟੀਵੀ ਸਕਰੀਨ ਵੱਖੋ-ਵੱਖ ਮਾਹਿਰਾਂ ਨਾਲ ਭਰੀ ਹੁੰਦੀ ਹੈ ਅਤੇ ਐਂਕਰ (ਮੇਜ਼ਬਾਨ) ਦੀ ਅਗਵਾਈ ਹੇਠ ਇਹ ਮਾਹਿਰ ਇਕ ਵਿਅਕਤੀ ਜੋ ਆਮ ਕਰ ਕੇ ਮੁਸਲਮਾਨ ਹੁੰਦਾ ਹੈ, ਉਤੇ ਹਮਲਾ ਬੋਲ ਰਹੇ ਅਤੇ ਤਨਜ਼ ਕੱਸ ਰਹੇ ਹੁੰਦੇ ਹਨ। ਦੂਜੇ ਪਾਸੇ, ਇਕੋ-ਇਕ ਮੁਸਲਿਮ ਬੁਲਾਰਾ ਵੀ ਉਸ ਨੂੰ ਦਿੱਤੀ ਪਟਕਥਾ ਮੁਤਾਬਕ ਕਿਰਦਾਰ ਨਿਭਾਉਂਦਾ ਆਪਣੀ ਅਦਾਕਾਰੀ ਦਾ ਆਨੰਦ ਮਾਣਦਾ ਹੈ। ਇਹ ਪੇਸ਼ਕਾਰੀ ਨਿਊਜ਼ ਚੈਨਲਾਂ ਨੂੰ ਟੀ.ਆਰ.ਪੀ. ਦੇਣ ਤੋਂ ਇਲਾਵਾ 'ਮਾਹਿਰਾਂ' ਨੂੰ ਉਨ੍ਹਾਂ ਦੇ ਆਪੋ-ਆਪਣੇ ਸਮਾਜਿਕ ਸਮੂਹਾਂ ਵਿਚ ਮਸ਼ਹੂਰ ਹਸਤੀਆਂ ਵਾਲਾ ਰੁਤਬਾ ਤੇ ਸਮਾਜਿਕ ਮਾਨਤਾ ਵੀ ਦਿਵਾਉਂਦੀ ਹੈ।

ਝਗੜਿਆਂ ਦੇ ਇਹ ਮਾਹਿਰ ਅਣਜਾਣੇ ਵਿਚ ਸਾਰੇ ਸਮਾਜ ਵਿਚ ਨਫਰਤ ਨੂੰ ਵਾਜਬ ਬਣਾ ਰਹੇ ਹਨ। ਪਛਾਣ ਦੀ ਸਿਆਸਤ ਇਸ ਕਾਰਨ ਕਾਰਗਰ ਸਾਬਤ ਹੁੰਦੀ ਹੈ ਕਿਉਂਕਿ ਆਮ ਜਨਤਾ ਆਪਣੇ ਆਪ ਨੂੰ ਕਿਸੇ ਆਗੂ ਜਾਂ ਤਰਜਮਾਨ/ਬੁਲਾਰੇ ਨਾਲ ਜੋੜ ਕੇ ਪਛਾਣਨ ਵੱਲ ਰੁਚਿਤ ਹੁੰਦੀ ਹੈ। ਟੀ.ਵੀ. ਮੇਜ਼ਬਾਨਾਂ ਤੇ ਮਾਹਿਰਾਂ ਨੇ ਤਰਜਮਾਨਾਂ ਦਾ ਕਿਰਦਾਰ ਨਿਭਾਉਣਾ ਸ਼ੁਰੂ ਕਰ ਦਿੱਤਾ ਹੈ ਜਿਹੜੇ ਬੇਗ਼ਾਨੇਪਣ ਵਾਲੀ ਤੇ ਨਫਰਤੀ ਭਾਸ਼ਾ ਦਾ ਇਸਤੇਮਾਲ ਕਰਦਿਆਂ ਪਛਾਣ ਦੀ ਸਿਆਸਤ ਦੀਆਂ ਚਿੰਤਾਵਾਂ ਨੂੰ ਹੁਲਾਰਾ ਦਿੰਦੇ ਹਨ। ਨੂਪੁਰ ਸ਼ਰਮਾ ਦੇ ਨਫਰਤੀ ਭਾਸ਼ਣ ਵਾਲੇ ਘਟਨਾਕ੍ਰਮ ਅਤੇ ਖਾੜੀ ਤਾਲਮੇਲ ਕੌਂਸਲ ਦੇ ਮੈਂਬਰ ਮੁਲਕਾਂ ਵੱਲੋਂ ਇਸ ਪ੍ਰਤੀ ਦਿੱਤੀ ਪ੍ਰਤੀਕਿਰਿਆ ਭਾਰਤ ਵਿਚ ਸੱਚ-ਮੁੱਚ ਦੇ ਕਤਲਾਂ ਦਾ ਕਾਰਨ ਬਣ ਗਈ ਹੈ ਜੋ ਠੇਸ ਪਹੁੰਚਾਉਣ ਦੇ ਹੱਕ ਅਤੇ ਠੇਸ ਦਾ ਸ਼ਿਕਾਰ ਹੋਣ ਦੇ ਹੱਕ ਦੀ ਵਰਤੋਂ ਦਾ ਸਿਰਾ ਹੈ। ਸਾਡੇ ਕੋਲ ਕਤਲ ਦੇ 'ਤਰਕਪੂਰਨ ਸਿੱਟੇ' ਉਤੇ ਖਤਮ ਹੋਣ ਵਾਲੇ ਬੇਰਹਿਮ ਵਿਹਾਰ ਦੇ ਟਕਰਾਅ ਵਾਲੇ ਵਿਸ਼ੇਸ਼ ਅਧਿਕਾਰਾਂ ਦੇ ਤਾਣੇ-ਬਾਣੇ ਦਾ ਪੂਰਾ ਚੱਕਰ ਹੈ।

ਹਮਲਾਵਰ ਵਿਹਾਰ ਦੇ ਇਸ ਚੱਕਰ ਨੂੰ ਹੁਣ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਇਸ ਤਰ੍ਹਾਂ ਕਾਂਟ-ਛਾਂਟ ਕਰ ਕੇ ਘੋਖਿਆ ਜਾ ਰਿਹਾ ਹੈ ਕਿ ਇਨ੍ਹਾਂ ਦਾ ਕਿਹੜਾ ਹਿੱਸਾ ਉਨ੍ਹਾਂ ਨੂੰ ਮੁਆਫਕ ਬਹਿੰਦਾ ਹੈ ਅਤੇ ਉਨ੍ਹਾਂ ਨੂੰ ਕਿਸ ਹਿੱਸੇ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਹੈ ਪਰ ਇਸ ਗੱਲ ਨੂੰ ਸਮਝੇ ਬਿਨਾ ਕਿ ਨਫਰਤ ਦੀ ਚੀਰ-ਫਾੜ ਨਹੀਂ ਕਰਨੀ ਚਾਹੀਦੀ ਸਗੋਂ ਇਸ ਨੂੰ ਮੁਕੰਮਲ ਤੌਰ 'ਤੇ ਰੱਦ ਅਤੇ ਨਾਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਜੇ ਫਿਰ ਸਮੁੱਚੇ ਤੌਰ 'ਤੇ ਮਜ਼ਹਬ ਹੀ ਸਮੱਸਿਆ ਹੈ ਤਾਂ ਸਾਨੂੰ ਚੰਗੇ ਧਾਰਮਿਕ ਵਿਹਾਰ ਤੇ ਬੁਰੇ ਧਾਰਮਿਕ ਵਿਹਾਰ ਦੀ ਤਲਾਸ਼ ਨਹੀਂ ਕਰਨੀ ਚਾਹੀਦੀ ਸਗੋਂ ਹਰ ਤਰ੍ਹਾਂ ਦੇ ਮਜ਼ਹਬੀ ਵਿਹਾਰ ਨੂੰ ਹੀ ਮਾੜਾ ਕਰਾਰ ਦੇ ਦੇਣਾ ਚਾਹੀਦਾ ਹੈ ਅਤੇ ਨਵੀਂ ਤਰ੍ਹਾਂ ਦੀ ਧਰਮ ਨਿਰਪੱਖਤਾ ਅਪਣਾਉਣੀ ਚਾਹੀਦੀ ਹੈ ਜਿਹੜੀ ਹਰ ਤਰ੍ਹਾਂ ਦੇ ਜਨਤਕ ਧਾਰਮਿਕ ਕਾਰਜਾਂ ਨੂੰ ਨਫਰਤ ਕਰਦੀ ਹੋਵੇ।

ਨਾਲ ਹੀ ਇਸ ਤੋਂ ਪਹਿਲਾਂ ਕਿ ਨੂਪੁਰ ਸ਼ਰਮਾ ਦੀ ਨਫਰਤੀ ਬਿਆਨਬਾਜ਼ੀ ਪ੍ਰਤੀ ਕਾਤਲਾਨਾ ਪ੍ਰਤੀਕਿਰਿਆਵਾਂ ਦਾ ਚੱਕਰ ਮੁੱਕਦਾ, ਕਾਲੀ ਮਾਤਾ ਨੂੰ ਚਿਤਰ ਵਿਚ ਸਿਗਰਟ ਪੀਂਦੀ ਦਿਖਾਏ ਜਾਣ ਨਾਲ ਹਿੰਦੂ ਧਾਰਮਿਕ ਬੇਅਦਬੀ ਦਾ ਨਵਾਂ ਸਵਾਲ ਖੜ੍ਹਾ ਹੋ ਗਿਆ ਹੈ।

ਧਾਰਮਿਕ ਪ੍ਰਤੀਕਾਂ ਨੂੰ ਪ੍ਰਸੰਗਾਂ ਅਤੇ ਰੀਤਾਂ ਨਾਲੋਂ ਤੋੜਨਾ ਬੜਾ ਦਿਲਚਸਪ ਆਧੁਨਿਕ ਪ੍ਰੋਜੈਕਟ ਹੈ, ਫਿਰ ਇਹ ਭਾਵੇਂ ਕਿਸੇ ਉਭਰਦੇ ਫਿਲਮਕਾਰ ਵੱਲੋਂ ਕਾਲੀ ਮਾਤਾ ਨੂੰ ਸਿਗਰਟਨੋਸ਼ੀ ਕਰਦੀ ਦਿਖਾਉਣਾ ਹੋਵੇ ਜਾਂ ਐੱਮ.ਐੱਫ. ਹੁਸੈਨ ਵੱਲੋਂ ਦੇਵੀ ਦਾ ਮਸ਼ਹੂਰ ਨਿਰਵਸਤਰ ਚਿੱਤਰ ਬਣਾਉਣਾ ਪਰ ਅਸਰਅੰਦਾਜ਼ ਹੋਣ ਲਈ ਇਹ ਬਹੁ-ਧਰਮੀ ਪ੍ਰੋਜੈਕਟ ਹੋਣਾ ਚਾਹੀਦਾ ਹੈ ਜਿਹੜਾ ਬਾਗ਼ੀਆਂ ਦੇ ਸੰਗਮ ਵਜੋਂ ਕੰਮ ਕਰੇ; ਜਿਥੇ ਸਾਰੇ ਪੈਗ਼ੰਬਰਾਂ ਅਤੇ ਦੇਵਤਿਆਂ ਦਾ ਬਰਾਬਰ ਰੂਪ ਵਿਚ ਪ੍ਰਸੰਗ ਨਾਲੋਂ ਨਿਖੇੜਾ ਕੀਤਾ ਜਾਵੇ।

ਉਂਝ, ਇਕ ਭਾਰਤੀ ਪ੍ਰਧਾਨ ਮੰਤਰੀ ਜਿਸ ਨੇ ਕੰਪਿਊਟਰੀਕਰਨ ਅਤੇ ਦੂਰਸੰਚਾਰ ਪਹੁੰਚ ਰਾਹੀਂ ਕਾਹਲੀ ਨਾਲ ਆਧੁਨਿਕਤਾ ਦੀ ਸ਼ੁਰੂਆਤ ਕੀਤੀ, ਨੇ ਭਾਰਤ ਦੇ ਧਾਰਮਿਕ ਆਧੁਨਿਕਤਾ ਪ੍ਰੋਜੈਕਟ ਨੂੰ ਜ਼ੋਰ ਨਾਲ ਬੰਦ ਕਰ ਦਿੱਤਾ ਜਦੋਂ ਉਸ ਨੇ ਸ਼ਾਹ ਬਾਨੋ ਕੇਸ ਦੇ ਫੈਸਲੇ ਨੂੰ ਉਲਟਾ ਦਿੱਤਾ ਅਤੇ ਸਲਮਾਨ ਰਸ਼ਦੀ ਦੀ ਕਿਤਾਬ 'ਸ਼ੈਤਾਨ ਦੀਆਂ ਆਇਤਾਂ' ਉਤੇ ਪਾਬੰਦੀ ਲਾ ਦਿੱਤੀ। ਇਸੇ ਦੌਰ ਦੌਰਾਨ ਨਿਕੋਸ ਕਜ਼ਾਨਜ਼ਾਕਸ ਦੀ ਸ਼ਾਨਦਾਰ ਕ੍ਰਿਤ ਉਤੇ ਆਧਾਰਤ ਫਿਲਮ 'ਦਿ ਲਾਸਟ ਟੈਂਪਟੇਸ਼ਨ ਆਫ ਕ੍ਰਾਈਸਟ' ਉਤੇ ਵੀ ਪਾਬੰਦੀ ਲਾ ਦਿੱਤੀ ਗਈ ਸੀ। ਹੁਣ ਇਹ ਸਾਫ ਜ਼ਾਹਿਰ ਹੋ ਗਿਆ ਹੈ ਕਿ ਹਿੰਦੂਤਵੀ ਕਾਰਕੁਨ ਜਿਹੜੇ ਹਮੇਸ਼ਾ ਧਾਰਮਿਕ ਬੇਅਦਬੀ ਦੇ ਵਿਚਾਰ, ਜਿਹੜਾ ਕਿਸੇ ਧਾਰਮਿਕ ਭਾਈਚਾਰੇ ਨੂੰ ਠੇਸ ਦਾ ਸ਼ਿਕਾਰ ਹੋਣ ਦੇ ਹੱਕ ਦਾ ਇਸਤੇਮਾਲ ਕਰਨ ਦਾ ਮੌਕਾ ਤੇ ਸਾਧਨ ਮੁਹੱਈਆ ਕਰਾਉਂਦਾ ਹੈ, ਤੋਂ ਹੀ ਈਰਖਾ ਕਰਦੇ ਸਨ ਪਰ ਉਹ ਹੁਣ ਆਪਣੇ ਲਈ ਇਸ ਹੱਕ ਦੀ ਮੰਗ ਕਰ ਰਹੇ ਹਨ।

ਹਿੰਦੂ ਧਰਮ ਵਿਚ ਭਾਵੇਂ ਧਾਰਮਿਕ ਬੇਅਦਬੀ ਲਈ ਕੋਈ ਸ਼ਾਸਤਰ ਆਧਾਰਿਤ ਮਨਜ਼ੂਰੀ ਜਾਂ ਫਾਰਮੂਲਾ ਨਹੀਂ ਪਰ ਕੱਟੜਪੰਥੀਆਂ ਨੇ ਖੁਸ਼ੀ ਖੁਸ਼ੀ ਇਕ-ਰੱਬਵਾਦ ਅਤੇ ਧਾਰਮਿਕ ਬੇਅਦਬੀ ਸਬੰਧੀ ਸੈਮਟਿਕ (ਸਾਮੀ) ਧਾਰਨਾ ਨੂੰ ਅਪਣਾ ਲਿਆ ਹੈ ਅਤੇ ਹੁਣ ਉਹ ਇਸ ਨੂੰ ਵਿਆਪਕ ਤੇ ਅੰਨ੍ਹੇਵਾਹ ਢੰਗ ਨਾਲ ਭਾਰਤੀ ਸਿਆਸਤ ਦੇ ਪ੍ਰਸੰਗ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦਾ ਹੱਲ ਹਿੰਦੂਤਵਵਾਦੀਆਂ ਨੂੰ ਨਾਜ਼ੀ ਕਰਾਰ ਦੇਣਾ ਤੇ ਭਾਰਤੀ ਮੁਸਲਮਾਨਾਂ ਨੂੰ ਹਿਟਲਰ ਦਾ ਸ਼ਿਕਾਰ ਬਣੇ ਯਹੂਦੀਆਂ ਨਾਲ ਤੁਲਨਾਉਣਾ ਨਹੀਂ ਹੈ ਅਜਿਹਾ ਕਰਨਾ ਸਿਰਫ ਇਤਿਹਾਸਕਤਾ-ਵਿਰੋਧੀ ਅਤੇ ਯਹੂਦੀ-ਵਿਰੋਧਵਾਦ ਹੋਵੇਗਾ। ਨਾਜ਼ੀ ਜਰਮਨੀ ਉਦੋਂ ਨਹੀਂ ਉਸਰਿਆ ਜਦੋਂ ਯਹੂਦੀਆਂ ਨੇ ਧੱਕੇ ਨਾਲ ਇਸ ਆਧਾਰ 'ਤੇ ਮੁਲਕ ਦੀ ਵੰਡ ਕਰ ਦਿੱਤੀ ਕਿ ਧਾਰਮਿਕ ਸਹਿ-ਹੋਂਦ ਨਾਮੁਮਕਿਨ ਹੈ ਅਤੇ ਆਪਣੇ ਲਈ ਵੱਖਰਾ ਵਤਨ ਲੈ ਲਿਆ, ਨਾ ਹੀ ਯਹੂਦੀਆਂ ਨੇ ਈਸਾਈਆਂ ਨੂੰ ਉਸ ਸੂਬੇ ਵਿਚੋਂ ਬਾਹਰ ਖਦੇੜ ਦਿੱਤਾ ਸੀ ਜਿਥੇ ਉਹ ਬਹੁਗਿਣਤੀ ਵਿਚ ਸਨ।

ਇਸ ਮਸਲੇ ਤੋਂ ਛੁਟਕਾਰਾ ਪਾਉਣ ਦਾ ਇਕੋ-ਇਕ ਤਰੀਕਾ ਇਹ ਮੰਨ ਲੈਣਾ ਹੈ ਕਿ ਠੇਸ ਪਹੁੰਚਾਉਣ ਅਤੇ ਠੇਸ ਪਹੁੰਚਣ ਦਾ ਅਧਿਕਾਰ ਕੋਈ ਮੰਨਣਯੋਗ ਜਨਤਕ ਵਿਹਾਰ ਨਹੀਂ ਹਨ ਅਤੇ ਇਹ ਵੀ ਕਿ ਇਨ੍ਹਾਂ ਨੂੰ ਚੋਣਵੇਂ ਢੰਗ ਨਾਲ ਨਹੀਂ ਵਰਤਿਆ ਜਾ ਸਕਦਾ।

ਸੰਖੇਪ ਵਿਚ ਘੱਟੋ-ਘੱਟ ਅਗਾਂਹਵਧੂ ਉਦਾਰਵਾਦੀਆਂ ਨੂੰ ਵਿਸ਼ਵਾਸ (ਧਰਮ ਨੂੰ ਮੰਨਣ) ਅਤੇ ਅਵਿਸ਼ਵਾਸ (ਧਰਮ ਨੂੰ ਨਾ ਮੰਨਣ) ਦੇ ਸਾਰੇ ਮੁਜ਼ਾਹਰਿਆਂ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ; ਜੇ ਉਹ ਧਾਰਮਿਕ ਕੱਟੜਪੰਥੀਆਂ ਨੂੰ ਠੇਸ ਪਹੁੰਚਾਉਣ ਲਈ ਬੇਤਾਬ ਹੀ ਹਨ ਤਾਂ ਉਨ੍ਹਾਂ ਨੂੰ ਸਾਰੇ ਧਰਮਾਂ ਦੇ ਪ੍ਰਤੀਕਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਜੇ ਹੁਸੈਨ ਨੇ ਚੋਣਵਾਂ ਢੰਗ ਅਪਣਾਉਣ ਤੋਂ ਬਿਨਾ ਸਾਰੇ ਧਰਮਾਂ ਦੇ ਦੇਵਤਿਆਂ ਨੂੰ ਨਿਰਵਸਤਰ ਰੂਪ ਵਿਚ ਚਿਤਰਿਆ ਹੁੰਦਾ ਤਾਂ ਇਹ ਭਾਰਤੀ ਅਪਰਾਧ-ਮੁਖੀ ਸਨਅਤ ਕਦੇ ਵੀ ਜੜ੍ਹਾਂ ਨਾ ਜਮਾ ਸਕਦੀ।

# ਵਿਸ਼ਵ ਗੁਰੂ – ਅੱਗਾ ਦੌੜ, ਪਿੱਛਾ ਚੌੜ

ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵ ਅਰਥ ਵਿਵਸਥਾ ਥੱਲੇ ਡਿੱਗ ਰਹੀ ਹੈ। ਮੰਦੀ ਵਧ ਰਹੀ ਹੈ। ਮੰਦੀ ਦਾ ਭਾਵ ਹੁੰਦਾ ਹੈ ਹਰ ਤਿਮਾਹੀ ਵਿਚ ਗਿਰਾਵਟ ਦਰਜ ਹੋਵੇ, ਜੋ ਕਿ ਹੋ ਰਹੀ ਹੈ। ਇਹ ਕਹਿਣਾ ਤਾਂ ਹਾਲੇ ਮੁਸ਼ਕਿਲ ਹੈ ਕਿ ਇਹ ਸਭ ਕਿੱਥੋਂ ਤਕ ਜਾਏਗਾ? ਲੇਕਿਨ ਇਕ ਫ਼ਰਕ ਹੈ ਉਹ ਇਹ ਕਿ 1930 ਵਿਚ ਸਾਨੂੰ ਪਤਾ ਨਹੀਂ ਸੀ ਕਿ ਅਸੀਂ ਮੰਦੀ ਵਿਚੋਂ ਕਿਵੇਂ ਨਿਕਲਾਂਗੇ, । ਅੱਜ ਪਤਾ ਹੈ ਕਿ ਇਸ 'ਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ? ਜੇਕਰ ਅਸੀਂ ਚਾਹੀਏ ਤਾਂ ਅਸੀਂ ਇਸਨੂੰ ਰੋਕ ਸਕਦੇ ਹਾਂ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਰੂਸ-ਯੂਕਰੇਨ ਜੰਗ ਦਾ ਅਸਰ ਸਾਡੇ ਦੇਸ਼ ਉਤੇ ਵੀ ਹੋਇਆ ਹੈ। ਸਾਡੀ ਅਰਥ-ਵਿਵਸਥਾ ਡਾਵਾਂਡੋਲ ਹੋ ਗਈ ਹੈ। 2019 ਵਿਚ ਹੀ ਸਾਡਾ ਜੀ.ਡੀ.ਪੀ. ਦਾ ਜੋ ਟੀਚਾ ਸੀ, ਉਹ ਪੂਰਾ ਨਹੀਂ ਹੋਇਆ। ਸਾਡਾ ਅਸੰਗਠਿਤ ਖੇਤਰ ਮਹਾਂਮਾਰੀ ਸਮੇਂ ਬੁਰੀ ਤਰ੍ਹਾਂ । ਭਾਵਿਤ ਹੋ ਗਿਆ ਸੀ। ਜੀ.ਡੀ.ਪੀ. । ਭਾਵਿਤ ਹੋਈ। ਜੀ.ਡੀ.ਪੀ. ਦੇ ਸਰਕਾਰੀ ਅੰਕੜਿਆਂ 'ਚ ਅਸੀਂ ਅਸੰਗਠਿਤ ਖੇਤਰ ਦੇ ਅੰਕੜੇ ਜੋੜਦੇ ਹੀ ਨਹੀਂ। ਇਹ ਤੱਥ ਵੀ ਸਪੱਸ਼ਟ ਹੈ ਕਿ ਮਹਿੰਗਾਈ ਨਾਲ ਵਧੀ ਹੋਈ ਬੇਰੁਜ਼ਗਾਰੀ ਸਾਡੀ ਅਰਥ-ਵਿਵਸਥਾ 'ਤੇ ਹੋਰ ਅਸਰ ਪਾ ਸਕਦੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2024-25 ਤਕ 5 ਟ੍ਰਿਲੀਅਨ ਡਾਲਰ ਇਕੋਨਮੀ ਦਾ ਟੀਚਾ ਰੱਖਿਆ ਹੈ। ਵਾਧੇ ਦੀ ਦਰ ਅੱਛੀ ਹੋਏਗੀ ਤਾਂ ਇਹ ਟੀਚਾ ਪੂਰਾ ਹੋ ਸਕਦਾ ਸੀ, ਪਰ ਇਹ ਹੁਣ ਇਹੋ ਜਿਹਾ ਨਹੀਂ ਹੋ ਰਿਹਾ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋ ਰਿਹਾ ਹੈ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋਣ ਦਾ ਕਾਰਨ ਹੈ ਕਿ ਡਾਲਰ ਇਕ ਤਰ੍ਹਾਂ ਨਾਲ ਦੁਨੀਆ ਦੀ ਰਿਜ਼ਰਵ ਕਰੰਸੀ ਹੈ। ਜਦੋਂ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਲੋਕ ਡਾਲਰ "ਹੋਲਡ" ਕਰਦੇ ਹਨ, ਜਿਸ ਨਾਲ ਉਹ ਆਪਣੇ ਆਪ ਨੂੰ ਬਚਾ ਸਕਣ। ਦੂਸਰੇ ਪਾਸੇ ਸਾਡਾ ਉਤਪਾਦਨ ਘਾਟਾ ਵੀ ਤੇਜ਼ੀ ਨਾਲ ਵਧ ਰਿਹਾ ਹੈ। 5 ਬਿਲੀਅਨ ਡਾਲਰ ਪੂੰਜੀ ਹਰ ਮਹੀਨੇ ਵਾਪਸ ਵਿਦੇਸ਼ ਜਾ ਰਹੀ ਹੈ, ਵਿਦੇਸ਼ੀ ਨਿਵੇਸ਼ ਘਟ ਰਿਹਾ ਹੈ। ਐਨ.ਆਰ.ਆਈ. ਵੀ ਪੈਸਾ ਨਹੀਂ ਲਾ ਰਹੇ। ਇਸ ਨਾਲ ਰੁਪਿਆ ਕਮਜ਼ੋਰ ਹੋ ਗਿਆ ਹੈ। ਇਕ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 79.45 ਰੁਪਏ ਰਹਿ ਗਈ ਹੈ। ਮਹਾਂਮਾਰੀ ਤੋਂ ਪਹਿਲਾਂ ਵੀ ਵਾਧਾ ਰੇਟ 8 ਫ਼ੀਸਦੀ ਤੋਂ ਘਟਾ ਕੇ 3.1 ਫ਼ੀਸਦੀ ਰਹਿ ਗਿਆ ਸੀ। ਉਸ ਦੇ ਬਾਅਦ ਤਾਂ ਇਹ ਹੇਠਾਂ ਹੀ ਡਿਗਦਾ ਰਿਹਾ। ਖ਼ਾਸ ਕਰ ਸਾਡਾ ਅਸੰਗਠਿਤ ਖੇਤਰ ਜਿੱਥੇ 94 ਫ਼ੀਸਦੀ ਲੋਕ ਕੰਮ ਕਰਦੇ ਹਨ ਬਿਲਕੁਲ ਪਛੜ ਗਿਆ। ਸਰਵਿਸ ਸੈਕਟਰ ਬੰਦ ਹੋ ਗਏ। ਪ੍ਰੇਸ਼ਾਨ ਲੋਕ ਪਿੰਡਾਂ 'ਚ ਜਾ ਕੇ ਮਨਰੇਗਾ ਦੇ ਕੰਮ ਲੱਭਣ ਲੱਗੇ। ਮਨਰੇਗਾ 'ਚ ਪੈਸੇ ਦੀ ਕਮੀ ਦੇਖਣ ਨੂੰ ਮਿਲੀ। ਉਂਜ ਵੀ ਮਨਰੇਗਾ 'ਚ 100 ਦਿਨ ਦਾ ਰੁਜ਼ਗਾਰ ਨਿਸ਼ਚਿਤ ਹੈ। ਸਰਕਾਰ ਵਲੋਂ ਕਰਜ਼ਾ ਦੇਣ ਨਾਲ ਸਥਿਤੀ ਸੁਧਰਨ ਵਾਲੀ ਨਹੀਂ ਹੈ, ਕਿਉਂਕਿ ਮੰਗ ਵਿਚ ਵੀ ਕਮੀ ਆ ਚੁੱਕੀ ਹੈ। ਆਤਮ-ਨਿਰਭਰਤਾ ਦੇ ਲਈ ਸਾਨੂੰ ਆਪਣੀ ਤਕਨੀਕ ਦਾ ਵਿਕਾਸ ਕਰਨਾ ਚਾਹੀਦਾ ਸੀ, ਜਿਸਦੀ ਕਮੀ ਹੈ। ਪਿਛਲੇ 10 ਸਾਲ ਤੋਂ ਗਣੇਸ਼ ਦੀ ਮੂਰਤੀ, ਪਤੰਗ-ਮਾਂਝਾ ਸਭ ਚੀਨ ਤੋਂ ਆ ਰਿਹਾ ਹੈ। ਉਨ੍ਹਾਂ ਦੇ ਸਸਤੇ ਮਾਲ ਨਾਲ ਸਾਡਾ ਅਸੰਗਠਿਤ ਖੇਤਰ ਚੌਪਟ ਹੋ ਗਿਆ। ਚੀਨ ਨੂੰ ਦੁਸ਼ਮਣ ਵੀ ਅਸੀਂ ਸਮਝਦੇ ਹਾਂ। ਉਸ ਤੋਂ ਚੀਜ਼ਾਂ ਆਉਣੀਆਂ ਵਧ ਰਹੀਆਂ ਹਨ ਭਾਵ ਆਯਾਤ ਵਧਦਾ ਜਾ ਰਿਹਾ ਹੈ। ਇਸ ਨਾਲ ਸਾਡੇ ਉਦਯੋਗ ਉਤੇ ਅਸਰ ਹੋਇਆ ਹੈ। 2003 ਤਕ ਜੋ ਦਵਾਈਆਂ ਬਣਾਉਣ ਲਈ ਏ.ਪੀ.ਆਈ. ਅਸੀਂ ਖ਼ੁਦ ਬਣਾਉਂਦੇ ਸੀ, ਉਸਦੇ ਬਾਅਦ ਅਸੀਂ ਦੂਸਰੇ ਦੇਸ਼ਾਂ 'ਤੇ ਨਿਰਭਰ ਹੋ ਗਏ। ਤਾਂ ਸਾਡੀ ਆਤਮ ਨਿਰਭਰਤਾ ਹੈ ਕਿਥੇ?

ਸਾਡੀ ਅਰਥ ਵਿਵਸਥਾ 15-20 ਫੀਸਦੀ ਡਿੱਗ ਗਈ ਹੈ ਜਦ ਕਿ ਉਸਨੂੰ ਘੱਟ ਤੋਂ ਘੱਟ 4 ਪ੍ਰਤੀਸ਼ਤ ਵਧਣਾ ਚਾਹੀਦਾ ਸੀ। ਜੇਕਰ ਸਾਡੀ ਵਾਧਾ ਦਰ ਅੱਛੀ ਹੋਵੇਗੀ ਤਾਂ ਸਾਡੀ ਹਾਲਤ ਸੁਧਰਨ ਲੱਗੇਗੀ। ਹੁਣ ਕਿਉਂਕਿ ਅਸੰਗਠਿਤ ਖੇਤਰ ਵਿਚ ਗਿਰਾਵਟ ਲਗਾਤਾਰ ਜਾਰੀ ਹੈ, ਇਸ ਲਈ ਸੁਧਾਰ ਵਿਚ 15 ਸਾਲ ਵੀ ਲੱਗ ਸਕਦੇ ਹਨ। ਮਹਾਂਮਾਰੀ ਤੋਂ ਬਾਅਦ ਦੇਸ਼ ਵਿਚ ਬੇਰੁਜ਼ਗਾਰੀ ਘੱਟ ਨਹੀਂ ਹੋ ਰਹੀ। ਆਰ.ਬੀ.ਆਈ. ਦੀ ਕਰੰਸੀ ਅਤੇ ਫਾਇਨਾਂਸ 'ਤੇ ਜਾਰੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਭਾਰਤ ਦੇ ਉਤਪਾਦਨ ਵਿਚ 50 ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਆਰ.ਬੀ.ਆਈ. ਦੇ ਅਨੁਸਾਰ 2022 ਵਿਚ ਘਾਟਾ 17.1 ਲੱਖ ਕਰੋੜ ਦਾ ਰਹਿ ਸਕਦਾ ਹੈ। ਇਹੋ ਜਿਹੇ ਹਾਲਾਤ ਵਿਚ ਅਸੀਂ ਵਿਸ਼ਵ ਗੁਰੂ ਕਿਵੇਂ ਦੇ ਹੋਏ?

ਇਹ ਅਸਲੀਅਤ ਹੈ ਕਿ ਅਸੀਂ ਇਕ ਗਰੀਬ ਦੇਸ਼ ਹਾਂ। ਤਕਨੀਕ 'ਚ ਵੀ ਪਛੜੇ ਹੋਏ ਹਾਂ। ਜਦੋਂ ਵਿਸ਼ਵ ਗੁਰੂ ਦੇ ਤਮਗੇ ਦੀ ਬੁੱਕਲ ਮਾਰ ਲੈਂਦੇ ਹਾਂ ਉਦੋਂ ਬਹੁਤ ਹੀ ਹਮਲਾਵਰ ਹੋ ਜਾਂਦੇ ਹਾਂ। ਸਾਡੇ ਪ੍ਰਧਾਨ ਮੰਤਰੀ ਦੇ ਮੂੰਹੋਂ ਨਿਕਲੇ ਇਹ ਸ਼ਬਦ ਤਾਂ ਨਿਰਾ ਝੂਠ ਜਾਪਦੇ ਹਨ, ਜਦੋਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਅਸੀਂ ਸਾਰੀ ਦੁਨੀਆ ਨੂੰ ਅਨਾਜ ਦੇਵਾਂਗੇ। ਚਾਰ ਮੁਲਕਾਂ ਨੂੰ ਅਨਾਜ ਦੇ ਕੇ ਸਾਡੀ ਬਸ ਹੋ ਗਈ। ਅਨਾਜ ਦੀ ਖੇਪ ਬੰਦ ਕਰਨੀ ਪਈ।




ਜਨਵਰੀ 2021 ਵਿਚ ਵਰਲਡ ਇਕਨਾਮਿਕਸ ਫੋਰਮ ਵਿਚ ਭਾਰਤ ਨੇ ਕਿਹਾ ਕਿ ਉਸ ਨੇ ਮਹਾਂਮਾਰੀ ਨੂੰ ਬਹੁਤ ਚੰਗੀ ਤਰ੍ਹਾਂ ਕਾਬੂ ਕੀਤਾ ਪਰ ਦੂਜੀ ਲਹਿਰ ਵਿਚ ਸਾਡੇ ਹੱਥ ਪੈਰ ਫੁੱਲ ਗਏ। ਫਿਰ ਵੀ ਅਸੀਂ ਦਾਅਵਾ ਕਰੀ ਜਾ ਰਹੇ ਹਾਂ ਕਿ ਅਸੀਂ ਜਗਤ ਗੁਰੂ ਹਾਂ। 'ਸਭ ਕਾ ਵਿਕਾਸ, ਸਭ ਕਾ ਸਾਥ' ਦਾ ਨਾਅਰਾ ਬੁਰੀ ਤਰ੍ਹਾਂ ਫੇਲ੍ਹ ਹੋਇਆ। ਨਵੀਆਂ ਸ਼ੁਰੂ ਸਕੀਮਾਂ ਫਲਾਪ ਹੋ ਗਈਆਂ।

ਸਟੈਂਡ ਅੱਪ ਇੰਡੀਆ ਸਕੀਮ ਕਿਥੇ ਗੁੰਮ ਗਈ? ਗਰੀਬਾਂ ਲਈ ਬਣਾਈ ਜਨ-ਧਨ ਯੋਜਨਾ ਦਾ ਕੀ ਬਣਿਆ? ਸਾਲ 2021 ਵਿਚ ਭਾਰਤ ਸਰਕਾਰ ਵਲੋਂ 131 ਸਕੀਮਾਂ ਚੱਲ ਰਹੀਆਂ ਸਨ। ਸਾਲ 2022 'ਚ ਇਨ੍ਹਾਂ ਵਿਚ 65 ਉਤੇ 4,42,781 ਕਰੋੜ ਰੱਖੇ ਗਏ। ਇਨ੍ਹਾਂ ਸਕੀਮਾਂ ਬਾਰੇ ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਨਵੀਂ ਸਕੀਮ ਸ਼ੁਰੂ ਕਰਨ ਤੋਂ ਪਹਿਲਾਂ ਫੰਡਾਂ ਦਾ ਪ੍ਰਬੰਧ ਜ਼ਰੂਰੀ ਹੈ ਅਤੇ ਉਸ ਉਤੇ ਵੀ ਉਤਨਾ ਜ਼ਿਆਦਾ ਜ਼ਰੂਰੀ ਹੈ ਖ਼ਰਚਾ ਕਰਨਾ। ਮੋਦੀ ਸਰਕਾਰ ਨੇ 'ਗੰਗਾ ਸਫ਼ਾਈ ਮੁਹਿੰਮ' ਚਾਲੂ ਕੀਤੀ, ਆਯੂਸ਼ਮਾਨ ਭਾਰਤ ਚਾਲੂ ਕੀਤੀ, ਇਨ੍ਹਾਂ ਸਕੀਮਾਂ ਉਤੇ ਵੱਡੀਆਂ ਰਕਮਾਂ ਮਨਜ਼ੂਰ ਕੀਤੀਆਂ। ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਹੋ ਸਕੀਆਂ, ਸਕੀਮਾਂ 'ਤੇ ਲੋੜੀਂਦਾ ਖ਼ਰਚਾ ਹੋ ਨਹੀਂ ਸਕਿਆ। 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਸੀ ਏ ਜੀ ਇੰਡੀਆ (ਕੰਪਟਰੋਲਰ ਐਂਡ ਆਡਿਟ ਜਨਰਲ ਆਫ ਇੰਡੀਆ) ਵਲੋਂ ਬੁਰੀ ਤਰ੍ਹਾਂ ਫੇਲ੍ਹ ਹੋਈ ਦਰਸਾਈ ਗਈ। ਰਿਪੋਰਟ ਅਨੁਸਾਰ ਇਸ ਸਕੀਮ ਉਤੇ 80 ਫ਼ੀਸਦੀ ਖ਼ਰਚ ਇਸ਼ਤਿਹਾਰਬਾਜ਼ੀ 'ਤੇ ਕੀਤਾ ਗਿਆ। ਗਰੀਬਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਦਾ ਹਾਲ ਵੇਖੋ ਕਿ 1950 ਤੋਂ ਮਿੱਟੀ ਦੇ ਤੇਲ ਉਤੇ ਸਬਸਿਡੀ ਸੀ, ਉਹ 2009 ਤਕ ਘਟਾਈ ਗਈ ਅਤੇ 2022 'ਚ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ। ਗਰੀਬ ਦੀ ਰਸੋਈ ਗੈਸ ਉਤੇ ਸਬਸਿਡੀ ਲਗਭਗ ਖ਼ਤਮ ਹੈ ਅਤੇ ਰਸੋਈ ਗੈਸ ਦੇ ਭਾਅ ਅਸਮਾਨੀਂ ਚੜ੍ਹੇ ਹੋਏ ਹਨ। ਰੋਟੀ ਤਾਂ ਗਰੀਬ ਦੇ ਚੁੱਲ੍ਹੇ ਪਹਿਲਾਂ ਹੀ ਬਹੁਤ ਮੁਸ਼ਕਲ ਨਾਲ ਪੱਕਦੀ ਸੀ, ਹੁਣ ਮੁੜ ਝਾਕ ਲੱਕੜਾਂ ਦੇ ਬਾਲਣ ਅਤੇ ਗੋਹੇ ਦੀਆਂ ਪਾਥੀਆਂ ਬਾਲ ਕੇ ਚੁੱਲ੍ਹਾ ਭਖਾਉਣ ਦੀ ਹੋ ਗਈ ਹੈ। ਕੀ ਇਹੋ ਹੈ ਜਗਤ ਗੁਰੂ ਭਾਰਤ ਦਾ ਨਜ਼ਾਰਾ!

ਕਹਿਣ ਨੂੰ ਤਾਂ ਅਸੀਂ ਅਸਮਾਨੀਂ ਉੱਡਣਾ ਚਾਹੁੰਦੇ ਹਾਂ, ਗਰੀਬ ਚੱਪਲ ਪਹਿਨ ਕੇ ਹਵਾਈ ਜ਼ਹਾਜ਼ 'ਤੇ ਚੜ੍ਹੇਗਾ, ਮੈਟਰੋ 'ਤੇ ਸਫ਼ਰ ਆਸਾਨੀ ਨਾਲ ਕਰੇਗਾ, ਦੇਸ਼ ਦੇ ਪ੍ਰਧਾਨ ਮੰਤਰੀ ਕਹਿੰਦੇ ਹਨ। ਅਸਲੀਅਤ ਕੁਝ ਵੱਖਰੀ ਹੈ। ਧਨ-ਕੁਬੇਰ ਅਤੇ ਉੱਚ ਮੱਧ ਵਰਗੀ ਪਰਿਵਾਰਾਂ ਲਈ ਸਿੱਖਿਆ, ਸਿਹਤ ਸਹੂਲਤਾਂ ਹਨ ਅਤੇ ਆਮ ਵਰਗ ਇਨ੍ਹਾਂ ਤੋਂ ਪੂਰੀ ਤਰ੍ਹਾਂ ਸੱਖਣਾ ਹੈ। ਵੇਖਿਆ ਜਾਵੇ ਤਾਂ ਵਿਕਾਸ ਇਕ ਪ੍ਰਕਾਰ ਦੀ ਤਬਦੀਲੀ ਹੈ। ਵਿਕਾਸ ਅਤੇ ਸੁਸ਼ਾਸਨ ਇਕ-ਦੂਜੇ ਦੇ ਪੂਰਕ ਹਨ। ਜੇ ਗਰੀਬੀ, ਬੀਮਾਰੀ, ਬੇਰੁਜ਼ਗਾਰੀ ਵਧੇਗੀ ਤਾਂ ਵਿਕਾਸ ਕੇਹਾ? ਜੇ ਕਿਸਾਨ ਕਲਿਆਣ ਨਹੀਂ ਹੋਏਗਾ, ਕਾਨੂੰਨੀ ਵਿਵਸਥਾ ਤਹਿਸ-ਨਹਿਸ ਹੋਏਗੀ ਤਾਂ ਵਿਕਾਸ ਕੇਹਾ? ਜੇਕਰ ਲੋਕਾਂ ਨੂੰ ਸਿਹਤ, ਸਿੱਖਿਆ ਸਹੂਲਤਾਂ ਨਹੀਂ ਮਿਲਣਗੀਆਂ ਤਾਂ ਵਿਕਾਸ ਕੇਹਾ? ਜੇਕਰ ਸ਼ਹਿਰ ਦੇ ਨਾਲ-ਨਾਲ ਪਿੰਡ ਤਰੱਕੀ ਨਹੀਂ ਕਰੇਗਾ ਤਾਂ ਵਿਕਾਸ ਕੇਹਾ?

ਬਿਨਾਂ ਸ਼ੱਕ ਸਾਡੇ ਗੁਆਂਢੀ ਦੇਸ਼ਾਂ ਦਾ ਬੁਰਾ ਹਾਲ ਹੈ। ਪਾਕਿਸਤਾਨ 'ਚ ਅਸਥਿਰਤਾ ਹੈ। ਉਥੇ ਸਰਕਾਰਾਂ ਨਿੱਤ ਬਦਲਦੀਆਂ ਹਨ। ਉਸ ਨਾਲ ਨਿਵੇਸ਼ ਨਹੀਂ ਵਧਦਾ। ਵਾਧਾ ਦਰ ਅਤੇ ਭੁਗਤਾਨ ਦਾ ਸੰਤੁਲਨ ਖ਼ਰਾਬ ਹੋ ਗਿਆ ਹੈ। ਉਥੇ ਆਮ ਜਨ-ਜੀਵਨ ਦੇ ਮੁਕਾਬਲੇ ਸੈਨਾ ਉਤੇ ਖ਼ਰਚਾ ਵਧ ਰਿਹਾ ਹੈ। ਇਸ ਲਈ ਉਥੇ ਗਰੀਬੀ ਬਣੀ ਰਹਿੰਦੀ ਹੈ। ਅੱਜ ਪਾਕਿਸਤਾਨ ਆਈ.ਐਮ.ਐਫ. ਅਤੇ ਸਾਊਦੀ ਅਰਬ ਤੋਂ ਮਦਦ ਮੰਗ ਰਿਹਾ ਹੈ।

ਮਹਾਂਮਾਰੀ ਕਾਰਨ ਸ੍ਰੀਲੰਕਾ 'ਚ ਟੂਰਿਜ਼ਮ ਠੱਪ ਹੋ ਗਿਆ। ਵਿਦੇਸ਼ੀ ਮੁਦਰਾ ਆਉਣੀ ਬੰਦ ਹੋ ਗਈ। ਲੰਕਾ ਦਾ ਰੁਪਿਆ ਕਮਜ਼ੋਰ ਹੋਣ ਲੱਗਾ। ਅਚਾਨਕ ਆਰਗੈਨਿਕ ਖੇਤੀ ਵੱਲ ਉਨ੍ਹਾਂ ਦਾ ਤੁਰਨਾ ਚੰਗਾ ਫ਼ੈਸਲਾ ਸਾਬਤ ਨਾ ਹੋਇਆ। ਉਥੇ ਭੁੱਖਮਰੀ ਦੀ ਨੌਬਤ ਆ ਗਈ। ਇਸੇ ਤਰ੍ਹਾਂ ਸ੍ਰੀਲੰਕਾ 'ਚ ਇਸਾਈ, ਮੁਸਲਿਮ, ਤਾਮਿਲ ਆਦਿ ਦਾ ਧਰੁਵੀਕਰਨ ਹੋਇਆ। ਚੋਣਾਂ 'ਚ ਭ੍ਰਿਸ਼ਟਾਚਾਰ ਵੀ ਹੋਇਆ। ਭਾਰਤ ਵੀ ਉਤੇ ਰਸਤੇ 'ਤੇ ਹੈ। ਭਾਰਤ ਸੈਕੂਲਰ ਦੇਸ਼ ਹੋਣ ਦੇ ਬਾਵਜੂਦ ਮੌਜੂਦਾ ਹਕੂਮਤ ਦੀ ਬਦੌਲਤ ਧਰਮਾਂ ਦੇ ਧਰੁਵੀਕਰਨ ਵੱਲ ਵਧ ਰਿਹਾ ਹੈ। ਕੀ ਇਹ ਵਿਸ਼ਵ ਗੁਰੂ ਲਈ ਚੰਗਾ ਸੰਕੇਤ ਹੈ?

ਪਿਛਲੇ ਸਾਲ ਭਾਰਤੀ ਸੰਸਦ ਵਿਚ ਮੈਂਬਰਾਂ ਨੂੰ ਇਹ ਦੱਸਿਆ ਗਿਆ ਸੀ ਕਿ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਵਿਚ 8,72,000 ਅਸਾਮੀਆਂ ਸਰਕਾਰੀ ਖੇਤਰ ਵਿਚ ਖਾਲੀ ਪਈਆਂ ਹਨ। ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ ਦੀ ਰਿਪੋਰਟ ਅਨੁਸਾਰ 2017-18 ਵਿਚ ਬੇਰੁਜ਼ਗਾਰੀ ਦਰ ਚਾਰ ਦਹਾਕਿਆਂ ਦੇ ਉੱਚੇ ਪੱਧਰ 'ਤੇ ਰਹੀ। ਕਰੋਨਾ ਕਾਲ ਵਿਚ ਉਦਯੋਗ ਜਗਤ 'ਚ ਰੁਜ਼ਗਾਰ ਘਟਿਆ। ਭਾਵੇਂ 2020 'ਚ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਮੁਹਿੰਮ ਨਾਲ ਅਰਥ-ਵਿਵਸਥਾ ਨੂੰ ਪਟੜੀ ਉਤੇ ਲਿਆਉਣ ਦੇ ਨਾਲ-ਨਾਲ ਆਮਦਨੀ, ਮੰਗ, ਉਤਪਾਦਨ ਅਤੇ ਉਪਭੋਗ ਵਿਚ ਵਾਧੇ ਨਾਲ ਰੋਜ਼ਗਾਰ ਦੀ ਚੁਣੌਤੀ ਘੱਟ ਕਰਨ ਦੀ ਕੋਸ਼ਿਸ਼ ਹੋਈ। ਪੂਰਨਬੰਦੀ ਅਤੇ ਹੋਰ ਪਾਬੰਦੀਆਂ ਕਾਰਨ ਉਪਜੀ ਬੇਰੁਜ਼ਗਾਰੀ ਦਾ ਅਸਰ ਹੁਣ ਵੀ ਕਾਇਮ ਹੈ ਅਤੇ ਇਹ ਉਦਯੋਗ ਵਪਾਰ 'ਚ ਮੰਦੀ ਨਾਲ ਵਧਦਾ ਜਾ ਰਿਹਾ ਹੈ। ਦੁਨੀਆ ਦੇ 'ਥਾਣੇਦਾਰ ਦੇਸ਼' ਅਮਰੀਕਾ ਦਾ ਵੀ ਹਾਲ ਇਹੋ ਹੈ, ਉਥੇ ਮੰਦੀ ਹੈ, ਬੇਰੁਜ਼ਗਾਰੀ ਹੈ। ਉਹ ਇਕ ਅਮੀਰ ਦੇਸ਼ ਹੈ। ਉਹ ਕਦੇ ਵੀ 'ਵਿਸ਼ਵ ਗੁਰੂ' ਬਣਨ ਦੀ ਦਾਅਵੇਦਾਰੀ ਨਹੀਂ ਕਰਦਾ। ਸਾਡੇ ਦੇਸ਼ ਦੇ ਸ਼ਾਸਕ ਪਤਾ ਨਹੀਂ ਕਿਸ ਬਲਬੂਤੇ 'ਤੇ ਆਪਣੇ ਦੇਸ਼ ਨੂੰ ਵਿਸ਼ਵ ਗੁਰੂ ਦਾ ਖਿਤਾਬ ਦੇਣ 'ਚ ਮਾਣ ਮਹਿਸੂਸ ਕਰਦੇ ਹਨ?

## ਕਬੱਡੀ ਨੂੰ ਕਰੋੜਾਂ ਦਾ ਜੱਫਾ: ਪਾਵੇਲ ਕੁੱਸਾ

**(ਸਫਾ 16 ਦਾ ਬਾਕੀ)**

ਤੇ ਕਮਾਉਣ ਦਾ ਜ਼ਰੀਆ ਬਣਦੀ ਸੀ ਜੋ ਬਣੀ ਵੀ। ਕਬੱਡੀ ਦੇ ਕਾਰੋਬਾਰ 'ਚ ਤਬਦੀਲ ਹੋ ਜਾਣ ਨੇ ਇਸ ਅੰਦਰ ਉਨ੍ਹਾਂ ਸਾਰੀਆਂ ਅਲਾਮਤਾਂ ਦੇ ਸੰਚਾਰ ਦਾ ਰਾਹ ਪੱਧਰਾ ਕਰ ਦਿੱਤਾ ਜਿਹੜੀਆਂ ਅਲਾਮਤਾਂ ਏਸ ਵੇਲੇ ਹੋਰਨਾਂ ਕਾਰੋਬਾਰਾਂ 'ਚ ਪ੍ਰਗਟ ਹੋ ਰਹੀਆਂ ਹਨ।


ਵਪਾਰ ਵਜੋਂ ਖੇਡੀ ਜਾ ਰਹੀ ਖੇਡ ਅੰਦਰ ਧੌਂਸ ਦੇ ਜ਼ੋਰ ਵਿਰੋਧੀ ਨੂੰ ਮੁਕਾਬਲੇ 'ਚੋਂ ਕੱਢਣ, ਜਿੱਤਣ ਲਈ ਖੇਡ ਮੁਹਾਰਤ ਨਾਲੋਂ ਜ਼ਿਆਦਾ ਬਾਹਰੋਂ ਮੈਨੇਜਮੈਂਟ ਕਰਨ ਦੀ ਸਮਰੱਥਾ 'ਤੇ ਟੇਕ ਰੱਖਣ, ਗੁੰਡਾ ਗਰੋਹਾਂ ਨਾਲ ਗੰਢ-ਤੁੱਪ ਕਰਨ ਤੇ ਮੌਕੇ ਦੀ ਸਮਰੱਥਾ ਤੇ ਵਾਧੇ ਲਈ ਨਸ਼ਿਆਂ ਦਾ ਆਸਰਾ ਲੈਣ ਵਰਗੀਆਂ ਜ਼ਰੂਰਤਾਂ ਪੈਦਾ ਹੁੰਦੀਆਂ ਹਨ। ਖੇਡ ਪ੍ਰਮੋਟਰਾਂ ਦੇ ਨਾਂ ਹੇਠ ਕਬੱਡੀ ਦੀ ਖੇਡ ਦਾ ਵੀ ਇੱਕ ਵਪਾਰੀ ਵਰਗ ਉਭਰਿਆ ਜਿਸ ਨੇ ਸਥਾਨਕ ਸਿਆਸਤਦਾਨਾਂ, ਗੁੰਡਾ ਗਰੋਹਾਂ, ਨਸ਼ਾ ਸਮੱਗਲਰਾਂ ਤੇ ਕਾਰੋਬਾਰੀਆਂ ਦੇ ਵੱਡੇ ਗੱਠਜੋੜ ਦੇ ਚੱਕਰਵਿਊ ਵਿਚ ਕਬੱਡੀ ਦੀ ਖੇਡ ਨੂੰ ਬੁਰੀ ਤਰ੍ਹਾਂ ਉਲਝਾ ਦਿੱਤਾ ਤੇ ਖਿਡਾਰੀ ਇਨ੍ਹਾਂ ਸ਼ਕਤੀਆਂ ਦੇ ਮੋਹਰੇ ਬਣ ਕੇ ਰਹਿ ਗਏ ਹਨ। ਕਬੱਡੀ ਦੀ ਖੇਡ ਅੰਦਰ 'ਪੰਜਾਬੀ ਕਾਰਪੋਰੇਟਾਂ' ਦੀ ਜਕੜ ਏਨੀ ਪੀਡੀ ਹੋ ਗਈ ਹੈ ਕਿ ਖਿਡਾਰੀਆਂ ਦੀ ਜਗ੍ਹਾ ਸੁੰਗੜ ਕੇ ਰਹਿ ਗਈ ਹੈ। ਇਹ ਉਹੀ ਵਰਤਾਰਾ ਹੈ ਜਿਹੜਾ ਇਸ ਵੇਲੇ ਪੰਜਾਬੀ ਕਲਾ ਜਗਤ ਦੇ ਖੇਤਰ ਅੰਦਰ ਚੱਲ ਰਿਹਾ ਹੈ ਤੇ ਜਿਹੜਾ ਵਪਾਰਕ ਕਾਰੋਬਾਰਾਂ ਲਈ ਇੱਕ ਲੁਭਾਉਣੀ ਥਾਂ ਬਣਿਆ ਹੋਇਆ ਹੈ। ਕਬੱਡੀ ਦੀ ਖੇਡ ਅੰਦਰ ਇਸ ਗੱਠਜੋੜ ਦਾ ਵਰਤਾਰਾ ਕਿਵੇਂ ਜੜ੍ਹਾਂ ਜਮਾ ਚੁੱਕਾ ਹੈ ਇਹ ਪੂਰੀ ਕਿਤਾਬ ਦੀ ਸਮੱਗਰੀ ਬਣਦੀ ਹੈ। ਜੇ ਕਹਿਣਾ ਹੋਵੇ ਤਾਂ ਇਹ ਕ੍ਰਿਕਟ ਵਿਚਲੀ ਸੱਟੇਬਾਜ਼ੀ ਦੀ ਦਲਦਲ ਨਾਲੋਂ ਕਿਸੇ ਤਰ੍ਹਾਂ ਪਿੱਛੇ ਨਹੀਂ ਕਿ ਮੈਚ ਹਾਰ ਜਾਣ ਦੇ ਫੁਰਮਾਨ ਗੈਂਗਸਟਰਾਂ ਵੱਲੋਂ ਆਉਂਦੇ ਹਨ ਤੇ ਕੱਪ ਜਿੱਤਣ ਲਈ ਡਰੱਗ ਡੋਪਿੰਗ 'ਤੇ ਟੇਕ ਕਿੰਨੀ ਜ਼ਰੂਰੀ ਹੋ ਚੁੱਕੀ ਹੈ। ਮੈਂ ਚੰਗੀ ਭਲੀ ਕਬੱਡੀ ਖੇਡਣ ਵਾਲਿਆਂ ਦੇ ਮੂੰਹੋਂ ਸੁਣਿਆ ਹੈ ਕਿ ਬਾਈ, ਹੁਣ ਇੱਥੇ ਕਬੱਡੀ ਖੇਡਣਾ ਖ਼ਤਰੇ ਤੋਂ ਖਾਲੀ ਨਹੀਂ। ਕੀ ਲੈਣਾ ਆਪਾਂ, ਬਿਨਾਂ ਖੇਡੇ ਹੀ ਠੀਕ ਆਂ, ਕਿਸੇ ਚੱਜ ਦੇ ਕੰਮ ਕਾਰ ਵੱਲ ਹੋਈਏ। ਇਹ ਕਿੰਨੇ ਹੀ ਸਾਧਾਰਨ ਪੰਜਾਬੀ ਨੌਜਵਾਨ ਖਿਡਾਰੀਆਂ ਦਾ ਦਰਦ ਹੈ ਜਿਹੜੇ ਸਾਫ਼ ਸੁਥਰੀ ਖੇਡ ਖੇਡਣੀ ਚਾਹੁੰਦੇ ਹੋਣ ਕਰਕੇ ਇਸ ਦਲਦਲ ਤੋਂ ਪਾਸੇ ਹੋ ਗਏ। ਅਜਿਹੀਆਂ ਸੱਚਾਈਆਂ ਕਬੱਡੀ ਦੇ ਸੁਹਿਰਦ ਕੋਚਾਂ ਦੀ ਜ਼ੁਬਾਨ 'ਤੇ ਅਕਸਰ ਆਉਂਦੀਆਂ ਹਨ। ਕਿਸੇ ਵੇਲੇ ਆਪਣਾ ਸਭ ਕੁੱਝ ਝੋਕ ਕੇ ਖਿਡਾਰੀ ਤਿਆਰ ਕਰਨ ਨੂੰ ਮਿਸ਼ਨ ਵਾਂਗ ਲੈ ਕੇ ਚੱਲਣ ਵਾਲੇ ਕੋਚ ਨਿਰਾਸ਼ਾ 'ਚ ਇਸ ਖੇਡ ਤੋਂ ਬੇਮੁੱਖ ਹੋ ਚੁੱਕੇ ਹਨ।

ਕਬੱਡੀ ਨੂੰ ਨਿਗਲ ਜਾਣ ਵਾਲੇ ਅਜਿਹੇ ਚੱਕਰਵਿਊ ਤੋਂ ਮੁਕਤ ਤਦ ਹੀ ਕਰਵਾਇਆ ਜਾ ਸਕਦਾ ਹੈ ਜੇਕਰ ਇਸ ਨੂੰ ਵਪਾਰਕ ਮੰਤਵਾਂ ਨਾਲੋਂ ਤੋੜ ਦਿੱਤਾ ਜਾਵੇ। ਇਸ ਨੂੰ ਵਪਾਰ ਬਣਾਉਣ ਵਾਲੇ ਗਲੈਮਰ ਤੋਂ ਮੁਕਤ ਕੀਤਾ ਜਾਵੇ। ਇਹ ਸਿਰਫ ਕਬੱਡੀ ਲਈ ਹੀ ਨਹੀਂ ਕਿਸੇ ਵੀ ਖੇਡ ਲਈ ਸਹੀ ਮਾਰਗ ਹੈ। ਖੇਡ ਨੂੰ ਮਨੁੱਖ ਜ਼ਿੰਦਗੀ ਦੀ ਰੋਜ਼ਾਨਾ ਦੀ ਕਿਰਤ ਸਰਗਰਮੀ ਦੇ ਅਮਲ ਨਾਲ ਗੁੰਦਿਆ ਜਾਵੇ, ਉਹ ਖੇਤਾਂ ਬੰਨ੍ਹਿਆਂ 'ਚ ਕੰਮ ਕਰਨ ਵਾਲੇ ਕਿਰਤੀਆਂ ਦੇ ਜੁੱਸਿਆਂ ਨੂੰ ਪਰਖਣ ਵਾਲੀ, ਉਨ੍ਹਾਂ 'ਚ ਸਿਹਤਮੰਦ ਮੁਕਾਬਲੇਬਾਜ਼ੀ ਪੈਦਾ ਕਰਨ ਵਾਲੀ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਦਾ ਮਨੋਰੰਜਨ ਕਰਨ ਵਾਲੀ ਖੇਡ ਵਜੋਂ ਆਪਣਾ ਸਥਾਨ ਬਣਾਵੇ। ਕਬੱਡੀ ਨੂੰ ਹੁਣ ਉਹੀ ਖੇਡਣਗੇ ਜਿਨ੍ਹਾਂ ਨੇ ਇਸੇ ਪੰਜਾਬ 'ਚ ਹੀ ਆਪਣਾ ਭਵਿੱਖ ਬਣਾਉਣਾ ਹੈ। ਉਨ੍ਹਾਂ ਨੂੰ ਇਹ ਪੰਜਾਬ ਆਪਣਾ ਲੱਗਣ ਲੱਗੇ, ਰੁਜ਼ਗਾਰ ਦੀ ਆਸ ਬੱਝਦੀ ਹੋਵੇ, ਜੂਨ ਗੁਜ਼ਾਰੇ ਦਾ ਧਰਵਾਸ ਬੰਦਾ ਹੋਵੇ ਤਾਂ ਕਬੱਡੀ ਦੀਆਂ ਰੇਡਾਂ ਵੀ ਚੜ੍ਹਦੀਆਂ ਤੋਂ ਚੜ੍ਹਦੀਆਂ ਪੈ ਸਕਦੀਆਂ ਹਨ। ਜੇ ਜੂਨ ਗੁਜ਼ਾਰਾ ਨਾ ਹੋਣ ਦੇ ਫ਼ਿਕਰ ਪਹਿਲਾਂ ਹੀ ਜੱਫੇ ਮਾਰੀ ਬੈਠੇ ਹੋਣ ਤਾਂ ਫਿਰ ਰੇਡਾਂ ਕਿੱਥੋਂ ਪੈਣੀਆਂ ਹਨ? ਕਬੱਡੀ ਦੀ ਪਹਿਲਾਂ ਵਾਲੀ ਸ਼ਾਨ ਦੀ ਮੁੜ ਬਹਾਲੀ ਲਈ ਬਜਟ, ਗਰਾਂਟਾਂ, ਖੇਡ ਮੈਦਾਨ, ਕੋਚ ਤੇ ਖੁਰਾਕਾਂ ਹੀ ਕਾਫ਼ੀ ਨਹੀਂ ਸਗੋਂ ਇਨ੍ਹਾਂ ਤੋਂ ਵੀ ਪਹਿਲਾਂ ਕਬੱਡੀ ਨੂੰ ਅਖੌਤੀ ਖੇਡ ਪ੍ਰਮੋਟਰਾਂ, ਨਸ਼ਾ ਸਮੱਗਲਰਾਂ, ਗੈਂਗਸਟਰਾਂ ਤੇ ਮੁਨਾਫ਼ੇਖ਼ੋਰ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਦੇ ਜੱਫੇ 'ਚੋਂ ਛੁਡਾਉਣ ਦੀ ਲੋੜ ਹੈ। ਇਸ ਜੱਫੇ 'ਚੋਂ ਨਿਕਲਣ ਨਾਲ ਹੀ ਕਬੱਡੀ ਨੂੰ ਚਿੰਬੜੀਆਂ ਅਲਾਮਤਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਇਹਦੇ ਲਈ ਜ਼ਰੂਰੀ ਹੈ ਕਿ ਪੰਜਾਬੀ ਸਮਾਜ ਦੀ ਬਿਹਤਰੀ ਲਈ ਹਰ ਤਰ੍ਹਾਂ ਦੀਆਂ ਹਾਂ-ਪੱਖੀ ਸਰਗਰਮ ਤਾਕਤਾਂ ਦੇ ਸਰੋਕਾਰਾਂ 'ਚ ਖੇਡਾਂ ਦੇ ਸਰੋਕਾਰ ਵੀ ਆਪਣਾ ਸਥਾਨ ਬਣਾਉਣ। ਕਰੋੜਾਂ ਦੀ ਕਬੱਡੀ ਨੂੰ ਖੇਤਾਂ ਤੇ ਖੇਡ ਮੈਦਾਨਾਂ ਦੀ ਮਿੱਟੀ ਨਾਲ ਜੁੜੀ ਸਾਫ਼-ਸੁਥਰੀ ਖੇਡ ਬਣਾਉਣ ਦਾ ਯਤਨ ਕਰਨ।

## ਮੇਰੀਆਂ ਅਭੁੱਲ ਯਾਦਾਂ

ਜੇ ਮਾਂਹ ਦੀ ਦਾਲ ਧਰੀ ਹੈ ਤਾਂ ਅੱਗ ਲਾਓ ਇਹਦੇ 'ਚ ਚੰਗਾ ਸਾਰਾ ਅਦਰਕ ਪਾਓ, ਹੋਰ ਨਾ ਸਾਨੂੰ ਵਾਏ ਕਰ ਕੇ ਮਾਰ ਦਿਓ, ਇਹ ਬੋਲ ਮੇਰੇ ਦਾਦਾ ਜੀ ਦੇ ਸਨ, ਜੋ ਆਪਣੇ ਸਮੇਂ ਵਿਚ ਪਹਿਲਵਾਨ ਰਹੇ ਸਨ। ਦਾਦਾ ਜੀ ਕਲੀਆਂ ਵਾਲਾ ਚਿੱਟਾ ਕੁੜਤਾ ਪਹਿਨਦੇ ਸਨ, ਚਿਹਰਾ ਦਗ ਦਗ ਕਰਦਾ ਲਿਸ਼ਕਦਾ, ਆਵਾਜ਼ ਸ਼ੇਰ ਵਰਗੀ, ਉਨ੍ਹਾਂ ਦੇ ਹੱਥ 'ਚ ਖੂੰਡਾ ਹੁੰਦਾ ਸੀ, ਜਿਸ ਦੀ ਹੱਥੀ ਮੋਟੀ ਤੇ ਮੁੜੀ ਹੋਈ ਸੀ। ਕਈ ਵਾਰ ਸਾਡੇ ਪਿੰਡ ਦੀਆਂ ਕੁੜੀਆਂ ਮੇਰੇ ਕੋਲ ਆਉਣ ਤੋਂ ਝਿਜਕਦੀਆਂ ਸਨ ਕਿ ਸਾਨੂੰ ਤੇਰੇ ਬਾਬਾ ਜੀ ਤੋਂ



**ਦੇਵਿੰਦਰ ਕੌਰ ਧਾਲੀਵਾਲ**

ਬਹੁਤ ਡਰ ਲੱਗਦਾ ਹੈ। ਸਾਡੇ ਪਿੰਡ ਮੈਂ ਕਿਸੇ ਨੂੰ ਕਹਿੰਦੇ ਸੁਣਿਆ ਸੀ ਕਿ ਇੰਨਾ ਸੱਪ ਤੋਂ ਡਰ ਨਹੀਂ ਲੱਗਦਾ, ਜਿੰਨਾ ਬਾਬਾ ਜੀ ਤੋਂ ਲੱਗਦਾ ਹੈ। ਉਨ੍ਹਾਂ ਦੀ ਛਤਰ ਛਾਇਆ ਹੇਠ ਮੇਰੇ ਬਚਪਨ ਤੋਂ 16 ਸਾਲ ਤਕ ਦੀ ਉਮਰ ਇਸ ਤਰ੍ਹਾਂ ਬੀਤੀ, ਜਿਵੇਂ ਮਿੱਠੀ ਜੇਲ੍ਹ, ਉਹ ਇਸ ਤਰ੍ਹਾਂ ਕਿ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਨਾਨਕੇ ਜਾਂ ਕਿਸੇ ਵੀ ਵਿਆਹ-ਸ਼ਾਦੀ ਜਾਂ ਕਿਤੇ ਵੀ ਆਉਣ-ਜਾਣ ਦੀ ਮਨਾਹੀ ਸੀ। ਰੇਡੀਓ ਨਹੀਂ ਸੀ ਸੁਣਨ ਦਿੱਤਾ ਜਾਂਦਾ, ਦਾਦਾ ਜੀ ਕਹਿੰਦੇ ਸਨ ਕਿ ਗਾਣੇ ਸੁਣ ਕੇ ਨਿਆਣੇ ਵਿਗੜ ਜਾਂਦੇ ਸਨ, ਇਕ ਵਾਰ ਮੈਨੂੰ ਯਾਦ ਹੈ ਦੁਪਹਿਰ ਨੂੰ ਜਲੰਧਰ ਰੇਡੀਓ ਸਟੇਸ਼ਨ 'ਤੇ ਬਹੁਤ ਪਿਆਰੀ ਕਵਾਲੀ ਚੱਲ ਰਹੀ ਸੀ,

ਤੇਰੀਆਂ ਕੁੰਡਲ ਵਾਲੀਆਂ ਜ਼ੁਲਫਾਂ ਨੂੰ,
ਜ਼ੰਜੀਰ ਨਾ ਆਖਾਂ ਤਾਂ ਕੀ ਆਖਾਂ

ਅਚਾਨਕ ਰੇਡੀਓ ਬੰਦ ਹੋ ਗਿਆ, ਮੈਂ ਸੋਚਿਆ ਬਿਜਲੀ ਚੱਲ ਗਈ, ਮੈਂ ਉਦੋਂ ਪੰਦਰਾਂ ਸਾਲਾਂ ਦੀ ਸਾਂ, ਮੈਨੂੰ ਬਹੁਤ ਗੁੱਸਾ ਆਇਆ। ਪੰਦਰਾਂ ਸਾਲ ਦੀ ਉਮਰ ਵਿਚ ਗਾਣੇ ਕਿਸੇ ਸਵਰਗ ਤੋਂ ਘੱਟ ਨਹੀਂ ਸਨ ਲੱਗਦੇ, ਜੀਅ ਕਰਦਾ ਹੁੰਦਾ ਸੀ ਰੇਡੀਓ ਦੇ ਵਿਚ ਵੜ ਜਾਵਾਂ। ਰੇਡੀਓ ਸਾਡੀ ਹਵੇਲੀ ਦੇ ਚੁਬਾਰੇ ਵਿਚ ਸੀ, ਸਫ਼ਾਈ ਦੇ ਬਹਾਨੇ ਰੇਡੀਓ ਸੁਣੀਦਾ ਸੀ। ਚੁਬਾਰੇ ਤੋਂ ਹੇਠਾਂ ਆ ਕੇ ਪਤਾ ਲੱਗਾ ਕਿ ਬਿਜਲੀ ਨਹੀਂ ਸੀ ਗਈ, ਮੇਰੇ ਦਾਦਾ ਜੀ ਨੇ ਮੇਨ ਸਵਿੱਚ ਤੋਂ ਪਲੱਗ ਕੱਢ ਕੇ ਆਪਣੇ ਕਲੀਆਂ ਵਾਲੇ ਕੁੜਤੇ ਦੀ ਜੇਬ ਵਿਚ ਪਾ ਲਿਆ ਸੀ। ਉਨ੍ਹਾਂ ਦੀ ਜੇਬ ਤਾਂ ਸੱਪ ਦੀ ਖੁੱਡ ਵਿਚ ਹੱਥ ਪਾਉਣ ਵਾਂਗ ਸੀ, ਪਲੱਗ ਉਨ੍ਹਾਂ ਦੀ ਜੇਬ ਵਿਚੋਂ ਕਿਵੇਂ ਕੱਢਣਾ ਸੀ, ਮੈਂ ਕਚੀਚੀ ਵੱਟ ਕੇ ਰਹਿ ਗਈ। ਅੱਜ ਮਾਂਹ ਦੀ ਦਾਲ ਬਣਾਉਣ ਲੱਗੀ ਤਾਂ ਦਾਦਾ ਜੀ ਨੂੰ ਯਾਦ ਕਰ ਕੇ ਅੱਖਾਂ ਭਰ ਆਈਆਂ। ਉਨ੍ਹਾਂ ਦੀ ਸ਼ੇਰ ਵਰਗੀ ਲਲਕਾਰਦੀ ਆਵਾਜ਼ 'ਅੱਗ ਲਾਓ ਇਹਦੇ 'ਚ ਅਦਰਕ ਪਾਓ' ਯਾਦ ਆ ਗਈ। ਮੈਂ ਭਿੱਜੀਆਂ ਅੱਖਾਂ ਨਾਲ ਅਦਰਕ ਤੇਜ਼ ਤੇਜ਼ ਛਿੱਲਣ ਲੱਗ ਪਈ ਜਿਵੇਂ ਦਾਦਾ ਜੀ ਮੈਨੂੰ ਵੇਖ ਰਹੇ ਹਨ।

# 1982 ਏਸ਼ਿਆਈ ਖੇਡਾਂ ਦੇ ਨਾਇਕ 'ਤੇ ਬਣੀ ਫਿਲਮ 'ਪਦਮ ਸ੍ਰੀ ਕੌਰ ਸਿੰਘ'

ਅਸੀਂ ਬੜੀ ਅਜੀਬ ਮਾਨਸਿਕਤਾ ਵਾਲੇ ਜੀਵ ਹਾਂ। ਜਦੋਂ ਕੋਈ ਖਿਡਾਰੀ ਜਿੱਤ ਕੇ ਆਉਂਦਾ ਹੈ ਤਾਂ ਉਸ ਨੂੰ ਨਾਇਕਾਂ ਜਿਹਾ ਮਾਣ ਦਿੰਦਿਆਂ ਢੋਲ ਢਮੱਕਿਆਂ ਨਾਲ ਉਸਦਾ ਸਵਾਗਤ ਕਰਦੇ ਹਾਂ। ਥੋੜ੍ਹਾ ਜਿਹਾ ਸਮਾਂ ਲੰਘਦਾ ਹੈ ਤਾਂ ਉਹੀ ਨਾਇਕ ਸਾਡੇ ਲਈ ਬੇਪਛਾਣ ਚਿਹਰਾ ਬਣ ਜਾਂਦਾ ਹੈ। ਸਾਡੇ ਕੋਲ ਦੀ ਵੀ ਲੰਘ ਜਾਵੇ, ਅਸੀਂ ਗੌਲਦੇ ਤਕ ਨਹੀਂ। ਸਰਕਾਰਾਂ ਦਾ ਤਾਂ ਇਹ ਹਾਲ ਹੈ ਕਿ ਜਿਸ ਖਿਡਾਰੀ ਨੇ



**ਗੁਰਮੀਤ ਕੜਿਆਲਵੀ**
**ਫੋਨ: 98726-40994**


ਦੇਸ਼ ਲਈ ਤਮਗੇ ਜਿੱਤੇ ਹੁੰਦੇ ਨੇ, ਖੇਡ ਤੋਂ ਸੰਨਿਆਸ ਲੈਂਦਿਆਂ ਹੀ ਜਾਂ ਆਪਣੀ ਚੜ੍ਹਤ ਦੇ ਘਟਦਿਆਂ ਹੀ ਉਹ ਖਿਡਾਰੀ ਸਰਕਾਰ ਲਈ ਵਾਧੂ ਚੀਜ਼ ਬਣ ਕੇ ਰਹਿ ਜਾਂਦਾ ਹੈ।

ਪਿਛਲੇ ਸਮੇਂ 'ਚ ਬੌਲੀਵੁੱਡ ਵਾਲਿਆਂ ਨੇ ਖਿਡਾਰੀਆਂ ਦੀ ਜ਼ਿੰਦਗੀ ਦੇ ਅਧਾਰ 'ਤੇ ਫਿਲਮਾਂ ਬਣਾਈਆਂ ਹਨ। 'ਚੱਕਦੇ ਇੰਡੀਆ', 'ਭਾਗ ਮਿਲਖਾ ਭਾਗ', 'ਐਮ ਐਸ ਧੋਨੀ', 'ਦੰਗਲ', 'ਮੈਰੀਕੌਮ' ਆਦਿ ਫਿਲਮਾਂ ਨੇ ਦੇਸ਼ ਦੇ ਲੋਕਾਂ ਨੂੰ ਖੇਡਾਂ ਅਤੇ ਖਿਡਾਰੀਆਂ ਪ੍ਰਤੀ ਉਤਸ਼ਾਹਿਤ ਕੀਤਾ ਸੀ। ਇਨ੍ਹਾਂ ਫਿਲਮਾਂ ਨੂੰ ਦਰਸ਼ਕਾਂ ਦਾ ਭਰਪੂਰ ਹੁਲਾਰਾ ਵੀ ਮਿਲਿਆ। ਬੌਲੀਵੁੱਡ ਵਾਂਗ ਪੌਲੀਵੁੱਡ ਨੇ ਵੀ ਖਿਡਾਰੀਆਂ ਦੀ ਜ਼ਿੰਦਗੀ 'ਤੇ ਆਧਾਰਿਤ ਫਿਲਮਾਂ ਦਾ ਨਿਰਮਾਣ ਕੀਤਾ ਹੈ। ਹਾਕੀ ਖਿਡਾਰੀ ਹਰਜੀਤ ਸਿੰਘ ਤੁਲੀ ਦੀ ਜ਼ਿੰਦਗੀ 'ਤੇ ਬਣੀ ਬਾਇਓਪਿਕ 'ਹਰਜੀਤਾ' ਨੇ ਨੈਸ਼ਨਲ ਐਵਾਰਡ ਵੀ ਜਿੱਤਿਆ। ਫੇਰ ਵੀ ਜਿੰਨੀ ਵੱਡੀ ਪੰਜਾਬ ਦੀ ਖੇਡ ਵਿਰਾਸਤ ਹੈ, ਉਸ ਹਿਸਾਬ ਨਾਲ ਪੰਜਾਬੀ ਵਿਚ ਖਿਡਾਰੀਆਂ 'ਤੇ ਫਿਲਮਾਂ ਦਾ ਨਿਰਮਾਣ ਨਹੀਂ ਹੋਇਆ।

ਹੁਣੇ ਹੁਣੇ ਦੇਸ਼ ਦੇ ਮਹਾਨ ਮੁੱਕੇਬਾਜ਼ ਪਦਮ ਸ੍ਰੀ ਕੌਰ ਸਿੰਘ ਦੀ ਜ਼ਿੰਦਗੀ 'ਤੇ ਫਿਲਮ ਬਣੀ ਹੈ 'ਪਦਮ ਸ੍ਰੀ ਕੌਰ ਸਿੰਘ'। ਇਹ ਪੰਜਾਬੀ ਫਿਲਮਕਾਰੀ ਦਾ ਇਕ ਸ਼ਾਨਦਾਰ ਪੜਾਅ ਹੈ। ਇਹ ਹਿੰਮਤ ਤੇ ਹੌਂਸਲਾ ਪਟਿਆਲੇ ਨਾਲ ਸਬੰਧਤ ਥੀਏਟਰ ਦੇ ਪੁਰਾਣੇ ਕਲਾਕਾਰ ਕਰਮ ਬਾਠ ਹੋਰਾਂ ਵੱਲੋਂ ਕੀਤਾ ਗਿਆ ਹੈ। ਉਸਦੇ ਇਸ ਕਾਰਜ ਦੀ ਦਾਦ ਦੇਣੀ ਬਣਦੀ ਹੈ। ਇਹੋ ਜਿਹੀਆਂ ਫਿਲਮਾਂ ਨੇ ਹੀ ਨਸ਼ਿਆਂ ਦੀ ਦਲਦਲ 'ਚ ਫਸੇ ਨੌਜਵਾਨਾਂ ਨੂੰ ਨਸ਼ੇ ਤਿਆਗ ਕੇ ਖੇਡਾਂ ਦੇ ਲੜ ਲੱਗਣ ਲਈ ਪ੍ਰੇਰਿਤ ਕਰਨਾ ਹੈ। ਫੁਹੜ ਕਿਸਮ ਦੇ ਗਾਇਕਾਂ ਅਤੇ ਗੈਂਗਸਟਰਾਂ ਦੀ ਥਾਂ ਅੰਤਰ-ਰਾਸ਼ਟਰੀ ਪੱਧਰ ਤਕ ਦੇਸ਼ ਦਾ ਝੰਡਾ ਲਹਿਰਾਉਣ ਵਾਲੇ ਖਿਡਾਰੀ ਜਦੋਂ ਅੱਜ ਦੀ ਨੌਜਵਾਨੀ ਦੇ ਨਾਇਕ ਬਣਨਗੇ ਤਾਂ ਕੁਦਰਤੀ ਮਾਹੌਲ ਬਦਲੇਗਾ। ਜੇਲ੍ਹਾਂ, ਠੇਕਿਆਂ ਤੇ ਥਾਣਿਆਂ ਦੀ ਥਾਂ ਖੇਡ ਮੈਦਾਨਾਂ 'ਚ ਰੌਣਕਾਂ ਲੱਗਣਗੀਆਂ।

ਕੌਰ ਸਿੰਘ ਉਹ ਮਹਾਨ ਮੁੱਕੇਬਾਜ਼ ਹੈ, ਜਿਸਨੇ 1982 ਦੀਆਂ ਦਿੱਲੀ ਵਿਚ ਹੋਈਆਂ ਨੌਵੀਆਂ ਏਸ਼ਿਆਈ ਖੇਡਾਂ 'ਚ ਸੋਨੇ ਦਾ ਤਮਗਾ ਜਿੱਤ ਕੇ ਦੇਸ਼ ਦੀ ਝੋਲੀ ਪਾਇਆ ਸੀ। ਕੌਰ ਸਿੰਘ ਮੇਰਾ ਮਹਿਬੂਬ ਖਿਡਾਰੀ ਰਿਹਾ ਹੈ। ਉਦੋਂ ਕੌਰ ਸਿੰਘ ਦੀ ਫਾਈਨਲ ਵਾਲੀ ਬਾਈਟ ਟੀ ਵੀ ਅੱਗੇ ਬੈਠ ਕੇ ਵੇਖੀ ਸੀ। ਭਾਰਤ ਦੇ ਸਾਰੇ ਪ੍ਰਸਿੱਧ ਬੌਕਸਰ ਆਪਣੇ ਆਪਣੇ ਭਾਰ ਵਰਗ ਵਿਚ ਮੁਕਾਬਲੇ ਹਾਰ ਚੁੱਕੇ ਸਨ। ਕਿਸੇ ਦੇ ਹਿੱਸੇ ਸੁਨਹਿਰੀ ਤਮਗਾ ਨਾ ਆਉਣ ਕਾਰਨ ਮੁੱਕੇਬਾਜ਼ ਦਲ ਨਿਰਾਸ਼ ਦਿਖਾਈ ਦਿੰਦਾ ਸੀ। ਆਖਰੀ ਆਸ ਹੁਣ ਕੇਵਲ ਕੌਰ ਸਿੰਘ 'ਤੇ ਹੀ ਸੀ।

ਉਹ ਦਿਨ ਦੇਸ਼ ਦੇ ਲੋਕਾਂ ਨੂੰ ਯਾਦ ਹੀ ਹੋਵੇਗਾ, ਜਿਸ ਦਿਨ ਕੌਰ ਸਿੰਘ ਨੇ ਆਪਣੇ ਤਾਕਤਵਰ ਵਿਰੋਧੀ ਨੂੰ ਧੂੜ ਚਟਾ ਕੇ ਕਰੋੜਾਂ ਭਾਰਤ ਵਾਸੀਆਂ ਦਾ ਮਾਣ ਰੱਖ ਲਿਆ ਸੀ। ਫਿਲਮ ਸਟਾਰ ਅਮਿਤਾਭ ਬੱਚਨ ਨੇ ਜੇਤੂ ਮੰਚ 'ਤੇ ਖੜ੍ਹੇ ਸੋਨੇ,




ਚਾਂਦੀ ਤੇ ਕਾਂਸੀ ਤਮਗਾ ਜੇਤੂ ਬੌਕਸਰਾਂ ਦੇ ਗਲਾਂ 'ਚ ਹਾਰ ਪਾਏ ਸਨ। ਜਦੋਂ ਉਸ ਨੇ ਕੌਰ ਸਿੰਘ ਦੇ ਗਲ਼ 'ਚ ਹਾਰ ਪਾਇਆ ਤਾਂ ਸਟੇਡੀਅਮ ਤਾੜੀਆਂ ਨਾਲ ਗੂੰਜਣ ਲੱਗਾ ਸੀ। ਬੱਚਨ ਨੇ ਫਿਲਮੀ ਸਟਾਈਲ ਦਾ ਮੁੱਕਾ ਵੀ ਕੌਰ ਸਿੰਘ ਦੇ ਮਾਰਨ ਦੀ ਐਕਟਿੰਗ ਕੀਤੀ ਸੀ। ਇਹ ਉਹੀ ਖੇਡਾਂ ਸਨ ਜਿਸ ਵਿਚ ਪਦਮ ਸ੍ਰੀ ਪਹਿਲਵਾਨ ਕਰਤਾਰ ਸਿੰਘ ਵੀ ਸੋਨੇ ਦੇ ਤਮਗੇ ਤੋਂ ਖੁੰਝ ਗਿਆ ਸੀ ਤੇ ਸਾਡੀ ਹਾਕੀ ਟੀਮ ਰਿਵਾਇਤੀ ਵਿਰੋਧੀ ਪਾਕਿਸਤਾਨ ਤੋਂ ਫਾਈਨਲ ਮੁਕਾਬਲਾ 7-1 ਨਾਲ ਹਾਰ ਗਈ ਸੀ। ਹਾਕੀ ਦੀ ਟੀਮ ਦਾ ਗੋਲਚੀ ਮੀਰ ਰੰਜਨ ਨੇਗੀ ਸੀ ਜਿਸਦੀ ਇਸ ਹਾਰ ਤੋਂ ਬਾਅਦ ਬੜੀ ਥੂਹ ਥੂਹ ਹੋਈ ਸੀ। ਇਸੇ ਨੇਗੀ ਦੇ ਜੀਵਨ ਉਪਰ ਹੀ ਫਿਲਮ 'ਚੱਕਦੇ ਇੰਡੀਆ' ਬਣੀ ਹੈ ਜਿਹੜੀ ਸਾਡੇ ਖਿਡਾਰੀਆਂ ਲਈ ਪ੍ਰੇਰਨਾ ਦਾ ਕਾਰਜ ਨਿਭਾਉਂਦੀ ਹੈ।

ਸਾਡਾ ਮਹਾਨ ਮੁੱਕੇਬਾਜ਼ ਕੌਰ ਸਿੰਘ ਸੰਗਰੂਰ ਜ਼ਿਲ੍ਹੇ ਦੇ ਪਿੰਡ ਖਨਾਲ ਖੁਰਦ ਦਾ ਰਹਿਣ ਵਾਲਾ ਹੈ। ਸੰਨ 1970 'ਚ ਫੌਜ 'ਚ ਭਰਤੀ ਹੋ ਗਿਆ। ਪੜ੍ਹਾਈ-ਲਿਖਾਈ ਕੁਝ ਖਾਸ ਨਹੀਂ ਸੀ ਪਰ ਫੌਜ ਨੇ ਉਸ ਨੂੰ ਐਸੀ ਵਿਦਿਆ ਦੇ ਦਿੱਤੀ ਕਿ ਉਹਦੇ ਹੱਥ ਲੋਹੇ ਦੇ ਹੋ ਗਏ ਤੇ ਉਹ ਇਨ੍ਹਾਂ ਸਖਤ ਹੱਥਾਂ ਦੀ ਬਦੌਲਤ ਉਲੰਪੀਅਨ ਬਣ ਗਿਆ। ਫੌਜ ਨੇ ਹੀ ਉਸਨੂੰ ਮੁੱਕੇਬਾਜ਼ੀ ਦੇ ਮੈਦਾਨ 'ਚ ਲਿਆਂਦਾ। ਉਸਨੇ ਪੰਜ ਨੈਸ਼ਨਲ ਪੱਧਰ ਦੇ ਮੁਕਾਬਲਿਆਂ 'ਚ ਸੋਨਾ ਬਟੋਰਨ ਲੱਗੇ। ਉਸ ਨੇ ਦੁਨੀਆਂ ਦੇ ਮਹਾਨ ਬੌਕਸਰ ਮੁਹੰਮਦ ਅਲੀ ਨਾਲ ਵੀ ਮੁਕਾਬਲਾ ਲੜਿਆ।

ਕੌਰ ਸਿੰਘ 1984 ਦੀਆਂ ਲਾਸ ਏਂਜਲਸ ਉਲੰਪਿਕ ਖੇਡਾਂ 'ਚ ਭਾਗ ਲੈ ਕੇ ਉਲੰਪੀਅਨ ਬਣ ਗਿਆ। ਇਹ ਉਹ ਦੌਰ ਸੀ ਜਦੋਂ ਸਾਡੇ ਖਿਡਾਰੀਆਂ ਨੂੰ ਵਿਸ਼ਵ ਪੱਧਰ ਦੀਆਂ ਸਹੂਲਤਾਂ ਨਹੀਂ ਸਨ ਮਿਲਦੀਆਂ। ਪੈਸਾ ਧੇਲਾ ਵੀ ਨਹੀਂ ਸੀ ਮਿਲਦਾ। ਹੁਣ ਤਾਂ ਦੇਸ਼ ਦੇ ਲੋਕਾਂ ਨੇ ਉਲੰਪਿਕ 'ਚ ਕਾਂਸੀ ਤਮਗਾ ਜਿੱਤਣ ਵਾਲੀ ਹਾਕੀ ਟੀਮ ਦੇ ਖਿਡਾਰੀਆਂ ਨੂੰ ਕਰੋੜਾਂ ਦੇ ਚੈਕ ਮਿਲਦੇ ਵੇਖੇ ਹਨ। ਕੌਰ ਸਿੰਘ ਵੇਲੇ ਇਹ ਸਥਿਤੀ ਨਹੀਂ ਸੀ। ਉਦੋਂ ਫੋਕੀ ਸ਼ਾਬਾਸ਼ ਦੇ ਕੇ ਘਰ ਨੂੰ ਤੋਰ ਦੇਣ ਦਾ ਜ਼ਮਾਨਾ ਸੀ। ਕਈ ਵਾਰ ਤਾਂ ਸਾਡੇ ਅਧਿਕਾਰੀ ਇਹ ਵੀ ਨਹੀਂ ਸਨ ਦਿੰਦੇ। ਕੌਰ ਸਿੰਘ ਨਾਲ ਵੀ ਇਹੋ ਕੁਝ ਹੋਇਆ। 1982 'ਚ ਅਰਜਨ ਐਵਾਰਡ ਤੇ 1983 'ਚ ਪਦਮ ਸ੍ਰੀ ਪੁਰਸਕਾਰ ਜ਼ਰੂਰ ਦੇ ਦਿੱਤੇ ਪਰ ਖੇਲ ਰਤਨ ਐਵਾਰਡ ਤੋਂ ਵਾਂਝਿਆਂ ਰੱਖ ਕੇ ਇਸ ਖਿਡਾਰੀ ਨਾਲ ਬੇਇਨਸਾਫੀ ਕੀਤੀ।

ਕੌਰ ਸਿੰਘ ਨੇ ਸਾਰੀ ਜ਼ਿੰਦਗੀ ਖੇਡਾਂ ਲੇਖੇ ਲਾਈ ਹੈ। ਉਸਦੀ ਜ਼ਿੰਦਗੀ ਉਤਰਾਵਾਂ ਚੜ੍ਹਾਵਾਂ ਵਾਲੀ ਰਹੀ ਹੈ। ਅੜਬ ਤੇ ਅਣਖੀ ਸੁਭਾਅ ਵਾਲਾ ਇਹ ਨਾਇਕ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੰਦਾ। ਅਜਿਹੇ ਬੰਦੇ ਅਫਸਰਸ਼ਾਹੀ ਨੂੰ ਚੰਗੇ ਨਹੀਂ ਲੱਗਦੇ ਹੁੰਦੇ। ਕੌਰ ਸਿੰਘ ਵੀ ਚੰਗਾ ਨਹੀਂ ਲੱਗਿਆ। ਇਸੇ ਕਰਕੇ ਉਸਦੀ ਉਹ ਕਦਰ ਨਹੀਂ ਪਈ ਜੋ ਪੈਣੀ ਚਾਹੀਦੀ ਸੀ। ਉਸਦੇ ਮੈਡਲ ਕਿੱਲੀ 'ਤੇ ਟੰਗੇ ਤੰਗਦਸਤੀ ਹੰਢਾਉਂਦੇ ਹੰਝੂ ਕੇਰਦੇ ਰਹੇ। ਉਹ ਬਿਮਾਰੀ ਦੀ ਹਾਲਤ 'ਚ ਸਰਕਾਰਾਂ ਤੇ ਰਾਜ ਦਰਬਾਰਾਂ ਦੇ ਮੂੰਹ ਵੱਲ ਵੇਖਦਾ ਰਿਹਾ। ਪਦਮ ਸ੍ਰੀ ਦਾ ਖਿਤਾਬ ਜਿਵੇਂ ਇਸ ਨਾਇਕ ਨੂੰ ਮਜ਼ਾਕ ਕਰਦਾ ਹੋਵੇ। ਇਹ ਹੋਣੀ ਕੌਰ ਸਿੰਘ ਦੀ ਹੀ ਨਹੀਂ ਸੀ, ਹਰ ਭਾਰਤੀ ਖਿਡਾਰੀ ਦੀ ਹੈ। ਕੋਈ ਵਿਰਲਾ ਟਾਵਾਂ ਹੀ ਸਰਕਾਰ ਦੀ ਕਿਰਪਾ ਦ੍ਰਿਸ਼ਟੀ ਦਾ ਭਾਗੀ ਬਣਦਾ ਹੈ।

ਪਦਮ ਸ੍ਰੀ ਕੌਰ ਸਿੰਘ ਦੀ ਜ਼ਿੰਦਗੀ ਦੁੱਖਾਂ-ਸੁੱਖਾਂ, ਹਾਰਾਂ ਜਿੱਤਾਂ, ਖੁਸ਼ੀਆਂ-ਉਦਾਸੀਆਂ, ਤੇ ਭੁੱਲ ਭੁਲਈਆਂ ਵਾਲੀ ਹੈ। ਬੜੇ ਵੰਨ ਸੁਵੰਨੇ ਰੰਗ ਨੇ। ਇਨ੍ਹਾਂ ਸਾਰੇ ਰੰਗਾਂ ਨੂੰ ਵਿਕਰਮ ਪ੍ਰਧਾਨ ਨੇ ਆਪਣੀ ਲੇਖਣੀ 'ਚ ਲਿਆਂਦਾ ਹੋਵੇਗਾ। ਕੌਰ ਸਿੰਘ ਵਾਰ-ਵਾਰ ਅੰਦਰੋਂ ਟੁੱਟਿਆ ਹੋਵੇਗਾ। ਉਹ ਡਿੱਗਿਆ ਤੇ ਫੇਰ ਉਠਿਆ ਹੋਵੇਗਾ। ਉਸਨੇ ਚੀਕ ਮਾਰੀ ਹੋਵੇਗੀ, ਉਹ ਰਿੰਗ ਵਿਚ ਕਿਵੇਂ ਸ਼ੇਰ ਵਾਂਗ ਭਬਕਿਆ ਹੋਵੇਗਾ, ਜ਼ਰੂਰ ਇਹ ਸਾਰਾ ਕੁਝ ਫਿਲਮਕਾਰ ਨੇ ਪਰਦੇ 'ਤੇ ਲੈ ਆਂਦਾ ਹੋਵੇਗਾ।

ਕਰਮ ਬਾਠ ਹੋਰਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਨੀ ਬਣਦੀ ਹੈ। ਗਹਿਰ ਗੰਭੀਰ ਅਦਾਕਾਰ ਮਲਕੀਤ ਰੌਣੀ, ਗੁਰਪ੍ਰੀਤ ਭੰਗੂ ਤੇ ਰਾਜ ਕਾਕੜਾ ਵਰਗੇ ਅਦਾਕਾਰਾਂ ਨਾਲ ਫਿਲਮ ਜ਼ਰੂਰ ਕੌਰ ਸਿੰਘ ਦੀ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕਰਨ 'ਚ ਕਾਮਯਾਬ ਹੋਈ ਹੋਵੇਗੀ। ਫਿਲਮ 22 ਜੁਲਾਈ ਨੂੰ ਥੀਏਟਰਾਂ 'ਚ ਲੱਗ ਰਹੀ ਹੈ। ਜਵਾਨੀ ਦਾ ਇਹ ਫਿਲਮ ਦੇਖਣ ਜਾਣਾ ਜ਼ਰੂਰੀ ਹੈ। ਫਿਲਹਾਲ ਕਰਮ ਬਾਠ ਦੀ ਟੀਮ ਲਈ ਸ਼ੁਭ ਇੱਛਾਵਾਂ!!

## ਜਨਮ ਦਿਨ 'ਤੇ ਵਿਸ਼ੇਸ਼

### ਸ੍ਰੀ ਬਟੁਕੇਸ਼ਵਰ ਦੱਤ ਉਰਫ਼ ਮੋਹਨ ਜੀ

*****************************

ਬਟੁਕੇਸ਼ਵਰ ਦੱਤ ਮਾਂ ਦਾ ਪੁੱਤ ਸ਼ੇਰ ਸੀ,
ਬੰਗਾਲ ਦਾ ਸੂਰਮਾ ਬਾਹਲਾ ਦਲੇਰ ਸੀ
18 ਨਵੰਬਰ 1910 ਨੂੰ ਦਿਨ ਸੀ ਖਾਸ,
ਅਮੋਲਕ ਹੀਰਾ ਭਾਰਤ ਮਾਂ ਦੇ ਸੀ ਪਾਸ।

ਪਿੰਡ ਖੰਡਘੋਸ਼ ਦੀ ਸ਼ਾਨ ਨਿਰਾਲੀ ਸੀ,
ਮਾਨਮੱਤਾ ਇਤਿਹਾਸ ਪਰ ਸਵਾਲੀ ਸੀ
ਬਾਪ ਘੋਸ਼ਥਾ ਬਿਹਾਰੀ ਭਾਗਸ਼ਾਲੀ ਸੀ,
ਜੰਮਿਆ ਸੀ ਜਿਨ੍ਹੇ ਮਾਂ ਭਾਗਾਂਵਾਲੀ ਸੀ।

ਦੁੱਧ ਦੇ ਨਾਲ ਮਾਂ ਦਿੱਤੀ ਐਸੀ ਗੁੜ੍ਹਤੀ,
ਰੰਗ ਬਸੰਤੀ ਦੇਸ਼ ਪਿਆਰ ਦੀ ਜੁਗਤੀ
ਉਨੀ ਸਾਲ ਦਾ ਮੁੱਛਫੁਟ ਸੀ ਗਭਰੂਟ,
ਇਨਕਲਾਬੀ ਪਾਰਟੀ ਦੇ ਸੀ ਰੰਗਰੂਟ

ਚੰਦਰ ਸ਼ੇਖਰ, 'ਭਗਤ' ਦੇ
ਪੱਕੇ ਯਾਰ ਸੀ,
ਕਾਮਿਆਂ ਨੂੰ ਦਿਲੋਂ ਕਰਦੇ ਪਿਆਰ ਸੀ
ਰਿਪਬਲੀਕਨ ਐਸੋਸੀਏਸ਼ਨ ਦਾ ਮਾਣ,
ਨੌਜਵਾਨ ਭਾਰਤ ਸਭਾ 'ਤੇ ਪੂਰਾ ਤਾਣ।

8 ਅਪ੍ਰੈਲ 1929 ਨੂੰ ਬੋਲੇ ਗੋਰੇ ਜਗਾ,
ਸੁੱਟ ਬੰਬ ਅਸੈਂਬਲੀ 'ਚ ਦਿੱਤੇ ਸੀ ਭਜਾ
ਸੂਰਬੀਰ ਭਗਤ ਨਾਲ ਖੜ੍ਹੇ ਅਡੋਲ ਸੀ,
ਸੁੱਟਿਆ ਬੰਬ ਅਸਾਂ ਮੂੰਹੋਂ ਰਹੇ ਬੋਲ ਸੀ।

ਹੋਏ ਗ੍ਰਿਫਤਾਰ ਕੇਸ ਸੀ ਫਿਰ ਚੱਲਿਆ,
ਬੁਰਾ ਹਾਲ ਜੇਲ੍ਹਾਂ ਦਾ ਤੱਕ ਨਾ ਝੱਲਿਆ
114 ਦਿਨ ਲੰਬੀ ਰੱਖ ਕੇ ਭੁੱਖ ਹੜਤਾਲ,
ਮਨਾ ਕੇ ਹੱਕਾਂ ਲਈ ਕੀਤੀ ਸੀ ਕਮਾਲ।

ਅੰਤਮ ਫੈਸਲੇ ਦੀ ਆ ਪਹੁੰਚੀ ਘੜੀ ਸੀ,
ਉਮਰ ਕੈਦ ਕਾਲੇ ਪਾਣੀ, ਸਜ਼ਾ ਬੜੀ ਸੀ
ਬਾਅਦ ਵਿਚ ਸ਼ਰਤਾਂ 'ਤੇ ਸਜ਼ਾ ਘਟੀ ਸੀ,
ਪਰ ਦੇਸ਼ ਭਗਤਾਂ ਨੇ ਨਾ ਪੜ੍ਹੀ ਪੱਟੀ ਸੀ।

ਬਾਹਰ ਆ ਕੇ ਫਿਰ ਬੇਮੁਹਾਰ ਹੋ ਗਿਆ,
ਕੈਦ ਵਿਚ ਗੋਰਿਆਂ ਦੇ ਵਾਰ ਵਾਰ ਹੋ ਗਿਆ।
15 ਅਗਸਤ ਦੇਸ਼ ਆਜ਼ਾਦ ਹੋਇਆ ਸੀ,
ਆਜ਼ਾਦ ਕਾਹਦਾ ਬਰਬਾਦ ਹੋਇਆ ਸੀ।

ਕੀਤੀਆਂ ਕੁਰਬਾਨੀਆਂ ਨੂੰ ਨੇਤਾ ਭੁੱਲੇ ਸੀ,
ਰਾਜ ਦੇ ਨਸ਼ੇ 'ਚ ਖੁਦਗਰਜ਼ੀ 'ਤੇ ਡੁੱਲ੍ਹੇ ਸੀ।
ਸ਼ਹੀਦਾਂ ਦੇ ਆਦਰਸ਼ ਅੱਖੋਂ ਓਹਲੇ ਹੋਏ ਸੀ,
ਪਰ ਲੁੱਟ ਲਿਆ ਦੇਸ਼
ਅੰਦਰੋਂ ਖੋਲੇ ਹੋਏ ਸੀ।

ਜੇਲ੍ਹ ਵਿਚ ਮੁਸ਼ੱਕਤ ਨੇ ਤਪਦਿਕ ਕੀਤਾ ਸੀ,
ਸਬਰਾਂ ਦਾ ਘੁੱਟ ਦੇਸ਼ ਸੇਵਕਾਂ ਨੇ ਪੀਤਾ ਸੀ।
20 ਜੁਲਾਈ 1965 ਨੂੰ ਮੌਤ ਆ ਫੜਿਆ,
ਦੁਲਾਰਾ ਭਾਰਤ ਮਾਂ ਦਾ ਸੀੜੀ 'ਤੇ ਚੜ੍ਹਿਆ।

ਅੰਤ ਸਤਹੀਣ ਹੋ ਉਹ ਦਿੱਲੀ ਆ ਗਿਆ,
ਪੰਜਾਬ ਸਰਕਾਰ ਤੋਂ ਇਲਾਜ ਕਰਾ ਗਿਆ।
ਆਖਰੀ ਇੱਛਾ ਜੋ ਰਹੀ ਹਾਲੇ ਅਧੂਰੀ ਸੀ,
ਭਗਤ, ਰਾਜ, ਸੁਖਦੇਵ ਨੇੜੇ ਸਮਾਧ ਪੂਰੀ ਸੀ।

*-ਸੇਵਾ ਸਿੰਘ "ਨੂਰਪੁਰੀ"*

---

## ਕਾਵਿ ਕਿਆਰੀ

### ਪੁਸਤਕ ਇੱਕ ਮਸੀਹਾ ਹੋਰ (1970)

ਉਮਰ ਦੇ ਚਿਹਰੇ 'ਤੇ ਅੱਜ
ਆਸਾਰ ਨੇ ਕੁਝ ਇਸ ਤਰ੍ਹਾਂ ਦੇ
ਜਿਗਰ ਦਾ ਟੁਕੜਾ ਜਿਵੇਂ
ਦਫ਼ਨਾ ਕੇ ਪਰਤੀ ਹੈ ਹੁਣੇ।

ਜਿੰਦ ਦੀ ਨਿਰਜਿੰਦ ਰੂਹ
ਜਿਉਂ ਮੌਤ ਦੇ ਦਰ ਲੋਹ-ਜੜੇ ਨੂੰ
ਇਕ ਵਾਰੀ ਫੇਰ ਅੱਜ
ਖੜਕਾ ਕੇ ਪਰਤੀ ਹੈ ਹੁਣੇ।

ਜਾਂ ਕੋਈ ਗਰਭਣ ਮਿਰਗਣੀ
ਤੀਰ ਖਾ ਕੇ ਘੁੜ-ਚੜੇ ਤੋਂ
ਇੰਜ ਅਜਨਮੀ ਜ਼ਾਤ ਸੰਗ
ਗਸ਼ ਖਾ ਕੇ ਪਰਤੀ ਹੈ ਹੁਣੇ।

ਜਾਂ ਕੋਈ ਗੂੰਗੀ ਹੁਸੀਨਾ
ਹੱਥ ਆ ਗਈ ਗੁੰਡਿਆਂ ਦੇ
ਪਾਕ ਆਪਣਾ ਨਾਰੀਤਵ
ਲੁਟਵਾ ਕੇ ਪਰਤੀ ਹੈ ਹੁਣੇ।

ਬਾਲ ਵਿਧਵਾ 'ਤੇ ਜਿਵੇਂ
ਅਣਗਿਣਤ ਅੱਖਾਂ ਹੋਣ ਟਿਕੀਆਂ
ਘੁੱਟ ਕੇ ਆਪੇ ਨੂੰ ਉਹ
ਸ਼ਰਮਾ ਕੇ ਪਰਤੀ ਹੈ ਹੁਣੇ।

ਜਿਉਂ ਕਿਸੇ ਜੋਗਣ ਨੂੰ ਧਾ ਕੇ
ਜੋਗ ਮੰਡਲੀ ਪੈ ਗਈ ਏ
ਆਪਣੇ ਤਨ ਤੋਂ ਉਹ ਭਗਵਾ
ਲਾਹ ਕੇ ਪਰਤੀ ਹੈ ਹੁਣੇ।

ਹੈ ਕੇਹਾ ਅੱਜ ਦਾ ਦਿਹਾੜਾ
ਪੀੜ ਏਨੀ ਵਧ ਗਈ ਏ
ਮਰ ਗਈ ਜਿ" ਹੱਦ ਨੂੰ
ਹੱਥ ਲਾ ਕੇ ਪਰਤੀ ਹੈ ਹੁਣੇ।

ਪ੍ਰੀਤ ਦੇ ਦਵਾਰੇ 'ਤੇ ਜਿਉਂ
ਨਫ਼ਰਤ ਦੀ ਬਾਰਿਸ਼ ਹੋ ਰਹੀ ਏ
ਲਾਰਿਆਂ ਦੇ ਥੰਮ੍ਹ ਜੋ
ਥਿੜਕਾ ਕੇ ਪਰਤੀ ਹੈ ਹੁਣੇ।

ਬਹੁ-ਮੁਖੀ ਜਿਹੀ ਯਾਦ ਉਸਦੀ
ਫੇਰ ਕਿਤਿਓਂ ਆਣ ਟਪਕੀ
ਮੇਰੇ ਹਿੱਸੇ ਦਾ ਸਮਾਂ ਵੀ
ਖਾ ਕੇ ਪਰਤੀ ਹੈ ਹੁਣੇ।

ਇਹ ਹਨੇਰੀ ਅੱਜ ਮੁੜ ਕੇ
ਸਤ-ਬੁੱਝੇ ਸੁਪਨੇ ਭਖਾ ਗਈ
ਮਾਰ ਪੱਲਾ ਅੱਗ ਨੂੰ
ਭੜਕਾ ਕੇ ਪਰਤੀ ਹੈ ਹੁਣੇ।

ਹੱਸਦੀ ਦੁਨੀਆ ਭਲੇ ਸੀ
ਹਾਲ ਮੇਰਾ ਵੇਖ ਕੇ ਪਰ
ਅੱਜ ਡਿੱਠੈ ਆਪ ਉਹ
ਮੁਸਕਾ ਕੇ ਪਰਤੀ ਹੈ ਹੁਣੇ।

*-ਭੂਸ਼ਨ ਧਿਆਨਪੁਰੀ*

---

### ਗ਼ਜ਼ਲ

ਕਿਹਨੂੰ ਦੱਸੀਏ ਦੁੱਖੜੇ,
ਦਰੱਖਤ ਸੀ ਕੱਲ੍ਹ ਕਹਿ ਰਿਹਾ
ਸਾਡਾ ਰਖਵਾਲਾ ਸੰਤਰੀ,
ਸਾਨੂੰ ਹੀ ਲੁੱਟ ਕੇ ਲੈ ਗਿਆ।

ਸੁੱਖ ਵਿਲਾਸ ਦੇ ਸੁੱਖਾਂ ਦੀ,
ਗੱਲ ਬਿਆਨੋਂ ਬਾਹਰ ਹੈ
ਆਪੇ ਕਾਨੂੰਨ ਬਣ ਗਿਆ,
ਆਪੇ ਹੀ ਫਿਰ ਢਹਿ ਗਿਆ।

ਰੇਤਾ ਸੀ ਕਹਿੰਦੀ ਦਰਿਆ ਨੂੰ,
ਏਹ ਕੌਣ ਨੇ ਏਹ ਕੌਣ ਨੇ?
ਚੁੱਪ ਕਰ ਦਰਿਆ ਆਖ ਦਾ,
ਮੰਤਰੀ ਦੇ ਕੰਨੀਂ ਪੈ ਗਿਆ।

ਕੱਲ੍ਹ ਮਾਂ ਸੀ ਪਾਉਂਦੀ ਕੀਰਨੇ,
ਇਕਲੌਤੇ ਪੁੱਤ ਦੀ ਲਾਸ਼ 'ਤੇ,
ਚਿੱਟੇ ਦੇ ਸੌਦਾਗਰਾਂ ਉਜਾੜ ਕੇ,
ਕੀ ਤੇਰਾ ਘਰ ਪੈ ਗਿਆ?

ਏਹ ਕਹੀ ਆਜ਼ਾਦੀ ਹੈ ਦੋਸਤੋ,
ਤਰੱਕੀਆਂ ਨੇ ਕਿਹੜੀਆਂ
ਸੇਵਾ ਦੇ ਮੌਕੇ ਭਾਲਦਾ,
ਮਚਾ ਕੇ ਓਹ ਲੁੱਟਾਂ ਲਹਿ ਗਿਆ।

ਗਿੱਠਾਂ ਨਾਲ ਧਰਤੀ ਨਾਪ ਕੇ,
ਵਿਹਲੇ ਸਮੇਂ ਕਦੇ ਮਿਣਿਓ
ਜਾਂਦੇ ਵਾਰੀ ਤਾਂ ਦੋਸਤਾ,
ਸਰੀਰ ਵੀ ਏਥੇ ਰਹਿ ਗਿਆ।

ਕਿਤੇ ਕਾਮ ਨੇ ਕਿਤੇ ਮੋਹ ਨੇ,
ਕਿਤੇ ਲੋਭ ਨੇ ਤੇ ਕ੍ਰੋਧ ਨੇ
'ਸੁੱਖਵਿੰਦਰ' ਹੰਕਾਰ ਦੈਂਤ ਏਹ,
ਹੈ ਜੜ੍ਹਾਂ 'ਚ ਬਹਿ ਗਿਆ।

*-ਸੁੱਖਵਿੰਦਰ ਬੋਦਲਾਂਵਾਲਾ,*
*ਫੋਨ: 360 281 2624*


---

### ਫਾਸਟ ਫੂਡ

ਬੱਚਿਓ, ਛੱਡੋ ਫਾਸਟ ਫੂਡ ਖਾਣਾ,
ਡਾਕਟਰ ਕੋਲ ਆਪਾਂ ਨਹੀਂ ਜਾਣਾ।
ਭੋਜਨ ਸਾਡੀ ਇਹ ਸਿਹਤ ਵਿਗਾੜੇ,
ਉਪਰੋਂ ਡਾਕਟਰ ਚੰਗੇ ਰੁਪਏ ਝਾੜੇ।
ਸਾਡੇ ਸਰੀਰ ਦਾ ਵਧਾਉਂਦਾ ਭਾਰ,
ਗੁੱਸਾ ਵੀ ਆਉਂਦਾ ਹੈ ਲਗਾਤਾਰ।
ਬਲੱਡ ਪ੍ਰੈਸ਼ਰ ਨੂੰ ਕਰਦੇ ਉਤੇ-ਥੱਲੇ,
ਯਾਦਸ਼ਕਤੀ ਰਹਿੰਦੀ ਨਹੀਂ ਪੱਲੇ।
ਕੈਂਸਰ ਦੀ ਵੀ ਕਰ ਲੂ ਤਿਆਰੀ,
ਜਿਨ੍ਹਾਂ ਨੂੰ ਫਾਸਟ ਫੂਡ ਪਿਆਰੀ।
ਮੈਦਾ ਸਰੀਰ 'ਚ ਹਜ਼ਮ ਨਹੀਂ ਹੋਏ,
ਖਾਣ ਵਾਲਾ ਇੱਕ ਦਿਨ ਪੱਕਾ ਰੋਏ।
ਸਫ਼ਾਈ ਦਾ ਧਿਆਨ ਨਹੀਂ ਰੱਖਦੇ,
ਮੱਖੀਆਂ ਮੱਛਰ ਵੀ ਆ ਕੇ ਚੱਖਦੇ।
ਮਾੜੀ ਚੀਜ਼ ਪਾ ਬਚਾਉਂਦੇ ਖਰਚਾ,
ਸਰਕਾਰ ਕਰਦੀ ਨੀਂ ਕੋਈ ਪਰਚਾ।
ਬਰਗਰ, ਪੀਜ਼ਾ, ਸਮੋਸੇ ਅਤੇ ਚਾਟ,
ਕਰ ਦੂ ਇਹਨਾਂ ਦਾ ਬਾਈਕਾਟ।
ਈਸਟਾ, ਏਕੂ ਨੇ ਗੱਲ ਸਮਝੀ ਸਾਰੀ,
ਫਾਸਟ ਫੂਡ ਤਾਂ ਭਿਆਨਕ ਬਿਮਾਰੀ।
ਮੌਸਮੀ ਸਬਜ਼ੀਆਂ ਅਤੇ ਫਰੂਟ ਖਾ,
ਆਪਣੇ ਸਰੀਰ ਨੂੰ ਤੰਦਰੁਸਤ ਬਣਾ।

*-ਚਮਨਦੀਪ ਸ਼ਰਮਾ*
*ਫੋਨ: 91+95010-33005*

# ਛੱਲਾ ਮੁੜ ਕੇ ਨਹੀਂ ਆਇਆ...










*ਖੱਬਿਓਂ: ਫਿਲਮ 'ਛੱਲਾ ਮੁੜ ਕੇ ਨਹੀਂ ਆਇਆ' ਦਾ ਪੋਸਟਰ; ਫਿਲਮ ਦੇ ਦੋ ਦ੍ਰਿਸ਼ਾਂ ਵਿਚ ਸਾਹਿਬ ਸਿੰਘ, ਕਰਮਜੀਤ ਅਨਮੋਲ ਤੇ ਅਮਰਿੰਦਰ ਗਿੱਲ ਅਤੇ (ਐਨ ਸੱਜੇ) ਅੰਬਰਦੀਪ ਸਿੰਘ।*

ਅੱਜਕੱਲ੍ਹ ਇੰਗਲੈਂਡ ਵਿਚ ਹਾਂ। ਇੱਥੇ ਬੜੇ ਛੱਲੇ ਨੇ, ਜੋ ਆਏ ਪਰ ਮੁੜ ਕੇ ਨਹੀਂ ਗਏ। ਉਨ੍ਹਾਂ ਦੀਆਂ ਗੱਲਾਂ ਫੇਰ ਕਿਸੇ ਦਿਨ, ਅੱਜ ਉਸ ਫਿਲਮ ਦੀ ਗੱਲ ਕਰਨੀ ਹੈ ਜੋ

**ਸਾਹਿਬ ਸਿੰਘ**
ਫੋਨ: +91-98880-11096

ਪੰਜਾਬੀ ਫਿਲਮ ਇਤਹਾਸ ਵਿਚ ਮੀਲ ਪੱਥਰ ਗੱਡਣ ਦੀਆਂ ਸੰਭਾਵਨਾਵਾਂ ਸਮੋਈ ਬੈਠੀ ਹੈ। ਇਹ ਫਿਲਮ ਹੈ: ਛੱਲਾ ਮੁੜ ਕੇ ਨਹੀਂ ਆਇਆ। ਇਸ ਫਿਲਮ ਦੀ ਕਹਾਣੀ ਅੰਬਰਦੀਪ ਸਿੰਘ ਨੇ ਲਿਖੀ ਹੈ। ਊਰਜਾ ਅਤੇ ਹੁਨਰ ਦਾ ਅਥਾਹ ਸਮੁੰਦਰ ਅੰਬਰਦੀਪ ਸਿੰਘ। ਇਸ ਬੰਦੇ ਬਾਰੇ ਕਿਸੇ ਦਿਨ ਨਿੱਠ ਕੇ ਲਿਖਾਂਗਾ। ਹੋ ਸਕਦਾ ਕਿਤਾਬ ਹੀ ਲਿਖ ਦੇਵਾਂ! ਪਰ ਅੱਜ ਗੱਲ ਇਸ ਫਿਲਮ ਦੇ ਨਾਇਕ ਅਤੇ ਨਿਰਦੇਸ਼ਕ ਅਮਰਿੰਦਰ ਗਿੱਲ ਬਾਰੇ ਕਰਨੀ ਹੈ।

ਪੰਜਾਬੀ ਗਾਇਨ ਅਤੇ ਫਿਲਮਾਂ ਦਾ ਚਮਕਦਾ ਸਿਤਾਰਾ, ਨਿਰਵਿਵਾਦ ਨਾਇਕ ਅਮਰਿੰਦਰ ਗਿੱਲ। ਉਹ ਗਾਉਂਦਾ ਬਹੁਤ ਵਧੀਆ ਹੈ। ਫਿਲਮਾਂ ਬਹੁਤ ਵਧੀਆ ਬਣਾਉਂਦਾ ਹੈ ਪਰ ਉਸ ਨੂੰ ਮਿਲਦਿਆਂ, ਉਸ ਨਾਲ ਗੱਲਾਂ ਕਰਦਿਆਂ ਹਮੇਸ਼ਾ ਮੈਨੂੰ ਇਹ ਅਹਿਸਾਸ ਹੁੰਦਾ ਹੈ ਜਿਵੇਂ ਮੈਂ ਕਿਸੇ ਸਾਹਿਤਕ ਸ਼ਖਸੀਅਤ ਦੇ ਰੂਬਰੂ ਹੋਵਾਂ। ਸਮਾਜ ਬਾਰੇ ਉਸ ਦੇ ਦਿਲ ਅੰਦਰ ਬਹੁਤ ਫਿਕਰ ਹੈ। ਉਹ ਸਮਾਜ ਨੂੰ ਸਮਝਣ ਦੀ ਕੋਸ਼ਿਸ਼ ਵਿਚ ਹੈ; ਤੇ ਉਸ ਸਮਝ ਨੂੰ ਆਪਣੇ ਸਰੋਤਿਆਂ ਅਤੇ ਦਰਸ਼ਕਾਂ ਤਕ ਪਹੁੰਚਾਉਣ ਲਈ ਇੰਨੀ ਮਿਹਨਤ ਕਰਦਾ ਹੈ ਕਿ ਉਸ ਦੇ ਆਲੇ-ਦੁਆਲੇ ਮਚਿਆ ਹੋਇਆ ਇੰਨਾ ਬੇਸੁਰਾ ਰੌਲਾ ਵੀ ਉਸ ਦਾ ਧਿਆਨ ਭੰਗ ਨਹੀਂ ਕਰ ਸਕਦਾ। ਇਸ ਤਰ੍ਹਾਂ ਸਭ ਕੁਝ ਪੇਸ਼ ਕਰਦਿਆਂ ਹੋਇਆਂ ਵੀ ਉਹ ਇੰਨੇ ਸਹਿਜ ਨਾਲ ਕਲਾ ਦੇ ਕਰੀਬ ਰਹਿੰਦਾ ਹੈ ਕਿ ਪਤਾ ਵੀ ਨਹੀਂ ਲੱਗਦਾ ਕਿ ਉਹ ਕੋਈ ਸਮਾਜਿਕ ਕਾਰਜ ਵੀ ਕਰ ਰਿਹਾ ਹੈ। ਇਹ ਫਿਲਮ ਉਸ ਅਮਰਿੰਦਰ ਗਿੱਲ ਦੀ ਰੂਹ ਦੇ ਕਰੀਬ ਹੈ। ਉਸ ਨੇ ਇਹ ਫਿਲਮ ਇੰਨੀ ਸ਼ਿੱਦਤ ਨਾਲ ਬਣਾਈ ਹੈ ਕਿ ਦਰਸ਼ਕ ਰੂਹ ਤਕ ਭਿੱਜਿਆ ਮਹਿਸੂਸ ਕਰੇਗਾ।

ਇਹ ਫਿਲਮ ਵੀ ਅਮਰਿੰਦਰ ਗਿੱਲ ਦੀਆਂ ਬਾਕੀ ਸਾਰੀਆਂ ਫਿਲਮਾਂ ਵਾਂਗ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ। ਫਿਲਮ ਨੂੰ ਮਨੋਰੰਜਨ ਕਰਨਾ ਹੀ ਚਾਹੀਦਾ ਹੈ ਪਰ ਮਨੋਰੰਜਨ ਦੇ ਨਾਲ ਨਾਲ ਇਹ ਫਿਲਮ ਉਹ ਕਹਾਣੀ ਛੂਹੇਗੀ ਜੋ ਪੰਜਾਬੀਆਂ ਨੂੰ ਝੰਜੋੜੇਗੀ ਵੀ, ਆਪਣੀ ਵੀ ਲੱਗੇਗੀ। ਇਹੀ ਕਲਾ ਦਾ ਮਕਸਦ ਹੈ। ਮੈਂ ਇਸ ਫਿਲਮ ਵਿਚ ਅਮਰਿੰਦਰ ਗਿੱਲ ਦੇ ਬਾਪ ਦਾ ਕਿਰਦਾਰ ਨਿਭਾ ਰਿਹਾ ਹਾਂ। ਐਨ ਅਲੱਗ ਤਰ੍ਹਾਂ ਦਾ ਤਜਰਬਾ। ਅਲੱਗ ਤਰ੍ਹਾਂ ਦਾ ਰੂਪ, ਪਹਿਰਾਵਾ ਤੇ ਅਲੱਗ ਤਰ੍ਹਾਂ ਦਾ ਅਹਿਸਾਸ! 29 ਜੁਲਾਈ 2022 ਨੂੰ ਇਹ ਫਿਲਮ ਪੂਰੇ ਸੰਸਾਰ ਵਿਚ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਤੁਸੀਂ ਇਸ ਫਿਲਮ ਨੂੰ ਮਿਸ ਨਹੀਂ ਕਰ ਸਕਦੇ। ਇਹ ਤੁਹਾਨੂੰ ਖਿੱਚ ਕੇ ਸਿਨੇਮਾ ਤਕ ਲੈ ਕੇ ਜਾਏਗੀ।

ਅਮਰਿੰਦਰ ਗਿੱਲ ਪਹਿਲੀ ਵਾਰ ਕੋਈ ਫਿਲਮ ਨਿਰਦੇਸ਼ਿਤ ਕਰ ਰਿਹਾ ਹੈ। ਕਾਰਜ ਗਿੱਲ ਨਿਰਮਾਤਾ ਹੈ। ਇਹ ਦੋਵੇਂ ਪੰਜਾਬੀ ਫਿਲਮ ਇੰਡਸਟਰੀ ਦੇ ਬੀਬੇ ਅਤੇ ਸਿਆਣੇ ਮੁੰਡੇ ਨੇ। ਸਾਹਿਤ ਨਾਲ ਜੁੜੇ ਹੋਏ ਹਨ। ਕਿਤਾਬਾਂ ਪੜ੍ਹਨ ਵਾਲੇ, ਵੱਡਿਆਂ ਦੀ ਕਦਰ ਕਰਨ ਵਾਲੇ ਤੇ ਹਮੇਸ਼ਾ ਹੱਸਦੇ ਰਹਿਣ ਵਾਲੇ। ਨਿਮਰਤਾ ਇੰਨੀ ਜ਼ਿਆਦਾ ਕਿ ਸੁਣ ਕੇ ਤੁਹਾਡਾ ਚਿਹਰਾ ਲਾਲ ਸੁਰਖ ਹੋ ਜਾਵੇ। ਮੈਂ ਅਮਰਿੰਦਰ ਗਿੱਲ ਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਮਿਲਿਆ ਸੀ ਇਸ ਫਿਲਮ ਦੇ ਸੈੱਟ 'ਤੇ। ਦੋ ਦਿਨ ਇਕੱਠਿਆਂ ਕੰਮ ਕਰਨ ਤੋਂ ਬਾਅਦ ਇੱਕ ਦਿਨ ਮੰਜੇ 'ਤੇ ਬੈਠਿਆਂ ਕਹਿੰਦਾ, "ਭਾਅ ਜੀ, ਦੋ ਦਿਨ ਕੰਮ ਕਰਕੇ ਪਤਾ ਹੀ ਨਾ ਲੱਗਾ ਕਿ ਤੁਸੀਂ ਉਹੀ ਡਾਕਟਰ ਸਾਹਿਬ ਸਿੰਘ ਹੋ ਜਿਨ੍ਹਾਂ ਦੀਆਂ ਲਿਖਤਾਂ ਮੈਂ ਫੇਸਬੁੱਕ 'ਤੇ ਫਾਲੋ ਕਰਦਾ ਹਾਂ!" ਮੈਂ ਸੁਭਾਅ 'ਚ ਬਹੁਤ ਸੰਗਾਊ ਹਾਂ (ਕਈਆਂ ਨੇ ਯਕੀਨ ਨਹੀਂ ਕਰਨਾ! ਪਰ ਇਸ ਸਟਾਰ ਕਲਾਕਾਰ ਦੇ ਮੂੰਹੋਂ ਇੰਨੀ ਗੱਲ ਸੁਣ ਕੇ ਸੰਗ ਨਾਲ ਚਿਹਰਾ ਲਾਲ ਹੋ ਗਿਆ। ਇਹ ਅਮਰਿੰਦਰ ਗਿੱਲ ਦਾ ਵਡੱਪਣ ਹੈ। ਉਸ ਵਡੱਪਣ ਵਾਲੇ ਨਿਮਰ ਅਤੇ ਹੁਨਰਮੰਦ ਕਲਾਕਾਰ ਦੀ ਫਿਲਮ ਜ਼ਰੂਰ ਦੇਖਿਓ- 'ਛੱਲਾ ਮੁੜ ਕੇ ਨੀ ਆਇਆ'। ਇਹ ਫਿਲਮ ਪੰਜਾਬੀ ਫਿਲਮ ਇੰਡਸਟਰੀ ਦੇ ਚੋਟੀ ਦੇ ਦੋ ਐੜਿਆਂ (ਅ) ਦੀ ਫਿਲਮ ਹੈ। ਐੜਾ ਅੰਬਰਦੀਪ ਸਿੰਘ। ਐੜਾ ਅਮਰਿੰਦਰ ਗਿੱਲ। ਸੱਸਾ ਸਾਹਿਬ ਸਿੰਘ ਨਾਲ ਜੁੜਿਆ ਹੈ। ਤੁਸੀਂ ਦੇਖਣ ਜ਼ਰੂਰ ਜਾਇਓ। ਉਣੱਤੀ ਜੁਲਾਈ ਦੋ ਹਜ਼ਾਰ ਬਾਈ!

# ਰਸਿਕਾ ਦੁੱਗਲ ਦਾ ਤੀਜਾ ਮਿਰਜ਼ਾਪੁਰ



ਅਦਾਕਾਰਾ ਰਸਿਕਾ ਦੁੱਗਲ ਨੇ ਐਮਾਜ਼ੋਨ ਦੀ ਸੀਰੀਜ਼ 'ਮਿਰਜ਼ਾਪੁਰ' ਦੇ ਤੀਸਰੇ ਸੀਜ਼ਨ ਲਈ ਸ਼ੂਟਿੰਗ ਆਰੰਭ ਦਿੱਤੀ ਹੈ। 37 ਸਾਲਾ ਅਦਾਕਾਰਾ ਇੱਕ ਵਾਰ ਫਿਰ ਆਪਣੇ ਸਹਿ ਕਲਾਕਾਰਾਂ ਅਤੇ ਟੀਮ ਮੈਂਬਰਾਂ ਨੂੰ ਮਿਲ ਕੇ ਖੁਸ਼ ਹੈ। ਰਸਿਕਾ ਨੇ ਆਖਿਆ ਹੈ, "ਮੈਂ ਆਪਣੀ ਸਹਿ ਕਲਾਕਾਰਾਂ ਨੂੰ ਮੁੜ ਮਿਲਣ ਲਈ ਉਤਾਵਲੀ ਹਾਂ ਤੇ ਮੈਂ ਬਹੁਤ ਖੁਸ਼ ਹਾਂ ਕਿ ਗੁਰਮੀਤ ਇਸ ਸੀਜ਼ਨ ਵਿਚ ਵੀ ਸਾਨੂੰ ਨਿਰਦੇਸ਼ਿਤ ਕਰ ਰਹੇ ਹਨ। ਅਜਿਹੇ ਨਿਰਦੇਸ਼ਕ ਨਾਲ ਕੰਮ ਕਰਨਾ ਹਮੇਸ਼ਾ ਪੁਰ-ਸਕੂਨ ਹੁੰਦਾ ਹੈ ਜਿਹੜਾ ਆਪਣੇ ਕਿਰਦਾਰਾਂ ਅਤੇ ਕਲਾਕਾਰਾਂ ਨੂੰ ਅੰਦਰੋਂ ਤੇ ਬਾਹਰੋਂ ਬਾਖੂਬੀ ਜਾਣਦਾ ਹੋਵੇ ਪਰ ਐਤਕੀ ਦਿਵੇਂਦੂ ਤੇ ਕੁਲਭੂਸ਼ਣ ਖਰਬੰਦਾ ਦੀ ਕਮੀ ਮਹਿਸੂਸ ਹੋਵੇਗੀ।"


ਜ਼ਿਕਰਯੋਗ ਹੈ ਕਿ ਇਸ ਕ੍ਰਾਈਮ ਡਰਾਮਾ ਸੀਰੀਜ਼ ਨੂੰ ਫਰਹਾਨ ਅਖਤਰ ਅਤੇ ਰਿਤੇਸ਼ ਸਿਧਵਾਨੀ ਦੇ ਪ੍ਰੋਡਕਸ਼ਨ ਹਾਊਸ ਐਕਸੈੱਲ ਐਂਟਰਟੇਨਮੈਂਟ ਦੇ ਬੈਨਰ ਹੇਠ ਤਿਆਰ ਕੀਤਾ ਜਾ ਰਿਹਾ ਹੈ।

# ਪੋਲੈਂਡ ਦੇ ਨਾਜ਼ੀ ਤਸੀਹਾ ਕੈਂਪ ਅਤੇ ਫਿਲਮੀ ਸਿਤਾਰੇ

ਫਿਲਮ ਅਦਾਕਾਰ ਵਰੁਣ ਧਵਨ ਅਤੇ ਅਦਾਕਾਰਾ ਜਾਹਨਵੀ ਕਪੂਰ ਨੇ ਆਪਣੀ ਨਵੀਂ ਫਿਲਮ 'ਬਵਾਲ' ਦੀ ਦੂਜੇ ਪੜਾਅ ਦੀ ਸ਼ੂਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਪੋਲੈਂਡ ਸਥਿਤ ਨਾਜ਼ੀ ਤਸੀਹਾ ਕੈਂਪ ਦਾ ਦੌਰਾ ਕੀਤਾ।

ਜ਼ਿਕਰਯੋਗ ਹੈ ਕਿ 2019 ਵਿਚ ਆਈ ਕੌਮੀ ਪੁਰਸਕਾਰ ਜੇਤੂ ਫਿਲਮ 'ਛਿਛੋਰੇ' ਤੋਂ ਬਾਅਦ ਸਾਜਿਦ ਨਾਡਿਆਡਵਾਲਾ ਅਤੇ ਨਿਤੇਸ਼ ਤਿਵਾੜੀ ਇਸ ਫਿਲਮ ਵਿਚ ਇਕੱਠੇ ਕੰਮ ਕਰਨਗੇ। ਇਹ ਫਿਲਮ 7 ਅਪਰੈਲ 2023 ਨੂੰ ਰਿਲੀਜ਼ ਹੋਵੇਗੀ। ਵਰੁਣ ਅਤੇ ਜਾਹਨਵੀ ਪਿਛਲੇ ਦੋ ਮਹੀਨਿਆਂ ਤੋਂ ਯੂਰਪ ਵਿਚ ਨਿਤੇਸ਼ ਤਿਵਾੜੀ ਦੇ ਨਿਰਦੇਸ਼ਨ ਹੇਠ ਬਣ ਰਹੀ ਇਸ ਫਿਲਮ ਦੀ ਸ਼ੂਟਿੰਗ ਵਿਚ ਰੁੱਝੇ ਹੋਏ ਹਨ। ਇਸ ਫਿਲਮ ਦੀ ਸ਼ੂਟਿੰਗ ਪੈਰਿਸ ਅਤੇ ਐਮਸਟਰਡਮ ਸਣੇ ਯੂਰਪ ਦੇ ਹੋਰ ਕਈ ਸ਼ਹਿਰਾਂ ਵਿਚ ਹੋਈ ਹੈ ਤੇ ਹੁਣ ਸ਼ੂਟਿੰਗ ਦਾ ਆਖਰੀ ਪੜਾਅ ਪੋਲੈਂਡ ਵਿਚ ਮੁਕੰਮਲ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਵਰੁਣ ਧਵਨ ਅਤੇ ਜਾਹਨਵੀ ਕਪੂਰ ਨੇ ਆਪਣੀ ਨਵੀਂ ਫਿਲਮ ਦੀ ਤਿਆਰੀ ਦੇ ਮੱਦੇਨਜ਼ਰ ਤਸੀਹਾ ਕੈਂਪ ਦਾ ਦੌਰਾ ਕੀਤਾ ਹੈ। ਸੂਤਰਾਂ ਅਨੁਸਾਰ ਵਰੁਣ ਤੇ ਜਾਹਨਵੀ ਦੋਵੇਂ ਇਸ ਕੈਂਪ ਵਿਚ ਹੋਰਨਾਂ ਸੈਲਾਨੀਆਂ ਵਾਂਗ ਘੁੰਮੇ ਅਤੇ ਉਨ੍ਹਾਂ ਪਹਿਲਾਂ ਤੋਂ ਰਿਕਾਰਡ ਕੀਤੀ ਹੋਈ ਟੇਪ ਰਾਹੀਂ ਉਥੋਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਆਖਿਆ ਕਿ ਉਹ ਇਨ੍ਹਾਂ ਤਸੀਹਾ ਕੇਂਦਰਾਂ ਨੂੰ ਦੇਖ ਕੇ ਦੰਗ ਰਹਿ ਗਏ ਕਿ ਕੈਦੀਆਂ ਨੂੰ ਕਿਸ ਹਾਲ ਵਿਚ ਰੱਖਿਆ ਗਿਆ ਸੀ। ਇਹ ਕੈਂਪ ਤਸ਼ੱਦਦ ਦੀ ਮੂੰਹ ਬੋਲਦੀ ਤਸਵੀਰ ਹੈ।



ੴ

# Sikh Temple of Wisconsin

We invite you to join us as we remember the victims of

**August 5th, 2012**

**10th Annual Oak Creek Sikh Memorial Anniversary**

Everyone is welcome to participate in all events.

All events are free to attend.

**[August 5th - August 7th, 2022]**

# SCHEDULE OF EVENTS

## FRIDAY, AUGUST 5th

Beginning of

**AKHAND PATH,**

A 48-hour recitation of

**Shri Guru Granth Sahib Ji,**

at **10:30 am**

**Langar (Community Meal)** will be served at all times during the **Akhand Path.**




## FRIDAY, AUGUST 5th

**08/05/2012 REMEMBRANCE VIGIL**

**Speeches Start**

**6:00 pm**

**CANDLELIGHT VIGIL**

**8:00 pm**

Words shared by impacted families, prayers, reflections, music and poetry shared by community and faith leaders.



## SATURDAY, AUGUST 6th

**CHARDI KALA COMMUNITY EVENT**

**11:00 am - 3:00 pm**

Community gathering honoring the lives lost, workshops, interfaith conversations, turban tying, blood donations and more with free food.

**AKHAND PATH**

**Continues...**



## SUNDAY, AUGUST 7th

**AKHAND PATH**

**concludes**

**10:30 am**

**KIRTAN**

**(Hymn sung during meditation)**

**11:00 am to 1:30 pm**

**TRIBUTES TO DEPARTED SOULS**

Words are offered from guests, dignitaries, and well wishers.

**1:30 - 3:00 pm**



**All events will take place at SIKH TEMPLE OF WISCONSIN**

**Langar (Community Meal) will be served throughout the day**

**We would be honored if you would join us in remembering the loved ones lost on that horrific day**

## SIKH TEMPLE OF WISCONSIN

7512 S. Howell Ave. Oak Creek, WI 53154

E-mail: sikhtempleofwi@gmail.com Web: sikhtempleofwisconsin.org

For updates subscribe to our Facebook page

